PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

11th - 18th September 2025 • Issue No. 3097

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact: S.S.RAI

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680

India:+91-181 5086389



## ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ ਦੀ ਨਵੀਂ ਕਮੇਟੀ ਦੀ ਸੇਵਾ ਬਾਜ ਗਰੁੱਪ ਦੇ ਸੇਵਾਦਾਰਾਂ ਨੂੰ ਮਿਲੀ

## ਸ: ਇੰਦਰਪਾਲ ਸਿੰਘ ਸੱਲ ਵਿਰੋਧੀ ਧਿਰ ਦੇ ਸੁਖਦੇਵ ਸਿੰਘ ਨਾਲੋਂ 658 ਵੱਧ ਵੋਟਾਂ ਲੈ ਕੇ ਨਵੇਂ ਪ੍ਰਧਾਨ ਬਣੇ
















ਬਾਜ ਗਰੁੱਪ ਦੇ ਸ: ਇੰਦਰਪਾਲ ਸਿੰਘ ਸੱਲ ਨੂੰ 2087 ਵੋਟਾਂ ਅਤੇ ਸ਼ੇਰ ਗਰੁੱਪ ਦੇ ਸੁਖਦੇਵ ਸਿੰਘ ਨੂੰ 1429 ਵੋਟਾਂ ਮਿਲੀਆਂ – ਪੂਰੀ ਖ਼ਬਰ ਅੰਦਰ

# ਇੰਦਰਪਾਲ ਸਿੰਘ ਸੱਲ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਦੇ ਪ੍ਰਧਾਨ ਬਣੇ







ਇੰਦਰਪਾਲ ਸਿੰਘ ਸੱਲ ਅਤੇ ਸਹਿਯੋਗੀ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਪੁਰਾਣੇ ਅਤੇ ਮਸ਼ਹੂਰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਦੀਆਂ ਬੀਤੇ ਐਤਵਾਰ 7 ਸਤੰਬਰ 2025 ਨੂੰ ਹੋਈਆਂ ਚੋਣਾਂ ਵਿੱਚ ਸ: ਇੰਦਰਪਾਲ ਸਿੰਘ ਸੱਲ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਚੁਣੇ ਗਏ ਹਨ। ਇਹਨਾਂ ਚੋਣਾਂ ਦਾ ਪ੍ਰਬੰਧ ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਕੀਤਾ ਗਿਆ ਸੀ, ਚੋਣ ਕਮੇਟੀ ਦੇ ਚੰਦਰ ਸ਼ੇਖ਼ਰ ਸਿੰਘ ਗੁਰੂ ਨੇ ਚੋਣਾਂ ਤੋਂ ਉਪਰੰਤ ਸਾਲ 2025-2027 ਲਈ ਬਾਜ਼ ਗਰੁੱਪ ਦੇ ਇੰਦਰਪਾਲ ਸਿੰਘ ਸੱਲ ਦੇ ਮੁੱਖ ਸੇਵਾਦਾਰ ਚੁਣੇ ਜਾਣ ਦਾ ਐਲਾਨ ਕੀਤਾ। ਉਹਨਾਂ ਦੱਸਿਆ ਕਿ ਕੁੱਲ ਵੋਟਾਂ 3535 ਪਈਆਂ ਸਨ, ਜਿਹਨਾਂ ਵਿੱਚੋਂ 19 ਬੈਲਟ ਪੇਪਰ ਰੱਦ ਹੋਏ । ਕੁੱਲ੍ਹ 3516 ਅਧਿਕਾਰਤ ਵੋਟਾਂ ਵਿੱਚੋਂ ਇੰਦਰਪਾਲ ਸਿੰਘ ਸੱਲ ਨੂੰ 2087 ਵੋਟਾਂ ਅਤੇ ਸੁਖਦੇਵ ਸਿੰਘ ਨੂੰ 1429 ਵੋਟਾਂ ਮਿਲੀਆਂ ਹਨ। ਉਪਰੰਤ ਕੌਂਸਲ ਦੇ ਬਲਦੇਵ ਸਿੰਘ ਬੈਂਸ, ਗੁਰੂ ਘਰ ਦੇ ਸੇਵਾਮੁਕਤ ਹੋ ਰਹੇ ਪ੍ਰਧਾਨ ਅਜੈਬ ਸਿੰਘ ਚੀਮਾ ਨੇ ਗੁਰੂ ਘਰ ਦੀ ਚੜ੍ਹਦੀ ਕਲਾ ਲਈ ਸਿੱਖ ਸੰਗਤਾਂ ਨੂੰ ਨਵੀਂ ਪ੍ਰਬੰਧਕ ਕਮੇਟੀ ਨੂੰ ਸਹਿਯੋਗ ਦੇਣ ਲਈ ਕਿਹਾ। ਸ: ਇੰਦਰਪਾਲ ਸਿੰਘ ਸੱਲ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

ਗੁਰਦੁਆਰਾ ਸਾਹਿਬ ਵੱਲੋਂ ਜਾਰੀ ਚੋਣ ਪ੍ਰੈਸ ਰਿਲੀਜ਼ ਵਿੱਚ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਅਸ਼ੀਰਵਾਦ ਅਤੇ ਸੰਗਤ ਦੇ ਅਟੁੱਟ ਸਮਰਥਨ ਨਾਲ, ਬਾਜ ਗਰੁੱਪ ਨੇ 658 ਵੋਟਾਂ ਦੇ ਬਹੁਮਤ ਨਾਲ ਜਿੱਤ ਪ੍ਰਾਪਤ ਕੀਤੀ ਹੈ ਅਤੇ ਇੰਦਰਪਾਲ ਸਿੰਘ ਸੱਲ ਨੂੰ ਅਗਲੇ ਦੋ ਸਾਲਾਂ ਲਈ ਮੁੱਖ ਸੇਵਾਦਾਰ (ਪ੍ਰਧਾਨ) ਚੁਣਿ-ਆ ਗਿਆ ਹੈ। ਚੋਣਾਂ ਦੌਰਾਨ ਇੰਦਰਪਾਲ ਸਿੰਘ ਸੱਲ ਨੂੰ 2087 ਵੋਟਾਂ (59%) ਸੁਖਦੇਵ ਸਿੰਘ ਨੂੰ 1429 ਵੋਟਾਂ (41%) ਮਿਲੀਆਂ। ਇਹਨਾਂ ਚੋਣਾਂ ਵਿੱਚ ਪ੍ਰਾਪਤ ਹੋਈਆਂ ਵੋਟਾਂ ਦੀ ਸਭ ਤੋਂ ਵੱਧ ਸੰਖਿਆ ਅਤੇ ਹੁਣ ਤੱਕ ਦੇ ਸਭ ਤੋਂ ਵੱਡੇ ਫਰਕ ਨੂੰ ਦਰਸਾਉਂਦਾ ਹੈ - ਸੰਗਤ ਦੇ ਵਿਸ਼ਵਾਸ, ਏਕਤਾ ਦਾ ਇੱਕ ਸੱਚਾ ਪ੍ਰਮਾਣ ਹੈ। ਪ੍ਰਬੰਧ ਵੱਲੋਂ ਸੰਗਤ ਦੁਆਰਾ ਨਿਯੁਕਤ ਚੋਣ ਬੋਰਡ ਦੇ ਮੈਂਬਰਾਂ ਦਾ ਧੰਨਵਾਦ ਕੀਤਾ। ਗੁਰਦੁ-ਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਸਿੱਖ ਕੌਂਸਲ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਦਿਨ ਚੋਣ ਪ੍ਰਕਿਰਿਆ ਨੂੰ ਬਹੁਤ ਹੀ ਕੁਸ਼ਲਤਾ ਨਾਲ ਚਲਾਇਆ। ਬਾਜ ਗਰੁੱਪ ਨੇ ਕਿਹਾ ਕਿ ਅਸੀਂ ਇੱਕ ਪਵਿੱਤਰ ਜ਼ਿੰਮੇਵਾਰੀ ਵਜੋਂ ਸਵੀਕਾਰ ਕਰਦੇ ਹਾਂ। ਗੁਰੂ ਦੇ ਆਸ਼ੀਰਵਾਦ ਦੁਆਰਾ ਸੇਧਿਤ, ਅਸੀਂ ਇਮਾਨਦਾਰੀ, ਨਿਮਰਤਾ ਅਤੇ ਸਮਰਪਣ ਨਾਲ ਸੇਵਾ ਜਾਰੀ ਰੱਖਣ ਲਈ ਵਚਨਬੱਧ ਹਾਂ। ਮੁਖ ਸੇਵਾਦਾਰ ਇੰਦਰਪਾਲ ਸਿੰਘ ਸੱਲ, ਆਪਣੀ ਅਣਥੱਕ ਅਤੇ ਨਿਮਰ ਸੇਵਾ ਜਾਰੀ ਰੱਖਣਗੇ। ਸ: ਸੱਲ ਨੇ ਕਿਹਾ ਕਿ: “ਮੈਂ ਵਾਹਿਗੁਰੂ ਜੀ ਅਤੇ ਗ੍ਰੇਵਸ਼ਮ ਦੀ ਸੰਗਤ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਦੋ ਸਾਲਾਂ ਲਈ ਮੁੱਖ ਸੇਵਾਦਾਰ ਵਜੋਂ ਸੇਵਾ ਕਰਨ ਦਾ ਵੱਡਾ ਸਨਮਾਨ ਦਿੱਤਾ ਹੈ। ਮੈਂ ਪੂਰੀ ਕੌਮ ਦੀ ਸੇਵਾ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗਾ। ਮੈਂ ਗੁਰਦੁਆਰੇ ਦੇ ਸੰਚਾਲਨ ਵਿੱਚ ਨੌਜਵਾਨਾਂ ਅਤੇ ਔਰਤਾਂ ਨੂੰ ਹੋਰ ਮੋਹਰੀ ਭੂਮਿਕਾ ਨਿਭਾਉਣ ਲਈ ਅੱਗੇ ਲਿਆਉਂਦਾ ਰਹਾਂਗਾ, ਅਤੇ ਮੈਂ ਅਜਾਇਬ ਸਿੰਘ ਚੀਮਾ ਅਤੇ ਮਨਪ੍ਰੀਤ ਸਿੰਘ ਧਾਲੀਵਾਲ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਪਿਛਲੇ 8 ਸਾਲਾਂ ਤੋਂ ਮੁੱਖ ਸੇਵਾਦਾਰਾਂ ਵਜੋਂ ਬਾਜ ਗਰੁੱਪ ਦੀਆਂ ਟੀਮਾਂ ਦੀ ਅਗਵਾਈ ਕੀਤੀ ਹੈ, ਅਤੇ ਸਾਡਾ ਸਮਰਥਨ ਕਰਦੇ ਰਹੇ।” “ਅਸੀਂ ਇੱਕ ਟੀਮ ਵਜੋਂ ਕੰਮ ਕਰਨਾ ਜਾਰੀ ਰੱਖਾਂਗੇ ਅਤੇ ਪਿਛਲੇ ਅੱਠ ਸਾਲਾਂ ਦੇ ਚੰਗੇ ਕੰਮ ਨੂੰ ਜਾਰੀ ਰੱਖਾਂਗੇ, ਨਾਲ ਹੀ ਭਾਈਚਾਰੇ ਨੂੰ ਸਮਰਥਨ ਦੇਣ ਲਈ ਨਵੇਂ ਪ੍ਰੋਜੈਕਟ ਵੀ ਲਿਆਵਾਂਗੇ। ਮੈਂ ਬਜ਼ੁਰਗਾਂ ਦੀ ਬੁੱਧੀ ਅਤੇ ਨੌਜਵਾਨਾਂ ਦੇ ਨਵੇਂ ਹੁਨਰ ਨੂੰ ਇਕੱਠਾ ਕਰਨਾ ਜਾਰੀ ਰੱਖਣਾ ਚਾਹੁੰਦਾ ਹਾਂ ਅਤੇ ਇਸ ਗੁਰਦੁਆਰੇ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਮੋਹਰੀ ਸਿੱਖ ਸੰਸਥਾ ਵਜੋਂ ਵਿਕਸਤ ਕਰਨਾ ਚਾਹੁੰਦਾ ਹਾਂ, ਜਿਸ 'ਤੇ ਅਸੀਂ ਸਾਰੇ ਮਾਣ ਕਰ ਸਕਦੇ ਹਾਂ।” ਸੇਵਾਮੁਕਤ ਮੁੱਖ ਸੇਵਾਦਾਰ, ਅਜਾਇਬ ਸਿੰਘ ਚੀਮਾ ਨੇ ਕਿਹਾ ਕਿ “ਪਿਛਲੇ ਅੱਠ ਸਾਲਾਂ ਵਿੱਚ ਦੋ ਵਾਰ ਇਸ ਗੁਰ-ਦੁਆਰੇ ਦੀ ਸੰਗਤ ਦੀ ਸੇਵਾ ਕਰਨਾ ਇੱਕ ਬਹੁਤ ਵੱਡਾ ਸਨਮਾਨ ਹੈ। ਮੈਂ ਇਸ ਸਨਮਾਨ ਲਈ ਵਾਹਿਗੁਰੂ ਦਾ ਧੰਨਵਾਦ ਕਰਦਾ ਹਾਂ। ਮੈਂ 2017 ਤੋਂ ਬਾਜ ਗਰੁੱਪ ਦਾ ਸਮਰਥਨ ਕਰਨ ਵਾਲੇ ਸਾਰੇ ਸੇਵਾਦਾਰਾਂ ਦਾ ਵੀ ਧੰਨਵਾਦ ਕਰਦਾ ਹਾਂ। ਮੈਂ ਇੰਦਰਪਾਲ ਸਿੰਘ ਸੱਲ ਨੂੰ ਅਗਲੇ ਦੋ ਸਾਲਾਂ ਲਈ ਉਨ੍ਹਾਂ ਦੀ ਚੋਣ 'ਤੇ ਵਧਾਈ ਦਿੰਦਾ ਹਾਂ, ਜਿਸ ਦੌਰਾਨ ਉਨ੍ਹਾਂ ਨੂੰ ਮੇਰਾ ਪੂਰਾ ਸਮਰਥਨ ਮਿਲੇਗਾ।"

ਇੰਦਰਪਾਲ ਸਿੰਘ ਸੱਲ ਦਾ ਜਨਮ ਅਤੇ ਪਾਲਣ-ਪੋਸ਼ਣ ਗ੍ਰੇਵਜ਼ੈਂਡ ਵਿੱਚ ਹੋਇਆ। ਉਹ ਲੰਡਨ ਵਿੱਚ ਇੱਕ ਤਕਨੀਕੀ ਇੰਜੀਨੀਅਰਿੰਗ ਕੰਪਨੀ ਵਿੱਚ ਇੱਕ ਵਪਾਰ ਵਿਕਾਸ ਨਿਰਦੇਸ਼ਕ ਵਜੋਂ ਕੰਮ ਕਰਦੇ ਹਨ ਅਤੇ ਆਪਣੇ ਕਰੀਅਰ ਦੌਰਾਨ ਵੱਖ-ਵੱਖ ਲੀਡਰਸ਼ਿਪ ਭੂਮਿਕਾਵਾਂ ਵਿੱਚ ਤਜਰਬਾ ਹਾਸਲ ਕੀਤਾ ਹੈ। ਛੋਟੀ ਉਮਰ ਤੋਂ ਹੀ, ਉਹ ਆਪਣੇ ਮਾਪਿਆਂ ਤੋਂ ਬਹੁਤ ਪ੍ਰਭਾਵਿਤ ਸੀ, ਜੋ ਦੋਵੇਂ ਗੁਰਦੁਆਰੇ ਵਿੱਚ ਸਰਗਰਮ ਸੇਵਾਦਾਰ ਸਨ, ਉਨ੍ਹਾਂ ਨੂੰ ਪਿਆਰ ਅਤੇ ਨਿਮਰਤਾ ਨਾਲ ਆਪਣਾ ਸਮਾਂ ਦਿੰਦੇ ਹੋਏ ਦੇਖਦੇ ਸਨ। ਉਹ 31 ਸਾਲਾਂ ਤੋਂ ਸੁਖਵਿੰਦਰ ਕੌਰ ਸੱਲ ਨਾਲ ਵਿਆ-ਹਆ ਹੋਇਆ ਹੈ ਅਤੇ ਉਨ੍ਹਾਂ ਦੇ ਦੋ ਬੱਚੇ ਹਨ। 2018 ਤੋਂ, ਉਸਨੇ ਗੁਰਦੁਆਰੇ ਵਿੱਚ ਵੱਖ-ਵੱਖ ਭੂਮਿਕਾਵਾਂ ਵਿੱਚ ਸਵੈ-ਇੱਛਾ ਨਾਲ ਸੇਵਾ ਕੀਤੀ। ਸ਼ੁਰੂ ਵਿੱਚ ਆਈ ਟੀ ਟੀਮ ਦੇ ਹਿੱਸੇ ਵਜੋਂ, ਫਿਰ ਆਈ ਟੀ ਮੁਖੀ ਵਜੋਂ, ਅਤੇ 2023 ਤੋਂ ਸੀਨੀਅਰ ਉਪ ਪ੍ਰਧਾਨ ਵਜੋਂ ਸੇਵਾਵਾਂ ਨਿਭਾਈਆਂ।

## ਭਿੰਦਾ ਮੁਠੱਡਾ ਵੱਲੋਂ ਬਾਜ ਗਰੁੱਪ ਦੀ ਜਿੱਤ ਤੇ ਵਧਾਈ



ਗ੍ਰੇਵਜ਼ੈਂਡ (ਪੰਜਾਬ ਟਾਈਮਜ਼) – ਗੁਰੂ ਘਰ ਦੇ ਸੇਵਾਦਾਰ ਅਤੇ ਕਬੱਡੀ ਪ੍ਰਮੋਟਰ ਦਵਿੰਦਰ ਸਿੰਘ ਭਿੰਦਾ ਮੁਠੱਡਾ ਨੇ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਦੀ ਨਵੀਂ ਕਮੇਟੀ ਦੇ ਪ੍ਰਧਾਨ ਸ: ਇੰਦਰਪਾਲ ਸਿੰਘ ਸੱਲ ਦੀ ਜਿੱਤ ਦੀ ਬਾਜ ਗਰੁੱਪ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਗ੍ਰੇਵਜ਼ੈਂਡ ਦੀਆਂ ਸਮੂਹ ਸੰਗਤਾਂ ਦਾ ਬਾਜ਼ ਗਰੁੱਪ ਨੂੰ ਸਾਥ ਦੇਣ ਲਈ ਹਾਰਦਿਨ ਧੰਨਵਾਦ ਕਰਦੇ ਹਾਂ । ਉਹਨਾਂ ਨੇ ਨਾਲ ਹੀ ਗ੍ਰੇਵਜ਼ੈਂਡ ਕਬੱਡੀ ਕਲੱਬ ਦਾ ਵੀ ਧੰਨਵਾਦ ਕੀਤਾ, ਜਿਹਨਾਂ ਨੇ ਬਾਜ ਗਰੁੱਪ ਨੂੰ ਭਰਵਾਂ ਸਾਥ ਦਿੱਤਾ । ਭਿੰਦਾ ਮੁਠੱਡਾ ਨੇ ਕਿਹਾ ਕਿ ਉਮੀਦ ਕਰਦੇ ਹਾਂ ਗ੍ਰੇਵਜ਼ੈਂਡ ਦੀਆਂ ਸੰਗਤਾਂ ਅੱਗੇ ਤੋਂ ਵੀ ਇੰਝ ਹੀ ਸਾਥ ਦੇਣਗੀਆਂ ।

# ਪੰਜਾਬ ਹੜ੍ਹ ਰਾਹਤ: ਪ੍ਰਧਾਨ ਮੰਤਰੀ ਦਾ 1600 ਕਰੋੜ ਦਾ ਐਲਾਨ

## ✪ ਕੀ 1600 ਕਰੋੜ ਪੰਜਾਬ ਦੇ ਜਖਮਾਂ 'ਤੇ ਮਰਹਮ ਲਾਵੇਗਾ ? ✪ ਸਿਆਸੀ ਲੀਡਰਸ਼ਿਪ ਦਾ ਰੋਸ: 'ਪੰਜਾਬੀਆਂ ਨਾਲ ਮਜ਼ਾਕ' ✪ ਕਿਸਾਨ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਦੀ ਮੰਗ: ਵੱਡੀ ਸਹਾਇਤਾ ਦੀ ਲੋੜ



ਗੁਰਦਾਸਪੁਰ-ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਨੇ ਸੂਬੇ ਦੇ ਲੋਕਾਂ ਨੂੰ ਡੂੰਘੇ ਸੰਕਟ ਵਿੱਚ ਪਾ ਦਿੱਤਾ ਹੈ। ਇਸ ਮੁਸੀਬਤ ਦੀ ਘੜੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 9 ਸਤੰਬਰ ਨੂੰ ਪੰਜਾਬ ਦਾ ਦੌਰਾ ਕੀਤਾ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ। ਗੁਰਦਾਸਪੁਰ ਵਿੱਚ ਅਧਿਕਾਰੀਆਂ ਅਤੇ ਚੁਣੇ ਹੋਏ ਨੁਮਾਇੰਦਿਆਂ ਨਾਲ ਸਮੀਖਿਆ ਮੀਟਿੰਗ ਤੋਂ ਬਾਅਦ, ਪ੍ਰਧਾਨ ਮੰਤਰੀ ਨੇ ਪੰਜਾਬ ਲਈ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ। ਇਸ ਦੇ ਨਾਲ ਹੀ, ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੀ ਐਕਸ-ਗ੍ਰੇਸ਼ੀਆ ਰਾਸ਼ੀ ਦੇਣ ਦੀ ਗੱਲ ਵੀ ਕਹੀ। ਪਰ ਸਵਾਲ ਇਹ ਹੈ ਕਿ ਕੀ ਇਹ ਰਕਮ ਪੰਜਾਬ ਦੇ ਹੜ੍ਹ ਪੀੜਤਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕੇਗੀ ? ਪੰਜਾਬ ਦੀ ਲੀਡਰਸ਼ਿਪ, ਕਿਸਾਨ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਦੀ ਰਾਏ ਇਸ ਬਾਰੇ ਕੀ ਹੈ ?

### 1600 ਕਰੋੜ ਦਾ ਪੈਕੇਜ: ਕਿੰਨਾ ਕਾਫੀ ?

ਪੰਜਾਬ ਵਿੱਚ ਹੜ੍ਹਾਂ ਨੇ 1900 ਪਿੰਡਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜੇਕਰ 1600 ਕਰੋੜ ਰੁਪਏ ਨੂੰ ਇਨ੍ਹਾਂ ਪਿੰਡਾਂ ਵਿੱਚ ਵੰਡਿਆ ਜਾਵੇ, ਤਾਂ ਹਰ ਪਿੰਡ ਨੂੰ ਲਗਭਗ 84 ਲੱਖ ਰੁਪਏ ਮਿਲਣਗੇ। ਪਰ ਸਵਾਲ ਇਹ ਹੈ ਕਿ ਕੀ ਇਹ ਰਕਮ ਕਿਸਾਨਾਂ ਦੀਆਂ ਬਰਬਾਦ ਹੋਈਆਂ ਫਸਲਾਂ, ਟੁੱਟੇ ਘਰਾਂ, ਖਰਾਬ ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਦੀ ਮੁਰੰਮਤ ਲਈ ਕਾਫੀ ਹੈ ? ਪੰਜਾਬ ਸਰਕਾਰ ਅਤੇ ਵਿਰੋਧੀ ਧਿਰਾਂ ਦਾ ਮੰਨਣਾ ਹੈ ਕਿ ਇਹ ਰਕਮ "ਸਮੁੰਦਰ ਵਿੱਚ ਬੂੰਦ" ਵਾਂਗ ਹੈ।

ਪੰਜਾਬ ਸਰਕਾਰ ਦੇ ਅੰਕੜਿਆਂ ਅਨੁਸਾਰ, ਹੜ੍ਹਾਂ ਨੇ 4.80 ਲੱਖ ਏਕੜ ਫਸਲ ਨੂੰ ਤਬਾਹ ਕੀਤਾ ਅਤੇ 52 ਜਾਨਾਂ ਖੋਹ ਲਈਆਂ। ਸਰਕਾਰ ਨੇ ਕੇਂਦਰ ਤੋਂ 20,000 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਅਤੇ 60,000 ਕਰੋੜ ਦੇ ਬਕਾਇਆ ਫੰਡ ਜਾਰੀ ਕਰਨ ਦੀ ਮੰਗ ਕੀਤੀ ਸੀ। ਇਸ ਦੇ ਮੁਕਾਬਲੇ, 1600 ਕਰੋੜ ਦਾ ਐਲਾਨ ਸੂਬੇ ਦੀਆਂ ਜ਼ਰੂਰਤਾਂ ਦੇ ਸਾਹਮਣੇ ਬਹੁਤ ਘੱਟ ਜਾਪਦਾ ਹੈ।

### ਪੰਜਾਬ ਸਰਕਾਰ ਅਤੇ ਵਿਰੋਧੀ ਧਿਰ ਦੀ ਨਾਰਾਜ਼ਗੀ

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਪੈਕੇਜ ਨੂੰ "ਊਠ ਦੇ ਮੂੰਹ ਵਿੱਚ ਜੀਰੇ" ਦੀ ਸੰਗਿਆ ਦਿੱਤੀ। ਉਨ੍ਹਾਂ ਕਿਹਾ, "ਪੰਜਾਬੀਆਂ ਨੂੰ ਪ੍ਰਧਾਨ ਮੰਤਰੀ ਤੋਂ ਵੱਡੀਆਂ ਉਮੀਦਾਂ ਸਨ, ਪਰ ਇਹ ਰਕਮ ਸਾਡੇ ਨੁਕਸਾਨ ਦੇ ਸਾਹਮਣੇ ਮੂੰਗਫਲੀ ਵਰਗੀ ਹੈ। ਇਹ ਪੰਜਾਬੀਆਂ ਨਾਲ ਮਜ਼ਾਕ ਹੈ।" ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਕੇਂਦਰ ਸਰਕਾਰ 'ਤੇ ਪੰਜਾਬ ਨਾਲ ਵਿਤਕਰਾ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ, "ਪੰਜਾਬ ਨੇ ਹਮੇਸ਼ਾ ਦੇਸ਼ ਦੀ ਸੇਵਾ ਕੀਤੀ, ਪਰ ਜਦੋਂ ਸਾਨੂੰ ਮਦਦ ਦੀ ਲੋੜ ਹੈ, ਤਾਂ ਕੇਂਦਰ ਪਿੱਠ ਦਿਖਾ ਰਿਹਾ ਹੈ।" ਆਮ ਆਦਮੀ ਪਾਰਟੀ (ਆਪ) ਨੇ ਵੀ ਇਸ ਪੈਕੇਜ ਨੂੰ ਨਾਕਾਫੀ ਦੱਸਿਆ। 'ਆਪ' ਦੇ ਪ੍ਰਧਾਨ ਅਮਨ ਅਰੋੜਾ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਇਹ ਰਕਮ ਸਾਡੇ ਨੁਕਸਾਨ ਦਾ ਸਿਰਫ਼ ਇੱਕ ਛੋਟਾ ਜਿਹਾ ਹਿੱਸਾ ਪੂਰਾ ਕਰ ਸਕਦੀ ਹੈ। 1600 ਕਰੋੜ ਨਾਲ ਤਾਂ ਇੱਕ ਪਿੰਡ ਦੀ ਸੜਕ ਵੀ ਨਹੀਂ ਬਣ ਸਕਦੀ।" ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਕਿਹਾ, "ਅਸੀਂ 20,000 ਕਰੋੜ ਦੀ ਮੰਗ ਕੀਤੀ ਸੀ, ਪਰ ਕੇਂਦਰ ਨੇ ਸਾਡੇ ਨਾਲ ਧੋਖਾ ਕੀਤਾ।"

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਵੀ ਨਾਰਾਜ਼ਗੀ ਜਤਾਈ ਅਤੇ ਕਿਹਾ, "ਇਹ ਪੰਜਾਬੀਆਂ ਨਾਲ ਵਿਸ਼ਵਾਸਘਾਤ ਹੈ। ਪੰਜਾਬ ਨੇ ਦੇਸ਼ ਦੀ ਸੁਰੱਖਿਆ ਅਤੇ ਖੁਸ਼ਹਾਲੀ ਲਈ ਹਮੇਸ਼ਾ ਯੋਗਦਾਨ ਪਾਇਆ, ਪਰ ਸੰਕਟ ਦੀ ਘੜੀ ਵਿੱਚ ਸਾਨੂੰ ਅਣਗੌਲਿਆ ਜਾ ਰਿਹਾ ਹੈ।"

### ਕਿਸਾਨ ਜਥੇਬੰਦੀਆਂ ਦਾ ਰੋਸ

ਕਿਸਾਨ ਜਥੇਬੰਦੀਆਂ ਨੇ ਵੀ ਇਸ ਰਾਹਤ ਪੈਕੇਜ ਨੂੰ ਨਾਕਾਫੀ ਦੱਸਿਆ। ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ, "4.80 ਲੱਖ ਏਕੜ ਫਸਲ ਤਬਾਹ ਹੋਈ ਹੈ। ਇੱਕ ਏਕੜ ਦੀ ਬਰਬਾਦੀ ਦਾ ਮੁਆਵਜ਼ਾ ਵੀ 20,000 ਰੁਪਏ ਤੋਂ ਘੱਟ ਨਹੀਂ ਹੋਣਾ ਚਾਹੀਦਾ। 1600 ਕਰੋੜ ਨਾਲ ਸਾਡੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੋ ਸਕਦੀਆਂ।" ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸਰਵਣ ਸਿੰਘ ਪੰਧੇਰ ਨੇ ਕਿਹਾ, "ਕੇਂਦਰ ਸਰਕਾਰ ਨੇ ਸਾਡੇ ਜਖਮਾਂ 'ਤੇ ਨਮਕ ਛਿੜਕਿਆ ਹੈ। ਸਾਨੂੰ ਸਹੀ ਮੁਆਵਜ਼ਾ ਅਤੇ ਬਕਾਇਆ ਫੰਡ ਜਾਰੀ ਕਰਨ ਦੀ ਲੋੜ ਹੈ।"

ਪੰਜਾਬ ਦੇ ਬੁੱਧੀਜੀਵੀਆਂ ਨੇ ਵੀ ਇਸ ਪੈਕੇਜ ਨੂੰ ਨਾਕਾਫੀ ਕਰਾਰ ਦਿੱਤਾ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਡਾ. ਜਸਪਾਲ ਸਿੰਘ ਨੇ ਕਿਹਾ, "ਪੰਜਾਬ ਦੇ ਹੜ੍ਹਾਂ ਨੇ ਖੇਤੀਬਾੜੀ, ਬੁਨਿਆਦੀ ਢਾਂਚੇ ਅਤੇ ਲੋਕਾਂ ਦੀ ਜਾਨ-ਮਾਲ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। 1600 ਕਰੋੜ ਨਾਲ ਸਿਰਫ਼ ਸਤਹੀ ਮਦਦ ਹੀ ਕੀਤੀ ਜਾ ਸਕਦੀ ਹੈ। ਸਰਕਾਰ ਨੂੰ ਵੱਡੇ ਪੱਧਰ 'ਤੇ ਸਹਾਇਤਾ ਅਤੇ ਲੰਬੇ ਸਮੇਂ ਦੀ ਯੋਜਨਾ ਬਣਾਉਣ ਦੀ ਲੋੜ ਹੈ।" ਸਮਾਜ ਸ਼ਾਸਤਰੀ ਡਾ. ਮਨਜੀਤ ਸਿੰਘ ਨੇ ਕਿਹਾ, "ਇਹ ਪੈਕੇਜ ਸਿਆਸੀ ਡਰਾਮੇ ਵਜੋਂ ਜ਼ਿਆਦਾ ਜਾਪਦਾ ਹੈ। ਪੰਜਾਬ ਨੂੰ ਨਾ ਸਿਰਫ਼ ਤੁਰੰਤ ਰਾਹਤ, ਸਗੋਂ ਪਾਣੀ ਦੀ ਸੰਭਾਲ ਅਤੇ ਬੁਨਿਆਦੀ ਢਾਂਚੇ ਦੀ ਮੁੜ-ਸਥਾਪਨਾ ਲਈ ਵੱਡੀ ਰਕਮ ਦੀ ਜ਼ਰੂਰਤ ਹੈ।"

ਪੰਜਾਬ ਦੇ ਹੜ੍ਹ ਪੀੜਤ ਲੋਕਾਂ ਨੂੰ ਰਾਹਤ ਦੀ ਸਖ਼ਤ ਲੋੜ ਹੈ, ਪਰ 1600 ਕਰੋੜ ਦਾ ਪੈਕੇਜ ਸੂਬੇ ਦੀਆਂ ਜ਼ਰੂਰਤਾਂ ਦੇ ਸਾਹਮਣੇ ਬਹੁਤ ਘੱਟ ਹੈ। ਸਿਆਸੀ ਲੀਡਰਸ਼ਿਪ, ਕਿਸਾਨ ਜਥੇਬੰਦੀਆਂ ਅਤੇ ਬੁੱਧੀਜੀਵੀ ਇਸ ਨੂੰ ਪੰਜਾਬੀਆਂ ਨਾਲ ਮਜ਼ਾਕ ਮੰਨਦੇ ਹਨ। ਜਦੋਂ ਤੱਕ ਕੇਂਦਰ ਸਰਕਾਰ ਵੱਡੀ ਰਕਮ ਅਤੇ ਠੋਸ ਯੋਜਨਾਵਾਂ ਨਹੀਂ ਲਿਆਉਂਦੀ, ਪੰਜਾਬ ਦੇ ਹੜ੍ਹ ਪੀੜਤਾਂ ਦੀਆਂ ਮੁਸੀਬਤਾਂ ਦੂਰ ਹੋਣ ਦੀ ਉਮੀਦ ਘੱਟ ਹੈ।

# ਅਕਾਲ ਤਖ਼ਤ ਸਾਹਿਬ ਨੇ ਹੜ੍ਹ ਰਾਹਤ ਕਾਰਜਾਂ ਲਈ ਸੱਦੀ ਵਿਸ਼ੇਸ਼ ਇਕੱਤਰਤਾ



ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿੱਚ ਹੜ੍ਹਾਂ ਦੀ ਗੰਭੀਰ ਸਥਿਤੀ ਦੇ ਮੱਦੇਨਜ਼ਰ ਸਾਰੀਆਂ ਸਿੱਖ ਜਥੇਬੰਦੀਆਂ, ਸੰਸਥਾਵਾਂ, ਪੰਜਾਬੀ ਕਲਾਕਾਰਾਂ ਅਤੇ ਸਮਾਜਿਕ ਸ਼ਖ਼ਸੀਅਤਾਂ ਨੂੰ ਇੱਕ ਵਿਸ਼ੇਸ਼ ਇਕੱਤਰਤਾ ਲਈ ਸੱਦਾ ਦਿੱਤਾ ਹੈ। ਇਸ ਇਕੱਤਰਤਾ ਦਾ ਮਕਸਦ ਰਾਹਤ ਕਾਰਜਾਂ ਨੂੰ ਹੋਰ ਸੁਚੱਜੇ ਅਤੇ ਸੰਗਠਿਤ ਢੰਗ ਨਾਲ ਚਲਾਉਣਾ ਹੈ। ਇਹ ਮੀਟਿੰਗ 13 ਸਤੰਬਰ 2025 ਨੂੰ ਦੁਪਹਿਰ 12 ਵਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ, ਸ੍ਰੀ ਅੰਮ੍ਰਿਤਸਰ ਵਿਖੇ ਹੋਵੇਗੀ। ਹਰ ਸੰਸਥਾ ਨੂੰ ਕੇਵਲ ਇੱਕ ਨੁਮਾਇੰਦਾ ਭੇਜਣ ਲਈ ਕਿਹਾ ਗਿਆ ਹੈ ਤਾਂ ਜੋ ਪ੍ਰਭਾਵਸ਼ਾਲੀ ਢੰਗ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਸਕੇ।

### ਰਾਹਤ ਕਾਰਜਾਂ ਨੂੰ ਸੁਚਾਰੂਢੰਗ ਨਾਲ ਚਲਾਉਣ ਦੀ ਲੋੜ

ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਸ. ਬਗੀਚਾ ਸਿੰਘ ਨੇ ਕਿਹਾ ਕਿ ਰਾਹਤ ਕਾਰਜਾਂ ਵਿੱਚ ਸਹਿਯੋਗੀਆਂ ਦੇ ਦਸਵੰਧ ਦੀ ਦੁਰਵਰਤੋਂ ਤੋਂ ਬਚਣ ਲਈ ਸੰਸਥਾਵਾਂ ਦਾ ਸੰਗਠਿਤ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਰਾਹਤ ਸਮੱਗਰੀ ਦੀ ਵੰਡ ਸਾਰਥਕ ਢੰਗ ਨਾਲ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ, ਸਿੱਖਿਆ, ਸਿਹਤ ਅਤੇ ਖੇਤੀਬਾੜੀ ਨੂੰ ਮੁੜ ਸੁਰਜੀਤ ਕਰਨ ਲਈ ਲੰਬੇ ਸਮੇਂ ਦੀ ਨੀਤੀਗਤ ਯੋਜਨਾ ਦੀ ਲੋੜ ਹੈ। ਜਥੇਦਾਰ ਗੜਗੱਜ ਨੇ ਇਹ ਵੀ ਕਿਹਾ ਕਿ ਪੰਜਾਬ ਵਿੱਚ ਵਾਰ-ਵਾਰ ਆਉਣ ਵਾਲੇ ਹੜ੍ਹਾਂ ਦੇ ਕਾਰਨਾਂ ਦੀ ਵੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਤੋਂ ਬਚਿਆ ਜਾ ਸਕੇ। ਉਨ੍ਹਾਂ ਨੇ ਰਾਹਤ ਕਾਰਜਾਂ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਸੰਸਥਾਵਾਂ ਅਤੇ ਵਿਅਕਤੀਆਂ ਦੀ ਸ਼ਲਾਘਾ ਵੀ ਕੀਤੀ।

# ਝੂਠੇ ਪੁਲਿਸ ਮੁਕਾਬਲੇ ਦਾ ਡਰ

## ✪ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੀ ਪਤਨੀ ਵੱਲੋਂ ਹਾਈ ਕੋਰਟ ਵਿਚ ਪਟੀਸ਼ਨ

ਸਨੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੀ ਪਤਨੀ ਸਿਮਰਨਜੀਤ ਕੌਰ ਨੇ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਨੂੰ ਖਦਸ਼ਾ ਹੈ ਕਿ ਪੰਜਾਬ ਪੁਲਿਸ ਉਨ੍ਹਾਂ ਦੇ ਪਤੀ ਦਾ 'ਫ਼ਰਜ਼ੀ ਮੁਕਾਬਲਾ' ਕਰ ਸਕਦੀ ਹੈ। ਇਹ ਸੁਣਵਾਈ 23 ਸਤੰਬਰ ਨੂੰ ਹੋਵੇਗੀ। ਪਟੀਸ਼ਨ ਦੇ ਅਨੁਸਾਰ, ਵਿਧਾਇਕ ਨੂੰ ਇਸ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੇ ਜਨਤਕ ਤੌਰ 'ਤੇ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਨੂੰ ਘੱਗਰ ਦਰਿਆ ਦੇ ਪਾਣੀ ਛੱਡਣ ਅਤੇ ਗਾਰ ਕੱਢਣ ਬਾਰੇ ਗੁੰਮਰਾਹ ਕਰਨ ਲਈ ਜ਼ਿੰਮੇਵਾਰ ਠਹਿਰਾਇਆ ਸੀ। ਪਟੀਸ਼ਨਰ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਵਿਧਾਇਕ ਦੇ ਬਿਆਨ ਤੋਂ ਬਾਅਦ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਗਈ ਸੀ ਅਤੇ ਉਨ੍ਹਾਂ ਦੇ ਹਲਕੇ ਦੇ ਸਾਰੇ ਪੁਲਿਸ ਅਧਿਕਾਰੀਆਂ ਦਾ ਤਬਾਦਲਾ ਕਰ ਦਿੱਤਾ ਗਿਆ। ਇਸ ਤੋਂ ਬਾਅਦ, 1 ਸਤੰਬਰ ਨੂੰ ਪਟਿਆਲਾ ਦੇ ਸਿਵਲ ਲਾਈਨਜ਼ ਥਾਣੇ ਵਿੱਚ ਉਨ੍ਹਾਂ ਵਿਰੁੱਧ ਬਲਾਤਕਾਰ ਅਤੇ ਹੋਰ ਅਪਰਾਧਾਂ ਲਈ ਇੱਕ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਇਹ ਐਫ.ਆਈ.ਆਰ. 'ਝੂਠੇ ਤੱਥਾਂ' 'ਤੇ ਅਧਾਰਿਤ ਹੈ। ਪਟੀਸ਼ਨਰ ਦੇ ਅਨੁਸਾਰ, ਸ਼ਿਕਾਇਤਕਰਤਾ ਇੱਕ ਆਦਤਨ ਮੁਕੱਦਮੇਬਾਜ਼ ਹੈ ਜੋ ਪਹਿਲਾਂ ਵਿਧਾਇਕ ਨਾਲ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਸੀ ਅਤੇ ਬਾਅਦ ਵਿੱਚ ਉਸ ਨੂੰ ਬਲੈਕਮੇਲ ਕਰ ਰਹੀ ਸੀ। ਹੁਣ ਇੱਕ 'ਐਨਕਾਊਂਟਰ ਸਪੈਸ਼ਲਿਸਟ' ਅਧਿਕਾਰੀ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ, ਜਿਸ ਕਾਰਨ ਵਿਧਾਇਕ ਦੀ ਪਤਨੀ ਨੂੰ ਆਪਣੇ ਪਤੀ ਦੀ ਸੁਰੱਖਿਆ ਬਾਰੇ ਡਰ ਹੈ।

# ਬਾਦਲ ਦਲ ਨੇ ਹੜ੍ਹ ਪੀੜਤਾਂ ਲਈ ਨੀਤੀ ਘੜੀ

**✪ ਸੁਖਬੀਰ ਵਲੋਂ ਹੜ੍ਹ ਮਾਰੇ ਲੋਕਾਂ ਦੀ ਮਦਦ ਵਾਸਤੇ ਪਾਰਟੀ ਪ੍ਰੋਗਰਾਮ ਦਾ ਐਲਾਨ ✪ ਅਕਾਲੀ ਦਲ (ਬ) ਵਲੋਂ ਉਪ-ਰਾਸ਼ਟਰਪਤੀ ਦੀ ਚੋਣ ਦਾ ਬਾਈਕਾਟ**



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਭਰ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਉਪਰੰਤ ਇਥੇ ਪਾਰਟੀ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਸੀਨੀਅਰ ਆਗੂਆਂ, ਜ਼ਿਲ੍ਹਾ ਪ੍ਰਧਾਨਾਂ ਅਤੇ ਹਲਕਾ ਇੰਚਾਰਜਾਂ ਨਾਲ ਅਹਿਮ ਮੀਟਿੰਗ ਕਰਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਵਾਸਤੇ ਵਿਆਪਕ ਪ੍ਰੋਗਰਾਮ ਦਾ ਐਲਾਨ ਕੀਤਾ ਤਾਂ ਜੋ ਹੜ੍ਹ ਮਾਰੇ ਕਿਸਾਨਾਂ ਨੂੰ ਉਨ੍ਹਾਂ ਦੇ ਪੈਰਾਂ ਸਿਰ ਕਰਨ ਲਈ ਰਾਹਤ ਸਮੱਗਰੀ ਦਿੱਤੀ ਜਾ ਸਕੇ ਅਤੇ ਕਣਕ ਦੇ ਆਉਂਦੇ ਸੀਜ਼ਨ ਵਾਸਤੇ ਮਿਆਰੀ ਬੀਜ ਦਿੱਤੇ ਜਾ ਸਕਣ।

ਉਨ੍ਹਾਂ ਮੰਗ ਕੀਤੀ ਕਿ ਹੜ੍ਹ ਮਾਰੇ ਕਿਸਾਨਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਤੇ ਖੇਤ ਮਜ਼ਦੂਰਾਂ ਨੂੰ ਵੀ ਰਾਹਤ ਦਿੱਤੀ ਜਾਵੇ। ਉਨ੍ਹਾਂ ਨੇ ਪਾਰਟੀ ਦੇ ਰਾਹਤ ਪੈਕੇਜ ਦਾ ਐਲਾਨ ਕਰਦਿਆਂ ਦੱਸਿਆ ਕਿ ਪਾਰਟੀ ਪਿੰਡਾਂ ਵਿਚ 500 ਟਰੱਕ ਮੱਕੀ ਦਾ ਅਚਾਰ ਤੇ 500 ਟਰੱਕ ਹਰਾ ਚਾਰਾ ਵੰਡੇਗੀ। ਉਨ੍ਹਾਂ ਦੱਸਿਆ ਕਿ 500 ਫੋਗਿੰਗ ਮਸ਼ੀਨਾਂ ਖਰੀਦ ਲਈਆਂ ਹਨ ਜੋ ਆਪਣੇ ਵਲੰਟੀਅਰਾਂ ਰਾਹੀਂ ਹੜ੍ਹ ਮਾਰੇ ਇਲਾਕਿਆਂ ਵਿਚ ਵਰਤੀਆਂ ਜਾਣਗੀਆਂ ਤਾਂ ਜੋ ਮਲੇਰੀਆ ਤੇ ਹੋਰ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕੇ।

ਇਕ ਲੱਖ ਏਕੜ ਵਿਚ ਕਣਕ ਦੀ ਬਿਜਾਈ ਵਾਸਤੇ ਮਿਆਰੀ ਬੀਜ ਦਿੱਤੇ ਜਾਣਗੇ, ਹੜ੍ਹ ਮਾਰੇ ਇਲਾਕਿਆਂ ਵਾਸਤੇ 30 ਹਜ਼ਾਰ ਕੁਇੰਟਲ ਕਣਕ ਵੀ ਦਿੱਤੀ ਜਾਵੇਗੀ ਙ ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੀ ਮੈਡੀਕਲ ਕੈਂਪਾਂ ਵਾਸਤੇ ਬੇਨਤੀ ਪ੍ਰਵਾਨ ਕਰ ਲਈ ਹੈ ਤੇ ਗੁਰੂ ਰਾਮਦਾਸ ਹਸਪਤਾਲ ਅੰਮ੍ਰਿਤਸਰ ਤੋਂ 125 ਮੈਡੀਕਲ ਟੀਮਾਂ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਤਾਇਨਾਤ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਪਸ਼ੂ ਧਨ ਦੀ ਸੰਭਾਲ ਵਾਸਤੇ 25 ਵੈਟਰਨਰੀ ਡਾਕਟਰਾਂ ਦੀਆਂ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ। ਸੁਖਬੀਰ ਨੇ ਕਿਹਾ ਕਿ ਵਲੰਟੀਅਰ ਕਿਸਾਨਾਂ ਦੇ ਖੇਤਾਂ ਵਿਚੋਂ ਰੇਤ ਕੱਢਣ ਵਿਚ ਵੀ ਮਦਦ ਕਰਨਗੇ। ਉਨ੍ਹਾਂ ਨੇ ਮੰਗ ਕੀਤੀ ਕਿ ਕੇਂਦਰ ਅਤੇ ਰਾਜ ਸਰਕਾਰ ਸਾਰੇ ਹੜ੍ਹ ਪ੍ਰਭਾਵਿਤ ਕਿਸਾਨਾਂ ਵਾਸਤੇ ਕਰਜ਼ਾ ਮੁਆਫ਼ੀ ਸਕੀਮ ਲਿਆਵੇ ਅਤੇ ਕਰਜ਼ਾ ਵਾਪਸੀ 'ਤੇ ਛੇ ਮਹੀਨੇ ਲਈ ਰੋਕ ਕਿਸੇ ਕੰਮ ਨਹੀਂ ਆਵੇਗੀ ਕਿਉਂਕਿ ਕਿਸਾਨਾਂ ਨੂੰ ਹੜ੍ਹਾਂ ਕਾਰਨ ਹੋਏ ਨੁਕਸਾਨ ਤੋਂ ਉਭਰਨ ਵਾਸਤੇ ਦੋ ਤੋਂ ਤਿੰਨ ਸਾਲ ਲੱਗ ਜਾਣਗੇ।

ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਰਾਜ ਸਰਕਾਰ ਮਿਥਕਾਂ ਦੇ ਮਾਮਲੇ ਵਿਚ 4 ਲੱਖ ਦੀ ਸਹਾਇਤਾ ਰਾਸ਼ੀ ਨੂੰ ਵਧਾ ਕੇ 10 ਲੱਖ ਰੁਪਏ ਕਰੇ। ਪਸ਼ੂ ਧਨ ਦੇ ਨੁਕਸਾਨ ਲਈ 1 ਲੱਖ ਰੁਪਏ ਪ੍ਰਤੀ ਪਸ਼ੂ ਦਿੱਤਾ ਜਾਵੇ ਅਤੇ ਘਰਾਂ ਦੇ ਨੁਕਸਾਨ ਦਾ ਵੀ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਨੇ ਮੰਗ ਕੀਤੀ ਕਿ ਫ਼ਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਖੇਤ ਵਾਹੁਣ ਵਾਲਿਆਂ ਨੂੰ ਦਿੱਤਾ ਜਾਵੇ ਭਾਵੇਂ ਉਹ ਜ਼ਮੀਨ ਦਾ ਮਾਲਕ ਹੋਵੇ ਜਾਂ ਫਿਰ ਠੇਕੇ 'ਤੇ ਲੈ ਕੇ ਜ਼ਮੀਨ ਵਾਹੁਣ ਵਾਲਾ ਹੋਵੇ ਅਤੇ ਜੋ ਕੱਚੀਆਂ ਜ਼ਮੀਨਾਂ ਵਾਹ ਰਹੇ ਹਨ ਉਨ੍ਹਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਵੇ। ਸੁਖਬੀਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਲਈ ਹੜ੍ਹਾਂ ਤੋਂ ਰਾਹਤ ਤੇ ਮੁੜ ਵਸੇਬੇ ਵਾਸਤੇ 20 ਹਜ਼ਾਰ ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਆਪਣੀ ਫੇਰੀ ਦੌਰਾਨ ਕਰਨ।

ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਹਰਸਿਮਰਤ ਕੌਰ ਬਾਦਲ, ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਮਹੇਸ਼ਇੰਦਰ ਸਿੰਘ ਗਰੇਵਾਲ, ਜਨਮੇਜਾ ਸਿੰਘ ਸੇਖੋਂ, ਐਨ.ਕੇ. ਸ਼ਰਮਾ, ਬਲਦੇਵ ਸਿੰਘ ਮਾਨ, ਸੁੱਚਾ ਸਿੰਘ ਲੰਗਾਹ, ਸ਼ਰਨਜੀਤ ਸਿੰਘ ਢਿੱਲੋਂ, ਗੁਲਜ਼ਾਰ ਸਿੰਘ ਰਣੀਕੇ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ, ਸਰਬਜੀਤ ਸਿੰਘ ਝਿੰਜਰ, ਤੋਂ ਇਲਾਵਾ ਹੋਰ ਸੀਨੀਅਰ ਆਗੂ ਹਾਜ਼ਰ ਸਨ।

ਸ਼੍ਰੋਮਣੀ ਅਕਾਲੀ ਦਲ (ਬ) ਨੇ ਉਪ-ਰਾਸ਼ਟਰਪਤੀ ਦੀ ਉਪ ਚੋਣ ਦਾ ਬਾਈਕਾਟ ਕਰ ਦਿੱਤਾ ਹੈ।ਉਨ੍ਹਾਂ ਇਹ ਫ਼ੈਸਲਾ ਪੰਜਾਬ 'ਚ ਪੈ ਰਹੀ ਹੜ੍ਹਾਂ ਦੀ ਮਾਰ ਨੂੰ ਦੇਖਦੇ ਹੋਏ ਲਿਆ। ਅਕਾਲੀ ਦਲ ਕਿਸੇ ਵੀ ਧਿਰ ਨੂੰ ਵੋਟ ਨਹੀਂ ਦੇਵੇਗਾ। ਇਸ ਸਮੇਂ ਅਕਾਲੀ ਦਲ ਦੇ ਵਰਕਰ ਹੜ੍ਹਾਂ 'ਚ ਰੁੱਝੇ ਹੋਏ ਹਨ, ਇਸ ਲਈ ਵੋਟ ਨਹੀਂ ਕਰਨਗੇ। ਇਹ ਫ਼ੈਸਲਾ ਇਸ ਲਈ ਵੀ ਅਹਿਮ ਮੰਨਿਆ ਜਾ ਰਿਹਾ ਹੈ ਕਿ ਕਿਉਂਕਿ ਮੰਗਲਵਾਰ ਉਪ-ਰਾਸ਼ਟਰਪਤੀ ਦੀ ਚੋਣ ਹੋਣੀ ਹੈ ਤੇ ਇਕ ਦਿਨ ਪਹਿਲਾਂ ਇਹ ਫ਼ੈਸਲਾ ਲਿਆ ਜਾ ਰਿਹਾ ਹੈ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਇਸ ਸਮੇਂ ਹੜ੍ਹਾਂ ਦੀ ਮਾਰ ਹੇਠ ਹੈ। ਪੰਜਾਬੀ ਹਰ ਮਾੜੇ ਸਮੇਂ 'ਚ ਲੋਕਾਂ ਦੀ ਮਦਦ ਕਰਦੇ ਹਨ, ਪਰ ਪੰਜਾਬ ਨੂੰ ਕੇਂਦਰ ਵਲੋਂ ਕੋਈ ਮਦਦ ਨਹੀਂ ਮਿਲ ਰਹੀ। ਇਸ ਲਈ ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਲੋਕਾਂ ਨਾਲ ਖੜ੍ਹਾ ਹੈ ਅਤੇ ਇਸ ਮੌਕੇ ਉਪ ਰਾਸ਼ਟਰਪਤੀ ਦੀ ਚੋਣ ਲਈ ਵੋਟ ਸਾਡੇ ਲਈ ਅਹਿਮ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦੇਸ਼ ਦਾ ਕੋਈ ਵੀ ਆਗੂ ਪੰਜਾਬ ਨਾਲ ਨਹੀਂ ਖੜ੍ਹਾ ਹੈ ਤੇ ਇਸ ਲਈ ਪਾਰਟੀ ਨੇ ਇਹ ਫ਼ੈਸਲਾ ਲਿਆ ਹੈ। ਜ਼ਿਕਰਯੋਗ ਹੈ ਕਿ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਪੰਜਾਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇਕਲੌਤੇ ਸੰਸਦ ਮੈਂਬਰ ਹਨ।

## ਅੰਮ੍ਰਿਤਸਰ ਵਿਖੇ ਅਠ ਕਿਲੋ ਹੈਰੋਇਨ ਸਮੇਤ ਨਸ਼ਾ ਸਮਗਲਰ ਸੋਨੀ ਸਣੇ ਪੰਜ ਗ੍ਰਿਫ਼ਤਾਰ

ਅੰਮ੍ਰਿਤਸਰ-ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਡਰਗ ਸਮਗਲਰ ਸੋਨੀ ਸਿੰਘ ਸੋਨੀ ਨੂੰ ਉਸਦੇ ਚਾਰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਹੈਰੋਇਨ ਤਸਕਰੀ ਕਰਨ ਵਾਲੇ ਕਾਰਟੈਲ ਦਾ ਪਰਦਾਫਾਸ਼ ਕੀਤਾ ਹੈ ਅਤੇ 8.1 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਉਨ੍ਹਾਂ ਦੇ ਕਬਜ਼ੇ ਵਿੱਚੋਂ ਚਾਰ ਹੋਰ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਪਛਾਣ ਗੁਰਸੇਵਕ ਸਿੰਘ, ਵਿਸ਼ਾਲਦੀਪ ਸਿੰਘ ਉਰਫ਼ ਗੋਲਾ, ਗੁਰਪ੍ਰੀਤ ਸਿੰਘ ਅਤੇ ਅਰਸ਼ਦੀਪ ਸਿੰਘ ਵਜੋਂ ਹੋਈ ਹੈ, ਜੋ ਸਾਰੇ ਅੰਮ੍ਰਿਤਸਰ ਦੇ ਅਜਨਾਲਾ ਦੇ ਰਹਿਣ ਵਾਲੇ ਹਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਸਿੰਡੀਕੇਟ ਪਾਕਿਸਤਾਨ ਤੋਂ ਕੰਮ ਕਰ ਰਿਹਾ ਸੀ ਅਤੇ ਭਾਰਤੀ ਖੇਤਰ ਵਿੱਚ ਹੈਰੋਇਨ ਦੀਆਂ ਵੱਡੀਆਂ ਖੇਪਾਂ ਪਹੁੰਚਾਉਣ ਲਈ ਡਰੋਨਾਂ ਦੀ ਵਰਤੋਂ ਕੀਤੀ ਜਾ ਰਹੀ ਸੀ।

ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਸੋਨੀ, ਜਿਸ ਦੇ ਖ਼ਿਲਾਫ਼ ਐਨਡੀਪੀਐਸ ਐਕਟ ਦੇ ਛੇ ਮਾਮਲੇ ਦਰਜ ਹਨ ਅਤੇ ਉਹ ਜੂਨ ਵਿੱਚ ਜੇਲ੍ਹ ਤੋਂ ਬਾਹਰ ਆਇਆ ਸੀ, ਨੇ ਲਗਭਗ 30 ਕਿਲੋ ਹੈਰੋਇਨ ਦੀਆਂ ਖੇਪਾਂ ਡਰੋਨ ਰਾਹੀਂ ਪਹੁੰਚਾਈਆਂ ਸਨ, ਜੋ ਕਿ ਇਸ ਲੜੀ ਵਿੱਚ ਅੱਗੇ ਸਪਲਾਈ ਕੀਤੀਆਂ ਜਾਂਦੀਆਂ ਸਨ।

ਸੀਪੀ ਨੇ ਕਿਹਾ ਕਿ ਸੋਨੀ ਦੇ ਖੁਲਾਸੇ 'ਤੇ, ਉਸਦੇ ਸਾਥੀ ਗੁਰਸੇਵਕ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਸੀ ਅਤੇ 8.037 ਕਿਲੋ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਅਦ ਵਾਲਾ ਸ਼ਹਿਰ ਵਿੱਚ ਡਿਲੀਵਰ ਕੀਤੀਆਂ ਜਾਣ ਵਾਲੀਆਂ ਖੇਪਾਂ ਨੂੰ ਸੰਭਾਲ ਰਿਹਾ ਸੀ, ਉਨ੍ਹਾਂ ਕਿਹਾ, ਜਦੋਂ ਕਿ ਹੋਰ ਜਾਂਚ ਤੋਂ ਬਾਅਦ ਸੋਨੀ ਦੇ ਇਸ ਤਸਕਰੀ ਮਾਡਿਊਲ ਦੇ ਬਾਕੀ ਸਰਗਰਮ ਮੈਂਬਰਾਂ ਨੂੰ ਨਾਮਜ਼ਦ ਅਤੇ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੋਰ ਜਾਂਚ ਜਾਰੀ ਹੈ। ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

## ਗੁੱਜਰਾਂਵਾਲਾ ਵਿਚ ਮੀਂਹ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਦੀ ਯਾਦਗਾਰ ਨੂੰ ਪਹੁੰਚਿਆ ਨੁਕਸਾਨ

**✪ ਈ ਪੀ ਟੀ ਬੀ ਦੇ ਅਧਿਕਾਰੀਆਂ ਨੇ ਤਕਨੀਕੀ ਟੀਮ ਨੇ ਜਾਂਚ ਕੀਤੀ**



ਲਾਹੌਰ-ਪਾਕਿਸਤਾਨ ਦੇ ਗੁੱਜਰਾਂਵਾਲਾ ਵਿੱਚ ਭਾਰੀ ਮੀਂਹ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸਰਦਾਰ ਮਹਾਂ ਸਿੰਘ ਦੀ ਯਾਦਗਾਰ ਦਾ ਇਕ ਹਿੱਸਾ ਢਹਿ-ਢੇਰੀ ਹੋ ਗਿਆ ਹੈ। ਇਵੈਕਿਊਈ ਪ੍ਰਾਪਰਟੀ ਟਰੱਸਟ ਬੋਰਡ (ਈ ਪੀ ਟੀ ਬੀ) ਦੇ ਤਰਜਮਾਨ ਗੁਲਾਮ ਮੋਹਿਉਦੀਨ ਨੇ ਅੱਜ ਕਿਹਾ, "ਹਾਲ ਹੀ ਵਿੱਚ ਹੋਈ ਭਾਰੀ ਬਾਰਿਸ਼ ਕਾਰਨ ਲਾਹੌਰ ਤੋਂ ਲਗਪਗ 80 ਕਿਲੋਮੀਟਰ ਦੂਰ ਗੁੱਜਰਾਂਵਾਲਾ ਦੇ ਸ਼ੇਰਾਂਵਾਲਾ ਬਾਗ ਵਿੱਚ ਸਥਿਤ ਸਰਦਾਰ ਮਹਾਂ ਸਿੰਘ ਦੀ ਸਮਾਧੀ ਦਾ ਇਕ ਹਿੱਸਾ ਢਹਿ ਗਿਆ ਹੈ। ਈ ਪੀ ਟੀ ਬੀ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਦੇ ਪਵਿੱਤਰ ਅਸਥਾਨਾਂ ਦੀ ਦੇਖਭਾਲ ਕਰਦਾ ਹੈ।

ਮੋਹਿਊਦੀਨ ਨੇ ਕਿਹਾ ਕਿ ਘਟਨਾ ਤੋਂ ਬਾਅਦ ਈ ਪੀ ਟੀ ਬੀ ਦੇ ਅਧਿਕਾਰੀਆਂ ਨੇ ਇਕ ਤਕਨੀਕੀ ਟੀਮ ਦੇ ਨਾਲ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਇਮਾਰਤ ਦੇ ਆਸ-ਪਾਸ ਸੁਰੱਖਿਆ ਉਪਾਅ ਯਕੀਨੀ ਬਣਾਏ। ਉਨ੍ਹਾਂ ਕਿਹਾ, "ਇਸ ਇਤਿਹਾਸਕ ਧਰੋਹਰ ਨੂੰ ਸੰਭਾਲਣ ਲਈ ਸਮਾਧੀ ਦੇ ਪੁਨਰਨਿਰਮਾਣ ਅਤੇ ਮੁਰੰਮਤ ਲਈ ਇਕ ਸਲਾਹਕਾਰ ਦੀ ਨਿਯੁਕਤੀ ਕੀਤੀ ਜਾਵੇਗੀ।"

# ਨੇਪਾਲ ਰਾਜਨੀਤਕ ਸੰਕਟ ਵਿਚ, ਹਿੰਸਕ ਪ੍ਰਦਰਸ਼ਨ ਕਾਰਣ ਸਥਿਤੀ ਬੇਕਾਬੂ

## ✪ ਸੰਸਦ ਤੇ ਰਾਸ਼ਟਰਪਤੀ ਭਵਨ ਸਾੜੇ, ਪ੍ਰਧਾਨ ਮੰਤਰੀ ਓਲੀ ਤੇ ਰਾਸ਼ਟਰਪਤੀ ਪੌਡੇਲ ਦਾ ਅਸਤੀਫ਼ਾ ✪ ਹੁਣ ਤੱਕ 21 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 350 ਤੋਂ ਵੱਧ ਜ਼ਖਮੀ





ਕਾਠਮੰਡੂ-ਨੇਪਾਲ ਇਸ ਵੇਲੇ ਗੰਭੀਰ ਰਾਜਨੀਤਕ ਸੰਕਟ ਵਿਚ ਫਸਿਆ ਹੋਇਆ ਹੈ। ਦੇਸ਼ ਵਿਚ ਚੱਲ ਰਹੇ ਹਿੰਸਕ ਪ੍ਰਦਰਸ਼ਨਾਂ ਨੇ ਸਥਿਤੀ ਨੂੰ ਬੇਕਾਬੂ ਕਰ ਦਿੱਤਾ ਹੈ, ਜਿਸ ਕਾਰਨ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਤੇ ਰਾਸ਼ਟਰਪਤੀ ਰਾਮਚੰਦਰ ਪੌਡੇਲ ਨੂੰ ਅਸਤੀਫ਼ਾ ਦੇਣਾ ਪਿਆ। ਪ੍ਰਦਰਸ਼ਨਕਾਰੀਆਂ ਨੇ ਸੰਸਦ ਭਵਨ, ਰਾਸ਼ਟਰਪਤੀ ਭਵਨ, ਪ੍ਰਧਾਨ ਮੰਤਰੀ ਦੀ ਰਿਹਾਇਸ਼ ਸਮੇਤ ਕਈ ਵੱਡੇ ਨੇਤਾਵਾਂ ਦੇ ਘਰਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਇਨ੍ਹਾਂ ਹਿੰਸਕ ਘਟਨਾਵਾਂ ਵਿਚ ਹੁਣ ਤੱਕ 21 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 350 ਤੋਂ ਵੱਧ ਜ਼ਖਮੀ ਹੋਏ ਹਨ।

### ਹਿੰਸਾ ਦੀ ਸ਼ੁਰੂਆਤ ਕਿਵੇਂ ਹੋਈ?

ਇਹ ਸਾਰਾ ਵਿਵਾਦ ਸਰਕਾਰ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਲਾਈ ਪਾਬੰਦੀ ਨਾਲ ਸ਼ੁਰੂ ਹੋਇਆ। ਸਰਕਾਰ ਨੇ ਫੇਸਬੁੱਕ, ਇੰਸਟਾਗ੍ਰਾਮ, ਵਟਸਐਪ, ਐਕਸ, ਯੂਟਿਊਬ ਸਮੇਤ 26 ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਦੀ ਲਾਈ ਸੀ, ਕਿਉਂਕਿ ਇਹ ਪਲੇਟਫਾਰਮ ਸਥਾਨਕ ਨਿਯਮਾਂ ਅਧੀਨ ਰਜਿਸਟਰਡ ਨਹੀਂ ਸਨ। ਇਸ ਫੈਸਲੇ ਨੇ ਮੁੱਖ ਤੌਰ 'ਤੇ ਨੌਜਵਾਨਾਂ, ਖਾਸ ਕਰਕੇ ਘੇਣ-ਗ਼, ਵਿਚ ਭਾਰੀ ਰੋਸ ਪੈਦਾ ਕੀਤਾ। ਨੌਜਵਾਨਾਂ ਨੇ ਇਸ ਨੂੰ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ ਦੱਸਿਆ। ਪਰ ਇਹ ਪ੍ਰਦਰਸ਼ਨ ਸਿਰਫ ਸੋਸ਼ਲ ਮੀਡੀਆ ਪਾਬੰਦੀ ਤੱਕ ਸੀਮਤ ਨਹੀਂ ਰਹੇ। ਨੌਜਵਾਨ ਸਰਕਾਰ ਦੇ ਭ੍ਰਿਸ਼ਟਾਚਾਰ ਅਤੇ ਨੇਤਾਵਾਂ ਦੀ ਆਲੀਸ਼ਾਨ ਜੀਵਨ ਸ਼ੈਲੀ ਖਿਲਾਫ ਵੀ ਸੜਕਾਂ 'ਤੇ ਉਤਰ ਆਏ। ਵਿਸ਼ਵ ਬੈਂਕ ਅਨੁਸਾਰ, ਨੇਪਾਲ 'ਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 20% ਹੈ, ਜਿਸ ਕਾਰਨ ਹਰ ਰੋਜ਼ 2000 ਤੋਂ ਵੱਧ ਨੌਜਵਾਨ ਵਿਦੇਸ਼ਾਂ ਵਿਚ ਕੰਮ ਦੀ ਭਾਲ ਵਿਚ ਦੇਸ਼ ਛੱਡ ਰਹੇ ਹਨ।

### ਹਿੰਸਕ ਪ੍ਰਦਰਸ਼ਨਾਂ ਦਾ ਵਿਸਤਾਰ

ਬੀਤੇ ਸੋਮਵਾਰ ਨੂੰ ਕਾਠਮੰਡੂ ਦੇ ਮੈਤੀਘਰ ਖੇਤਰ 'ਚ ਸ਼ੁਰੂ ਹੋਏ ਪ੍ਰਦਰਸ਼ਨ ਬੀਤੇ ਮੰਗਲਵਾਰ ਨੂੰ ਪੂਰੇ ਦੇਸ਼ 'ਚ ਫੈਲ ਗਏ। ਪ੍ਰਦਰਸ਼ਨਕਾਰੀਆਂ ਨੇ 'ਸੋਸ਼ਲ ਮੀਡੀਆ ਨਹੀਂ, ਭ੍ਰਿਸ਼ਟਾਚਾਰ ਬੰਦ ਕਰੋ' ਅਤੇ 'ਭ੍ਰਿਸ਼ਟਾਚਾਰ ਵਿਰੁੱਧ ਨੌਜਵਾਨ' ਵਰਗੇ ਨਾਅਰੇ ਲਿਖੇ ਬੈਨਰ ਚੁੱਕੇ। ਜਦੋਂ ਪ੍ਰਦਰਸ਼ਨਕਾਰੀ ਸੰਸਦ ਭਵਨ ਦੇ ਨੇੜੇ ਪਾਬੰਦੀਸ਼ੁਦਾ ਖੇਤਰ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਲੱਗੇ, ਤਾਂ ਪੁਲਿਸ ਨੇ ਅੱਥਰੂ ਗੈਸ ਅਤੇ ਪਾਣੀ ਦੀਆਂ ਤੋਪਾਂ ਦੀ ਵਰਤੋਂ ਕੀਤੀ। ਇਸ ਦੌਰਾਨ ਹਿੰਸਾ ਭੜਕ ਗਈ, ਜਿਸ 'ਚ 19 ਲੋਕ ਮਾਰੇ ਗਏ ਅਤੇ 50 ਤੋਂ ਵੱਧ ਜ਼ਖਮੀ ਹੋਏ। ਪ੍ਰਦਰਸ਼ਨਕਾਰੀਆਂ ਨੇ ਸੰਸਦ ਭਵਨ, ਰਾਸ਼ਟਰਪਤੀ ਭਵਨ, ਪ੍ਰਧਾਨ ਮੰਤਰੀ ਦੀ ਰਿਹਾਇਸ਼ ਅਤੇ ਕਈ ਨੇਤਾਵਾਂ ਦੇ ਘਰਾਂ 'ਤੇ ਹਮਲੇ ਕੀਤੇ। ਸਾਬਕਾ ਪ੍ਰਧਾਨ ਮੰਤਰੀ ਝਲਾਨਾਥ ਖਨਾਲ ਦੀ ਪਤਨੀ ਰਾਜਲਕਸ਼ਮੀ ਦੀ ਅੱਗ 'ਚ ਸੜ ਕੇ ਮੌਤ ਹੋ ਗਈ, ਜਦਕਿ ਵਿੱਤ ਮੰਤਰੀ ਵਿਸ਼ਨੂੰ ਪੌਡੇਲ ਨੂੰ ਪ੍ਰਦਰਸ਼ਨਕਾਰੀਆਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਸਾਬਕਾ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦੇਉਬਾ 'ਤੇ ਵੀ ਹਮਲਾ ਹੋਇਆ।

### ਸਰਕਾਰ ਦਾ ਪਤਨ

ਹਿੰਸਕ ਪ੍ਰਦਰਸ਼ਨਾਂ ਦੇ ਦਬਾਅ ਹੇਠ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੇ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ ਰਾਸ਼ਟਰਪਤੀ ਨੂੰ ਲਿਖੇ ਪੱਤਰ 'ਚ ਕਿਹਾ ਕਿ ਸਥਿਤੀ ਨੂੰ ਸੰਭਾਲਣ ਲਈ ਉਹ ਅਸਤੀਫ਼ਾ ਦੇ ਰਹੇ ਹਨ। ਇਸ ਤੋਂ ਬਾਅਦ ਰਾਸ਼ਟਰਪਤੀ ਰਾਮਚੰਦਰ ਪੌਡੇਲ ਨੇ ਵੀ ਅਸਤੀਫ਼ਾ ਦੇ ਦਿੱਤਾ, ਜਿਸ ਨਾਲ ਨੇਪਾਲ ਦੀ ਸਰਕਾਰ ਪੂਰੀ ਤਰ੍ਹਾਂ ਡਿੱਗ ਗਈ। ਕਈ ਮੰਤਰੀਆਂ, ਜਿਨ੍ਹਾਂ 'ਚ ਗ੍ਰਹਿ ਮੰਤਰੀ ਰਮੇਸ਼ ਲੇਖਕ, ਵਿਦੇਸ਼ ਮੰਤਰੀ ਆਰਜ਼ੂ ਰਾਣਾ ਦੇਉਬਾ, ਸਿਹਤ ਮੰਤਰੀ ਪ੍ਰਦੀਪ ਪੌਡੇਲ ਅਤੇ ਖੇਤੀਬਾੜੀ ਮੰਤਰੀ ਰਾਮਨਾਥ ਅਧਿਕਾਰੀ ਸ਼ਾਮਲ ਹਨ, ਨੇ ਵੀ ਅਸਤੀਫ਼ੇ ਦੇ ਦਿੱਤੇ। ਸਰਕਾਰ ਨੇ ਸੋਸ਼ਲ ਮੀਡੀਆ 'ਤੇ ਪਾਬੰਦੀ ਹਟਾਉਣ ਦਾ ਐਲਾਨ ਕੀਤਾ, ਪਰ ਪ੍ਰਦਰਸ਼ਨਕਾਰੀ ਸ਼ਾਂਤ ਨਹੀਂ ਹੋਏ।

### ਹਾਲਾਤ ਅਤੇ ਸੁਰੱਖਿਆ ਬਲਾਂ ਦੀ ਅਪੀਲ

ਕਾਠਮੰਡੂ 'ਚ ਹਵਾਈ ਅੱਡਾ ਅੰਸ਼ਕ ਤੌਰ 'ਤੇ ਬੰਦ ਕਰ ਦਿੱਤਾ ਗਿਆ ਅਤੇ ਫੌਜ ਨੇ ਕੰਟਰੋਲ ਸੰਭਾਲ ਲਿਆ। ਸੁਰੱਖਿਆ ਬਲਾਂ ਨੂੰ ਪ੍ਰਦਰਸ਼ਨਕਾਰੀਆਂ ਨੂੰ ਰੋਕਣ 'ਚ ਨਾਕਾਮੀ ਮਿਲੀ। ਨੇਪਾਲੀ ਫੌਜ ਦੇ ਮੁਖੀ ਅਸ਼ੋਕ ਰਾਜ ਸਿਗਡੇਲ ਸਮੇਤ ਸੁਰੱਖਿਆ ਏਜੰਸੀਆਂ ਦੇ ਸੀਨੀਅਰ ਅਧਿਕਾਰੀਆਂ ਨੇ ਸਾਂਝੀ ਅਪੀਲ ਜਾਰੀ ਕਰਕੇ ਪ੍ਰਦਰਸ਼ਨਕਾਰੀਆਂ ਨੂੰ ਸੰਜਮ ਵਰਤਣ ਅਤੇ ਗੱਲਬਾਤ ਰਾਹੀਂ ਸਮੱਸਿਆ ਦਾ ਹੱਲ ਕੱਢਣ ਦੀ ਮੰਗ ਕੀਤੀ।

# ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚੋਂ ਹੜ੍ਹ ਦਾ ਪਾਣੀ ਹਟਾਇਆ, ਹੁਣ ਫਰਸ਼ ਦੀ ਸਫ਼ਾਈ ਜਾਰੀ





ਅੰਮ੍ਰਿਤਸਰ-ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੀ ਤਹਿਸੀਲ ਸ਼ਕਰਗੜ੍ਹ ਵਿਚ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਰਾਵੀ ਦਰਿਆ 'ਚ ਆਏ ਹੜ੍ਹ ਦਾ ਪਾਣੀ ਭਾਵੇਂ ਕਿ ਸਰਕਾਰੀ ਪੱਧਰ 'ਤੇ ਮਸ਼ੀਨਾਂ ਦੀ ਸਹਾਇਤਾ ਨਾਲ ਪਿਛਲੇ ਦਿਨੀਂ ਕੱਢ ਲਿਆ ਗਿਆ ਪਰ ਗੁਰਦੁਆਰਾ ਸਾਹਿਬ ਦੇ ਵਿਸ਼ਾਲ ਬਰਾਂਡੇ ਅਤੇ ਪਰਿਕਰਮਾ 'ਚ ਗੰਧਲੇ ਪਾਣੀ ਕਾਰਨ ਬਣੀ ਚਿਕਨਾਈ ਦੀ ਸਫ਼ਾਈ ਅਜੇ ਵੀ ਜਾਰੀ ਹੈ ਙ ਫ਼ਰਸ਼ ਤੋਂ ਗਾਰ ਦੀ ਸਾਫ਼-ਸਫ਼ਾਈ ਕਰਵਾ ਰਹੀ ਯੂਨਾਈਟਿਡ ਸਿੱਖਸ ਜਥੇਬੰਦੀ ਦੇ ਪ੍ਰੋਜੈਕਟ ਮੈਨੇਜਰ ਅਤੇ ਪਾਕਿ ਦੇ ਪਹਿਲੇ ਸਿੱਖ ਕ੍ਰਿਕਟਰ ਮਹਿੰਦਰਪਾਲ ਸਿੰਘ ਅਤੇ ਜਥੇਬੰਦੀ ਦੇ ਪਾਕਿਸਤਾਨ ਚੈਪਟਰ ਦੇ ਡਾਇਰੈਕਟਰ ਹਰਦਿਆਲ ਸਿੰਘ ਨੇ ' ਦੱਸਿਆ ਕਿ ਮਿੱਟੀ ਦੀ ਗਾਰ ਨਾਲ ਖ਼ਰਾਬ ਹੋਏ ਫ਼ਰਸ਼, ਕੰਧਾਂ ਅਤੇ ਹੋਰਨਾਂ ਭਵਨਾਂ ਦੀ ਸਫ਼ਾਈ ਨੂੰ ਮੁਕੰਮਲ ਕਰਨ 'ਚ ਅਜੇ 3-4 ਦਿਨ ਹੋਰ ਲੱਗ ਸਕਦੇ ਹਨ। ਮਹਿੰਦਰਪਾਲ ਸਿੰਘ ਨੇ ਦੱਸਿਆ ਕਿ ਹੜ੍ਹਾਂ ਦੇ ਗੰਧਲੇ ਪਾਣੀ ਨੇ ਗੁਰਦੁਆਰਾ ਸਾਹਿਬ 'ਚ ਚਾਰੇ ਪਾਸੇ ਮਲਬਾ ਅਤੇ ਚਿੱਕੜ ਫੈਲਾ ਦਿੱਤਾ ਹੈ।

ਪਾਣੀ ਉੱਤਰਨ ਤੋਂ ਬਾਅਦ ਫੈਲੇ ਮਲਬੇ ਤੇ ਚਿੱਕੜ ਨੂੰ ਸਾਫ਼ ਕਰਨ ਦੇ ਨਾਲ-ਨਾਲ ਪਾਕਿਸਤਾਨੀ ਸਿੱਖਾਂ ਵਲੋਂ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਅਸਥਾਨ ਦੇ ਹਰ ਇਕ ਕੋਨੇ ਨੂੰ ਸ਼ੈਂਪੂ ਅਤੇ ਕੀਟਾਣੂ ਨਾਸ਼ਕ ਦਵਾਈਆਂ ਨਾਲ ਸਾਫ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਲੰਗਰ ਭਵਨ ਅਤੇ ਮੁਸਾਫਿਰਖ਼ਾਨੇ ਹੇਠਾਂ ਬਣਾਈਆਂ ਗਈਆਂ ਬੇਸਮੈਂਟ ਅਤੇ ਸਰੋਵਰ 'ਚ ਅਜੇ ਵੀ ਹੜ੍ਹ ਦਾ ਮਿੱਟੀ ਦੀ ਗਾਰ ਵਾਲਾ ਪਾਣੀ 4-5 ਫੁੱਟ ਤੱਕ ਖੜ੍ਹਾ ਹੈ, ਜਿਸ ਨੂੰ ਵੀ ਜਲਦੀ ਹਟਾ ਕੇ ਸਫ਼ਾਈ ਮੁਕੰਮਲ ਕੀਤੀ ਜਾਵੇਗੀ।

# ਪੰਜਾਬ 'ਚ ਹੜ੍ਹਾਂ ਦੀ ਤਬਾਹੀ: ਮੌਤਾਂ 51, 3.87 ਲੱਖ ਲੋਕ ਪ੍ਰਭਾਵਿਤ, 1.84 ਲੱਖ ਹੈਕਟੇਅਰ ਫ਼ਸਲ ਸੁਆਹ

**ਖਾਸ ਖਬਰ** ✪ ਹੜ੍ਹਾਂ ਦੇ ਝੰਬੇ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇਗੀ ਸਰਕਾਰ ✪ ਕੈਬਨਿਟ ਵੱਲੋਂ 'ਜਿਸ ਦਾ ਖੇਤ, ਉਸ ਦਾ ਰੇਤ' ਨੂੰ ਹਰੀ ਝੰਡੀ, ਪਰ ਕਿਸਾਨਾਂ ਦੀਆਂ ਅਸਲ ਮੰਗਾਂ ਅਧੂਰੀਆਂ



ਪੰਜਾਬ ਵਿਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ। ਸਰਕਾਰੀ ਰਿਪੋਰਟ ਮੁਤਾਬਕ 15 ਜ਼ਿਲ੍ਹਿਆਂ 'ਚ 3.87 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਮਾਨਸਾ, ਮੋਗਾ ਤੇ ਪਟਿਆਲਾ 'ਚ 3 ਹੋਰ ਮੌਤਾਂ ਨਾਲ ਕੁੱਲ ਮੌਤਾਂ 51 ਹੋ ਗਈਆਂ। 1,84,938 ਹੈਕਟੇਅਰ ਫ਼ਸਲਾਂ ਤਬਾਹ ਹੋਈਆਂ, ਜਿਨ੍ਹਾਂ 'ਚ 3.70 ਲੱਖ ਏਕੜ ਝੋਨਾ, 30 ਹਜ਼ਾਰ ਏਕੜ ਨਰਮਾ, 29 ਹਜ਼ਾਰ ਏਕੜ ਗੰਨਾ ਤੇ 7,430 ਏਕੜ ਮੱਕੀ ਸ਼ਾਮਲ ਹਨ। ਘਰਾਂ ਤੇ ਪਸ਼ੂਧਨ ਦਾ ਨੁਕਸਾਨ ਅਜੇ ਮੁਲਾਂਕਣ ਅਧੀਨ ਹੈ। ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਪਾਣੀ ਘਟਣ ਤੋਂ ਬਾਅਦ ਹੀ ਪੂਰਾ ਨੁਕਸਾਨ ਸਾਹਮਣੇ ਆਵੇਗਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੁਹਾਲੀ ਦੇ ਨਿੱਜੀ ਹਸਪਤਾਲ ਵਿੱਚੋਂ ਵੀਡੀਓ ਕਾਨਫਰੰਸਿੰਗ ਰਾਹੀਂ ਕੈਬਨਿਟ ਮੀਟਿੰਗ ਵਿੱਚ ਹਿੱਸਾ ਲਿਆ ਗਿਆ। ਪੰਜਾਬ ਵਜ਼ਾਰਤ ਨੇ ਮੀਟਿੰਗ ਵਿੱਚ ਹੜ੍ਹ ਪ੍ਰਭਾਵਿਤ ਇਲਾਕੇ ਦੇ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕੇ ਦੇ ਖੇਤਾਂ ਵਿੱਚ ਆਈ ਮਿੱਟੀ ਨੂੰ ਚੁੱਕਣ ਲਈ 'ਜਿਸ ਦਾ ਖੇਤ ਉਸ ਦੀ ਰੇਤ' ਮੁਹਿੰਮ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ।

ਇਸ ਨਾਲ ਕਿਸਾਨ ਆਪਣੇ ਖੇਤਾਂ ਵਿੱਚੋਂ ਗਾਰ ਦੇ ਰੂਪ ਵਿਚ ਆਈ ਰੇਤ ਚੁੱਕ ਕੇ ਅੱਗੇ ਵੇਚ ਸਕਣਗੇ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਕਰਕੇ ਆਪਣੀ ਜੀਅ ਗੁਆਉਣ ਵਾਲੇ ਪਰਿਵਾਰਾਂ ਨੂੰ 4 ਲੱਖ ਰੁਪਏ ਪ੍ਰਤੀ ਵਿਅਕਤੀ ਮੁਆਵਜ਼ਾ ਦੇਵੇਗੀ। ਜਿਨ੍ਹਾਂ ਲੋਕਾਂ ਦੇ ਘਰ ਢਹਿ ਗਏ ਹਨ, ਉਸ ਬਾਰੇ ਸਰਵੇ ਕਰਵਾਇਆ ਜਾਵੇਗਾ ਅਤੇ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਇਲਾਕੇ ਦੇ ਕਿਸਾਨਾਂ ਨੂੰ ਸਹਿਕਾਰੀ ਬੈਂਕਾਂ ਵਿੱਚੋਂ ਲਏ ਕਰਜ਼ੇ ਦੀ ਅਦਾਇਗੀ ਲਈ ਛੇ ਮਹੀਨੇ ਦਾ ਵਾਧੂ ਸਮਾਂ ਦਿੱਤਾ ਜਾਵੇਗਾ। ਇਸ ਦੌਰਾਨ ਕਿਸਾਨਾਂ ਨੂੰ ਛੇ ਮਹੀਨੇ ਕੋਈ ਕਿਸ਼ਤ ਭਰਨ ਦੀ ਲੋੜ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਕਿਸਾਨਾਂ ਨੂੰ ਪਸ਼ੂਆਂ ਅਤੇ ਹੋਰ ਜਾਨਵਰਾਂ ਦੇ ਨੁਕਸਾਨ ਦਾ ਵੀ ਮੁਆਵਜ਼ਾ ਦਿੱਤਾ ਜਾਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਬਿਮਾਰੀਆਂ ਰੋਕਣ ਲਈ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾਵੇਗੀ। ਇਸ ਤੋਂ ਇਲਾਵਾ 1700 ਪਿੰਡਾਂ ਵਿੱਚ ਫੋਗਿੰਗ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣਗੀਆਂ ਜਿਸ ਨਾਲ ਬਿਮਾਰੀਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਹਰੇਕ ਪਿੰਡ ਵਿੱਚ ਡਾਕਟਰਾਂ ਦੀ ਵਿਸ਼ੇਸ਼ ਟੀਮ ਆਵੇਗੀ ਅਤੇ ਲੋਕਾਂ ਦਾ ਇਲਾਜ ਕਰੇਗੀ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸਫਾਈ ਮੁਹਿੰਮ ਵੀ ਚਲਾਈ ਜਾਵੇਗੀ।

### ਸਰਕਾਰ ਵਲੋਂ ਰਾਹਤ ਤੇ ਬਚਾਅ ਦੇ ਜਤਨ

ਸਰਕਾਰ ਨੇ ਰਾਹਤ ਕਾਰਜ ਤੇਜ਼ ਕਰ ਦਿੱਤੇ ਹਨ। ਹੁਣ ਤੱਕ 23,015 ਲੋਕਾਂ ਨੂੰ ਸੁਰੱਖਿਅਤ ਕੱਢਿਆ ਗਿਆ। 123 ਰਾਹਤ ਕੈਂਪਾਂ ਵਿਚ 5,416 ਲੋਕ ਰਹਿ ਰਹੇ ਹਨ। ਫ਼ੌਜ ਦੇ 30 ਹੈਲੀਕਾਪਟਰ, ਬੀ.ਐਸ.ਐਫ., ਐਨ.ਡੀ.ਆਰ.ਐਫ. ਤੇ ਐਸ.ਡੀ.ਆਰ.ਐਫ. ਦੀਆਂ ਟੀਮਾਂ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀਆਂ ਹਨ। ਸੁੱਕਾ ਰਾਸ਼ਨ, ਪੀਣ ਵਾਲਾ ਪਾਣੀ, ਦਵਾਈਆਂ ਤੇ ਜ਼ਰੂਰੀ ਸਾਮਾਨ 24 ਘੰਟੇ ਪ੍ਰਭਾਵਿਤ ਖੇਤਰਾਂ 'ਚ ਪਹੁੰਚਾਇਆ ਜਾ ਰਿਹਾ ਹੈ। ਅੰਮ੍ਰਿਤਸਰ ਵੀਚ 1,36,105 ਲੋਕ, ਗੁਰਦਾਸਪੁਰ ਵਿਚ 1,45,000 ਤੇ ਫ਼ਾਜ਼ਿਲਕਾ ਵਿਚ 25,037 ਲੋਕ ਪ੍ਰਭਾਵਿਤ ਹਨ। ਗੁਰਦਾਸਪੁਰ ਵਿਚ ਸਭ ਤੋਂ ਵੱਧ 40,169 ਹੈਕਟੇਅਰ ਫ਼ਸਲ ਨੁਕਸਾਨੀ।

## ਕਿਸਾਨਾਂ-ਮਜ਼ਦੂਰਾਂ ਦੀ ਮੰਗ: ਮੁਆਵਜ਼ਾ ਤੇ ਕਰਜ਼ਾ ਮੁਆਫੀ

ਬੀਕੇਯੂ (ਲੱਖੋਵਾਲ) ਦੇ ਹਰਿੰਦਰ ਸਿੰਘ ਲੱਖੋਵਾਲ ਨੇ ਪ੍ਰਤੀ ਏਕੜ 1 ਲੱਖ ਮੁਆਵਜ਼ੇ ਤੇ ਮਜ਼ਦੂਰਾਂ ਦੇ ਨੁਕਸਾਨ ਦੀ ਭਰਪਾਈ ਦੀ ਮੰਗ ਕੀਤੀ। ਬੀਕੇਯੂ (ਉਗਰਾਹਾਂ) ਦੇ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਹੜ੍ਹ ਨੂੰ ਕੌਮੀ ਆਫਤ ਐਲਾਨਣ ਦੀ ਮੰਗ ਕੀਤੀ, ਜਦਕਿ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਲਛਮਣ ਸਿੰਘ ਸੇਵੇਵਾਲਾ ਨੇ ਮਜ਼ਦੂਰਾਂ ਦੀ ਦੁਰਦਸ਼ਾ 'ਤੇ ਚਿੰਤਾ ਜਤਾਈ। ਕਿਸਾਨ ਤੇ ਮਜ਼ਦੂਰ ਸਰਕਾਰ ਤੋਂ ਪੂਰੇ ਮੁਆਵਜ਼ੇ ਤੇ ਵਿਆਜ ਮੁਆਫੀ ਦੀ ਉਮੀਦ ਕਰ ਰਹੇ ਹਨ, ਪਰ ਸਰਕਾਰ ਦੇ ਅਜੇ ਤੱਕ ਸੀਮਤ ਐਲਾਨਾਂ ਨੇ ਉਨ੍ਹਾਂ ਨੂੰ ਨਿਰਾਸ਼ ਕੀਤਾ ਹੈ।

## ਐਸ਼ਵਰਿਆ ਰਾਏ ਏਆਈ ਦੁਆਰਾ ਬਣਾਈਆਂ ਗਲਤ ਤਸਵੀਰਾਂ ਤੋਂ ਨਰਾਜ਼

✪ ਦਿੱਲੀ ਹਾਈ ਕੋਰਟ ਦਾ ਖੜਕਾਇਆ ਦਰਵਾਜ਼ਾ, ਪ੍ਰੋਡਕਟਾਂ 'ਤੇ ਭੜਕੀ ਅਦਾਕਾਰਾ



ਨਵੀਂ ਦਿੱਲੀ-ਬਾਲੀਵੁੱਡ ਅਦਾਕਾਰਾ ਐਸ਼ਵਰਿਆ ਰਾਏ ਬੱਚਨ ਨੇ ਬਿਨਾਂ ਇਜਾਜ਼ਤ ਵਪਾਰਕ ਲਾਭ ਲਈ ਤਸਵੀਰਾਂ ਆਦਿ ਦੀ ਵਰਤੋਂ ਵਿਰੁੱਧ ਦਿੱਲੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਇੱਕ ਪਟੀਸ਼ਨ ਦਾਇਰ ਕਰਕੇ, ਐਸ਼ਵਰਿਆ ਬੱਚਨ ਨੇ ਆਪਣੇ ਸ਼ਖਸੀਅਤ ਦੇ ਅਧਿਕਾਰਾਂ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਸ ਦੀਆਂ ਕੁਝ ਨਿੱਜੀ ਤਸਵੀਰਾਂ, ਜੋ ਕਿ ਪੂਰੀ ਤਰ੍ਹਾਂ ਗੈਰ-ਜ਼ਰੂਰੀ ਹਨ, ਨੂੰ ਕੌਫੀ ਮੱਗ ਅਤੇ ਹੋਰ ਚੀਜ਼ਾਂ ਵੇਚਣ ਲਈ ਵਰਤਿਆ ਗਿਆ ਹੈ। ਉਸਨੇ ਕਿਹਾ ਕਿ ਜਿਨ੍ਹਾਂ ਸਕ੍ਰੀਨਸ਼ਾਟ ਵਿੱਚ ਤਸਵੀਰਾਂ ਨਾਲ ਛੇੜਛਾੜ ਕੀਤੀ ਗਈ ਹੈ, ਉਹ ਕਦੇ ਵੀ ਐਸ਼ਵਰਿਆ ਰਾਏ ਦੀਆਂ ਨਹੀਂ ਸਨ। ਇਹ ਸਾਰੇ ਏ ਆਈ ਦੁਆਰਾ ਤਿਆਰ ਕੀਤੇ ਗਏ ਹਨ।

## ਨਸ਼ੇੜੀ ਦੀ ਸਟੇਡੀਅਮ ਵਿਚੋਂ ਮਿਲੀ ਲਾਸ਼

ਝਬਾਲ-ਪਿੰਡ ਬਘਿਆੜੀ ਦਾ ਨੌਜਵਾਨ ਨਿਸ਼ਾਨ ਸਿੰਘ ਪੁੱਤਰ ਸੁਖਦੇਵ ਸਿੰਘ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਨਸ਼ੇ ਕਰਨ ਦਾ ਆਦੀ ਸੀ ਦੀ ਲਾਸ਼ ਸੋਮਵਾਰ ਨੂੰ ਝਬਾਲ ਦੇ ਖੇਡ ਸਟੇਡੀਅਮ ਵਿਚੋਂ ਮਿਲੀ ਹੈ। ਲਾਸ਼ ਦੇ ਕੋਲ ਹੀ ਖੂਨ ਨਾਲ ਲਿੱਬੜੀ ਸਰਿੰਜ ਵੀ ਪਈ ਸੀ। ਜਿਸ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਉਸਦੀ ਮੌਤ ਨਸ਼ੇ ਦਾ ਟੀਕਾ ਲਗਾਉਣ ਕਰਕੇ ਹੋਈ ਹੈ। ਮ੍ਰਿਤਕ ਦੇ ਭਰਾ ਗੁਰਦੇਵ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਨਿਸ਼ਾਨ ਸਿੰਘ ਜੋ ਪਹਿਲਾਂ ਵਿਆਹਿਆ ਸੀ। ਉਸ ਦੀ ਪਤਨੀ ਇਸੇ ਗੱਲ ਤੋਂ ਦੁਖੀ ਹੋ ਕੇ ਪੇਕੇ ਚਲੀ ਗਈ ਤੇ ਤਲਾਕ ਹੋ ਗਿਆ। ਲੱਕੜ ਦੇ ਕੰਮ ਦਾ ਵਧੀਆ ਕਾਰੀਗਰ ਹੋਣ ਦੇ ਬਾਵਜੂਦ ਉਸ ਨੂੰ ਨਸ਼ਿਆਂ ਦੀ ਲਤ ਲੱਗ ਗਈ। ਸਾਨੂੰ ਕਿਸੇ ਨੇ ਦੱਸਿਆ ਕਿ ਝਬਾਲ ਖੇਡ ਸਟੇਡੀਅਮ ਵਿਚ ਕੋਈ ਵਿਅਕਤੀ ਡਿੱਗਾ ਪਿਆ ਹੈ। ਜਦੋਂ ਉਨ੍ਹਾਂ ਜਾ ਕੇ ਵੇਖਿਆ ਤਾਂ ਉਹ ਨਿਸ਼ਾਨ ਸਿੰਘ ਦੀ ਲਾਸ਼ ਸੀ ਤੇ ਕੋਲ ਹੀ ਸਰਿੰਜ ਪਈ ਸੀ। ਘਟਨਾ ਦਾ ਪਤਾ ਚੱਲਦਿਆਂ ਥਾਣਾ ਝਬਾਲ ਦੇ ਮੁਖੀ ਇੰਸਪੈਕਟਰ ਕਸ਼ਮੀਰ ਸਿੰਘ, ਡੀਐੱਸਪੀ ਜਗਜੀਤ ਸਿੰਘ ਚਾਹਲ ਪੁਲਿਸ ਫੋਰਸ ਨਾਲ ਮੌਕੇ 'ਤੇ ਪਹੁੰਚ ਗਏ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਕਾਰਵਾਈ ਸ਼ੁਰੂ ਕਰ ਦਿਤੀ ਹੈ। ਡੀਐੱਸਪੀ ਜਗਜੀਤ ਸਿੰਘ ਨੇ ਕਿਹਾ ਕਿ ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਕੇਸ ਦਰਜ ਕੀਤਾ ਜਾ ਰਿਹਾ ਹੈ ਅਤੇ ਇਲਾਕੇ ਵਿਚ ਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਤੇ ਪੀਣ ਵਾਲਿਆਂ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਹੀਂ ਜਾਵੇਗਾ।

## ਕਿਸਾਨਾਂ ਦਾ ਕਰਜ਼ਾ: ਵਧਦਾ ਬੋਝ

ਹੜ੍ਹਾਂ ਨੇ ਪੰਜਾਬ ਦੇ ਕਿਸਾਨਾਂ 'ਤੇ ਕਰਜ਼ੇ ਦਾ ਬੋਝ ਹੋਰ ਵਧਾ ਦਿੱਤਾ। ਪੰਜਾਬ ਸਟੇਟ ਬੈਂਕਰਜ਼ ਕਮੇਟੀ ਮੁਤਾਬਕ 30 ਜੂਨ 2025 ਤੱਕ ਕਿਸਾਨਾਂ 'ਤੇ 96,867 ਕਰੋੜ ਦਾ ਕਰਜ਼ਾ ਹੈ, ਜੋ 2014 'ਚ 57,892 ਕਰੋੜ ਸੀ। ਹਰ ਘੰਟੇ 40.41 ਲੱਖ ਦਾ ਕਰਜ਼ਾ ਵਧ ਰਿਹਾ ਹੈ। ਕੇਂਦਰੀ ਖੇਤੀ ਮੰਤਰਾਲੇ ਅਨੁਸਾਰ 31 ਮਾਰਚ 2025 ਨੂੰ ਕਰਜ਼ਾ 1.04 ਲੱਖ ਕਰੋੜ ਸੀ। ਸਰਕਾਰ ਨੇ 4.59 ਲੱਖ ਏਕੜ ਫ਼ਸਲੀ ਨੁਕਸਾਨ ਦਾ ਅੰਦਾਜ਼ਾ ਲਗਾਇਆ, ਜਿਸ ਦਾ ਮੁੱਲ 3,125 ਕਰੋੜ ਹੈ। ਖੇਤੀ ਵਿਕਾਸ ਬੈਂਕਾਂ ਦੇ 2,400 ਕਰੋੜ ਦੇ ਕਰਜ਼ੇ ਵਿਚ 45 ਹਜ਼ਾਰ ਕਿਸਾਨ ਪਹਿਲਾਂ ਹੀ ਡਿਫਾਲਟਰ ਹਨ। ਪੰਜਾਬ ਸਰਕਾਰ ਨੇ ਕਰਜ਼ੇ ਦੀ ਕਿਸ਼ਤ 6 ਮਹੀਨਿਆਂ ਲਈ ਮੁਲਤਵੀ ਕੀਤੀ, ਪਰ ਕਿਸਾਨ ਪੂਰੀ ਕਰਜ਼ਾ ਮੁਆਫੀ ਦੀ ਮੰਗ ਕਰ ਰਹੇ ਹਨ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਦੇ ਉਮੀਦਵਾਰਾਂ ਦੀ ਸੂਚੀ ਜਾਰੀ ਪੰਥਕ ਗਰੁੱਪ ਅਤੇ ਸ਼ੇਰ ਗਰੁੱਪ ਆਹਮੋ ਸਾਹਮਣੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਰਪ ਦੇ ਸਭ ਤੋਂ ਵੱਡੇ ਗੁਰੂ ਘਰ ਵਜੋਂ ਜਾਣੇਂ ਜਾਂਦੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ 5 ਅਕਤੂਬਰ ਨੂੰ ਹੋਣ ਵਾਲੀਆਂ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ 42 ਉਮੀਦਵਾਰਾਂ ਦੀ ਆਖਰੀ ਸੂਚੀ ਜਨਤਕ ਕਰ ਦਿੱਤੀ ਹੈ। ਚੋਣ ਕਮੇਟੀ ਦੇ ਚੇਅਰਮੈਨ ਮਨਜੀਤ ਸਿੰਘ ਬੁਟਰ ਵੱਲੋਂ ਜਾਰੀ ਇਸ ਸੂਚੀ ਅਨੁਸਾਰ ਦੋ ਗਰੁੱਪ ਆਹਮੋ ਸਾਹ-ਮਣੇ ਹਨ ਜਿਹਨਾਂ ਵਿੱਚ ਮੌਜੂਦਾ ਹਿੰਮਤ ਸਿੰਘ ਸੋਹੀ ਵਾਲਾ ਪੰਥਕ ਗਰੁੱਪ ਅਤੇ ਦੂਜਾ ਗੁਰਮੇਲ ਸਿੰਘ ਮੱਲੀ ਦੀ ਅਗਵਾਈ ਵਾਲਾ ਸ਼ੇਰ ਗਰੁੱਪ ਹੈ।**

ਜਾਰੀ ਕੀਤੀ ਸੂਚੀ ਵਿੱਚ ਪੰਥਕ ਗਰੁੱਪ ਨੂੰ ਛੱਡ ਕੇ ਸ਼ੇਰ ਗਰੁੱਪ ਵਿੱਚ ਸ਼ਾਮਿਲ ਹੋਏ ਮੌਜੂਦਾ ਕਮੇਟੀ ਮੈਂਬਰ ਮਨਜੀਤ ਸਿੰਘ ਦੀ ਉਮੀਦਵਾਰੀ ਦਾ ਫੈਸਲਾ ਰਾਖਵਾਂ ਰੱਖਦਿਆਂ ਕਿਹਾ ਗਿਆ ਹੈ ਕਿ ਉਹਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਭਾਵੇਂ ਕਿ ਚੋਣ ਕਮੇਟੀ ਵੱਲੋਂ ਇਸ ਦੇ ਕਾਰਨਾਂ ਸਬੰਧੀ ਕੋਈ ਅਧਿਕਾਰਿਤ ਬਿਆਨ ਨਹੀਂ ਦਿੱਤਾ ਗਿਆ। ਲੇਕਨ ਪ੍ਰਾਪਤ ਜਾਣਕਾਰੀ ਅਨੁਸਾਰ ਉਹਨਾਂ ਤੇ ਸੰਵਿਧਾਨ ਦੀ ਜਿਸ ਧਾਰਾ ਤਹਿਤ ਇਤਰਾਜ਼



ਗੁਰਮੇਲ ਸਿੰਘ ਮੱਲੀ ਅਤੇ ਹਿੰਮਤ ਸਿੰਘ ਸੋਹੀ

ਪ੍ਰਗਟ ਕੀਤਾ ਗਿਆ ਹੈ, ਉਸੇ ਧਾਰਾ ਤਹਿਤ ਉਹ ਪਹਿਲਾਂ ਚੋਣਾਂ ਲੜ੍ਹ ਚੁੱਕੇ ਹਨ ਅਤੇ ਪਿਛਲੀ ਕਮੇਟੀ ਵਿੱਚ ਮੈਂਬਰ ਅਤੇ ਬਤੌਰ ਸਟੇਜ ਸਕੱਤਰ ਸੇਵਾਵਾਂ ਨਿਭਾਅ ਚੁੱਕੇ ਹਨ। ਇਸ ਤੋਂ ਇਲਾਵਾ ਸ਼ੇਰ ਗਰੁੱਪ ਵੱਲੋਂ ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ, ਸੁਰਿੰਦਰ ਸਿੰਘ ਢੱਟ, ਗੁਰਬਚਨ ਸਿੰਘ ਅਠਵਾਲ, ਬਲਜਿੰਦਰ ਸਿੰਘ ਹੰਸਰਾ, ਸੁਰਜੀਤ ਕੌਰ ਬਾਸੀ, ਕਮਲਪ੍ਰੀਤ ਕੌਰ, ਕਿਰਨਜੀਤ ਕੌਰ, ਸ਼ਰਨਬੀਰ ਸਿੰਘ ਮੂਨ ਸੰਘਾ, ਜੈ ਸਿਮਰਨ ਸਿੰਘ, ਮਨਜੀਤ ਸਿੰਘ, ਸਤਨਾਮ ਸਿੰਘ ਚੌਹਾਨ, ਜਸਵੰਤ ਸਿੰਘ ਮੰਡ, ਕੇਵਲ ਸਿੰਘ ਰਣਦੇਵਾ, ਗੁਰਦੀਪ ਸਿੰਘ, ਜੋਗਿੰਦਰ ਸਿੰਘ, ਇਸ਼ਟਮੀਤ ਸਿੰਘ ਫੁੱਲ, ਅਜਮੇਰ ਸਿੰਘ ਵਿਰਦੀ, ਪਰਮਜੀਤ ਸਿੰਘ ਧਾਲੀਵਾਲ, ਅਮਰੀਕ ਸਿੰਘ, ਗੁਲਜ਼ਾਰ ਸਿੰਘ ਚਤਰੱਥ ਅਤੇ ਪੰਥਕ ਗਰੁੱਪ ਵੱਲੋਂ ਹਿੰਮਤ ਸਿੰਘ ਸੋਹੀ, ਕੁਲਵੰਤ ਸਿੰਘ ਭਿੰਡਰ, ਗੁਰਸਿਮਰਨ ਸਿੰਘ ਬਾਜਵਾ, ਨਵਰਾਜ ਸਿੰਘ ਚੀਮਾ, ਬਲਜਿੰਦਰ ਸਿੰਘ ਢਿਲੋਂ, ਸੁਰਜੀਤ ਸਿੰਘ ਦੁਸਾਂਝ, ਪ੍ਰਵਿੰਦਰ ਸਿੰਘ ਗਰਚਾ, ਸੁਖਦੀਪ ਸਿੰਘ ਗਿੱਲ, ਹਰਜੋਤ ਕੌਰ ਗਿੱਲ, ਤੇਜ ਕੌਰ ਗਰੇਵਾਲ, ਮਨਜੀਤ ਸਿੰਘ ਜੌਹਲ, ਮਨਸੁੱਖਬੀਰ ਸਿੰਘ ਜੌਹਲ, ਹਰਬੰਸ ਸਿੰਘ ਕਲਸੀ, ਹਰਕਿਰਨ ਕੌਰ ਕੇਲਾ, ਦਵਿੰਦਰਪਾਲ ਸਿੰਘ ਕੂਨਰ, ਜਗਦੀਸ਼ ਕੌਰ ਲਾਲ, ਹਰਜੀਤ ਸਿੰਘ ਪੋਨੈਚ, ਕਰਨਵੀਰ ਸਿੰਘ ਰਾਏ, ਬਰਿੰਦਰਜੀਤ ਕੌਰ ਸੰਧੂ, ਦਵਿੰਦਰ ਸਿੰਘ ਅਤੇ ਜਤਿੰਦਰਪਾਲ ਸਿੰਘ ਵਿਰਕ ਉਮੀਦਵਾਰ ਹਨ।

## ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਨਵੇਂ ਮੰਤਰੀ ਮੰਡਲ ਵਿੱਚ ਦੋ ਪੰਜਾਬਣਾਂ ਸ਼ਾਮਿਲ

### ਸੀਮਾ ਮਲਹੋਤਰਾ ਰਾਜ ਵਿਦੇਸ਼ ਮੰਤਰੀ ਅਤੇ ਸਤਵੀਰ ਕੌਰ ਪਾਰਲੀਮਾਨੀ ਸਕੱਤਰ ਬਣੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਬੀਤੇ ਦਿਨੀ ਮੰਤਰੀ ਮੰਡਲ ਵਿੱਚ ਕੀਤੇ ਫੇਰ ਬਦਲ ਤੋਂ ਬਾਅਦ ਆਪਣੇ ਮੰਤਰੀ ਮੰਡਲ ਵਿੱਚ ਦੋ ਪੰਜਾਬਣ ਸੰਸਦ ਮੈਂਬਰਾਂ ਨੂੰ ਥਾਂ ਦਿੱਤੀ ਹੈ। ਜਿਹਨਾਂ ਵਿੱਚ ਹੈਸਟਨ ਫੈਲਥਮ ਤੋਂ ਪਾਰਲੀਮੈਂਟ ਮੈਂਬਰ ਸੀਮਾ ਮਲਹੋਤਰਾ ਨੂੰ ਰਾਜ ਵਿਦੇਸ਼ ਮੰਤਰੀ ਬਣਾਇਆ ਗਿਆ ਹੈ, ਜਿਸ ਦੇ ਨਾਲ ਨਾਲ ਉਹ ਆਪਣੇ ਪਹਿਲੇ ਪਦ ਤੇ ਵੀ ਬਣੀ ਰਹੇਗੀ। ਐਮ ਪੀ ਸੀਮਾ ਮਲਹੋਤਰਾ ਨੂੰ ਹੁਣ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਵਿਭਾਗਾਂ ਦੇ ਕੰਮਾਂ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਜਦ ਕਿ ਉਹ ਸਿੱਖਿਆ ਵਿਭਾਗ ਵਿੱਚ ਬਰਾ-ਬਰਤਾ ਰਾਜ ਮੰਤਰੀ ਵਜੋਂ ਪਹਿਲਾਂ ਵਾਂਗ ਕੰਮ ਵੀ ਕਰਦੇ ਰਹਿਣਗੇ।**



ਰਾਜ ਵਿਦੇਸ਼ ਮੰਤਰੀ ਸੀਮਾ ਮਲਹੋਤਰਾ ਅਤੇ ਐਮ ਪੀ ਸਤਵੀਰ ਕੌਰ

ਇਸੇ ਤਰ੍ਹਾਂ ਸਾਊਥਹੈਂਪਟਨ ਤੋਂ ਪਹਿਲੀ ਵਾਰ ਸੰਸਦ ਬਣੀ ਸਿੱਖ ਪ੍ਰੀਵਾਰ ਵਿੱਚ ਜਨਮੀ ਸਤਵੀਰ ਕੌਰ ਨੂੰ ਕੈਬਨੈਟ ਵਿੱਚ ਸ਼ਾਮਿਲ ਕਰਦਿਆਂ ਪਾਰਲੀਮਾਨੀ ਸਕੱਤਰ ਦੀ ਜਿੰਮੇਂਵਾਰੀ ਦਿੱਤੀ ਗਈ ਹੈ। ਸਤਵੀਰ ਕੌਰ ਨੂੰ ਬਰਤਾਨੀਆਂ ਦੀ ਕਿਸੇ ਕੌਂਸਲ ਦੀ ਪਹਿਲੀ ਸਿੱਖ ਨੇਤਾ ਹੋਣ ਦਾ ਮਾਣ ਵੀ ਹਾਸਿਲ ਹੈ।

ਸਤਵੀਰ ਕੌਰ ਇਹਨੀਂ ਦਿਨਾਂ ਵਿੱਚ ਜਣੇਪਾ ਛੁੱਟੀਆਂ ਤੇ ਹੈ, ਅਗਸਤ ਵਿੱਚ ਉਹਨਾਂ ਬੱਚੀ ਨੂੰ ਜਨਮ ਦਿੱਤਾ ਹੈ। ਪ੍ਰਧਾਨ ਮੰਤਰੀ ਦਫਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਤਵੀਰ ਕੌਰ ਦੀ ਥਾਂ ਐਮ ਪੀ ਜੋਸ਼ ਸਾਈਮਨਜ਼ ਕੁਝ ਸਮੇਂ ਲਈ ਉਹਨਾਂ ਦਾ ਕੰਮਕਾਜ਼ ਵੇਖਣਗੇ।

## ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਵਿਖੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਏ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁ-ਆਰਾ ਸਿੰਘ ਸਭਾ ਲੰਡਨ ਈਸਟ ਬਾਰਕਿੰਗ ਸੈਵਨਕਿੰਗਜ਼ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ।**



*ਬਾਰਕਿੰਗ ਨਗਰ ਕੀਰਤਨ ਦਾ ਦ੍ਰਿਸ਼*

ਗੁਰਦੁਆਰਾ ਸਿੰਘ ਸਭਾ ਬਾਰਕਿੰਗ ਤੋਂ ਸ਼ੁਰੂ ਹੁੰਦਿਆਂ ਗੁਰਦੁਆਰਾ ਸੈਵਨਕਿੰਗਜ਼ ਤੱਕ ਸ਼ਹਿਰ ਦੀਆਂ ਵੱਖ ਵੱਖ ਸੜਕਾਂ ਤੇ ਸੰਗਤਾਂ ਨੇ ਨਗਰ ਕੀਰਤਨ ਦਾ ਸਵਾਗਤ ਕੀਤਾ ਅਤੇ ਥਾਂ ਥਾਂ ਲੰਗਰ ਲਗਾਏ ਗਏ। ਕੇਸਰੀ ਰੰਗ ਵਿੱਚ ਰੰਗੇ ਸ਼ਹਿਰ ਗੁਰਬਾਣੀ ਕੀਰਤਨ ਦਾ ਅਨੰਦ ਮਾਣਦੀਆਂ ਸੰਗਤਾਂ ਨੂੰ ਗੈਰ ਸਿੱਖਾਂ ਨੇ ਜੀ ਆਇਆਂ ਕਿਹਾ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸਤਨਾਮ ਸਿੰਘ ਸੰਧੂ, ਗੁਰਦੀਪ ਸਿੰਘ ਹੁੰਦਲ, ਮੇਜਰ ਸਿੰਘ ਬਾਸੀ, ਲਹਿੰਬਰ ਸਿੰਘ ਲੱਧੜ ਸਮੇਤ ਸ਼ਹਿਰ ਦੇ ਪ੍ਰਮੁੱਖ ਆਗੂਆਂ ਨੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ।

## ਉਸਮਾ ਛੇੜਛਾੜ ਕਾਂਡ ਮਾਮਲੇ ਵਿਚ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੋਸ਼ੀ, ਗ੍ਰਿਫ਼ਤਾਰ ਹੋਇਆ

**ਖਡੂਰ ਸਾਹਿਬ-ਖਡੂਰ ਸਾਹਿਬ ਹਲਕੇ ਤੋਂ ਮੌਜੂਦਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਤਰਨ ਤਾਰਨ ਅਦਾਲਤ ਵੱਲੋਂ 'ਉਸਮਾ ਕਾਂਡ' ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਇੱਕ ਲੜਕੀ ਨੂੰ ਛੇੜਣ ਤੇ ਕੁੱਟਣ ਦਾ ਮਾਲਮਾ ਹੈ। ਇਸ ਮਾਮਲੇ ਵਿੱਚ ਲਾਲਪੁਰਾ ਸਮੇਤ ਕੁੱਲ 7 ਲੋਕ ਦੋਸ਼ੀ ਕਰਾਰ ਹੋਏ ਹਨ। ਅਦਾਲਤ ਵੱਲੋਂ ਸਜ਼ਾ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ ਹਾਸਲ ਜਾਣਕਾਰੀ ਮੁਤਾਬਕ ਖਡੂਰ ਸਾਹਿਬ ਹਲਕੇ ਤੋਂ ਮੌਜੂਦਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਤਰਨਤਾਰਨ ਦੇ ਵਧੀਕ ਸੈਸ਼ਨ ਜੱਜ ਪ੍ਰੇਮ ਕੁਮਾਰ ਦੀ ਅਦਾਲਤ ਵੱਲੋਂ 'ਉਸਮਾ ਕਾਂਡ' ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਅਦਾਲਤ ਵੱਲੋਂ ਫੈਸਲਾ 12 ਤਰੀਕ ਨੂੰ ਸੁਣਾਇਆ ਜਾਵੇਗਾ। ਇਸ ਤੋਂ ਬਾਅਦ ਪੁਲਿਸ ਨੇ ਮਨਜਿੰਦਰ ਸਿੰਘ ਲਾਲਪੁਰਾ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਉਹਨਾਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜਿਆ ਜਾ ਰਿਹਾ ਹੈ। ਇਹ ਮਾਮਲਾ ਪਿੰਡ ਉਸਮਾ ਦੀ ਲੜਕੀ ਹਰਬਿੰਦਰ ਕੌਰ ਵੱਲੋਂ ਦਰਜ ਕਰਵਾਇਆ ਗਿਆ ਸੀ, ਜਿਸਨੇ ਵਿਆਹ ਸਮਾਗਮ ਦੌਰਾਨ ਛੇੜਛਾੜ ਅਤੇ ਕੁੱਟਮਾਰ ਦੇ ਗੰਭੀਰ ਦੋਸ਼ ਲਗਾਏ ਸਨ।**





ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਸਿਆਣੇ ਕਹਿੰਦੇ ਹਨ ਕਿ ਜਿਸ ਮਨੁੱਖ ਦੀ ਗੱਲ ਕਰਦੇ ਸਮੇਂ ਅੱਖ ਘੁਮਦੀ ਹੋਵੇ, ਉਹ ਕਦੇ ਵੀ ਚੰਗਾ ਮਿੱਤਰ ਨਹੀਂ ਬਣ ਸਕਦਾ।

# ਅਕਾਲੀ ਦਲਾਂ ਵਲੋਂ ਉਪ ਰਾਸ਼ਟਰਪਤੀ ਚੋਣ ਦਾ ਬਾਈਕਾਟ ਕਿਉਂ ਕੀਤਾ ?

ਭਾਰਤ ਦੀ ਉਪ ਰਾਸ਼ਟਰਪਤੀ ਚੋਣ, ਜੋ ਸੋਮਵਾਰ ਨੂੰ ਸੰਪੰਨ ਹੋਈ ਸੀ, ਵਿੱਚ ਐਨਡੀਏ ਦੇ ਉਮੀਦਵਾਰ ਸੀਪੀ ਰਾਧਾਕ੍ਰਿਸ਼ਨਣ ਨੇ ਵਿਰੋਧੀ ਧਿਰ ਦੇ ਉਮੀਦਵਾਰ ਜਸਟਿਸ ਸੁਦਰਸ਼ਨ ਰੈਡੀ ਨੂੰ 152 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਸੀ। ਸੀਪੀ ਰਾਧਾਕ੍ਰਿਸ਼ਨਣ ਨੂੰ 452 ਵੋਟਾਂ ਮਿਲੀਆਂ, ਜਦਕਿ ਜਸਟਿਸ ਰੈਡੀ ਨੂੰ 300 ਵੋਟਾਂ ਹੀ ਮਿਲ ਸਕੀਆਂ। ਇਸ ਚੋਣ ਵਿੱਚ ਸੱਤਾਧਾਰੀ ਐਨਡੀਏ ਗਠਜੋੜ ਨੇ ਸਪੱਸ਼ਟ ਬਹੁਮਤ ਨਾਲ ਜਿੱਤ ਦਰਜ ਕੀਤੀ। ਪਰ ਇਸ ਚੋਣ ਦੀ ਸਭ ਤੋਂ ਵੱਡੀ ਚਰਚਾ ਸੀਪੀ ਰਾਧਾਕ੍ਰਿਸ਼ਨਣ ਦੀ ਜਿੱਤ ਨਹੀਂ, ਸਗੋਂ ਅਕਾਲੀ ਦਲ (ਬਾਦਲ) ਅਤੇ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੇ ਵਾਰਿਸ ਪੰਜਾਬ ਦੇ ਸਮੂਹ ਵੱਲੋਂ ਚੋਣ ਦੇ ਬਾਈਕਾਟ ਦਾ ਫ਼ੈਸਲਾ ਰਿਹਾ। ਇਸ ਬਾਈਕਾਟ ਨੇ ਸਿੱਖ ਸਿਆਸਤ ਅਤੇ ਪੰਜਾਬ ਦੀਆਂ ਸਮੱਸਿਆਵਾਂ ਨੂੰ ਇੱਕ ਵਾਰ ਫਿਰ ਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਾ ਦਿੱਤਾ।

ਅਕਾਲੀ ਦਲ (ਬਾਦਲ) ਅਤੇ ਵਾਰਿਸ ਪੰਜਾਬ ਦੇ ਸਮੂਹ ਨੇ ਉਪ ਰਾਸ਼ਟਰਪਤੀ ਚੋਣ ਦਾ ਬਾਈਕਾਟ ਕਰਨ ਦਾ ਫ਼ੈਸਲਾ ਪੰਜਾਬ ਦੀਆਂ ਮੌਜੂਦਾ ਸਮੱਸਿਆਵਾਂ ਅਤੇ ਕੇਂਦਰ ਸਰਕਾਰ ਦੇ ਰਵੱਈਏ ਪ੍ਰਤੀ ਰੋਸ ਵਜੋਂ ਕੀਤਾ। ਵਾਰਿਸ ਪੰਜਾਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਜੋ ਇਸ ਵੇਲੇ ਜੇਲ੍ਹ ਵਿੱਚ ਨਜ਼ਰਬੰਦ ਹਨ, ਦੇ ਪਿਤਾ ਬਾਪੂ ਤਰਸੇਮ ਸਿੰਘ ਖ਼ਾਲਸਾ ਨੇ ਸਪੱਸ਼ਟ ਕੀਤਾ ਕਿ ਇਹ ਬਾਈਕਾਟ ਪੰਜਾਬ ਨਾਲ "ਵਿਸ਼ਵਾਸਘਾਤ" ਦੇ ਵਿਰੋਧ ਵਿੱਚ ਕੀਤਾ ਗਿਆ। ਉਨ੍ਹਾਂ ਨੇ ਪੰਜਾਬ ਵਿੱਚ ਹੜ੍ਹਾਂ ਕਾਰਨ ਪੈਦਾ ਹੋਈਆਂ ਗੰਭੀਰ ਸਮੱਸਿਆਵਾਂ ਅਤੇ ਸਿੱਖ ਨੌਜਵਾਨਾਂ ਦੀਆਂ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਉਨ੍ਹਾਂ ਦੀ ਰਿਹਾਈ ਨਾ ਹੋਣ ਨੂੰ ਮੁੱਖ ਮੁੱਦੇ ਵਜੋਂ ਉਠਾਇਆ।

ਅਕਾਲੀ ਦਲ (ਬਾਦਲ) ਨੇ ਵੀ ਇਸ ਬਾਈਕਾਟ ਵਿੱਚ ਸ਼ਮੂਲੀਅਤ ਕਰਦਿਆਂ ਕਿਹਾ ਕਿ ਪੰਜਾਬ ਦੀਆਂ ਸਮੱਸਿਆਵਾਂ, ਖ਼ਾਸ ਕਰਕੇ ਕਿਸਾਨੀ ਮਸਲਿਆਂ, ਸਿੱਖ ਬੰਦੀਆਂ ਦੀ ਰਿਹਾਈ ਅਤੇ ਸੂਬੇ ਨੂੰ ਆਰਥਿਕ ਪੈਕੇਜ ਦੀ ਮੰਗ ਨੂੰ ਕੇਂਦਰ ਸਰਕਾਰ ਨੇ ਨਜ਼ਰਅੰਦਾਜ਼ ਕੀਤਾ ਹੈ। ਇਸ ਤੋਂ ਇਲਾਵਾ, ਅਕਾਲੀ ਦਲ ਦਾ ਮੰਨਣਾ ਹੈ ਕਿ ਉਪ ਰਾਸ਼ਟਰਪਤੀ ਚੋਣ ਵਿੱਚ ਹਿੱਸਾ ਲੈਣ ਨਾਲ ਉਹ ਸੱਤਾਧਾਰੀ ਗਠਜੋੜ ਦੀਆਂ ਨੀਤੀਆਂ ਨੂੰ ਅਸਿੱਧੇ ਤੌਰ 'ਤੇ ਸਮਰਥਨ ਦੇਣ ਵਾਲੇ ਬਣ ਜਾਣਗੇ, ਜੋ ਉਨ੍ਹਾਂ ਦੀ ਸਿਆਸੀ ਸਟੈਂਡ ਦੇ ਖ਼ਿਲਾਫ਼ ਹੈ।

ਇਹ ਸਵਾਲ ਕਿ ਬਾਈਕਾਟ ਦਾ ਫ਼ੈਸਲਾ ਸਹੀ ਸੀ ਜਾਂ ਨਹੀਂ, ਸਿੱਖ ਸਿਆਸਤ ਅਤੇ ਬੁੱਧੀਜੀਵੀਆਂ ਵਿੱਚ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ। ਇੱਕ ਪਾਸੇ, ਅਕਾਲੀ ਦਲ ਅਤੇ ਵਾਰਿਸ ਪੰਜਾਬ ਦੇ ਸਮਰਥਕ ਮੰਨਦੇ ਹਨ ਕਿ ਇਹ ਬਾਈਕਾਟ ਪੰਜਾਬ ਅਤੇ ਸਿੱਖਾਂ ਦੇ ਮੁੱਦਿਆਂ ਨੂੰ ਰਾਸ਼ਟਰੀ ਪੱਧਰ 'ਤੇ ਉਭਾਰਨ ਦਾ ਇੱਕ ਸਹੀ ਤਰੀਕਾ ਸੀ। ਉਨ੍ਹਾਂ ਦੀ ਦਲੀਲ ਹੈ ਕਿ ਜਦੋਂ ਤੱਕ ਕੇਂਦਰ ਸਰਕਾਰ ਪੰਜਾਬ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ, ਅਜਿਹੇ ਸਿਆਸੀ ਪ੍ਰਕਿਰਿਆਵਾਂ ਵਿੱਚ ਸ਼ਮੂਲੀਅਤ ਕਰਨਾ ਸਮੇਂ ਦੀ ਬਰਬਾਦੀ ਹੈ। ਖ਼ਾਸ ਕਰਕੇ, ਵਾਰਿਸ ਪੰਜਾਬ ਦੇ ਸਮੂਹ ਦਾ ਮੰਨਣਾ ਹੈ ਕਿ ਅੰਮ੍ਰਿਤਪਾਲ ਸਿੰਘ ਵਰਗੇ ਨੌਜਵਾਨ ਨੇਤਾਵਾਂ ਦੀ ਨਜ਼ਰਬੰਦੀ ਅਤੇ ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਨੂੰ ਅਣਗੌਲਿਆਂ ਕਰਨਾ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ।

ਦੂਜੇ ਪਾਸੇ, ਕਈ ਸਿੱਖ ਬੁੱਧੀਜੀਵੀ ਅਤੇ ਸਿਆਸੀ ਵਿਸ਼ਲੇਸ਼ਕ ਮੰਨਦੇ ਹਨ ਕਿ ਬਾਈਕਾਟ ਦਾ ਫ਼ੈਸਲਾ ਸਿਆਸੀ ਤੌਰ 'ਤੇ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਪ ਰਾਸ਼ਟਰਪਤੀ ਦੀ ਚੋਣ ਵਿੱਚ ਹਿੱਸਾ ਨਾ ਲੈਣ ਨਾਲ ਅਕਾਲੀ ਦਲ ਅਤੇ ਵਾਰਿਸ ਪੰਜਾਬ ਨੇ ਆਪਣੀ ਸਿਆਸੀ ਪ੍ਰਭਾਵ ਨੂੰ ਘਟਾਇਆ ਹੈ। ਸਿੱਖ ਬੁੱਧੀਜੀਵੀਆਂ ਦਾ ਇੱਕ ਹਿੱਸਾ ਮੰਨਦਾ ਹੈ ਕਿ ਚੋਣ ਵਿੱਚ ਵੋਟ ਪਾ ਕੇ ਜਾਂ ਵਿਰੋਧੀ ਉਮੀਦਵਾਰ ਦਾ ਸਮਰਥਨ ਕਰਕੇ, ਪੰਜਾਬ ਦੇ ਮੁੱਦਿਆਂ ਨੂੰ ਸੰਸਦ ਦੇ ਅੰਦਰ ਜ਼ੋਰਦਾਰ ਢੰਗ ਨਾਲ ਉਠਾਇਆ ਜਾ ਸਕਦਾ ਸੀ। ਬਾਈਕਾਟ ਨਾਲ ਸਿੱਖ ਸਿਆਸਤ ਦੀ ਆਵਾਜ਼ ਨੂੰ ਸੰਸਦੀ ਪ੍ਰਕਿਰਿਆ ਵਿੱਚੋਂ ਪੂਰੀ ਤਰ੍ਹਾਂ ਬਾਹਰ ਰੱਖ ਦਿੱਤਾ ਗਿਆ, ਜੋ ਲੰਬੇ ਸਮੇਂ ਵਿੱਚ ਸਿਆਸੀ ਪੱਖੋਂ ਨੁਕਸਾਨਦਾਇਕ ਹੋ ਸਕਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਉਪ ਰਾਸ਼ਟਰਪਤੀ ਦੀ ਚੋਣ ਵਿੱਚ ਐਨਡੀਏ ਗਠਜੋੜ ਨੇ ਸਪੱਸ਼ਟ ਜਿੱਤ ਹਾਸਲ ਕੀਤੀ। ਸੀਪੀ ਰਾਧਾਕ੍ਰਿਸ਼ਨਣ ਦੀ ਜਿੱਤ ਨੇ ਇਹ ਸਾਬਤ ਕਰ ਦਿੱਤਾ ਕਿ ਸੱਤਾਧਾਰੀ ਗਠਜੋੜ ਦੀ ਸੰਸਦ ਵਿੱਚ ਮਜ਼ਬੂਤ ਪਕੜ ਹੈ। ਇਸ ਜਿੱਤ ਨੇ ਐਨਡੀਏ ਨੂੰ ਨਾ ਸਿਰਫ਼ ਸਿਆਸੀ ਤੌਰ 'ਤੇ ਮਜ਼ਬੂਤ ਕੀਤਾ, ਸਗੋਂ ਵਿਰੋਧੀ ਧਿਰ ਦੀ ਇਕਜੁਟਤਾ ਦੀ ਕਮਜ਼ੋਰੀ ਨੂੰ ਵੀ ਉਜਾਗਰ ਕੀਤਾ। ਅਕਾਲੀ ਦਲ ਅਤੇ ਵਾਰਿਸ ਪੰਜਾਬ ਦੇ ਬਾਈਕਾਟ ਨੇ ਵਿਰੋਧੀ ਧਿਰ ਦੀ ਸੰਖਿਆ ਨੂੰ ਹੋਰ ਘਟਾਇਆ, ਜਿਸ ਨਾਲ ਐਨਡੀਏ ਦੀ ਜਿੱਤ ਹੋਰ ਸੌਖੀ ਹੋ ਗਈ।

ਅਕਾਲੀ ਦਲ ਅਤੇ ਵਾਰਿਸ ਪੰਜਾਬ ਦੇ ਬਾਈਕਾਟ ਦਾ ਫ਼ੈਸਲਾ ਪੰਜਾਬ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨ ਦੀ ਇੱਕ ਸਿਆਸੀ ਰਣਨੀਤੀ ਸੀ, ਪਰ ਇਸ ਦੀ ਸਫ਼ਲਤਾ ਅਤੇ ਪ੍ਰਭਾਵ ਨੂੰ ਲੈ ਕੇ ਸਵਾਲ ਉੱਠਦੇ ਹਨ। ਜੇਕਰ ਸਿੱਖ ਸਿਆਸਤ ਨੂੰ ਰਾਸ਼ਟਰੀ ਪੱਧਰ 'ਤੇ ਮਜ਼ਬੂਤ ਕਰਨਾ ਹੈ, ਤਾਂ ਸਰਗਰਮ ਸਿਆਸੀ ਸ਼ਮੂਲੀਅਤ ਅਤੇ ਸੰਵਾਦ ਦੀ ਲੋੜ ਹੈ। ਬਾਈਕਾਟ ਵਰਗੇ ਕਦਮ ਤੁਰੰਤ ਪ੍ਰਭਾਵ ਪੈਦਾ ਕਰ ਸਕਦੇ ਹਨ, ਪਰ ਲੰਬੇ ਸਮੇਂ ਵਿੱਚ ਸਿੱਖ ਸਿਆਸਤ ਨੂੰ ਸਿਆਸਤ ਵਿੱਚ ਦਖਲਅੰਦਾਜ਼ੀ ਕਰਨ ਦੀ ਜ਼ਰੂਰਤ ਹੈ। ਪੰਜਾਬ ਦੀਆਂ ਮੰਗਾਂ, ਸਿੱਖ ਬੰਦੀਆਂ ਦੀ ਰਿਹਾਈ ਅਤੇ ਹੜ੍ਹਾਂ ਵਰਗੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਿਆਸੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਹੀ ਸਹੀ ਰਾਹ ਹੋ ਸਕਦਾ ਹੈ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**



Gurmukh Singh OBE

# PANJAB TIMES UK, PANJABI LANGUAGE AND CULTURAL LINK TO OUR ROOTS

## (ਪੰਜਾਬ ਟਾਈਮਜ਼, ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ)

A copy of the *Panjab Times* on the coffee table of a UK Sikh home sends a positive Sikh heritage (virsa) message to the family and visitors. Depending on their age group and language literacy, they look at the glossy images of Sikh events and personalities, make out the headlines and read news and articles of own interest. They feel connected as a family and community and *at home*.

No reminder should be necessary that well over half a million British Sikhs need national level Panjabi press to ensure community cohesion and defence of British Sikh rights. Last week, *Panjab Times* office felt it necessary to remind us of this issue. That should be a matter of grave concern for UK Sikh leadership, Gurdwaras and *jathebandis*.

Panjabi audio-visual media (radio and TV) or translations, do *not* serve the same purpose as the written word in Panjabi language. The far-sighted first generations, despite low income and hard work while facing discriminatory challenges, build Gurdwaras and started community facilities including the Panjabi media for community cohesion and assertion of Sikh rights in a plural British Society. The importance of these institutions cannot be ignored by next generations.

*Panjab Times UK* was one such initiative and I recall the great satisfaction of writing the earliest occasional articles in Panjabi. This column and articles in English about wider current topics of Sikh interest were later complementary additions. Otherwise, from own earliest translations (including biography of Bhai Sahib Rama Singh*), it was clear that key Panjabi word-concepts cannot be translated. They must read and understood together with language nuances.

Otherwise, English is our *secondary* language after Panjabi in Gurmukhi script being our mother tongue and the main language of Sri Guru Granth Sahib. Secondary languages are accepted in Gurbani but not at the expense of our main religio-cultural language, Panjabi.

Regrettably, when our next generations make English as their *first and only language* then they begin to lose connection with their roots and deprive themselves of the richness, the depth and the wit and humour of own Panjabi language.

As one who has lived abroad from childhood, I agree with a source: *Learning your native language enables better communication within your family and community, deepens your understanding of your heritage and culture, and strengthens your personal identity and sense of belonging. It also provides improved problem-solving skills, and can lead to stronger emotional stability and better academic outcomes. Maintaining this language helps the child value his or her culture and heritage, which contributes to a positive self-concept.*

The mother language of a child shapes his or her theo-cultural and heritage identity. When deprived of own language important links to the family and own community are lost. The community unity weakens when own language is lost and so does our united power to defend community rights. It is the recitation of Gurbani directly from Sri Guru Granth Sahib which adds depth in meaning. However, that does not diminish the importance of translations of Sikhi literature.

No distinct people like the Sikhs can survive without national level press in own language to achieve community cohesion and collective action to secure our just rights. That is the only way to bridge the generations gap and to seek common direction. The importance of at least one national level Panjabi weekly in every Sikh home cannot be overstressed. Panjab Times UK serves that need.

*https://library.gurmat.info/download/in-search-of-the-true-guru-bhai-rama-singh.pdf

Gurmukh Singh OBE, Ret'd Principal Civil Servant (UK) sewauk2005@yahoo.co.uk

# ਕੈਨੇਡਾ ਦੀ ਖਾਲਿਸਤਾਨੀਆਂ ਬਾਰੇ 2025 ਰਿਪੋਰਟ ਸਬੰਧੀ ਭਾਰਤੀ ਮੀਡੀਆ ਦਾ ਸੱਚ ਕੀ ਹੈ ?

**ਵਿਸ਼ੇਸ਼ ਰਿਪੋਟ**

## ✪ ਭਾਰਤੀ ਮੀਡੀਆ ਦੇ ਦਾਅਵੇ: ਸੱਚ ਜਾਂ ਵਧਾ-ਚੜ੍ਹਾਕੇ ਪ੍ਰਚਾਰ ? ✪ ਕੈਨੇਡੀਅਨ ਮੀਡੀਆ ਦੀ ਕਵਰੇਜ: ਅਖਬਾਰਾਂ ਨੇ ਕੀ ਕਿਹਾ ? ✪ ਸਿੱਖ ਭਾਈਚਾਰੇ ਦੀ ਪ੍ਰਤੀਕਿਰਿਆ ਕੀ ਹੈ ਅਤੇ ਭਾਰਤ-ਕੈਨੇਡਾ ਕਿਵੇਂ ਸੁਧਰ ਰਹੇ ਹਨ ?

ਕੈਨੇਡਾ ਦੇ ਵਿੱਤ ਵਿਭਾਗ ਨੇ "2025 ਅਸੈਸਮੈਂਟ ਆਫ ਮਨੀ ਲਾਂਡਰਿੰਗ ਐਂਡ ਟੈਰਰਿਸਟ ਫਾਈਨੈਂਸਿੰਗ ਰਿਸਕਸ ਇਨ ਕੈਨੇਡਾ" (2025 ਨੈਸ਼ਨਲ ਰਿਸਕ ਅਸੈਸਮੈਂਟ) ਨਾਮਕ ਰਿਪੋਰਟ 22 ਅਗਸਤ 2025 ਨੂੰ ਸਰਕਾਰੀ ਵੈਬਸਾਈਟ www.canada.ca 'ਤੇ ਜਾਰੀ ਕੀਤੀ ਗਈ ਸੀ,ਜਿਸਨੂੰ ਹੁਣ ਭਾਰਤੀ ਮੀਡੀਆ ਵਧਾ ਚੜ੍ਹਾਕੇ ਪੇਸ਼ ਕਰ ਰਿਹਾ ਹੈ। ਇਹ ਰਿਪੋਰਟ ਕੈਨੇਡਾ ਦੀ ਅੰਦਰੂਨੀ ਅਤੇ ਬਾਹਰੀ ਮਨੀ ਲਾਂਡਰਿੰਗ ਅਤੇ ਖਾੜਕੂ ਫੰਡਿੰਗ ਦੇ ਖਤਰਿਆਂ ਦੀ ਵਿਆਪਕ ਜਾਂਚ ਹੈ, ਜੋ 2015 ਅਤੇ 2023 ਦੀਆਂ ਪਿਛਲੀਆਂ ਰਿਪੋਰਟਾਂ 'ਤੇ ਅਧਾਰਿਤ ਸੀ। ਇਸ ਵਿੱਚ ਖਾਲਿਸਤਾਨੀ ਸਮੂਹਾਂ, ਜਿਵੇਂ ਕਿ ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ , ਦਾ ਜ਼ਿਕਰ ਹੈ, ਜੋ ਕੈਨੇਡੀਅਨ ਕ੍ਰਿਮੀਨਲ ਕੋਡ ਅਧੀਨ ਖਾੜਕੂ ਸੰਗਠਨਾਂ ਵਜੋਂ ਸੂਚੀਬੱਧ ਹਨ। ਰਿਪੋਰਟ ਅਨੁਸਾਰ, ਇਹ ਸਮੂਹ ਰਾਜਨੀਤਕ ਤੌਰ 'ਤੇ ਪ੍ਰੇਰਿਤ ਹਿੰਸਕ ਖਾੜਕੂਵਾਦ ਦੀ ਸ਼੍ਰੇਣੀ ਵਿੱਚ ਆਉਂਦੇ ਹਨ ਅਤੇ ਕੈਨੇਡਾ ਵਿੱਚ ਵਿਅਕਤੀਆਂ ਅਤੇ ਛੋਟੇ ਸਮੂਹਾਂ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਦੇ ਹਨ।

ਰਿਪੋਰਟ ਸਪੱਸ਼ਟ ਕਰਦੀ ਹੈ ਕਿ ਇਹਨਾਂ ਸਮੂਹਾਂ ਦੀ ਫੰਡਰੇਜ਼ਿੰਗ ਪਹਿਲਾਂ ਵਿਸ਼ਾਲ ਨੈਟਵਰਕਾਂ ਰਾਹੀਂ ਹੁੰਦੀ ਸੀ, ਪਰ ਹੁਣ ਇਹ ਛੋਟੇ-ਛੋਟੇ ਵਿਅਕਤੀਆਂ ਜਾਂ ਸਮੂਹਾਂ ਤੱਕ ਸੀਮਤ ਹੋ ਗਈ ਹੈ, ਜੋ ਖਾਲਿਸਤਾਨ ਦੇ ਮਕਸਦ ਨੂੰ ਸਮਰਥਨ ਦਿੰਦੇ ਹਨ। ਇਸ ਵਿੱਚ ਗੈਰ-ਮੁਨਾਫ਼ਾ ਸੰਗਠਨਾਂ , ਕ੍ਰਿਪਟੋਕਰੰਸੀ, ਅਤੇ ਅਪਰਾਧਿਕ ਗਤੀਵਿਧੀਆਂ (ਜਿਵੇਂ ਨਸ਼ੀਲੇ ਪਦਾਰਥਾਂ ਦੀ ਤਸਕਰੀ) ਰਾਹੀਂ ਫੰਡਿੰਗ ਦਾ ਜ਼ਿਕਰ ਵੀ ਹੈ। ਇਸ ਦੀ ਜਾਣਕਾਰੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਖੁਫੀਆ ਰਿਪੋਰਟਾਂ, ਅਤੇ ਅੰਤਰਰਾਸ਼ਟਰੀ ਸਹਿਯੋਗ 'ਤੇ ਅਧਾਰਿਤ ਹੈ।



### ਕੈਨੇਡੀਅਨ ਅਖਬਾਰਾਂ ਵਿੱਚ ਰਿਪੋਰਟ ਦੀ ਕਵਰੇਜ

ਕੈਨੇਡੀਅਨ ਮੁੱਖਧਾਰਾ ਮੀਡੀਆ ਵਿੱਚ ਇਸ ਰਿਪੋਰਟ ਨੂੰ ਸੀਮਤ ਪਰ ਨਿਰਪੱਖ ਕਵਰੇਜ ਮਿਲੀ,ਪਰ ਭਾਰਤੀ ਮੀਡੀਆ ਇਸ ਨੂੰ ਵਧਾ ਚੜ੍ਹਾਕੇ ਇਕਪਾਸੜ ਪੇਸ਼ ਕਰ ਰਿਹਾ ਹੈ। ਦਿ ਗਲੋਬ ਐਂਡ ਮੇਲ ਨੇ 4 ਸਤੰਬਰ 2025 ਨੂੰ ਇੱਕ ਨਿਊਜ ਛਾਪੀ ਸੀ, ਜਿਸ ਵਿੱਚ ਰਿਪੋਰਟ ਨੂੰ ਕੈਨੇਡਾ ਦੀ ਅੰਦਰੂਨੀ ਮਨੀ ਲਾਂਡਰਿੰਗ ਅਤੇ ਖਾੜਕੂ ਫੰਡਿੰਗ ਦੇ ਖਤਰਿਆਂ 'ਤੇ ਇੱਕ ਮਹੱਤਵਪੂਰਨ ਦਸਤਾਵੇਜ਼ ਦੱਸਿਆ। ਇਸ ਨੇ ਜ਼ੋਰ ਦਿੱਤਾ ਕਿ ਰਿਪੋਰਟ 38,000 ਤੋਂ ਵੱਧ ਰਿਪੋਰਟਿੰਗ ਐਂਟੀਟੀਜ਼ (ਜਿਵੇਂ ਬੈਂਕ, ਮਨੀ ਸਰਵਿਸਿਜ਼ ਬਿਜ਼ਨਸ) ਲਈ ਮਾਰਗਦਰਸ਼ਨ ਦਾ ਕੰਮ ਕਰਦੀ ਹੈ, ਜਿਨ੍ਹਾਂ ਨੂੰ ਪ੍ਰੋਸੀਡਜ਼ ਆਫ ਕ੍ਰਾਈਮ (ਮਨੀ ਲਾਂਡਰਿੰਗ) ਐਂਡ ਟੈਰਰਿਸਟ ਫਾਈਨੈਂਸਿੰਗ ਐਕਟ ਅਧੀਨ ਰਿਸਕ ਅਸੈਸਮੈਂਟ ਕਰਨ ਦੀ ਲੋੜ ਹੈ। ਨੈਸ਼ਨਲ ਪੋਸਟ ਨੇ 5 ਸਤੰਬਰ 2025 ਨੂੰ ਇਸ ਰਿਪੋਰਟ ਦੀ ਚਰਚਾ ਕੀਤੀ ਸੀ, ਜਿਸ ਵਿੱਚ ਖਾੜਕੂ ਫੰਡਿੰਗ ਦੀ ਘੱਟ ਮਾਤਰਾ ਪਰ ਗੰਭੀਰ ਨਤੀਜਿਆਂ 'ਤੇ ਜ਼ੋਰ ਦਿੱਤਾ।

ਇਸ ਤੋਂ ਇਲਾਵਾ, ਦਿ ਡੀਪ ਡਾਈਵ ਨੇ 6 ਸਤੰਬਰ 2025 ਨੂੰ ਇੱਕ ਖਬਰ ਵਿੱਚ ਕਿਹਾ ਕਿ ਰਿਪੋਰਟ ਅਨੁਸਾਰ ਕੈਨੇਡਾ ਵਿੱਚ ਹਰ ਸਾਲ 45-113 ਅਰਬ ਡਾਲਰ ਦੀ ਮਨੀ ਲਾਂਡਰਿੰਗ ਹੁੰਦੀ ਹੈ, ਜਿਸ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਭ ਤੋਂ ਵੱਡਾ ਖਤਰਾ ਹੈ। ਇਸ ਵਿੱਚ ਖਾਲਿਸਤਾਨੀ ਸਮੂਹਾਂ ਦੇ ਨਾਲ-ਨਾਲ ਹਮਾਸ ਅਤੇ ਹਿਜ਼ਬੁੱਲਾ ਵਰਗੇ ਸੰਗਠਨਾਂ ਦਾ ਵੀ ਜ਼ਿਕਰ ਸੀ। ਪਰ, ਕੈਨੇਡੀਅਨ ਮੀਡੀਆ ਨੇ ਖਾਲਿਸਤਾਨੀ ਸਮੂਹਾਂ 'ਤੇ ਜ਼ਿਆਦਾ ਜ਼ੋਰ ਨਹੀਂ ਦਿੱਤਾ ਅਤੇ ਇਸ ਨੂੰ ਵਿਸ਼ਾਲ ਸੁਰੱਖਿਆ ਸੰਦਰਭ ਵਿੱਚ ਵੇਖਿਆ। ਕੈਨੇਡੀਅਨ ਮੀਡੀਆ ਦੀ ਕਵਰੇਜ ਨਿਰਪੱਖ ਸੀ ਅਤੇ ਇਸ ਨੇ ਰਿਪੋਰਟ ਨੂੰ ਸਰਕਾਰੀ ਸੁਰੱਖਿਆ ਅਤੇ ਵਿੱਤੀ ਨੀਤੀ ਦੇ ਹਿੱਸੇ ਵਜੋਂ ਪੇਸ਼ ਕੀਤਾ, ਨਾ ਕਿ ਸਿੱਖ ਭਾਈਚਾਰੇ ਜਾਂ ਖਾਲਿਸਤਾਨ ਅੰਦੋਲਨ ਨੂੰ ਨਿਸ਼ਾਨਾ ਬਣਾਉਣ ਵਾਲੀ ਸਾਜ਼ਿਸ਼ ਵਜੋਂ।

### ਭਾਰਤੀ ਮੀਡੀਆ ਦੇ ਦਾਅਵੇ ਸ਼ੱਕੀ ਕਿਉਂ ?

ਭਾਰਤੀ ਮੀਡੀਆ, ਜਿਵੇਂ ਕਿ ਐਨਡੀਟੀਵੀ, ਦਿ ਵੀਕ, ਨਿਊਜ਼ ਆਨ ਏਅਰ, ਅਤੇ ਇੰਡੀਆ ਟੂਡੇ, ਨੇ ਇਸ ਰਿਪੋਰਟ ਨੂੰ ਵੱਡੇ ਪੱਧਰ 'ਤੇ ਕਵਰ ਕੀਤਾ ਅਤੇ ਇਸ ਨੂੰ ਭਾਰਤ ਦੀਆਂ ਚਿੰਤਾਵਾਂ ਦੀ ਪੁਸ਼ਟੀ ਵਜੋਂ ਪੇਸ਼ ਕੀਤਾ। ਇਹਨਾਂ ਅਖਬਾਰਾਂ ਨੇ ਜ਼ੋਰ ਦਿੱਤਾ ਕਿ ਕੈਨੇਡਾ ਨੇ ਪਹਿਲੀ ਵਾਰ "ਖਾਲਿਸਤਾਨੀ ਖਾੜਕੂਆਂ" ਨੂੰ ਵਿੱਤੀ ਸਹਾਇਤਾ ਮਿਲਣ ਦੀ ਗੱਲ ਸਵੀਕਾਰ ਕੀਤੀ, ਜੋ ਭਾਰਤ ਦੇ ਲੰਮੇ ਸਮੇਂ ਤੋਂ ਚੱਲੇ ਆ ਰਹੇ ਦੋਸ਼ਾਂ ਨੂੰ ਸਹੀ ਸਾਬਤ ਕਰਦੀ ਹੈ। ਕੁਝ ਭਾਰਤੀ ਸਰੋਤਾਂ, ਜਿਵੇਂ ਦਿ ਵੀਕ, ਨੇ ਇਹ ਵੀ ਦਾਅਵਾ ਕੀਤਾ ਕਿ ਕੈਨੇਡਾ ਨੇ ਸਿੱਧੇ ਤੌਰ 'ਤੇ "ਸਰਕਾਰੀ ਫੰਡਿੰਗ" ਦੀ ਗੱਲ ਮੰਨੀ ਹੈ, ਜੋ ਕਿ ਸਰਕਾਰੀ ਰਿਪੋਰਟ ਵਿੱਚ ਨਹੀਂ ਕਿਹਾ ਗਿਆ। ਰਿਪੋਰਟ ਵਿੱਚ ਸਿਰਫ਼ ਵਿਅਕਤੀਆਂ, ਫੌਸ, ਅਤੇ ਅਪਰਾਧਿਕ ਸਰੋਤਾਂ ਤੋਂ ਫੰਡਿੰਗ ਦਾ ਜ਼ਿਕਰ ਹੈ, ਨਾ ਕਿ ਸਰਕਾਰੀ ਸਹਾਇਤਾ ਦਾ।

ਇਹਨਾਂ ਦਾਅਵਿਆਂ ਨੂੰ ਪਰਖਣ 'ਤੇ ਸਪੱਸ਼ਟ ਹੁੰਦਾ ਹੈ ਕਿ ਭਾਰਤੀ ਮੀਡੀਆ ਨੇ ਰਿਪੋਰਟ ਦੇ ਖਾਲਿਸਤਾਨੀ ਪਹਿਲੂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ। ਰਿਪੋਰਟ ਵਿੱਚ ਖਾਲਿਸਤਾਨੀ ਸਮੂਹਾਂ ਦਾ ਜ਼ਿਕਰ ਸਿਰਫ਼ ਇੱਕ ਛੋਟੇ ਹਿੱਸੇ ਵਜੋਂ ਹੈ, ਜਦਕਿ ਮੁੱਖ ਜ਼ੋਰ ਨਸ਼ੀਲੇ ਪਦਾਰਥਾਂ ਦੀ ਤਸਕਰੀ, ਫਰਾਡ, ਅਤੇ ਹੋਰ ਅੱਤਵਾਦੀ ਸੰਗਠਨਾਂ (ਹਮਾਸ, ਹਿਜ਼ਬੁੱਲਾ) 'ਤੇ ਹੈ। ਭਾਰਤੀ ਮੀਡੀਆ ਦੀ ਪੇਸ਼ਕਾਰੀ ਵਿੱਚ ਰਾਜਨੀਤਕ ਪੱਖਪਾਤ ਦੀ ਸੰਭਾਵਨਾ ਹੈ, ਕਿਉਂਕਿ ਇਹ ਭਾਰਤ ਸਰਕਾਰ ਦੇ ਬਿਰਤਾਂਤ ਨਾਲ ਮੇਲ ਖਾਂਦੀ ਹੈ, ਜੋ ਖਾਲਿਸਤਾਨੀ ਅੰਦੋਲਨ ਨੂੰ ਅੱਤਵਾਦ ਨਾਲ ਜੋੜਦੀ ਹੈ। ਸਿੱਖ ਭਾਈਚਾਰੇ ਦੇ ਕੁਝ ਸੰਗਠਨ, ਜਿਵੇਂ ਸਿੱਖਸ ਫਾਰ ਜਸਟਿਸ, ਨੇ ਇਸ ਨੂੰ ਸਿੱਖ ਵਿਰੋਧੀ ਪ੍ਰਚਾਰ ਦੱਸਿਆ, ਪਰ ਹੁਣ ਤੱਕ ਕੋਈ ਵੱਡਾ ਸੰਗਠਿਤ ਵਿਰੋਧ ਸਾਹਮਣੇ ਨਹੀਂ ਆਇਆ।

### ਸਿੱਖ ਭਾਈਚਾਰੇ ਦੀ ਪ੍ਰਤੀਕਿਰਿਆ ਅਤੇ ਭਵਿੱਖ ਦੀ ਸੰਭਾਵਨਾ

ਕੈਨੇਡੀਅਨ ਸਿੱਖ ਭਾਈਚਾਰੇ ਅਨੁਸਾਰ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਅਹਿੰਸਕ ਖਾਲਿਸਤਾਨੀ ਵਕਾਲਤ ਨੂੰ ਅੱਤਵਾਦ ਨਹੀਂ ਮੰਨਿਆ ਜਾਂਦਾ, ਪਰ ਹਿੰਸਕ ਸਾਧਨਾਂ ਦੀ ਵਰਤੋਂ ਕਰਨ ਵਾਲੇ ਸਮੂਹਾਂ ਨੂੰ ਸੁਰੱਖਿਆ ਖਤਰਾ ਮੰਨਿਆ ਗਿਆ ਹੈ। ਪਰ, ਸਿੱਖ ਸੰਗਠਨਾਂ ਵੱਲੋਂ ਕੋਈ ਵੱਡੀ ਰੈਲੀ ਜਾਂ ਸਰਕਾਰੀ ਵਿਰੋਧ ਦੀ ਖਬਰ ਨਹੀਂ ਮਿਲੀ, ਜੋ ਸ਼ਾਇਦ ਇਸ ਲਈ ਹੈ ਕਿ ਰਿਪੋਰਟ ਸਿੱਖ ਭਾਈਚਾਰੇ ਨੂੰ ਸਿੱਧੇ ਨਿਸ਼ਾਨਾ ਨਹੀਂ ਬਣਾਉਂਦੀ।

ਭਾਰਤ-ਕੈਨੇਡਾ ਸਬੰਧਾਂ ਦੇ ਸੰਦਰਭ ਵਿੱਚ, ਇਹ ਰਿਪੋਰਟ ਇੱਕ ਅਹਿਮ ਕਦਮ ਹੈ। 2023 ਵਿੱਚ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਨੇ ਸਬੰਧਾਂ ਨੂੰ ਤਣਾਅਪੂਰਨ ਕੀਤਾ ਸੀ, ਪਰ ਮਾਰਕ ਕਾਰਨੀ ਦੀ ਅਗਵਾਈ ਹੇਠ ਸਬੰਧ ਸੁਧਰ ਰਹੇ ਹਨ। ਰਿਪੋਰਟ ਸੁਰੱਖਿਆ ਅਤੇ ਵਿੱਤੀ ਨੀਤੀਆਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਕੰਮ ਕਰਦੀ ਹੈ, ਪਰ ਸਿੱਖ ਭਾਈਚਾਰੇ ਨੂੰ ਇਸ ਦੀ ਪੇਸ਼ਕਾਰੀ 'ਤੇ ਸੁਚੇਤ ਰਹਿਣ ਦੀ ਲੋੜ ਹੈ, ਕਿਉਂਕਿ ਭਾਰਤੀ ਮੀਡੀਆ ਦੀ ਵਧਾ-ਚੜ੍ਹੀ ਪੇਸ਼ਕਾਰੀ ਨੇ ਵਿਵਾਦ ਪੈਦਾ ਕੀਤਾ ਹੈ।

## ਪੰਜਾਬ ਦੇ ਹੜ੍ਹ ਪੀੜਤਾਂ ਲਈ ਸਿੱਖ ਫੈਡਰੇਸ਼ਨ ਅਮਰੀਕਾ ਨੇ 1 ਕਰੋੜ ਰੁਪਏ ਦੇਣ ਦਾ ਕੀਤਾ ਐਲਾਨ

ਨਿਊਯਾਰਕ-ਹੜਾਂ ਕਾਰਣ ਸੂਬੇ ਦੇ ਸਾਰੇ ਜ਼ਿਲ੍ਹੇ ਇਸ ਸਮੇਂ ਭਿਆਨਕ ਸਥਿਤੀ ਨਾਲ ਜੂਝ ਰਹੇ ਹਨ। ਇਸੇ ਦੌਰਾਨ ਸਿੱਖ ਫ਼ੈਡਰੇਸ਼ਨ (ਯੂ.ਐੱਸ.ਏ.) ਨੇ ਹੜ੍ਹਾਂ ਨਾਲ ਤਬਾਹ ਹੋਏ ਪੰਜਾਬ ਦੇ ਲੋਕਾਂ ਦੇ ਲਈ ਤੁਰੰਤ ਰਾਹਤ ਦੇਣ ਦੇ ਲਈ ਇੱਕ ਮਨੁੱਖਤਾਵਾਦੀ ਪਹਿਲਕਦਮੀ ਦਾ ਐਲਾਨ ਕੀਤਾ ਹੈ। ਇਸ ਸੰਕਟ ਦੇ ਦੌਰ ਨੂੰ ਵੇਖਦੇ ਹੋਏ ਫ਼ੈਡਰੇਸ਼ਨ ਨੇ ਪੰਜਾਬ ਨੂੰ ਤੁਰੰਤ ਸਹਾਇਤਾ ਅਤੇ ਮੁੜ ਵਸੇਬੇ ਦੇ ਲਈ 1 ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਹੈ।

ਸਿੱਖ ਫ਼ੈਡਰੇਸ਼ਨ (ਯੂ.ਐੱਸ.ਏ.) ਦੇ ਬੁਲਾਰੇ ਭਾਈ ਗੁਰਿੰਦਰਜੀਤ ਸਿੰਘ ਦਾ ਕਹਿਣਾ ਹੈ, "ਪੰਜਾਬ ਵਿੱਚ ਸਾਡੇ ਭੈਣ ਭਰਾ ਅਣਗਿਣਤ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਸਿੱਖ ਹੋਣ ਦੇ ਨਾਤੇ ਇਹ ਸਾਡਾ ਨੈਤਿਕ ਅਤੇ ਅਧਿਆਤਮਕ ਫ਼ਰਜ਼ ਹੈ ਕਿ ਅਸੀਂ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਰਹੀਏ।"

## ਪੰਜਾਬ ਪੁਲਸ ਨੇ ਗ੍ਰਿਫ਼ਤਾਰ ਕੀਤਾ ਗੈਂਗਸਟਰ ਗੋਲਡੀ ਬਰਾੜ ਦਾ ਸਾਥੀ

ਚੰਡੀਗੜ੍ਹ-ਐਂਟੀ-ਗੈਂਗਸਟਰ ਟਾਸਕ ਫੋਰਸ ਪੰਜਾਬ ਵੱਲੋਂ ਸੰਗਠਿਤ ਅਪਰਾਧਾਂ ਵਿਰੁੱਧ ਇਕ ਵੱਡੀ ਸਫਲਤਾ ਹਾਸਲ ਕਰਦੇ ਹੋਏ, ਵਿਦੇਸ਼ ਆਧਾਰਿਤ ਗੈਂਗਸਟਰ ਗੋਲਡੀ ਬਰਾੜ ਦੇ ਸਾਥੀ ਬਲਜਿੰਦਰ ਸਿੰਘ ਉਰਫ਼ ਰੈਂਚ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਕੋਲੋਂ 5 ਪਿਸਤੌਲ ਅਤੇ 10 ਜ਼ਿੰਦਾ ਕਾਰਤੂਸ ਬਰਾਮਦ ਹੋਏ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਹਥਿਆਰ ਗੋਲਡੀ ਬਰਾੜ ਦੇ ਨਿਰਦੇਸ਼ਾਂ 'ਤੇ ਉਸ ਦੇ ਕਰੀਬੀ ਸਾਥੀ ਮਲਕੀਤ ਸਿੰਘ ਕਿੱਟਾ ਭਾਨੀ ਰਾਹੀਂ ਪ੍ਰਾਪਤ ਕੀਤੇ ਗਏ ਸਨ। ਡੀ. ਜੀ. ਪੀ. ਨੇ ਦੱਸਿਆ ਕਿ ਪੂਰੇ ਗਠਜੋੜ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

# ਸਾਕਸ਼ੀ ਸਾਹਨੀ ਦੀ ਅਣਥੱਕ ਸੇਵਾ: ਅੰਮ੍ਰਿਤਸਰ ਵਿੱਚ ਹੜ੍ਹ ਪੀੜਤਾਂ ਦੀ

## ਖਾਸ ਖ਼ਬਰ ✪ ਪਹਿਲੀ ਮਹਿਲਾ ਡੀਸੀ ਦੀ ਮਿਸਾਲੀ ਅਗਵਾਈ: ਪੰਜਾਬ ਦੇ ਸੰਕਟ ਵਿੱਚ ਬਣੀ ਨਾਇਕਾ ✪ ਅਫਸਰਸ਼ਾਹੀ ਦਾ ਨਵਾਂ ਚਿਹਰਾ: ਸਾਕਸ਼ੀ ਸਾਹਨੀ ਦੀ ਸਰਗਰਮੀ ਦੀ ਚਰਚਾ

ਅੰਮ੍ਰਿਤਸਰ-ਪੰਜਾਬ ਨੂੰ ਹੜ੍ਹਾਂ ਦੀ ਮਾਰ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਨਦੀਆਂ-ਨਾਲਿਆਂ ਦੇ ਉਫਾਨ ਨੇ ਪਿੰਡਾਂ-ਸ਼ਹਿਰਾਂ ਵਿੱਚ ਤਬਾਹੀ ਮਚਾਈ, ਫਸਲਾਂ ਤਹਿਸ-ਨਹਿਸ ਹੋਈਆਂ, ਅਤੇ ਲੋਕਾਂ ਦੇ ਘਰ-ਬਾਰ ਪਾਣੀ ਵਿੱਚ ਡੁੱਬ ਗਏ। ਅਜਿਹੇ ਔਖੇ ਸਮੇਂ ਵਿੱਚ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਆਪਣੀ ਅਣਥੱਕ ਮਿਹਨਤ ਅਤੇ ਸਮਰਪਣ ਨਾਲ ਨਾ ਸਿਰਫ਼ ਪ੍ਰਸ਼ਾਸਨ ਦੀ ਮਦਦ ਪੀੜਤਾਂ ਤੱਕ ਪਹੁੰਚਾਈ, ਸਗੋਂ ਲੋਕਾਂ ਦੇ ਦਿਲਾਂ ਵਿੱਚ ਵੀ ਵਿਸ਼ੇਸ਼ ਸਥਾਨ ਬਣਾਇਆ। ਸਾਕਸ਼ੀ ਸਾਹਨੀ ਦੀਆਂ ਸੇਵਾਵਾਂ ਦੀ ਸ਼ਲਾਘਾ ਨਾ ਸਿਰਫ਼ ਸਥਾਨਕ ਲੋਕਾਂ ਨੇ, ਸਗੋਂ ਸਾਬਕਾ ਭਾਰਤੀ ਕ੍ਰਿਕਟਰ ਯੁਵਰਾਜ ਸਿੰਘ ਨੇ ਵੀ ਕੀਤੀ, ਜਿਸ ਨੇ ਉਨ੍ਹਾਂ ਨੂੰ ਪੰਜਾਬ ਦੀ ਮਜ਼ਬੂਤੀ ਦਾ ਪ੍ਰਤੀਕ ਅਤੇ ਅਫਸਰਸ਼ਾਹੀ ਲਈ ਰੋਲ ਮਾਡਲ ਦੱਸਿਆ।

ਸਾਕਸ਼ੀ ਸਾਹਨੀ, ਜੋ ਅੰਮ੍ਰਿਤਸਰ ਦੀ ਪਹਿਲੀ ਮਹਿਲਾ ਡਿਪਟੀ ਕਮਿਸ਼ਨਰ ਹਨ, ਨੇ ਹੜ੍ਹਾਂ ਦੌਰਾਨ ਅਜਿਹੀ ਅਗਵਾਈ ਦਿਖਾਈ ਕਿ ਉਹ ਸਭ ਲਈ ਪ੍ਰੇਰਨਾ ਸਰੋਤ ਬਣ ਗਈਆਂ। ਜਦੋਂ ਸਤਲੁਜ, ਬਿਆਸ ਅਤੇ ਰਾਵੀ ਵਰਗੀਆਂ ਨਦੀਆਂ ਦੇ ਪਾਣੀ ਨੇ ਅੰਮ੍ਰਿਤਸਰ ਦੇ ਨੀਵੇਂ ਇਲਾਕਿਆਂ ਨੂੰ ਡੁਬੋ ਦਿੱਤਾ, ਤਾਂ ਸਾਕਸ਼ੀ ਸਾਹਨੀ ਨੇ ਦਫ਼ਤਰ ਵਿੱਚ ਬੈਠਣ ਦੀ ਬਜਾਏ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ। ਉਹ ਪੀੜਤ ਪਰਿਵਾਰਾਂ ਨਾਲ ਮਿਲੀਆਂ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੋਢੇ ਨਾਲ ਮੋਢਾ ਜੋੜ ਕੇ ਰਾਹਤ ਕਾਰਜਾਂ ਵਿੱਚ ਹਿੱਸਾ ਪਾਇਆ। ਉਨ੍ਹਾਂ ਨੇ ਪ੍ਰਸ਼ਾਸਨਕ ਅਧਿਕਾਰੀਆਂ, ਸਥਾਨਕ ਸੰਸਥਾਵਾਂ ਅਤੇ ਸਵੈ-ਸੇਵੀ ਜਥੇਬੰਦੀਆਂ ਨਾਲ ਮਿਲ ਕੇ ਰਾਹਤ ਸਮੱਗਰੀ, ਭੋਜਨ, ਪੀਣ ਵਾਲਾ ਪਾਣੀ ਅਤੇ ਮੈਡੀਕਲ ਸਹੂਲਤਾਂ ਪੀੜਤਾਂ ਤੱਕ ਪਹੁੰਚਾਈਆਂ।

ਸਾਕਸ਼ੀ ਸਾਹਨੀ ਦੀ ਮਿਹਨਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਰਾਤ-ਦਿਨ ਖੇਤਰ ਵਿੱਚ ਸਰਗਰਮ ਰਹੀਆਂ। ਪਿੰਡਾਂ ਦੀਆਂ ਤੰਗ ਗਲੀਆਂ ਵਿੱਚ ਜਾ ਕੇ ਉਨ੍ਹਾਂ ਨੇ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਉਣ, ਅਸਥਾਈ ਰਾਹਤ ਕੈਂਪ ਸਥਾਪਤ ਕਰਨ ਅਤੇ ਪੀੜਤਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਅੰਮ੍ਰਿਤਸਰ ਦੇ ਬਹੁਤ ਸਾਰੇ ਪਿੰਡਾਂ ਜਿਵੇਂ ਕਿ ਅਜਨਾਲਾ, ਰਮਦਾਸ ਅਤੇ ਚੋਗਾਵਾਂ ਦੇ ਇਲਾਕਿਆਂ ਵਿੱਚ, ਜਿੱਥੇ ਹੜ੍ਹ ਦਾ ਪ੍ਰਭਾਵ ਸਭ ਤੋਂ ਵੱਧ ਸੀ, ਸਾਹਨੀ ਨੇ ਆਪਣੀ ਟੀਮ ਨਾਲ ਮਿਲ ਕੇ ਪੁਲਾਂ ਦੀ ਮੁਰੰਮਤ, ਪਾਣੀ ਦੀ ਨਿਕਾਸੀ ਅਤੇ ਬਿਜਲੀ ਦੀ ਬਹਾਲੀ ਵਰਗੇ ਕੰਮਾਂ ਨੂੰ ਤਰਜੀਹ ਦਿੱਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਕੀਤੇ ਜਾ ਰਹੇ ਕਾਰਜਾਂ ਵਿੱਚ ਸਾਕਸ਼ੀ ਸਾਹਨੀ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਕਿਹਾ ਗਿਆ ਕਿ ਸਾਹਨੀ ਦੀ ਅਗਵਾਈ ਵਿੱਚ ਪ੍ਰਸ਼ਾਸਨ ਨੇ ਸੰਗਤਾਂ ਅਤੇ ਸਵੈ-ਸੇਵੀ ਸੰਸਥਾਵਾਂ ਨਾਲ ਮਿਲ ਕੇ ਰਾਹਤ ਸਮੱਗਰੀ ਦੀ ਵੰਡ ਨੂੰ ਪ੍ਰਭਾਵੀ ਢੰਗ ਨਾਲ ਅੰਜਾਮ ਦਿੱਤਾ।



ਰਾਜਸਥਾਨ ਦੀ ਸੰਗਤ ਨੇ ਵੀ ਸ਼੍ਰੋਮਣੀ ਕਮੇਟੀ ਰਾਹੀਂ 4 ਲੱਖ 51 ਹਜ਼ਾਰ ਰੁਪਏ ਅਤੇ ਵੱਡੀ ਮਾਤਰਾ ਵਿੱਚ ਰਸਦਾਂ ਭੇਜੀਆਂ, ਜਿਸ ਦੀ ਵੰਡ ਵਿੱਚ ਸਾਹਨੀ ਦੀ ਟੀਮ ਨੇ ਮਹੱਤਵਪੂਰਨ ਯੋਗਦਾਨ ਪਾਇਆ।

ਯੁਵਰਾਜ ਸਿੰਘ, ਜੋ ਆਪਣੇ ਖੇਡ ਜੀਵਨ ਅਤੇ ਸਮਾਜ ਸੇਵਾ ਲਈ ਜਾਣੇ ਜਾਂਦੇ ਹਨ, ਨੇ ਸੋਸ਼ਲ ਮੀਡੀਆ 'ਤੇ ਸਾਕਸ਼ੀ ਸਾਹਨੀ ਦੀ ਸ਼ਲਾਘਾ ਕਰਦਿਆਂ ਲਿਖਿਆ, "ਪੰਜਾਬ ਇੱਕ ਔਖੇ ਦੌਰ ਵਿੱਚੋਂ ਲੰਘ ਰਿਹਾ ਹੈ। ਅਜਿਹੇ ਸਮੇਂ ਵਿੱਚ ਸਾਕਸ਼ੀ ਸਾਹਨੀ ਵਰਗੇ ਅਧਿਕਾਰੀ ਸਾਨੂੰ ਹੌਸਲਾ ਦਿੰਦੇ ਹਨ। ਉਹ ਨਾ ਸਿਰਫ਼ ਪ੍ਰਭਾਵਿਤ ਇਲਾਕਿਆਂ ਵਿੱਚ ਮੌਜੂਦ ਰਹੀਆਂ, ਸਗੋਂ ਲੋਕਾਂ ਨਾਲ ਮਿਲ ਕੇ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ। ਸੱਚੇ ਨੇਤਾ ਸੰਕਟ ਦੇ ਸਮੇਂ ਦੇਸ਼ ਅਤੇ ਫਰਜ਼ ਨੂੰ ਪਹਿਲ ਦਿੰਦੇ ਹਨ।"

ਸਾਕਸ਼ੀ ਸਾਹਨੀ ਦੀ ਅਗਵਾਈ ਨੂੰ ਅਫਸਰਸ਼ਾਹੀ ਲਈ ਰੋਲ ਮਾਡਲ ਮੰਨਿਆ ਜਾ ਰਿਹਾ ਹੈ। ਆਮ ਤੌਰ 'ਤੇ ਅਧਿਕਾਰੀ ਸੰਕਟ ਦੇ ਸਮੇਂ ਦਫ਼ਤਰੀ ਕਾਰਜਾਂ ਤੱਕ ਸੀਮਤ ਰਹਿੰਦੇ ਹਨ, ਪਰ ਸਾਹਨੀ ਨੇ ਖੁਦ ਨੂੰ ਖੇਤਰ ਵਿੱਚ ਉਤਾਰ ਕੇ ਸਥਾਨਕ ਲੋਕਾਂ ਨਾਲ ਸਿੱਧਾ ਸੰਪਰਕ ਕੀਤਾ। ਉਨ੍ਹਾਂ ਦੀ ਇਹ ਪਹੁੰਚ ਨੇ ਸਿਰਫ਼ ਪ੍ਰਸ਼ਾਸਨਕ ਕਾਰਜਕੁਸ਼ਲਤਾ ਨੂੰ ਵਧਾਇਆ, ਸਗੋਂ ਲੋਕਾਂ ਵਿੱਚ ਵਿਸ਼ਵਾਸ ਵੀ ਪੈਦਾ ਕੀਤਾ। ਸਥਾਨਕ ਵਾਸੀਆਂ ਦਾ ਕਹਿਣਾ ਹੈ ਕਿ ਸਾਹਨੀ ਦੀ ਸਰਗਰਮੀ ਕਾਰਨ ਰਾਹਤ ਕਾਰਜ ਤੇਜ਼ੀ ਨਾਲ ਅਤੇ ਪਾਰਦਰਸ਼ੀ ਢੰਗ ਨਾਲ ਹੋਏ।

ਅੰਮ੍ਰਿਤਸਰ ਦੇ ਇੱਕ ਵਸਨੀਕ, ਸੁਖਦੇਵ ਸਿੰਘ, ਨੇ ਕਿਹਾ, "ਸਾਕਸ਼ੀ ਮੈਡਮ ਨੇ ਸਾਡੇ ਪਿੰਡ ਵਿੱਚ ਆ ਕੇ ਸਾਡੀਆਂ ਸਮੱਸਿਆਵਾਂ ਸੁਣੀਆਂ ਅਤੇ ਤੁਰੰਤ ਰਾਹਤ ਸਮੱਗਰੀ ਮੁਹੱਈਆ ਕਰਵਾਈ। ਅਸੀਂ ਪਹਿਲਾਂ ਕਦੇ ਅਜਿਹਾ ਅਧਿਕਾਰੀ ਨਹੀਂ ਦੇਖਿਆ।" ਸਾਹਨੀ ਦੀ ਇਸ ਨਿਵੇਕਲੀ ਪਹੁੰਚ ਨੇ ਉਨ੍ਹਾਂ ਨੂੰ ਅਫਸਰਸ਼ਾਹੀ ਵਿੱਚ ਇੱਕ ਮਿਸਾਲੀ ਅਧਿਕਾਰੀ ਵਜੋਂ ਸਥਾਪਤ ਕੀਤਾ ਹੈ।

ਸਾਕਸ਼ੀ ਸਾਹਨੀ ਦੀਆਂ ਸੇਵਾਵਾਂ ਨੇ ਪੰਜਾਬ ਦੇ ਲੋਕਾਂ ਵਿੱਚ ਇੱਕ ਨਵੀਂ ਉਮੀਦ ਜਗਾਈ ਹੈ। ਉਨ੍ਹਾਂ ਦੀ ਅਗਵਾਈ ਨੇ ਸਾਬਤ ਕੀਤਾ ਕਿ ਸੰਕਟ ਦੇ ਸਮੇਂ ਵਿੱਚ ਸਹੀ ਨੇਤ੍ਰਤਵ ਅਤੇ ਸਮਰਪਣ ਨਾਲ ਵੱਡੀਆਂ ਚੁਣੌਤੀਆਂ ਨੂੰ ਵੀ ਪਾਰ ਕੀਤਾ ਜਾ ਸਕਦਾ ਹੈ।

## ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਫਿਰੋਜ਼ਪੁਰ ਜ਼ਿਲ੍ਹਾ ਗੋਦ ਲਵੇਗੀ, ਹੜ੍ਹ ਪੀੜਤ ਪਰਿਵਾਰਾਂ ਕਰੇਗੀ ਮਦਦ

ਮੋਗਾ-ਉੱਤਰੀ ਭਾਰਤ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ, ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ, ਚੰਦਪੁਰਾਣਾ ਮੋਗਾ ਵਿਖੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਵਿਸ਼ੇਸ਼ ਦੌਰਾ ਕੀਤਾ। ਇਸ ਮੌਕੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਪੰਜਾਬ ਵਿੱਚ ਹਾਲ ਹੀ ਦੇ ਦਿਨਾਂ ਦੌਰਾਨ ਆਏ ਹੜ੍ਹਾਂ ਨੂੰ 'ਵੱਡਾ ਸੰਕਟ' ਦੱਸਦਿਆਂ ਕਿਹਾ ਕਿ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਫਿਰੋਜ਼ਪੁਰ ਜ਼ਿਲ੍ਹੇ ਨੂੰ ਪੂਰੀ ਤਰ੍ਹਾਂ ਗੋਦ ਲਵੇਗੀ। ਜ਼ਿਲ੍ਹੇ ਦੇ ਜਿਹੜੇ ਵੀ ਪਰਿਵਾਰ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ, ਉਨ੍ਹਾਂ ਦੀ ਹਰ ਪੱਖੋਂ ਸਹਾਇਤਾ ਕੀਤੀ ਜਾਵੇਗੀ। ਇਸ ਮੌਕੇ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਪੰਜਾਬੀ ਸੰਗਤ ਝੀਂਡਾ ਜੀ ਦੇ ਇਸ ਐਲਾਨ ਲਈ ਧੰਨਵਾਦੀ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦਾਂ ਦੇ ਪਾਵਨ ਅਸਥਾਨ ਤੋਂ ਵੀ ਕਈ ਦਿਨਾਂ ਤੋਂ ਰਾਸ਼ਨ ਸਮੱਗਰੀ ਹੜ੍ਹ ਪੀੜਤਾਂ ਤੱਕ ਭੇਜੀ ਜਾ ਰਹੀ ਹੈ।



## ਕੋਰੀਆ ਨੂੰ 4-1 ਨਾਲ ਹਰਾ ਕੇ 8 ਸਾਲ ਬਾਅਦ ਭਾਰਤ ਜਿੱਤਿਆ ਏਸ਼ੀਆ ਕੱਪ

ਨਵੀਂ ਦਿੱਲੀ-ਭਾਰਤ ਨੇ ਬੀਤੇ ਐਤਵਾਰ ਨੂੰ ਏਸ਼ੀਅਨ ਪੁਰਸ਼ ਹਾਕੀ ਖਿਤਾਬ ਜਿੱਤਿਆ। ਮੇਜ਼ਬਾਨ ਦੇਸ਼ ਨੇ ਬਿਹਾਰ ਦੇ ਰਾਜਗੀਰ ਸਪੋਰਟਸ ਕੰਪਲੈਕਸ ਵਿੱਚ ਪੰਜ ਵਾਰ ਦੇ ਜੇਤੂ ਕੋਰੀਆ ਨੂੰ 4-1 ਨਾਲ ਹਰਾ ਕੇ ਚੌਥੀ ਵਾਰ ਟਰਾਫੀ ਜਿੱਤੀ। ਇਸ ਜਿੱਤ ਨਾਲ, ਭਾਰਤ ਨੇ 2026 ਹਾਕੀ ਵਿਸ਼ਵ ਕੱਪ ਲਈ ਟਿਕਟ ਪ੍ਰਾਪਤ ਕਰ ਲਈ ਹੈ। ਕੋਰੀਆ ਵਿਰੁੱਧ ਤਿੰਨ ਗੋਲ ਮੈਦਾਨ ਤੋਂ ਅਤੇ ਇੱਕ ਪੈਨਲਟੀ ਕਾਰਨਰ ਤੋਂ ਕੀਤੇ ਗਏ ਸਨ। ਦਿਲਪ੍ਰੀਤ ਸਿੰਘ ਮੈਚ ਦਾ ਹੀਰੋ ਰਿਹਾ। ਮੈਚ ਦੇ ਖਿਡਾਰੀ ਦਿਲਪ੍ਰੀਤ ਨੇ ਦੋ ਮੈਦਾਨੀ ਗੋਲ ਕੀਤੇ।




ਭਾਰਤੀ ਟੀਮ ਨੇ ਫਾਈਨਲ ਵਿੱਚ ਸ਼ਾਨਦਾਰ ਸ਼ੁਰੂਆਤ ਕੀਤੀ। ਸੁਖਜੀਤ ਸਿੰਘ ਨੇ ਪਹਿਲੇ ਹੀ ਮਿੰਟ ਵਿੱਚ ਗੋਲ ਕੀਤਾ। ਇਸ ਤੋਂ ਬਾਅਦ, ਦਿਲਪ੍ਰੀਤ ਸਿੰਘ ਨੇ 27ਵੇਂ ਮਿੰਟ ਵਿੱਚ ਗੋਲ ਕੀਤਾ। ਤੀਜੇ ਕੁਆਰਟਰ ਦੇ ਅੰਤ ਵਿੱਚ, ਦਿਲਪ੍ਰੀਤ (44ਵੇਂ ਮਿੰਟ) ਨੇ ਇੱਕ ਹੋਰ ਗੋਲ ਕੀਤਾ। 49ਵੇਂ ਮਿੰਟ ਵਿੱਚ, ਅਮਿਤ ਰੋਹਿਦਾਸ ਨੇ ਭਾਰਤ ਲਈ ਚੌਥਾ ਗੋਲ ਕੀਤਾ। ਦੱਖਣੀ ਕੋਰੀਆ ਨੇ ਸਿਰਫ ਇੱਕ ਗੋਲ ਕੀਤਾ। ਸੁਨ ਡੈਨ ਨੇ 50ਵੇਂ ਮਿੰਟ ਵਿੱਚ ਇੱਕ ਗੋਲ ਕੀਤਾ। ਇਸ ਤੋਂ ਬਾਅਦ, ਦੋਵੇਂ ਟੀਮਾਂ ਕੋਈ ਗੋਲ ਨਹੀਂ ਕਰ ਸਕੀਆਂ।

## ਰੂਸੀ ਵਿਗਿਆਨੀਆਂ ਕੈਂਸਰ ਨੂੰ ਖਤਮ ਕਰਨ ਵਾਲਾ ਟੀਕਾ ਤਿਆਰ ਕਰਨ ਦਾ ਕੀਤਾ ਦਾਅਵਾ

ਵਲਾਦੀਵੋਸਤੋਕ-ਕੈਂਸਰ ਦੀ ਵੈਕਸੀਨ ਬਾਰੇ ਵੱਡੀ ਖ਼ਬਰ ਸਾਹਮਣੇ ਆਈ ਹੈ। ਰੂਸੀ ਵਿਗਿਆਨੀਆਂ ਨੇ ਕੋਲਨ (ਵੱਡੀ ਅੰਤੜੀ) ਦੇ ਕੈਂਸਰ ਦੇ ਇਲਾਜ ਲਈ ਇਕ ਨਵਾਂ ਟੀਕਾ ਵਿਕਸਤ ਕੀਤਾ ਹੈ। ਇਹ ਟੀਕਾ ਪ੍ਰੀ-ਕਲੀਨਿਕਲ ਟ੍ਰਾਇਲਾਂ ਵਿਚ ਪੂਰੀ ਤਰ੍ਹਾਂ ਸਫਲ ਰਿਹਾ ਹੈ। ਰੂਸ ਦੀ ਫੈਡਰਲ ਮੈਡੀਕਲ ਐਂਡ ਬਾਇਓਲਾਜੀਕਲ ਏਜੰਸੀ (ਐੱਫ. ਐੱਮ.ਬੀ.ਏ.) ਦੀ ਮੁਖੀ ਵੇਰੋਨਿਕਾ ਸਕਵੋਰਤਸੋਵਾ ਨੇ ਈਸਟਰਨ ਇਕਨਾਮਿਕ ਫੋਰਮ ਦੌਰਾਨ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਸ ਦਾ ਪਹਿਲਾ ਮਨੁੱਖੀ ਟ੍ਰਾਇਲ ਆਉਣ ਵਾਲੇ ਅਕਤੂਬਰ 'ਚ ਸ਼ੁਰੂ ਹੋਣ ਦੀ ਉਮੀਦ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਟੀਕੇ ਦੀ ਇਕ ਖੁਰਾਕ ਦੀ ਕੀਮਤ ਲਗਭਗ 3,00,000 ਰੂਬਲ ਮਤਲਬ 2.5 ਲੱਖ ਰੁਪਏ ਹੋ ਸਕਦੀ ਹੈ। ਹਾਲਾਂਕਿ, ਰੂਸੀ ਸਰਕਾਰ ਨੇ ਇਸ ਨੂੰ ਰੂਸੀ ਨਾਗਰਿਕਾਂ ਨੂੰ ਮੁਫਤ ਦੇਣ ਦੀ ਯੋਜਨਾ ਬਣਾਈ ਹੈ।

# ਯੂਰਪ ਵਿੱਚ ਤੀਜੇ ਵਿਸ਼ਵ ਯੁੱਧ ਦੀ ਸੰਭਾਵਨਾ: ਫਰਾਂਸ, ਜਰਮਨੀ, ਪੋਲੈਂਡ ਵਿੱਚ ਯੁੱਧ ਦੀਆਂ ਤਿਆਰੀਆਂ ਤੇਜ਼

## ✪ ਹਸਪਤਾਲਾਂ ਨੂੰ ਯੁੱਧ ਦੀ ਤਿਆਰੀ ਦੇ ਹੁਕਮ, ਰੂਸ ਨਾਲ ਜੰਗ ਦੀ ਸੰਭਾਵਨਾ ✪ ਜਰਮਨੀ ਅਤੇ ਪੋਲੈਂਡ ਵਿੱਚ ਬੰਕਰ ਉਸਾਰੀ, ਫੌਜੀ ਭਰਤੀ ਤੇਜ਼ ✪ ਰੂਸ ਦੇ ਜ਼ਾਪਦ 2025 ਅਭਿਆਸ: ਨਾਟੋ ਦੇਸ਼ਾਂ ਵਿੱਚ ਹਾਈ ਅਲਰਟ

ਪੈਰਿਸ/ਬਰਲਿਨ-ਵਿਸ਼ਵ ਰਾਜਨੀਤੀ ਵਿੱਚ ਤਣਾਅ ਦਾ ਮਾਹੌਲ ਵਧਦਾ ਜਾ ਰਿਹਾ ਹੈ ਅਤੇ ਯੂਰਪ ਵਿੱਚ ਤੀਜੇ ਵਿਸ਼ਵ ਯੁੱਧ ਦੀ ਸੰਭਾਵਨਾ ਨੇ ਕਈ ਦੇਸ਼ਾਂ ਨੂੰ ਯੁੱਧ ਦੀਆਂ ਤਿਆਰੀਆਂ ਵਿੱਚ ਝੋਕ ਦਿੱਤਾ ਹੈ। ਫਰਾਂਸ, ਬਰਤਾਨੀਆ, ਜਰਮਨੀ, ਪੋਲੈਂਡ, ਸਵੀਡਨ ਅਤੇ ਨਾਰਵੇ ਵਰਗੇ ਦੇਸ਼ ਰੂਸ ਦੇ ਖਿਲਾਫ ਸੰਭਾਵਿਤ ਸੰਘਰਸ਼ ਲਈ ਤੇਜ਼ੀ ਨਾਲ ਤਿਆਰੀਆਂ ਕਰ ਰਹੇ ਹਨ। ਬ੍ਰਿਟਿਸ਼ ਅਖਬਾਰ ਦ ਸਨ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ, ਫਰਾਂਸ ਨੇ ਆਪਣੇ ਹਸਪਤਾਲਾਂ ਨੂੰ ਯੁੱਧ ਪੱਧਰ 'ਤੇ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਹਸਪਤਾਲਾਂ ਨੂੰ ਸੈਂਕੜੇ ਜ਼ਖਮੀ ਸੈਨਿਕਾਂ ਦੇ ਇਲਾਜ ਲਈ ਤਿਆਰ ਰਹਿਣ ਲਈ ਕਿਹਾ ਗਿਆ ਹੈ, ਤਾਂ ਜੋ ਰੂਸ ਨਾਲ ਕਿਸੇ ਵੱਡੇ ਸੰਘਰਸ਼ ਦੀ ਸਥਿਤੀ ਵਿੱਚ ਤੁਰੰਤ ਕਾਰਵਾਈ ਕੀਤੀ ਜਾ ਸਕੇ। ਫਰਾਂਸੀਸੀ ਸਿਹਤ ਮੰਤਰਾਲੇ ਨੇ ਮਾਰਚ 2026 ਤੱਕ ਹਸਪਤਾਲਾਂ ਨੂੰ ਪੂਰੀ ਤਰ੍ਹਾਂ ਤਿਆਰ ਕਰਨ ਦਾ ਹੁਕਮ ਦਿੱਤਾ ਹੈ, ਜਿਸ ਵਿੱਚ ਪੂਰੇ ਯੂਰਪ ਤੋਂ ਆਉਣ ਵਾਲੇ ਜ਼ਖਮੀ ਸੈਨਿਕਾਂ ਦੇ ਇਲਾਜ ਦੀ ਵਿਵਸਥਾ ਸ਼ਾਮਲ ਹੈ।

ਫਰਾਂਸੀਸੀ ਅਖਬਾਰ ਲੇ ਕੈਨਾਰਡ ਐਨਚੈਨੀ ਨੇ ਗੁਪਤ ਦਸਤਾਵੇਜ਼ਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਫਰਾਂਸ ਇਹ ਮੰਨ ਕੇ ਚੱਲ ਰਿਹਾ ਹੈ ਕਿ ਉਹ ਯੁੱਧ ਦੌਰਾਨ ਜ਼ਖਮੀਆਂ ਦੇ ਇਲਾਜ ਦਾ ਮੁੱਖ ਕੇਂਦਰ ਬਣ ਸਕਦਾ ਹੈ। ਉਸ ਨੂੰ ਆਪਣੀਆਂ ਫੌਜਾਂ ਅਤੇ ਆਪਣੇ ਨਾਟੋ ਸਹਿਯੋਗੀਆਂ, ਦੋਵਾਂ ਦੇ ਸੈਂਕੜੇ ਜ਼ਖਮੀ ਸੈਨਿਕਾਂ ਨੂੰ ਆਪਣੇ ਇੱਥੇ ਰੱਖਣਾ ਪੈ ਸਕਦਾ ਹੈ।

### ਨਾਟੋ ਦੇ ਆਰਟੀਕਲ-5 ਅਤੇ ਯੁੱਧ ਦੀ ਸੰਭਾਵਨਾ

ਇਹ ਗੱਲ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਫਰਾਂਸ ਵੀ ਨਾਟੋ ਦਾ ਮੈਂਬਰ ਦੇਸ਼ ਹੈ ਅਤੇ ਨਾਟੋ ਦੇ ਆਰਟੀਕਲ-5 ਦੇ ਤਹਿਤ, ਜੇਕਰ ਰੂਸ ਕਿਸੇ ਵੀ ਨਾਟੋ ਮੈਂਬਰ ਦੇਸ਼ 'ਤੇ ਹਮਲਾ ਕਰਦਾ ਹੈ, ਤਾਂ ਸਾਰੇ 30 ਤੋਂ ਵੱਧ ਮੈਂਬਰ ਦੇਸ਼ਾਂ ਨੂੰ ਯੁੱਧ ਵਿੱਚ ਸ਼ਾਮਲ ਹੋਣਾ ਪਵੇਗਾ। ਇਸ ਸਥਿਤੀ ਵਿੱਚ ਫਰਾਂਸ, ਬਰਤਾਨੀਆ, ਜਰਮਨੀ ਅਤੇ ਅਮਰੀਕਾ ਵਰਗੇ ਦੇਸ਼ ਰੂਸ ਦੇ ਖਿਲਾਫ ਯੁੱਧ ਵਿੱਚ ਉਤਰ



ਸਕਦੇ ਹਨ, ਜਿਸ ਨਾਲ ਤੀਜੇ ਵਿਸ਼ਵ ਯੁੱਧ ਦੀ ਸੰਭਾਵਨਾ ਹੋਰ ਗੰਭੀਰ ਹੋ ਜਾਂਦੀ ਹੈ। ਨਾਟੋ ਮੁਖੀ ਮਾਰਕ ਰੂਟੇ ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਹੈ ਕਿ ਰੂਸ ਅਤੇ ਚੀਨ ਮਿਲ ਕੇ ਤੀਜੇ ਵਿਸ਼ਵ ਯੁੱਧ ਨੂੰ ਹਵਾ ਦੇ ਸਕਦੇ ਹਨ। ਉਨ੍ਹਾਂ ਨੇ ਜੁਲਾਈ ਵਿੱਚ ਇੱਕ ਭਿਆਨਕ ਸ਼ੱਕ ਜ਼ਾਹਰ ਕੀਤਾ ਸੀ ਕਿ ਬੀਜਿੰਗ ਤਾਈਵਾਨ 'ਤੇ ਕਬਜ਼ਾ ਕਰ ਸਕਦਾ ਹੈ, ਜਦਕਿ ਪੁਤਿਨ ਨਾਟੋ ਦੇ ਕੁਝ ਦੇਸ਼ਾਂ, ਜਿਵੇਂ ਕਿ ਐਸਟੋਨੀਆ, ਲਾਤਵੀਆ ਤੇ ਲਿਥੁਆਨੀਆ ਵਰਗੇ ਬਾਲਟਿਕ ਗਣਰਾਜਾਂ 'ਤੇ ਹਮਲਾ ਕਰ ਸਕਦਾ ਹੈ। ਉਨ੍ਹਾਂ ਨੇ ਸ਼ੱਕ ਜਤਾਇਆ ਹੈ ਕਿ ਇਹ ਯੁੱਧ ਅੱਗੇ ਵਧ ਸਕਦਾ ਹੈ।

ਜਰਮਨੀ ਅਤੇ ਰੂਸ ਦੇ ਜ਼ਾਪਦ 2025 ਯੁੱਧ ਅਭਿਆਸ ਫਰਾਂਸ ਵਿੱਚ ਹਸਪਤਾਲਾਂ ਨੂੰ ਇਹ ਚੇਤਾਵਨੀ ਉਸ ਸਮੇਂ ਦਿੱਤੀ ਗਈ ਹੈ, ਜਦੋਂ ਜਰਮਨੀ ਦੇ ਸਿਖਰਲੇ ਜਨਰਲ ਨੇ ਪੁਸ਼ਟੀ ਕੀਤੀ ਹੈ ਕਿ ਬੇਲਾਰੂਸ ਵਿੱਚ ਆਯੋਜਿਤ ਹੋਣ ਵਾਲੇ ਰੂਸ ਦੇ ਜ਼ਾਪਦ 2025 ਯੁੱਧ ਅਭਿਆਸ ਦੌਰਾਨ ਨਾਟੋ ਦੇਸ਼ ਹਾਈ ਅਲਰਟ 'ਤੇ ਰਹਿਣਗੇ। ਜਨਰਲ ਕਾਰਸਟਨ ਬ੍ਰਿਊਅਰ ਨੇ ਕਿਹਾ ਕਿ ਮਾਸਕੋ ਦਾ ਅਭਿਆਸ ਕਿਸੇ ਹੋਰ ਗੰਭੀਰ ਖਤਰੇ ਦਾ ਚਿੰਨ ਹੋ ਸਕਦਾ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਕਿਹਾ ਕਿ "ਸਾਡੇ ਕੋਲ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਇਸ ਅਭਿਆਸ ਦੀ ਆੜ ਵਿੱਚ ਕਿਸੇ ਹਮਲੇ ਦੀ ਤਿਆਰੀ ਕੀਤੀ ਜਾ ਰਹੀ ਹੈ।" ਇਸ ਦੇ ਬਾਵਜੂਦ, ਯੂਰਪੀ ਦੇਸ਼ਾਂ ਵਿੱਚ ਤਣਾਅ ਦਾ ਮਾਹੌਲ ਸਾਫ਼ ਦਿਖਾਈ ਦੇ ਰਿਹਾ ਹੈ। ਜਰਮਨੀ ਅਤੇ ਪੋਲੈਂਡ ਵਰਗੇ ਦੇਸ਼ਾਂ ਵਿੱਚ ਬੰਕਰਾਂ ਦੀ ਉਸਾਰੀ ਅਤੇ ਫੌਜ ਵਿੱਚ ਭਰਤੀ ਨੂੰ ਤੇਜ਼ ਕਰਨ ਦੀਆਂ ਖਬਰਾਂ ਵੀ ਸਾਹਮਣੇ ਆ ਰਹੀਆਂ ਹਨ।

ਰੂਸ ਦੀ ਸਰਗਰਮੀ ਅਤੇ ਨਾਟੋ ਦੀ ਚਿੰਤਾ ਨਾਟੋ ਮੁਖੀ ਮਾਰਕ ਰੂਟੇ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਰੂਸ ਸਿਰਫ਼ ਤਿੰਨ ਮਹੀਨਿਆਂ ਵਿੱਚ ਓਨੇ ਹਥਿਆਰ ਬਣਾ ਰਿਹਾ ਹੈ, ਜਿੰਨੇ ਨਾਟੋ ਦੇ ਸਾਰੇ ਦੇਸ਼ ਮਿਲ ਕੇ ਇੱਕ ਸਾਲ ਵਿੱਚ ਬਣਾਉਂਦੇ ਹਨ। ਇਸ ਤੋਂ ਸਾਫ਼ ਹੈ ਕਿ ਰੂਸ ਦੀ ਫੌਜੀ ਸਮਰੱਥਾ ਨੂੰ ਲੈ ਕੇ ਨਾਟੋ ਦੇਸ਼ਾਂ ਵਿੱਚ ਚਿੰਤਾ ਵਧ ਰਹੀ ਹੈ। ਹਾਲਾਂਕਿ, ਰੂਸ ਨੇ ਨਾਟੋ ਮੁਖੀ ਰੂਟੇ ਦਾ ਮਜ਼ਾਕ ਉਡਾਇਆ ਅਤੇ ਕਿਹਾ ਕਿ ਉਨ੍ਹਾਂ ਨੇ "ਡੱਚ ਲੋਕਾਂ ਦੇ ਮਨਪਸੰਦ ਜਾਦੂਈ ਮਸ਼ਰੂਮਜ਼ ਬਹੁਤ ਜ਼ਿਆਦਾ ਖਾ ਲਏ ਹਨ" ਅਤੇ ਉਨ੍ਹਾਂ ਨੂੰ "ਸਾਈਬੇਰੀਆ ਦੇ ਨਰਕੀ ਸ਼ਰਮੀਕ ਸ਼ਿਵਿਰ ਵਿੱਚ ਭਵਿੱਖ ਬਿਤਾਉਣ" ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਬਿਆਨਬਾਜ਼ੀਆਂ ਨੇ ਦੋਵਾਂ ਧਿਰਾਂ ਵਿਚਕਾਰ ਤਣਾਅ ਨੂੰ ਹੋਰ ਵਧਾ ਦਿੱਤਾ ਹੈ।

ਯੂਰਪੀ ਦੇਸ਼ਾਂ ਵਿੱਚ ਚੱਲ ਰਹੀਆਂ ਇਨ੍ਹਾਂ ਤਿਆਰੀਆਂ ਨੇ ਵਿਸ਼ਵ ਪੱਧਰ 'ਤੇ ਚਿੰਤਾ ਵਧਾ ਦਿੱਤੀ ਹੈ। ਫਰਾਂਸ, ਜਰਮਨੀ ਅਤੇ ਪੋਲੈਂਡ ਵਰਗੇ ਦੇਸ਼ਾਂ ਵਿੱਚ ਹਸਪਤਾਲਾਂ ਨੂੰ ਯੁੱਧ ਦੀ ਸਥਿਤੀ ਲਈ ਤਿਆਰ ਕਰਨ, ਬੰਕਰਾਂ ਦੀ ਉਸਾਰੀ ਅਤੇ ਫੌਜੀ ਭਰਤੀ ਨੂੰ ਤੇਜ਼ ਕਰਨ ਦੀਆਂ ਖਬਰਾਂ ਸੰਕੇਤ ਦਿੰਦੀਆਂ ਹਨ ਕਿ ਯੂਰਪ ਇੱਕ ਵੱਡੇ ਸੰਘਰਸ਼ ਦੀ ਸੰਭਾਵਨਾ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ। ਹਾਲਾਂਕਿ, ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਾਰੀਆਂ ਤਿਆਰੀਆਂ ਸਿਰਫ਼ ਰੂਸ ਦੇ ਵਧਦੇ ਪ੍ਰਭਾਵ ਨੂੰ ਰੋਕਣ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਹੋ ਸਕਦੀਆਂ ਹਨ। ਪਰ ਇਹ ਸਪੱਸ਼ਟ ਹੈ ਕਿ ਵਿਸ਼ਵ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ, ਜਿੱਥੇ ਕੋਈ ਵੀ ਗਲਤ ਕਦਮ ਵੱਡੀ ਜੰਗ ਨੂੰ ਜਨਮ ਦੇ ਸਕਦਾ ਹੈ।

# ਹੈਰੋਇਨ ਤੇ ਹਥਿਆਰਾਂ ਦੀ ਸਮਗਲਿੰਗ ਵਿਚ ਪੰਜ ਬੰਦੇ ਗ੍ਰਿਫ਼ਤਾਰ

ਅੰਮ੍ਰਿਤਸਰ-ਸੀਮਾ ਸੁਰੱਖਿਆ ਬਲ ਤੇ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਪਾਕਿਸਤਾਨ ਤੋਂ ਮੰਗਵਾਏ ਗਏ ਤਿੰਨ ਕਿੱਲੋ ਤੋਂ ਵੱਧ ਹੈਰੋਇਨ, ਇਕ ਪਿਸਤੌਲ, ਦੋ ਮੈਗਜ਼ੀਨ, 63 ਕਾਰਤੂਸ, ਪਾਕਿਸਤਾਨ ਤੋਂ ਮੰਗਵਾਏ ਚਾਰ ਮੋਬਾਈਲ ਬਰਾਮਦ ਕੀਤੇ ਹਨ। ਮੁਲਜ਼ਮਾਂ ਵਿਰੁੱਧ ਘਰਿੰਡਾ ਥਾਣੇ ਵਿਚ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ।

ਬੀਐੱਸਐੱਫ ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗਿਰੋਹ ਦੇ ਹੋਰ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਵੱਖ-ਵੱਖ ਥਾਵਾਂ ਤੋਂ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਤੇ ਬਰਾਮਦਗੀਆਂ 'ਚ ਬੀਐੱਸਐੱਫ ਪੰਜ ਲੋਕਾਂ ਤੋਂ ਪੁੱਛਗਿੱਛ ਕਰ ਰਹੀ ਹੈ। ਬੀ ਐੱਸ ਐੱਫ ਨੇ ਅੰਮ੍ਰਿਤਸਰ ਦੇ ਭੈਣੀ ਰਾਜਪੂਤਾਂ ਨੇੜੇ ਇਕ ਡਰੋਨ ਤੋਂ ਪਾਕਿਸਤਾਨੀ ਤਸਕਰਾਂ ਵੱਲੋਂ ਸੁੱਟੇ ਗਏ ਤਿੰਨ ਪੈਕੇਟਾਂ 'ਚ ਇਕ ਕਿੱਲੋ ਤੇ 680 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਕ ਹੋਰ ਮਾਮਲੇ 'ਚ ਬੀਐੱਸਐੱਫ ਨੇ ਪਿੰਡ ਭੈਣੀ ਰਾਜਪੂਤਾਂ ਨੇੜੇ ਤਿੰਨ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ ਦੋ ਪੈਕੇਟ ਬਰਾਮਦ ਕੀਤੇ ਹਨ, ਜਿਸ 'ਚ ਇਕ ਪਿਸਤੌਲ, ਦੋ ਮੈਗਜ਼ੀਨ ਤੇ 63 ਕਾਰਤੂਸ ਬਰਾਮਦ ਕੀਤੇ ਗਏ ਹਨ। ਇਕ ਹੋਰ ਮਾਮਲੇ 'ਚ ਬੀਐੱਸਐੱਫ ਤੇ ਐੱਨਸੀਬੀ ਨੇ ਵੀਰਵਾਰ ਦੇਰ ਰਾਤ ਪਿੰਡ ਰੋੜਾਂਵਾਲਾ ਕਲਾਂ ਨੇੜੇ ਦੋ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

# ਹਾਈ ਕੋਰਟ ਵਿਖੇ 1984 ਦੌਰਾਨ ਗੁੜਗਾਉ ਪਟੌਦੀ ਵਿਚ 47 ਸਿੱਖਾਂ ਦੇ ਕਤਲੇਆਮ ਕੇਸਾਂ ਦੀ ਹੋਈ ਸੁਣਵਾਈ ਸ਼ੁਰੂ

## ✪ ਅਗਲੀ ਪੇਸ਼ੀ 2 ਦਸੰਬਰ 2025 ਨੂੰ, ਪੀੜ੍ਹਤਾਂ ਨੂੰ ਭਾਰਤੀ ਨਿਆਂ ਪ੍ਰਣਾਲੀ ਤਹਿਤ ਨਿਆਂ ਦੀ ਕਿਰਨ ਜਾਗੀ

ਜਗਰਾਉਂ-2 ਨਵੰਬਰ, 1984 ਨੂੰ ਸ਼ਹਿਰ ਗੁੜਗਾਉਂ ਪਟੌਦੀ (ਹਰਿਆਣਾ) ਵਿਖੇ ਵਹਿਸ਼ਿਆਨਾ ਨਸਲਵਾਦੀ ਭੀੜ ਨੇ ਸਿੱਖਾਂ ਦੇ 297 ਘਰਾਂ ਨੂੰ ਅੱਗ ਲਗਾ ਕੇ ਸਾੜ ਦਿੱਤਾ ਸੀ ਅਤੇ 47 ਸਿੱਖਾਂ ਨੂੰ ਗੰਭੀਰ ਜ਼ਖ਼ਮੀ ਕਰਕੇ ਮਾਰ ਮੁਕਾਇਆ ਸੀ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਗੁੜਗਾਉ ਪਟੌਦੀ ਵਿਚ 47 ਸਿੱਖਾਂ ਦੇ ਕਤਲੇਆਮ ਮਾਮਲੇ ਦੀ ਅਗਲੀ ਪੇਸ਼ੀ 2 ਦਸੰਬਰ 2025 ਨੂੰ ਹੈ। ਜਾਣਕਾਰੀ ਦਿੰਦਿਆਂ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਹੋਂਦ ਚਿੱਲੜ ਵਿਚ 32 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਲੜਾਈ ਦੇ ਨਾਲ-ਨਾਲ ਹੁਣ ਗੁੜਗਾਉ ਅਤੇ ਪਟੌਦੀ ਵਿਚ ਹੋਏ ਸਿੱਖਾਂ ਦੇ 47 ਕਤਲੇਆਮ ਤੇ ਹੋਰ ਪੀੜ੍ਹਤਾਂ ਦੇ ਮਾਮਲਿਆਂ ਨੂੰ ਨਿਆਂ ਤੇ ਇਨਸਾਫ਼ ਦਿਵਾਉਣ ਲਈ ਕਾਨੂੰਨੀ ਚਾਰਾਜੋਈ ਰਾਹੀਂ ਮੁੱਦਾ ਚੁੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਵਿਸ਼ੇਸ਼ ਯਤਨਾਂ ਸਦਕਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਖੇ ਰਿੱਟ ਨੰਬਰ 10904 ਮੌਕੇ ਦੇ ਗਵਾਹ 'ਤੇ ਪੀੜਤ ਸੰਤੋਖ ਸਿੰਘ ਸਾਹਨੀ ਅਤੇ ਹਾਈ ਕੋਰਟ ਦੇ ਸੀਨੀਅਰ ਵਕੀਲ ਰਾਹੀਂ ਕੋਰਟ ਵਿਚ 133 ਪਟੀਸ਼ਨਰਾਂ ਲਾਈਆਂ ਗਈਆਂ ਸਨ। ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਕਿ ਸੱਜਣ ਕੁਮਾਰ ਨੂੰ 4 ਦਹਾਕਿਆਂ ਬਾਅਦ ਉਮਰ ਕੈਦ ਦੀ ਸਜ਼ਾ ਹੋਣ ਤੋਂ ਬਾਅਦ 1984 ਹੋਦ ਚਿੱਲੜ ਗੜਵਾਉ ਪਟੌਦੀ ਹਰਿਆਣਾ ਦੇ ਸਿੱਖ ਕਤਲੇਆਮ ਦੇ ਪੀੜ੍ਹਤਾਂ ਨੂੰ ਭਾਰਤੀ ਨਿਆਂ ਪ੍ਰਣਾਲੀ ਤਹਿਤ ਇਨਸਾਫ਼ ਦੀ ਕਿਰਨ ਜਾਗੀ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਹਰਜੀਤ ਸਿੰਘ ਅੰਮ੍ਰਿਤਸਰ, ਪੀੜਤ ਬੀਬੀ ਗੁੱਡੀ ਦੇਵੀ, ਮਹਾਰਾਸ਼ਟਰ ਦੇ ਗੋਪਾਲ ਸਿੰਘ ਰੇਵਾੜੀ, ਸੁਰਜੀਤ ਕੌਰ ਹੋਂਦ ਚਿੱਲੜ, ਹਰਭਜਨ ਸਿੰਘ ਪੀਲੀਬੰਗਾ ਰਾਜਸਥਾਨ ਆਦਿ ਹਾਜ਼ਰ ਸਨ।

# ਅਮਰੀਕਾ-ਭਾਰਤ ਟੈਰਿਫ ਵਿਵਾਦ: ਬਾਬਾ ਰਾਮਦੇਵ ਦੀ ਸਵਦੇਸ਼ੀ ਮੁਹਿੰਮ ਨੂੰ ਕੀ ਲੋਕਾਂ ਲਾਭ ਹੋਵੇਗਾ?

## ਨਿਊਜ਼ ਵਿਸ਼ਲੇਸ਼ਣ ✪ ਕੀ ਪਤੰਜਲੀ ਦੀ ਮਾਰਕੀਟਿੰਗ ਵਪਾਰਕ ਹਥਕੰਡਾ ਹੈ?

ਅਮਰੀਕਾ ਅਤੇ ਭਾਰਤ ਵਿਚਕਾਰ ਚੱਲ ਰਿਹਾ ਟੈਰਿਫ ਵਿਵਾਦ ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਲਈ ਵਰਦਾਨ ਸਾਬਤ ਹੋ ਰਿਹਾ ਹੈ। ਇਸ ਵਿਵਾਦ ਨੇ ਸਵਦੇਸ਼ੀ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਦਾ ਮਾਹੌਲ ਪੈਦਾ ਕੀਤਾ ਹੈ, ਜਿਸ ਦਾ ਸਿੱਧਾ ਫਾਇਦਾ ਰਾਮਦੇਵ ਦੀ ਕੰਪਨੀ ਨੂੰ ਮਿਲ ਰਿਹਾ ਹੈ। 27 ਅਗਸਤ 2025 ਨੂੰ ਅਮਰੀਕਾ ਵੱਲੋਂ ਭਾਰਤੀ ਉਤਪਾਦਾਂ 'ਤੇ 25 ਫੀਸਦੀ ਵਾਧੂ ਟੈਰਿਫ ਲਾਗੂ ਕਰਨ ਦੇ ਐਲਾਨ ਤੋਂ ਬਾਅਦ, ਰਾਮਦੇਵ ਨੇ ਸਵਦੇਸ਼ੀ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ। ਉਸ ਨੇ ਪਤੰਜਲੀ ਦੇ ਉਤਪਾਦਾਂ ਨੂੰ ਭਾਰਤੀ ਸਵੈਮਾਣ ਅਤੇ ਸਵਦੇਸ਼ੀ ਅੰਦੋਲਨ ਨਾਲ ਜੋੜ ਕੇ ਲੋਕਾਂ ਨੂੰ ਆਕਰਸ਼ਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਵਦੇਸ਼ੀ ਅਪਣਾਉਣ ਦੀ ਅਪੀਲ ਨੇ ਵੀ ਰਾਮਦੇਵ ਦੀ ਇਸ ਮੁਹਿੰਮ ਨੂੰ ਹੋਰ ਬਲ ਦਿੱਤਾ। ਪਰ ਸਵਾਲ ਇਹ ਹੈ ਕਿ ਕੀ ਪਤੰਜਲੀ ਦੇ ਉਤਪਾਦਾਂ ਦੀ ਗੁਣਵੱਤਾ ਅਤੇ ਲੋਕਾਂ ਦਾ ਵਿਸ਼ਵਾਸ ਇਸ ਮੁਹਿੰਮ ਨੂੰ ਸਫਲ ਬਣਾ ਸਕਦਾ ਹੈ, ਖਾਸਕਰ ਜਦੋਂ ਕੰਪਨੀ ਨੂੰ ਅਦਾਲਤਾਂ ਤੋਂ ਕਈ ਵਾਰ ਚਿਤਾਵਨੀਆਂ ਮਿਲ ਚੁੱਕੀਆਂ ਹਨ?

### ਸਵਦੇਸ਼ੀ ਦੀ ਆੜ ਵਿੱਚ ਪਤੰਜਲੀ ਦੀ ਚਮਕ

ਬਾਬਾ ਰਾਮਦੇਵ ਪਿਛਲੇ ਕਈ ਸਾਲਾਂ ਤੋਂ ਪਤੰਜਲੀ ਨੂੰ ਸਵਦੇਸ਼ੀ ਬ੍ਰਾਂਡ ਦੇ ਰੂਪ ਵਿੱਚ ਪ੍ਰਚਾਰਦਾ ਰਿਹਾ ਹੈ। ਉਸ ਦਾ ਦਾਅਵਾ ਹੈ ਕਿ ਪਤੰਜਲੀ ਦੇ ਉਤਪਾਦ ਭਾਰਤੀ ਸੰਸਕ੍ਰਿਤੀ ਅਤੇ ਆਯੁਰਵੇਦ ਦੀ ਦੇਣ ਹਨ, ਜੋ ਵਿਦੇਸ਼ੀ ਕੰਪਨੀਆਂ ਦੇ ਮੁਕਾਬਲੇ ਵਧੇਰੇ ਸ਼ੁੱਧ ਅਤੇ ਕਿਫਾਇਤੀ ਹਨ। ਅਮਰੀਕਾ-ਭਾਰਤ ਟੈਰਿਫ ਵਿਵਾਦ ਨੇ ਉਸ ਨੂੰ ਇੱਕ ਸੁਨਹਿਰੀ ਮੌਕਾ ਦਿੱਤਾ ਹੈ। ਜਦੋਂ ਅਮਰੀਕਾ ਨੇ ਭਾਰਤੀ ਸਟੀਲ, ਅਲਮੀਨੀਅਮ ਅਤੇ ਹੋਰ ਉਤਪਾਦਾਂ 'ਤੇ ਵਾਧੂ ਟੈਰਿਫ ਲਗਾਇਆ, ਤਾਂ ਭਾਰਤ ਨੇ ਵੀ ਜਵਾਬੀ ਕਾਰਵਾਈ ਵਜੋਂ ਅਮਰੀਕੀ ਉਤਪਾਦਾਂ, ਜਿਵੇਂ ਕਿ ਸੇਬ, ਬਦਾਮ ਅਤੇ ਹੋਰ ਖੇਤੀਬਾੜੀ ਵਸਤਾਂ 'ਤੇ ਟੈਰਿਫ ਵਧਾ ਦਿੱਤੇ। ਇਸ ਨਾਲ ਵਿਦੇਸ਼ੀ ਉਤਪਾਦ ਮਹਿੰਗੇ ਹੋ ਗਏ ਅਤੇ ਰਾਮਦੇਵ ਨੇ ਇਸ ਮੌਕੇ ਦਾ ਫਾਇਦਾ ਉਠਾਉਂਦਿਆਂ ਪਤੰਜਲੀ ਦੇ ਸਵਦੇਸ਼ੀ ਉਤਪਾਦਾਂ ਨੂੰ ਪ੍ਰਮੋਟ ਕਰਨਾ ਸ਼ੁਰੂ ਕਰ ਦਿੱਤਾ।

ਰਾਮਦੇਵ ਅਤੇ ਉਸ ਦੀ ਟੀਮ ਨੇ ਟੈਲੀਵਿਜ਼ਨ ਚੈਨਲਾਂ, ਸੋਸ਼ਲ ਮੀਡੀਆ ਅਤੇ ਜਨਤਕ ਸਮਾਗਮਾਂ ਰਾਹੀਂ ਪਤੰਜਲੀ ਦੇ ਉਤਪਾਦਾਂ ਨੂੰ "ਭਾਰਤੀ ਸਵੈਮਾਣ" ਦਾ ਪ੍ਰਤੀਕ ਦੱਸਿਆ। ਦਿੱਲੀ ਅਤੇ ਨੋਇਡਾ ਦੇ ਮੀਡੀਆ ਹਾਊਸਾਂ ਵਿੱਚ ਉਸ ਦੀਆਂ ਇੰਟਰਵਿਊਆਂ ਵਿੱਚ ਇਹ ਸੁਨੇਹਾ ਸਪੱਸ਼ਟ ਸੀ ਕਿ ਭਾਰਤੀ ਬਾਜ਼ਾਰ ਨੂੰ ਵਿਦੇਸ਼ੀ ਕੰਪਨੀਆਂ ਤੋਂ ਬਚਾਉਣ ਲਈ ਸਵਦੇਸ਼ੀ ਅਪਣਾਉਣਾ ਜ਼ਰੂਰੀ ਹੈ। ਉਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਤੰਜਲੀ ਦੇ ਉਤਪਾਦ, ਜਿਵੇਂ ਕਿ ਸਾਬਣ, ਤੇਲ, ਦੰਦ ਮੰਜਣ ਅਤੇ ਖਾਣ-ਪੀਣ ਦੀਆਂ ਵਸਤਾਂ, ਖਰੀਦਣ ਤਾਂ ਜੋ ਵਿਦੇਸ਼ੀ ਮਹਿੰਗੇ ਸਾਮਾਨ 'ਤੇ ਨਿਰਭਰਤਾ ਘਟ ਸਕੇ। ਪ੍ਰਧਾਨ ਮੰਤਰੀ ਮੋਦੀ ਦੀ "ਆਤਮਨਿਰਭਰ ਭਾਰਤ" ਅਤੇ "ਵੋਕਲ ਫਾਰ ਲੋਕਲ" ਮੁਹਿੰਮ ਨੇ ਵੀ ਰਾਮਦੇਵ ਦੀਆਂ ਕੋਸ਼ਿਸ਼ਾਂ ਨੂੰ ਹੁਲਾਰਾ ਦਿੱਤਾ।



### ਗੁਣਵੱਤਾ 'ਤੇ ਸਵਾਲ ਅਤੇ ਅਦਾਲਤੀ ਝਾੜ

ਹਾਲਾਂਕਿ ਰਾਮਦੇਵ ਦੀ ਸਵਦੇਸ਼ੀ ਮੁਹਿੰਮ ਨੇ ਬਹੁਤ ਸਾਰੇ ਲੋਕਾਂ ਨੂੰ ਆਕਰਸ਼ਿਤ ਕੀਤਾ ਹੈ, ਪਰ ਪਤੰਜਲੀ ਦੇ ਉਤਪਾਦਾਂ ਦੀ ਗੁਣਵੱਤਾ 'ਤੇ ਸਵਾਲ ਵੀ ਉੱਠਦੇ ਰਹੇ ਹਨ। ਕਈ ਵਾਰ ਅਦਾਲਤਾਂ ਨੇ ਪਤੰਜਲੀ ਨੂੰ ਉਸ ਦੇ ਗੁੰਮਰਾਹਕੁੰਨ ਇਸ਼ਤਿਹਾਰਾਂ ਅਤੇ ਝੂਠੇ ਦਾਅਵਿਆਂ ਲਈ ਝਾੜ ਪਾਈ ਹੈ। ਉਦਾਹਰਣ ਵਜੋਂ, ਪਤੰਜਲੀ ਦੇ ਕੁਝ ਉਤਪਾਦਾਂ, ਜਿਵੇਂ ਕਿ ਕੋਰੋਨਿਲ, ਨੂੰ ਕੋਵਿਡ-19 ਦੇ ਇਲਾਜ ਦੇ ਤੌਰ 'ਤੇ ਪ੍ਰਚਾਰਿਆ ਗਿਆ ਸੀ, ਪਰ ਸਿਹਤ ਅਧਿਕਾਰੀਆਂ ਅਤੇ ਅਦਾਲਤਾਂ ਨੇ ਇਸ ਦੇ ਵਿਰੁੱਧ ਸਖਤ ਕਾਰਵਾਈ ਕੀਤੀ। ਇਸੇ ਤਰ੍ਹਾਂ, ਪਤੰਜਲੀ ਦੇ ਕਈ ਉਤਪਾਦਾਂ ਦੀ ਗੁਣਵੱਤਾ ਅਤੇ ਸ਼ੁੱਧਤਾ 'ਤੇ ਸਵਾਲ ਉੱਠੇ ਸਨ, ਜਿਸ ਕਾਰਨ ਖਪਤਕਾਰਾਂ ਦਾ ਇੱਕ ਵਰਗ ਉਸ ਦੇ ਉਤਪਾਦਾਂ 'ਤੇ ਸ਼ੱਕ ਕਰਦਾ ਹੈ।

ਇਸ ਦੇ ਬਾਵਜੂਦ, ਰਾਮਦੇਵ ਦੀ ਮਾਰਕੀਟਿੰਗ ਰਣਨੀਤੀ ਨੇ ਪਤੰਜਲੀ ਨੂੰ ਇੱਕ ਵੱਡਾ ਬ੍ਰਾਂਡ ਬਣਾਇਆ ਹੈ। ਪਰ ਸਵਾਲ ਇਹ ਹੈ ਕਿ ਕੀ ਸਵਦੇਸ਼ੀ ਦੀ ਆੜ ਵਿੱਚ ਵਿਕਣ ਵਾਲੇ ਇਹ ਉਤਪਾਦ ਸੱਚਮੁੱਚ ਉਸ ਗੁਣਵੱਤਾ ਨੂੰ ਪੂਰਾ ਕਰਦੇ ਹਨ, ਜਿਸ ਦੀ ਲੋਕ ਉਮੀਦ ਕਰਦੇ ਹਨ? ਕਈ ਮਾਹਿਰਾਂ ਦਾ ਮੰਨਣਾ ਹੈ ਕਿ ਪਤੰਜਲੀ ਦੇ ਕੁਝ ਉਤਪਾਦਾਂ ਵਿੱਚ ਵਿਦੇਸ਼ੀ ਸਮੱਗਰੀ ਦੀ ਵਰਤੋਂ ਵੀ ਹੁੰਦੀ ਹੈ, ਜੋ ਰਾਮਦੇਵ ਦੇ ਸਵਦੇਸ਼ੀ ਦਾਅਵੇ ਨੂੰ ਕਮਜ਼ੋਰ ਕਰਦੀ ਹੈ। ਇਸ ਤੋਂ ਇਲਾਵਾ, ਅਦਾਲਤੀ ਚਿਤਾਵਨੀਆਂ ਅਤੇ ਜੁਰਮਾਨਿਆਂ ਨੇ ਪਤੰਜਲੀ ਦੀ ਸਾਖ ਨੂੰ ਵੀ ਠੇਸ ਪਹੁੰਚਾਈ ਹੈ। ਖਪਤਕਾਰਾਂ ਦਾ ਇੱਕ ਵਰਗ ਇਹ ਸਵਾਲ ਕਰਦਾ ਹੈ ਕਿ ਕੀ ਪਤੰਜਲੀ ਦੇ ਉਤਪਾਦ ਸੱਚਮੁੱਚ ਵਿਦੇਸ਼ੀ ਬ੍ਰਾਂਡਾਂ ਨਾਲ ਮੁਕਾਬਲਾ ਕਰ ਸਕਦੇ ਹਨ। ਅਦਾਲਤੀ ਕਾਰਵਾਈਆਂ ਅਤੇ ਗੁਣਵੱਤਾ ਨਾਲ ਜੁੜੇ ਵਿਵਾਦਾਂ ਨੇ ਲੋਕਾਂ ਦੇ ਵਿਸ਼ਵਾਸ ਨੂੰ ਡਗਮਗਾਇਆ ਹੈ।

### ਅੱਗੇ ਦੀ ਰਾਹ ਅਤੇ ਸਵਾਲ

ਲੋਕਾਂ ਦਾ ਕਹਿਣਾ ਹੈ ਕਿ ਸਵਦੇਸ਼ੀ ਦੀ ਮੁਹਿੰਮ ਨੂੰ ਜਾਰੀ ਰੱਖਣ ਲਈ ਪਤੰਜਲੀ ਨੂੰ ਆਪਣੇ ਉਤਪਾਦਾਂ ਦੀ ਗੁਣਵੱਤਾ ਸੁਧਾਰਨੀ ਪਵੇਗੀ ਅਤੇ ਅਦਾਲਤੀ ਵਿਵਾਦਾਂ ਤੋਂ ਬਚਣਾ ਪਵੇਗਾ। ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਸਿਰਫ਼ ਮਾਰਕੀਟਿੰਗ ਜਾਂ ਭਾਵਨਾਤਮਕ ਅਪੀਲਾਂ ਕਾਫੀ ਨਹੀਂ ਹਨ; ਉਤਪਾਦਾਂ ਦੀ ਸ਼ੁੱਧਤਾ ਅਤੇ ਪ੍ਰਭਾਵਸ਼ੀਲਤਾ ਵੀ ਜ਼ਰੂਰੀ ਹੈ। ਇਸ ਦੇ ਨਾਲ ਹੀ, ਰਾਮਦੇਵ ਨੂੰ ਇਹ ਵੀ ਸਮਝਣਾ ਪਵੇਗਾ ਕਿ ਸਵਦੇਸ਼ੀ ਦਾ ਮਤਲਬ ਸਿਰਫ਼ ਵਿਦੇਸ਼ੀ ਉਤਪਾਦਾਂ ਦਾ ਬਾਈਕਾਟ ਨਹੀਂ, ਸਗੋਂ ਭਾਰਤੀ ਖਪਤਕਾਰਾਂ ਨੂੰ ਵਿਸ਼ਵ ਪੱਧਰੀ ਗੁਣਵੱਤਾ ਦੇਣਾ ਵੀ ਹੈ।

# ਵਕੀਲ ਨੂੰ ਡਿਜੀਟਲ ਅਰੈਸਟ ਕਰ ਕੇ ਠੱਗੇ 90 ਲੱਖ

## ✪ ਨਕਲੀ ਸੀਬੀਆਈ ਅਧਿਕਾਰੀ ਬਣ ਕੇ ਮਾਰੀ ਠੱਗੀ, 14 ਦਿਨ ਰੱਖਿਆ ਡਿਜੀਟਲ ਅਰੈਸਟ

ਬਠਿੰਡਾ-ਸੀਬੀਆਈ ਅਧਿਕਾਰੀ ਬਣ ਕੇ ਵਕੀਲ ਨੂੰ ਡਿਜੀਟਲ ਅਰੈਸਟ ਕਰ ਕੇ 90 ਲੱਖ ਰੁਪਏ ਠੱਗ ਲਏ। ਵਕੀਲ ਨੂੰ 14 ਦਿਨਾਂ ਤੱਕ ਡਿਜੀਟਲ ਅਰੈਸਟ ਰੱਖਿਆ ਅਤੇ ਮਨੀ ਲਾਂਡਰਿੰਗ ਦਾ ਮਾਮਲਾ ਦਰਜ ਕਰਨ ਦੀ ਧਮਕੀ ਦੇ ਕੇ ਉਸ ਨਾਲ ਠੱਗੀ ਕੀਤੀ। ਸਾਈਬਰ ਸੈੱਲ ਪੁਲਿਸ ਨੇ ਵਕੀਲ ਦੀ ਸ਼ਿਕਾਇਤ 'ਤੇ ਅਣਪਛਾਤੇ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਸੌ ਫੁੱਟੀ ਰੋਡ ਨੇੜੇ ਦਸਮੇਸ਼ ਪਬਲਿਕ ਸਕੂਲ ਦੇ ਵਾਸੀ ਵਕੀਲ ਹਰਿੰਦਰ ਸਿੰਘ ਨੇ ਦੱਸਿਆ ਕਿ 19 ਅਗਸਤ ਦੀ ਸਵੇਰ ਜਦੋਂ ਉਹ ਘਰ 'ਵਿਚ ਸਨ, ਉਨ੍ਹਾਂ ਨੂੰ ਵ੍ਹਟਸਐਪ ਨੰਬਰ ਤੋਂ ਮੈਸੇਜ ਆਇਆ। ਇਸ ਤੋਂ ਬਾਅਦ ਉਨ੍ਹਾਂ ਨੂੰ ਵ੍ਹਟਸਐਪ ਕਾਲ ਆਈ, ਜਿਸ ਵਿਚ ਅਣਪਛਾਤੇ ਵਿਅਕਤੀ ਨੇ ਖੁਦ ਨੂੰ ਸੀਬੀਆਈ ਦਾ ਏਐੱਸਆਈ ਵਿਜੇ ਖੰਨਾ ਦੱਸਿਆ। ਉਸ ਨੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਗਿਆ ਹੈ। ਉਸ ਨੇ ਕਿਹਾ ਕਿ ਹੁਣ ਸੀਬੀਆਈ ਦੇ ਉੱਚ ਅਧਿਕਾਰੀ ਉਨ੍ਹਾਂ ਨਾਲ ਵੀਡੀਓ ਕਾਲ ਰਾਹੀਂ ਪੁੱਛਗਿੱਛ ਕਰਨਗੇ। ਮੰਗਣ 'ਤੇ ਵਕੀਲ ਨੇ ਆਧਾਰ ਕਾਰਡ ਦੀ ਕਾਪੀ ਭੇਜ ਦਿੱਤੀ। ਫਰਜ਼ੀ ਸੀਬੀਆਈ ਅਧਿਕਾਰੀ ਨੇ ਕਿਹਾ ਕਿ ਜਦ ਤੱਕ ਸਾਡੀ ਜਾਂਚ ਪੂਰੀ ਨਹੀਂ ਹੁੰਦੀ, ਪਰਿਵਾਰ ਦੇ ਕਿਸੇ ਮੈਂਬਰ ਨਾਲ ਗੱਲ ਨਹੀਂ ਕਰ ਸਕਦੇ।



ਜੇਕਰ ਅਜਿਹਾ ਕੀਤਾ ਤਾਂ ਤੁਹਾਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

19 ਤੋਂ 25 ਅਗਸਤ ਤੱਕ ਉਕਤ ਫਰਜ਼ੀ ਸੀਬੀਆਈ ਅਧਿਕਾਰੀ ਵ੍ਹਟਸਐਪ ਅਤੇ ਵੀਡੀਓ ਕਾਲ ਰਾਹੀਂ ਧਮਕਾਉਂਦਾ ਰਿਹਾ। 25 ਅਗਸਤ ਨੂੰ ਉਸ ਵਿਅਕਤੀ ਨੇ ਵਕੀਲ ਤੋਂ ਬੈਂਕ ਬੈਲੈਂਸ, ਜਾਇਦਾਦ ਅਤੇ ਹੋਰ ਕੀਮਤੀ ਸਾਮਾਨ ਦੀ ਜਾਣਕਾਰੀ ਹਾਸਲ ਕਰ ਲਈ। ਇਸ ਤੋਂ ਬਾਅਦ ਇਕ ਕੁੜੀ ਨੇ ਉਨ੍ਹਾਂ ਨੂੰ ਵ੍ਹਟਸਐਪ ਕਾਲ ਕੀਤੀ ਅਤੇ ਆਈਸੀਆਈਸੀਆਈ ਬੈਂਕ ਦੇ ਖਾਤੇ ਵਿਚ 28 ਲੱਖ ਰੁਪਏ ਟਰਾਂਸਫਰ ਕਰਨ ਲਈ ਕਿਹਾ। ਇਸ ਤੋਂ ਬਾਅਦ ਲਗਾਤਾਰ ਧਮਕਾਇਆ ਗਿਆ, ਜਿਸ ਕਾਰਨ ਡਰ ਕੇ ਉਹ ਉਕਤ ਖਾਤਿਆਂ ਵਿਚ ਪੈਸੇ ਟਰਾਂਸਫਰ ਕਰਦਾ ਰਿਹਾ। ਇਸ ਤੋਂ ਬਾਅਦ ਠੱਗਾਂ ਨੇ ਵਕੀਲ ਨੂੰ ਕੋਰਟ ਦੀ ਫਰਜ਼ੀ ਜ਼ਮਾਨਤ ਅਤੇ ਸੁਪਰੀਮ ਕੋਰਟ ਦੇ ਫਰਜ਼ੀ ਦਸਤਾਵੇਜ਼ ਭੇਜੇ। ਠੱਗਾਂ ਨੇ ਵਕੀਲ ਨੂੰ 19 ਅਗਸਤ ਤੋਂ 1 ਸਤੰਬਰ ਤੱਕ ਡਿਜੀਟਲ ਅਰੈਸਟ ਰੱਖਿਆ ਅਤੇ ਵੱਖ-ਵੱਖ ਖਾਤਿਆਂ ਵਿਚ 90 ਲੱਖ ਰੁਪਏ ਟਰਾਂਸਫਰ ਕਰ ਲਏ। ਸਾਈਬਰ ਸੈੱਲ ਦੀ ਇੰਸਪੈਕਟਰ ਸੁਖਵੀਰ ਕੌਰ ਨੇ ਦੱਸਿਆ ਕਿ ਧੋਖਾਧੜੀ ਕਰਨ ਵਾਲੇ ਅਣਪਛਾਤੇ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

### ਵਕੀਲ ਨੇ ਬੇਟੀ ਤੋਂ ਪੈਸੇ ਉਧਾਰ ਮੰਗੇ ਤਾਂ ਧੋਖਾਧੜੀ ਦਾ ਪਤਾ ਚੱਲਿਆ

ਨਕਲੀ ਸੀਬੀਆਈ ਅਧਿਕਾਰੀ ਵਕੀਲ ਤੋਂ ਹਾਲੇ ਵੀ ਹੋਰ ਪੈਸੇ ਮੰਗ ਰਿਹਾ ਸੀ ਪਰ ਜਦੋਂ ਵਕੀਲ ਨੇ ਆਪਣੀ ਧੀ ਤੋਂ ਉਧਾਰ ਪੈਸੇ ਮੰਗੇ, ਤਾਂ ਪੂਰੀ ਘਟਨਾ ਦਾ ਪਰਦਾਫਾਸ਼ ਹੋ ਗਿਆ। ਵਕੀਲ ਨੇ ਧੀ ਅਮਨਦੀਪ ਕੌਰ ਨਾਲ ਗੱਲ ਕੀਤੀ। ਜਦੋਂ ਉਹ ਆਪਣੇ ਪਤੀ ਨਾਲ ਬਠਿੰਡਾ ਵਿਚ ਆਪਣੇ ਪਿਤਾ ਦੇ ਘਰ ਪਹੁੰਚੀ, ਤਾਂ ਉਸ ਨੇ ਉਨ੍ਹਾਂ ਨੂੰ ਸੀਬੀਆਈ ਅਧਿਕਾਰੀਆਂ ਨਾਲ ਹੋਈ ਚੈਟ ਦਿਖਾਈ, ਜਿਸ ਤੋਂ ਬਾਅਦ ਧੋਖਾਧੜੀ ਦਾ ਪਤਾ ਚੱਲਿਆ। ਇਸ ਤੋਂ ਬਾਅਦ ਵਕੀਲ ਨੇ ਸਾਈਬਰ ਕ੍ਰਾਈਮ ਥਾਣੇ ਵਿਚ ਸ਼ਿਕਾਇਤ ਦਰਜ ਕਰਾਈ।

# ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ਾਖ਼ਾਨਾ ਦੀ ਸੂਚੀ ਜਾਰੀ ਕਰੇ ਬਰਤਾਨੀਆ ਸਰਕਾਰ - ਤਰਲੋਚਨ ਸਿੰਘ

## ਤਰਲੋਚਨ ਸਿੰਘ ਦਾ ਬਰਤਾਨੀਆ ਸੰਸਦ ਵਿੱਚ ਸਿੱਖ ਕੌਮ ਦਾ ਹੀਰਾ ਪੁਰਸਕਾਰ ਨਾਲ ਸਨਮਾਨ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸੰਸਦ ਦੇ ਉਪਰਲੇ ਸਦਨ ਹਾਊਸ ਆਫ ਲਾਰਡ ਵਿੱਚ ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ: ਤਰਲੋਚਨ ਸਿੰਘ ਪਦਮ ਭੂਸ਼ਣ ਦੇ ਸਨਮਾਨ ਵਿੱਚ ਲਾਰਡ ਰੰਮੀ ਰੇਂਜ਼ਰ ਅਤੇ ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਵੱਲੋਂ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਲਾਰਡ ਕੁਲਦੀਪ ਸਿੰਘ ਸਹੋਤਾ, ਐਮ ਪੀ ਤਨਮਨਜੀਤ ਸਿੰਘ ਢੇਸੀ, ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਦੇ ਹਰਦਿਆਲ ਸਿੰਘ ਲੂਥਰ, ਹਰਦੀਪ ਸਿੰਘ ਆਦਿ ਤੋਂ ਇਲਾਵਾ ਵੱਖ-ਵੱਖ ਭਾਈਚਾਰਿਆਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਈਆਂ ਅਤੇ ਤਰਲੋਚਨ ਸਿੰਘ ਦਾ ਸਿੱਖ ਕੌਮ ਦਾ ਹੀਰਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।**



ਬਰਤਾਨੀਆ ਦੀ ਸੰਸਦ ਵਿੱਚ ਸ: ਤਰਲੋਚਨ ਸਿੰਘ ਦਾ ਤਰਲੋਚਨ ਸਿੰਘ ਦਾ ਸਿੱਖ ਕੌਮ ਦਾ ਹੀਰਾ ਪੁਰਸਕਾਰ ਨਾਲ ਸਨਮਾਨਿਤ ਕਰਦੇ ਹੋਏ ਲਾਰਡ ਰੰਮੀ ਰੇਂਜ਼ਰ, ਐਮ ਪੀ ਤਨਮਨਜੀਤ ਸਿੰਘ ਢੇਸੀ ਅਤੇ ਹੋਰ

ਇਸ ਮੌਕੇ ਬੋਲਦਿਆਂ ਲਾਰਡ ਰੰਮੀ ਰੇਂਜ਼ਰ ਨੇ ਕਿਹਾ ਸ: ਤਰਲੋਚਨ ਸਿੰਘ ਸਿੱਖ ਕੌਮ ਦਾ ਸਰਮਾਇਆ ਹੈ, ਉਹਨਾਂ ਕੋਲ ਸਿੱਖ ਇਤਿਹਾਸ ਦਾ ਵੱਡਾ ਖਜ਼ਾਨਾ ਹੈ। ਉਹਨਾਂ ਹਮੇਸ਼ਾਂ ਸਿੱਖਾਂ ਦੀ ਨੁਮਾਇੰਦਗੀ ਕੀਤੀ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਆਪਣਾ ਯੋਗਦਾਨ ਪਾਇਆ। ਐਮ ਪੀ ਢੇਸੀ ਅਤੇ ਲਾਰਡ ਸਹੋਤਾ ਨੇ ਕਿਹਾ ਸ: ਤਰਲੋਚਨ ਸਿੰਘ ਤੇ ਸਾਨੂੰ ਮਾਣ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਸ: ਤਰਲੋਚਨ ਸਿੰਘ ਨੇ ਕਿਹਾ ਕਿ ਅੱਜ ਜਦ ਪੰਜਾਬ ਤੋਂ ਬਾਹਰ ਸਿੱਖਾਂ ਦੀ ਵੱਡੀ ਵੱਸੋਂ ਹੈ ਅਤੇ ਉਹਨਾਂ ਦੇ ਆਪੋ ਆਪਣੇ ਮਸਲੇ ਹਨ। ਸਾਨੂੰ ਮਾਣ ਹੈ ਕਿ ਬਰਤਾਨੀਆ ਵਿੱਚ ਸਿੱਖ ਸੰਸਦ ਮੈਂਬਰਾਂ ਦੀ ਗਿਣਤੀ 12/13 ਤੱਕ ਪਹੁੰਚ ਗਈ ਹੈ। ਉਨ੍ਹਾਂ ਕਿਹਾ ਕਿ ਬਰਤਾਨਵੀ ਸਿੱਖ ਸੰਸਦ ਮੈਂਬਰਾਂ ਨੂੰ ਇਕੱਠੇ ਹੋ ਕੇ ਹਰ ਸਾਲ ਭਾਰਤ ਆਉਣਾ ਚਾਹੀਦਾ ਹੈ, ਜਿੱਥੇ ਇਹ ਦੋਵਾਂ ਦੇਸ਼ਾਂ ਵਿਚਾਲੇ ਪੁਲ ਦਾ ਕੰਮ ਕਰਨਗੇ ਉੱਥੇ ਭਾਰਤ ਵੱਸਦੇ ਸਿੱਖਾਂ ਨੂੰ ਮਾਣ ਹੋਵੇਗਾ ਅਤੇ ਪੂਰਾ ਭਾਰਤ ਸਿੱਖਾਂ ਦੀ ਇਸ ਪ੍ਰਾਪਤੀ ਤੇ ਮਾਣ ਮਹਿਸੂਸ ਕਰੇਗਾ। ਉਹਨਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਤੋਸ਼ਾਖ਼ਾਨਾ ਜਿਸ ਦੀ ਸੂਚੀ ਡਾ: ਲੌਗਿਨ ਨੇ ਤਿਆਰ ਕੀਤੀ ਸੀ ਉਹ ਜਾਰੀ ਕਰਨੀ ਚਾਹੀਦੀ ਹੈ ਅਤੇ ਜੋ ਵੀ ਸਿੱਖ ਰਾਜ ਦਾ ਸਰਮਾਇਆ ਲੁੱਟ ਕੇ ਲਿਆਂਦਾ ਘੱਟੋ-ਘੱਟ ਉਸ ਨੂੰ ਮਿਊਜ਼ੀਅਮ ਦੇ ਰੂਪ ਵਿੱਚ ਇੱਕ ਛੱਤ ਹੇਠ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ। ਤਾਂ ਜੋ ਦੁਨੀਆਂ ਅਤੇ ਸਾਡੀ ਅਗਲੀ ਪੀੜ੍ਹੀ ਇਸ ਨੂੰ ਵੇਖ ਸਕੇ।

ਸਾਨੂੰ ਪਤਾ ਭਾਰਤ ਵਿੱਚ ਸਾਨੂੰ ਕੀ ਚਾਹੀਦਾ ਹੈ। ਕਿਸੇ ਤਰ੍ਹਾਂ ਦੇ ਨਾ ਪੱਖੀ ਪ੍ਰਚਾਰ ਨਾਲੋਂ ਇਸ ਦੇਸ਼ ਵਿੱਚ ਆਪਣੇ ਚੰਗੇ ਭਵਿੱਖ ਲਈ ਕੰਮ ਕਰੋ। ਸਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਅੱਜ ਵਰਲਡ ਬੈਂਕ ਦਾ ਮੁਖੀ ਇੱਕ ਸਿੱਖ ਹੈ।

ਬਰਤਾਨੀਆਂ ਵਿੱਚ ਉੱਚ ਅਹੁਦਿਆਂ ਤੇ ਬੈਠੇ ਸਿੱਖਾਂ ਬਾਰੇ ਵੀ ਲੋਕਾਂ ਨੂੰ ਦੱਸਣ ਦੀ ਲੋੜ ਹੈ। ਇਸ ਤੋਂ ਇਲਾਵਾ ਉਨ੍ਹਾਂ ਹਿੰਦੂ ਸਿੱਖ ਭਾਈਚਾਰੇ ਦੀ ਮਜ਼ਬੂਤੀ ਅਤੇ ਵਿਸ਼ਵ ਜੰਗ ਦੇ ਸ਼ਹੀਦਾਂ ਦੀ ਬਣਾਈ ਜਾਣ ਵਾਲੀ ਯਾਦਗਾਰ ਦੇ ਨਾਲ ਨਾਲ ਸਾਰਾਗੜ੍ਹੀ ਦੀ ਜੰਗ ਦੀ ਯਾਦਗਾਰ ਬਣਾਉਣ ਦਾ ਸੁਝਾਅ ਦਿੱਤਾ।

# ਯੂ ਕੇ ਵਿੱਚ ਕਾਰ ਹਾਦਸੇ ਵਿੱਚ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਪੰਜ ਗੰਭੀਰ ਜ਼ਖਮੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੱਖਣੀ-ਪੂਰਬੀ ਇੰਗਲੈਂਡ ਦੇ ਏਸੇਕਸ ਵਿੱਚ ਦੋ ਕਾਰਾਂ ਦੀ ਟਕਰ ਵਿੱਚ ਤੇਲੰਗਾਨਾ ਦੇ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ, ਜਦੋਂ ਕਿ ਪੰਜ ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਸਥਾਨਕ ਪੁਲਿਸ ਨੇ ਇਹ ਜਾਣਕਾਰੀ ਦਿੰਦੇ ਹੋਏ***

ਦੱਸਿਆ ਕਿ ਇਹ ਘਟਨਾ ਸੋਮਵਾਰ ਤੜਕੇ ਰੇਲੇ ਸਪਰ 'ਤੇ ਹੋਈ।ਦੁਰਘਟਨਾ ਵਿੱਚ ਚੈਤਨਯ ਤਾਰੇ (23) ਨੂੰ ਘਟਨਾ ਸਥਾਨ 'ਤੇ ਵੀ ਮ੍ਰਿਤਕ ਐਲਾਨ ਦਿੱਤਾ ਗਿਆ, ਜਦੋਂ ਕਿ 21 ਸਾਲਾ ਕ੍ਰਿਸ਼ ਤੇਜਾ ਨੇ ਹਸਪਤਾਲ ਪਹੁੰਚ ਕੇ ਦਮ ਤੋੜ ਦਿੱਤਾ।ਏਸੇਕਸ ਪੁਲਿਸ ਨੇ ਦੁਰਘਟਨਾ ਸਬੰਧੀ ਦੋ ਆਦਮੀਆਂ ਨੂੰ ਖਤਰਨਾਕ ਢੰਗ ਨਾਲ ਵਾਹਨ ਚਲਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਹੈ।ਪੁਲਿਸ ਨੇ ਇਕ ਬਿਆਨ ਵਿਚ ਕਿਹਾ ਹੈ ਅਧਿਕਾਰੀ ਪੀੜਤਾਂ ਦੇ ਪਰਿਵਾਰਾਂ ਦੀ ਮਦਦ ਕਰ ਰਹੇ ਹਨ। ਪੰਜ ਹੋਰ ਲੋਕਾਂ ਦਾ ਇਲਾਜ ਚੱਲ ਰਿਹਾ ਹੈ। ਗ੍ਰਿਫਤਾਰ ਕੀਤੇ ਗਏ ਦੋਵਾਂ ਵਿਅਕਤੀਆਂ ਨੂੰ 20 ਨਵੰਬਰ ਤੱਕ ਜਮਾਨਤ ਤੇ ਰਿਹਾਅ ਕਰ ਦਿੱਤਾ ਹੈ।

# ਸਾਬਕਾ ਕਬੱਡੀ ਖਿਡਾਰੀ ਮੰਗੀ ਸੁਰਖਪੁਰੀਆ ਦਾ ਸਾਊਥਾਲ ਵਿਖੇ ਸਨਮਾਨ



**ਮੰਗੀ ਸੁਰਖਪੁਰੀਆ ਦਾ ਸਨਮਾਨ ਕਰਦੇ ਹੋਏ ਸਾਊਥਾਲ ਕਬੱਡੀ ਕਲੱਬ ਦੇ ਪ੍ਰਬੰਧਕ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਬਕਾ ਕਬੱਡੀ ਖਿਡਾਰੀ ਮੰਗੀ ਸੁਰਖਪੁਰੀਆ ਦਾ ਸਾਊਥਾਲ ਕਬੱਡੀ ਕਲੱਬ ਵੱਲੋਂ ਵਿਸ੍ਹੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ ਨੇ ਕਿਹਾ ਕਿ ਮੰਗੀ ਸੁਰਖਪੁਰੀਆ ਦੀ ਖੇਡ ਨੂੰ ਹਰ ਕੋਈ ਅੱਜ ਵੀ ਯਾਦ ਕਰਦਾ ਹੈ। ਉਹਨਾਂ ਕਿਹਾ ਕਿ ਮੰਗੀ ਨੇ ਦੇਸ਼ ਵਿਦੇਸ਼ ਵਿੱਚ ਕਬੱਡੀ ਖੇਡੀ ਅਤੇ ਆਪਣੀ ਛਾਪ ਛੱਡੀ। ਇਸ ਮੌਕੇ ਸਾਊਥਾਲ ਕਬੱਡੀ ਕਲੱ ਦੇ ਪ੍ਰਧਾਨ ਪਾਲਾ ਬਾਜਵਾ, ਚੇਅਰਮੈਨ ਗੁਰਮੀਤ ਸਿੰਘ ਰੰਧਾਵਾ, ਰਣਜੀਤ ਵੜੈਚ, ਪਾਲੀ ਸੰਘਾ, ਪੰਮਾ ਔਜਲਾ, ਬਲਦੇਵ ਬੁਲਟ, ਹਰਮਨ, ਸਤਨਾਮ ਸਿੰਘ ਛੀਨਾ, ਲਵਲੀ ਰੰਧਾਵਾ, ਕਮਲ ਠੇਕੇਦਾਰ ਆਦਿ ਹਾਜ਼ਰ ਸਨ।

# ਪੈਂਟਾਗਨ ਦਾ ਨਾਂ ਜੰਗ ਦਾ ਵਿਭਾਗ ਰੱਖਿਆ ਜਾਵੇਗਾ, ਟਰੰਪ ਛੇਤੀ ਕਰਨਗੇ ਆਦੇਸ਼ ਜਾਰੀ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੈਂਟਾਗਨ ਦਾ ਨਾਂ ਡਿਪਾਰਟਮੈਂਟ ਆਫ ਵਾਰਰੱਖਣ ਦਾ ਫੈਸਲਾ ਕੀਤਾ ਹੈ ਤੇ ਇਸ ਸਬੰਧੀ ਉਹ ਛੇਤੀ ਆਦੇਸ਼ ਜਾਰੀ ਕਰਨਗੇ। ਪੈਂਟਾਗਨ ਦਾ ਨਾਂ ਡਿਪਾਰਟਮੈਂਟ ਆਫ ਵਾਰ 1947 ਵਿੱਚ ਰੱਖਣ ਦਾ ਫੈਸਲਾ ਹੋਇਆ ਸੀ ਪਰੰਤੂ ਕੈਬਨਿਟ ਦੇ ਪੁਨਰਗਠਨ ਕਾਰਨ ਇਸ ਨੂੰ ਰੋਕ ਲਿਆ ਗਿਆ ਸੀ। ਨਾਂ ਬਦਲਣ ਦੀ ਪੁਸ਼ਟੀ ਕਰਦਿਆਂ ਵਾਇਟ ਹਾਊਸ ਦੇ ਇੱਕ ਅਧਿਕਾਰੀ ਨੇ ਕਿਹਾ ਹੈ ਕਿ ਅਗਲੇ ਕੁੱਝ ਘੰਟਿਆਂ ਦੌਰਾਨ ਰਾਸ਼ਟਰਪਤੀ ਇਸ ਸਬੰਧੀ ਕਾਰਜਕਾਰੀ ਆਦੇਸ਼ ਉੱਪਰ ਦਸਤਖਤ ਕਰ ਸਕਦੇ ਹਨ।**

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਸਿੱਖ ਸੇਵਕ ਸੁਸਾਇਟੀ ਹੜ੍ਹ ਪੀੜਤ ਪਿੰਡਾਂ ਵਿੱਚ ਸਰਗਰਮ

ਵਿਸ਼ੇਸ਼ ਖਬਰ

## ✪ ਪਿੰਡਾਂ ਵਿਚ ਬਿਮਾਰੀਆਂ ਤੋਂ ਬਚਾਉਣ ਲਈ ਮੱਛਰਮਾਰ ਦਵਾਈਆਂ ਦਾ ਛਿੜਕਾਅ ਕੀਤਾ ✪ ਸਿਖ ਸੰਗਤਾਂ ਇਸ ਸੰਕਟ ਦੀ ਘੜੀ ਵਿੱਚ ਅੱਗੇ ਆਉਣ ਅਤੇ ਪੀੜਤਾਂ ਦੀ ਮਦਦ ਲਈ ਹੱਥ ਵਟਾਉਣ







ਪੰਜਾਬ ਦੇ ਕਈ ਖੇਤਰਾਂ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ, ਜਿਸ ਦੀ ਇੱਕ ਵੱਡੀ ਮਿਸਾਲ ਸੁਲਤਾਨਪੁਰ ਲੋਧੀ ਦੇ ਨੇੜਲੇ ਪਿੰਡ ਸਰੂਪਵਾਲ, ਸੇਖਮਾਗਾ, ਭਰੂਵਾਣਾ, ਟਿੱਬੀ, ਮੰਡ, ਅਤੇ ਇੰਦਰਪੁਰ ਆਲੂਵਾਲ ਵਿੱਚ ਵੇਖਣ ਨੂੰ ਮਿਲੀ। ਇੱਥੇ ਬਾਊਪੁਰ ਵਾਲਾ ਬੰਨ ਟੁੱਟਣ ਕਾਰਨ ਹੜ੍ਹ ਦਾ ਪਾਣੀ ਪਿੰਡਾਂ ਪਿੰਡ ਸੇਖਮਾਗਾ, ਭਰੂਵਾਣਾ, ਟਿੱਬੀ, ਮੰਡ, ਅਤੇ ਇੰਦਰਪੁਰ ਆਲੂਵਾਲ ਆਦਿ ਵਿੱਚ ਵਿੱਚ ਵੜ ਗਿਆ, ਜਿਸ ਨੇ ਝੋਨੇ ਅਤੇ ਪਠੇ ਦੀਆਂ ਫਸਲਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ। ਲੋਕਾਂ ਦੇ ਘਰਾਂ ਵਿੱਚ ਪਾਣੀ ਵੜਨ ਕਾਰਨ ਉਨ੍ਹਾਂ ਦਾ ਸਮਾਨ ਵੀ ਤਬਾਹ ਹੋ ਗਿਆ। ਇਸ ਤਬਾਹੀ ਦੇ ਵਿਚਕਾਰ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਮਨੁੱਖਤਾ ਦੀ ਸੇਵਾ ਦਾ ਬੀੜਾ ਚੁੱਕਿਆ ਅਤੇ ਪੀੜਤ ਪਿੰਡਾਂ ਵਿੱਚ ਰਾਸ਼ਨ, ਪਾਣੀ, ਅਤੇ ਹੋਰ ਜਰੂਰੀ ਸਮੱਗਰੀ ਵੰਡੀ ਤੇ ਮੱਛਰਮਾਰ ਦਵਾਈਆਂ ਦਾ ਛਿੜਕਾਅ ਕੀਤਾ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦਾ ਕਹਿਣਾ ਹੈ ਕਿ ਸਰਕਾਰੀ ਅਧਿਕਾਰੀ ਅਜੇ ਵੀ ਇਨ੍ਹਾਂ ਪਿੰਡਾਂ ਵਿੱਚ ਨਹੀਂ ਪਹੁੰਚੇ, ਜਿਸ ਕਾਰਨ ਲੋਕਾਂ ਵਿੱਚ ਰੋਸ ਹੈ।

### ਹੜ੍ਹ ਦੀ ਤਬਾਹੀ ਅਤੇ ਸਿਖ ਸੇਵਕ ਸੁਸਾਇਟੀ ਦੀ ਸੇਵਾ

ਸਿੱਖ ਸੇਵਕ ਸੁਸਾਇਟੀ ਸੁਸਾਇਟੀ ਦੇ ਮੁਖ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਅਤੇ ਸਕੱਤਰ ਜਨਰਲ ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਦੀ ਅਗਵਾਈ ਵਿੱਚ ਸੇਵਕਾਂ ਨੇ ਪਿੰਡ ਸਰੂਪਵਾਲ ਅਤੇ ਨੇੜਲੇ ਖੇਤਰਾਂ ਵਿੱਚ ਰਾਸ਼ਨ ਅਤੇ ਪੀਣ ਵਾਲਾ ਪਾਣੀ ਵੰਡਿਆ। ਇਸ ਦੌਰਾਨ ਸੇਵਾ ਵਿੱਚ ਬਾਬਾ ਲਾਲ ਸਿੰਘ, ਦਲਜਿੰਦਰ ਸਿੰਘ ਗਰੇਵਾਲ, ਬਾਬਾ ਅਜੀਤਪਾਲ ਸਿੰਘ, ਅਤੇ ਸਾਹਿਬ ਸਿੰਘ ਆਰਟਿਸਟ ਜਲੰਧਰ ,ਬਲਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ, ਹਰਦੇਵ ਸਿੰਘ ਗਰਚਾ,ਕਮਲਜੀਤ ਸਿੰਘ ਜਮਸ਼ੇਰ ਵਰਗੇ ਸੇਵਾਦਾਰ ਸ਼ਾਮਲ ਸਨ। ਪਿੰਡ ਦੇ ਮੁਹਤਬਰ ਸੱਜਣਾਂ ਵਿੱਚ ਬਲਕਾਰ ਸਿੰਘ, ਰੇਸ਼ਮ ਸਿੰਘ, ਲਖਵਿੰਦਰ ਸਿੰਘ (ਪ੍ਰਧਾਨ ਗੁਰਦੁਆਰਾ ਸਿੰਘ ਸਭਾ ਸਰੂਪਵਾਲ), ਗਿਆਨੀ ਬਲਵੰਤ ਸਿੰਘ, ਜੋਗਿੰਦਰ ਸਿੰਘ, ਸੁਖਰਾਜ ਸਿੰਘ, ਅਤੇ ਮਦਨ ਲਾਲ ਬਾਲਮੀਕੀ ਨੇ ਵੀ ਸਹਿਯੋਗ ਦਿੱਤਾ। ਪਿੰਡ ਸੇਖਮਾਗਾ ਵੱਲੋਂ ਗੁਰਚਰਨ ਸਿੰਘ ਅਤੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਨੇ ਮਹੱਤਵਪੂਰਨ ਯੋਗਦਾਨ ਪਾਇਆ।



### ਜਰੂਰੀ ਸਮੱਗਰੀ ਦੀ ਲੋੜ ਅਤੇ ਮੈਡੀਕਲ ਸਹਾਇਤਾ

ਸਿਖ ਸੇਵਕ ਸੁਸਾਇਟੀ ਨੇ ਦੱਸਿਆ ਕਿ ਹੜ੍ਹ ਪੀੜਤ ਪਿੰਡਾਂ ਵਿੱਚ ਰਾਸ਼ਨ ਅਤੇ ਪੀਣ ਵਾਲੇ ਪਾਣੀ ਦੀ ਵੰਡ ਤਾਂ ਸ਼ੁਰੂ ਹੋ ਚੁੱਕੀ ਹੈ, ਪਰ ਅਜੇ ਵੀ ਕਈ ਜਰੂਰੀ ਚੀਜਾਂ ਦੀ ਘਾਟ ਹੈ। ਪੀੜਤ ਲੋਕਾਂ ਨੂੰ ਤਿਰਪਾਲਾਂ, ਮਛਰਦਾਨੀਆਂ, ਮਛਰ ਮਾਰ ਦਵਾਈਆਂ, ਅਤੇ ਫੋਗਿੰਗ ਮਸ਼ੀਨਾਂ ਦੀ ਸਖਤ ਲੋੜ ਹੈ। ਹੜ੍ਹ ਦੇ ਪਾਣੀ ਕਾਰਨ ਮੱਛਰਾਂ ਦੀ ਗਿਣਤੀ ਵਧਣ ਨਾਲ ਡੇਂਗੂ ਅਤੇ ਮਲੇਰੀਆ ਵਰਗੀਆਂ ਬੀਮਾਰੀਆਂ ਦਾ ਖ਼ਤਰਾ ਵਧ ਗਿਆ ਹੈ। ਇਸ ਲਈ ਸੁਸਾਇਟੀ ਨੇ ਫੈਸਲਾ ਕੀਤਾ ਹੈ ਕਿ ਇਨ੍ਹਾਂ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾਣਗੇ, ਜਿਸ ਵਿੱਚ ਲੋਕਾਂ ਨੂੰ ਸਿਹਤ ਸੰਬੰਧੀ ਸਹਾਇਤਾ ਦਿੱਤੀ ਜਾਵੇਗੀ। ਜਰੂਰੀ ਸਮਗਰੀ ਵੰਡੀ ਜਾਵੇਗੀ। ਸੁਸਾਇਟੀ ਕੋਲ ਦੋ ਵਿਦੇਸ਼ੀ ਫੋਗਿੰਗ ਮਸ਼ੀਨਾਂ ਹਨ, ਜਿਨ੍ਹਾਂ ਨਾਲ ਪਿੰਡਾਂ ਵਿੱਚ ਮਛਰ ਮਾਰ ਦਵਾਈ ਦਾ ਛਿੜਕਾਅ ਕੀਤਾ ਜਾਵੇਗਾ।

### ਸਰਕਾਰੀ ਨਿਘਾਰ ਅਤੇ ਗੈਰ-ਕਾਨੂੰਨੀ ਰੇਤ ਖੁਦਾਈ

ਸਿੱਖ ਸੇਵਕ ਸੁਸਾਇਟੀ ਦੇ ਆਗੂਆਂ ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਭਾਰੀ ਮੀਂਹ ਅਤੇ ਹੜ੍ਹਾਂ ਨੇ ਤਾਂ ਤਬਾਹੀ ਮਚਾਈ ਹੀ, ਪਰ ਇਸ ਦਾ ਇੱਕ ਵੱਡਾ ਕਾਰਨ ਦਹਾਕਿਆਂ ਤੋਂ ਗੈਰ-ਕਾਨੂੰਨੀ ਰੇਤ ਅਤੇ ਬਜਰੀ ਦੀ ਖੁਦਾਈ ਵੀ ਹੈ। ਅਫਸਰਸ਼ਾਹੀ ਇਸ ਕਾਲੇ ਧੰਦੇ ਨੂੰ ਰੋਕਣ ਵਿੱਚ ਨਾਕਾਮ ਰਹੀਆਂ ਹਨ। ਇਸ ਕਾਰਨ ਨਦੀਆਂ ਦੇ ਬੰਨ ਕਮਜੋਰ ਹੋ ਗਏ ਅਤੇ ਹੜ੍ਹ ਦੀ ਸਥਿਤੀ ਹੋਰ ਵਿਗੜ ਗਈ ਵਡੀ ਗਲ ਹੈ ਕਿ ਦਰਿਆਵਾਂ ਦੀ ਸਫਾਈ ਨਹੀਂ ਹੋਈ। ਸਰਕਾਰ ਨੂੰ ਇਸ ਪ੍ਰਬੰਧ ਵਲ ਖਾਸ ਧਿਆਨ ਦੇਣ ਦੀ ਲੋੜ ਹੈ।

ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ ਨੇ ਕਿਹਾ ਕਿ ਸਰਕਾਰੀ ਅਧਿਕਾਰੀ ਹੜ ਪੀੜਤ ਇਲਾਕਿਆਂ ਦੀ ਸਾਰ ਲੈਣ ਜਿਵੇ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਨੇ ਰੋਲ ਨਿਭਾਇਆ ਹੈ। ਉਹਨਾਂ ਕਿਹਾ ਕਿ ਸਿੱਖ ਸੇਵਕ ਸੁਸਾਇਟੀ ਨੇ ਫੈਸਲਾ ਕੀਤਾ ਹੈ ਕਿ ਉਹ ਹੜ੍ਹ ਪੀੜਤ ਪਿੰਡਾਂ ਵਿੱਚ ਨਿਰੰਤਰ ਸੇਵਾ ਜਾਰੀ ਰੱਖਣਗੇ। ਸੁਸਾਇਟੀ ਨੇ ਦੇਸ ਵਿਦੇਸ਼ ਵਿਚ ਬੈਠੇ ਸਿਖ ਪੰਥ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਸੰਕਟ ਦੀ ਘੜੀ ਵਿੱਚ ਅੱਗੇ ਆਉਣ ਅਤੇ ਪੀੜਤਾਂ ਦੀ ਮਦਦ ਲਈ ਹੱਥ ਵਟਾਉਣ। ਉਹਨਾਂ ਜਥੇਦਾਰ ਡੋਗਰਾਂਵਾਲੇ ਦੀ ਸ਼ਲਾਘਾ ਕੀਤੀ ਜਿਹਨਾਂ ਸ੍ਰੋਮਣੀ ਕਮੇਟੀ ਵਲੋਂ ਵਧੀਆ ਪ੍ਰਬੰਧ ਕਰਕੇ ਹੜ ਪੀੜਤਾਂ ਦੀ ਸਹਾਇਤਾ ਕੀਤੀ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲੇ ਨੇ ਦਸਿਆ ਨੇ ਦੱਸਿਆ ਕਿ ਕੁਝ ਲੋਕ, ਜੋ ਹੜ੍ਹ ਦੇ ਸਿੱਧੇ ਪੀੜਤ ਨਹੀਂ ਹਨ, ਉਹ ਵੀ ਸੜਕਾਂ ਦੇ ਕਿਨਾਰੇ ਮੰਗਣ ਦਾ ਧੰਦਾ ਕਰ ਰਹੇ ਹਨ। ਇਹ ਲੋਕ ਮਦਦ ਦੀ ਆੜ ਵਿੱਚ ਗਲਤ ਫਾਇਦਾ ਉਠਾ ਰਹੇ ਹਨ। ਸਰਕਾਰ ਨੂੰ ਇਸ ਮੁੱਦੇ 'ਤੇ ਸਖਤੀ ਨਾਲ ਪਹੁੰਚ ਕਰਨ ਦੀ ਲੋੜ ਹੈ ਅਤੇ ਅਜਿਹੇ ਲੋਕਾਂ ਨੂੰ ਹਟਾਉਣਾ ਚਾਹੀਦਾ ਹੈ, ਤਾਂ ਜੋ ਸੱਚੇ ਪੀੜਤਾਂ ਤੱਕ ਮਦਦ ਪਹੁੰਚ ਸਕੇ। ਉਨ੍ਹਾਂ ਨੇ ਕਿਹਾ ਕਿ ਪੰਥਕ ਜਥੇਬੰਦੀਆਂ ਤੇ ਹੜ ਪੀੜਤਾਂ ਦੀ ਸਹਾਇਤਾ ਕਰਨ ਵਾਲੀਆਂ ਜਥੇਬੰਦੀਆਂ ਸ੍ਰੋਮਣੀ ਕਮੇਟੀ ਦੇ ਕੇਂਦਰਾਂ ਨਾਲ ਸੰਪਰਕ ਕਰਨ। ਇਹ ਹਰ ਜਿਲੇ ਵਿਚ ਕੇਂਦਰ ਹਨ ਤਾਂ ਜੋ ਸਹਾਇਤਾ ਪੀੜਤ ਲੋਕਾਂ ਤਕ ਪਹੁੰਚ ਸਕੇ।

## ਦਿੱਲੀ ਕਮੇਟੀ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਕੀਤੀ




ਅੰਮ੍ਰਿਤਸਰ-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਡੇਰਾ ਬਾਬਾ ਨਾਨਕ ਤੇ ਅਜਨਾਲਾ ਵਿਖੇ ਕਮੇਟੀ ਵੱਲੋਂ ਲਗਾਏ ਗਏ ਹੜ੍ਹ ਰਾਹਤ ਕੈਂਪਾਂ ਦਾ ਦੌਰਾ ਕੀਤਾ। ਇਸ ਮੌਕੇ ਕਾਲਕਾ ਨੇ ਹੜ੍ਹ-ਪ੍ਰਭਾਵਿਤ ਪਰਿਵਾਰਾਂ ਨਾਲ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਤੇ ਮੌਕੇ 'ਤੇ ਹਾਲਾਤ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਹੜ੍ਹ ਪੀੜਤਾਂ 'ਚ ਦੋ ਟਰੱਕ ਰਾਹਤ ਸਮੱਗਰੀ ਵੰਡੀ ਗਈ ਹੈ। ਕਾਲਕਾ ਨੇ ਕਿਹਾ ਕਿ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ ਹੈ ਤਾਂ ਜੋ ਹੜ੍ਹ ਨਾਲ ਬਰਬਾਦ ਹੋਈ ਜ਼ਮੀਨ ਨੂੰ ਮੁੜ ਖੇਤੀ ਲਈ ਤਿਆਰ ਕੀਤਾ ਜਾ ਸਕੇ।

# ਲੈਸਟਰ ਦੇ ਗੁਰਦੁਆਰਾ ਸਾਹਿਬ ਨੇ ਹੜ੍ਹ ਪੀੜਤਾਂ ਲਈ ਭੇਜੀ 50 ਲੱਖ ਦੀ ਸਹਾਇਤਾ ਰਾਸ਼ੀ

## ○ ਸੰਗਤਾਂ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਮਾਇਆ ਦੀ ਨਹੀਂ ਆਉਂਣ ਦਿੱਤੀ ਜਾਵੇਗੀ ਕਮੀ : ਰਾਜਾ ਸਿੰਘ ਕੰਗ


ਲੈਸਟਰ ਵਿਖੇ ਹੜ ਪੀੜਤ ਲੋਕਾਂ ਦੀ ਮਦਦ ਕਰਨ ਲਈ ਹੋਈ ਵਿਸਾਲ ਇਕੱਤਰਤਾ ਵਿੱਚ ਹਾਜ਼ਿਰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਹਾਜ਼ਿਰ ਸੰਗਤਾਂ।

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਵਿਖੇ ਲੈਸਟਰ ਦੀਆਂ ਸੰਗਤਾਂ ਦੀ ਵਿਸ਼ਾਲ ਇਕੱਤਰਤਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ ਗੁਰਨਾਮ ਸਿੰਘ ਨਵਾਂ ਸ਼ਹਿਰ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਵਿਖੇ ਹੋਈ। ਇਸ ਵਿਸ਼ਾਲ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਤੀਰ ਗਰੁੱਪ ਦੇ ਬੁਲਾਰੇ ਅਤੇ ਗੁਰੂ ਘਰ ਦੇ ਸਾਬਕਾ ਪ੍ਰਧਾਨ ਸ ਰਾਜਮਨਵਿੰਦਰ ਸਿੰਘ ਰਾਜਾ ਕੰਗ ਨੇ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਹੜਾ ਦੀ ਮਾਰ ਕਾਰਨ ਸਾਡੇ ਵੀਰ, ਭੈਣ ਭਰਾ ਘਰਾਂ ਤੋਂ ਵਾਂਝੇ ਹੋ ਗਏ ਹਨ, ਜਮੀਨਾਂ ਜਾਇਦਾਦਾਂ ਦਾ ਵੱਡਾ ਨੁਕਸਾਨ ਹੋਇਆ ਹੈ। ਹੜਾ ਵਿੱਚ ਸਾਰਾ ਸਮਾਨ ਰੁੜ ਗਿਆ ਹੈ।

ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਲਈ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ 50 ਲੱਖ ਰੁਪਏ ਦੀ ਰਾਸ਼ੀ ਲੋੜਵੰਦ ਪਰਿਵਾਰਾਂ ਦੇ ਮੁੜ ਵਸੇਬੇ ਲਈ ਭੇਜੀ ਜਾ ਰਹੀ ਹੈ। ਸ ਕੰਗ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਲੋਕਾਂ ਦੀ ਮਦਦ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਤਕੜੇ ਹੋ ਕੇ ਕੰਮ ਕਰਨ, ਵਿਦੇਸ਼ਾਂ ਵਿਚ ਵੱਸਦੀ ਸੰਗਤ ਵੱਲੋਂ ਮਾਇਆ ਦੀ ਕਮੀਂ ਨਹੀਂ ਆਉਂਣ ਦਿੱਤੀ ਜਾਵੇਗੀ। ਸ ਕੰਗ ਨੇ ਇੰਗਲੈਂਡ ਦੇ ਬਾਕੀ ਗੁਰੂ ਘਰਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਵੱਧ ਚੜ ਕੇ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣ। ਇਸੇ ਤਰ੍ਹਾਂ ਗੁਰਦੁਆਰਾ ਸਾਹਿਬ ਦੇ ਮੌਜੂਦਾ ਪ੍ਰਧਾਨ ਸ ਗੁਰਨਾਮ ਸਿੰਘ ਨਵਾਂ ਸ਼ਹਿਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਇਸ ਵੇਲੇ ਹੜਾ ਦੀ ਪ੍ਰਕੋਪੀ ਕਾਰਨ ਡੁੱਬ ਰਿਹਾ ਹੈ, ਪਰ ਕੇਂਦਰ ਸਰਕਾਰ ਪੰਜਾਬ ਦੀ ਸਾਰ ਨਹੀਂ ਲੈ ਰਹੀ, ਕੇਂਦਰ ਸਰਕਾਰਾਂ ਪੰਜਾਬ ਨਾਲ਼ ਹਮੇਸ਼ਾ ਹੀ ਮਤਰੇਈ ਮਾਂ ਵਾਲਾ ਸਲੂਕ ਕਰਦੀਆਂ ਹਨ। ਸ ਗੁਰਨਾਮ ਸਿੰਘ ਨਵਾਂ ਸ਼ਹਿਰ ਨੇ ਕਿਹਾ ਕਿ ਵਿਦੇਸ਼ਾਂ ਵਿਚ ਵੱਸਦੇ ਪ੍ਰਵਾਸੀ ਪੰਜਾਬੀ ਹਮੇਸ਼ਾ ਹੀ ਪੰਜਾਬ ਲਈ ਚਿੰਤਿਤ ਰਹਿੰਦੇ ਹਨ ਅਤੇ ਜਦ ਵੀ ਪੰਜਾਬ ਚ ਕੋਈ ਆਫਤ ਆਉਂਦੀ ਹੈ ਤਾਂ ਵਿਦੇਸ਼ਾਂ ਵਿਚ ਵੱਸਦੇ ਪ੍ਰਵਾਸੀ ਪੰਜਾਬ ਹਮੇਸ਼ਾ ਪੰਜਾਬ ਵਾਸੀਆਂ ਦੀ ਬਾਹ ਫੜਦੇ ਹਨ। ਉਹਨਾਂ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਫ਼ਗਾਨਿਸਤਾਨ ਨੂੰ ਤਾ ਸਹਾਇਤਾ ਦੇ ਦਿੱਤੀ ਪਰ ਦੱਸ ਦਿਨਾਂ ਤੋਂ ਡੁੱਬ ਰਹੇ ਪੰਜਾਬ ਵੱਲ ਕਿਸੇ ਨੇਂ ਧਿਆਨ ਨਹੀਂ ਦਿੱਤਾ। ਉਨ੍ਹਾਂ ਨੇ ਇਸ ਵੇਲੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਹੜ ਪ੍ਰਭਾਵਿਤ ਇਲਾਕਿਆਂ ਚ ਕੀਤੀ ਜਾ ਰਹੀ ਲੁੱਟ ਖਸੁੱਟ ਤੋਂ ਸਮਾਜ ਸੇਵੀ ਸੰਸਥਾਵਾਂ ਨੂੰ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਸਿਰਫ ਲੋੜਵੰਦ ਪਰਿਵਾਰਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਨੂੰ ਹੀ ਮਾਲੀ ਮਦਦ ਦਿੱਤੀ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਤੀਰ ਗਰੁੱਪ ਦੇ ਚੇਅਰਮੈਨ ਬਰਿੰਦਰ ਸਿੰਘ ਬਿੱਟੂ, ਸਤਵਿੰਦਰ ਸਿੰਘ ਦਿਓਲ, ਸੁਖਜਿੰਦਰ ਸਿੰਘ, ਕੁਲਦੀਪ ਸਿੰਘ ਚਹੇੜੂ, ਪ੍ਰਮਜੀਤ ਸਿੰਘ, ਅਮਰੀਕ ਸਿੰਘ ਗਿੱਲ, ਲੈਸਟਰ ਕਬੱਡੀ ਕਲੱਬ ਦੇ ਪ੍ਰਧਾਨ ਕੁਲਵੀਰ ਸਿੰਘ ਖੱਖ,ਸੋਖਾ ਢੇਸੀ, ਰਾਜਿੰਦਰ ਸਿੰਘ ਚਿੱਟੀ, ਗੁਰਨਾਮ ਸਿੰਘ ਰੂਪੋਵਾਲ, ਬਹਾਦਰ ਸਿੰਘ ਪੁਰੇਵਾਲ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਿਰ ਸਨ।

# ਹੜ ਪੀੜਤਾ ਦੀ ਮਦਦ ਲਈ ਰੈਡ. ਐਫ.ਐਮ. ਰੇਡੀਉ ਵੱਲੋਂ ਕੀਤੀ ਅਪੀਲ ਮਗਰੋਂ ਕੈਨੇਡਾ ਦੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਡੇਢ ਮਿਲੀਅਨ ਡਾਲਰ ਦੀ ਰਾਸ਼ੀ ਇਕੱਤਰ



ਹੜ ਪੀੜਤਾ ਦੀ ਮਦਦ ਸਬੰਧੀ ਅਪੀਲ ਕਰਨ ਲਈ ਰੇਡੀਉ ਸਟੇਸ਼ਨ ਤੇ ਇਕੱਤਰ ਸਟਾਫ ਅਤੇ ਹੋਰ ਪਤਵੰਤੇ

ਵੈਨਕੂਵਰ–(ਮਲਕੀਤ ਸਿੰਘ)– ਪੰਜਾਬ ਵਿਚ ਆਏ ਹੜਾਂ ਕਾਰਣ ਭਾਰੀ ਤਬਾਹੀ ਦੇ ਮੰਜ਼ਰ ਦਰਮਿਆਨ ਸਮਾਜ ਸੇਵੀ ਸੰਸਥਾਵਾਂ ਅਤੇ ਪੰਜਾਬ ਦੇ ਲੋਕਾਂ ਵਲੋਂ ਹੜਪੀੜਤਾਂ ਦੀ ਸਹਾਇਤਾ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ। ਪ੍ਰਵਾਸੀ ਪੰਜਾਬੀਆਂ ਵਲੋਂ ਹਰ ਬਿਪਤਾ ਸਮੇਂ ਪੰਜਾਬ ਦੇ ਲੋਕਾਂ ਦੀ ਸਹਾਇਤਾ ਲਈ ਅੱਗੇ ਆਉਣ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਐਤਕੀ ਵੀ ਉਹਨਾਂ ਵਲੋਂ ਹੜਪੀੜਤਾਂ ਦੀ ਮਦਦ ਲਈ ਹਰ ਤਰਾਂ ਦਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸੇ ਦੌਰਾਨ ਵੈਨਕੂਵਰ ਤੇ ਕੈਲਗਰੀ ਦੇ ਉਘੇ ਪੰਜਾਬੀ ਰੇਡੀਓ ਰੈਡ. ਐਫ. ਐਮ ਵਲੋਂ ਹੜਪੀੜਤਾਂ ਦੀ ਸਹਾਇਤਾ ਲਈ ਕੀਤੇ ਗਏ ਰੇਡੀਓਥੌਨ ਨੂੰ ਪੰਜਾਬੀਆਂ ਵਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ । ਪ੍ਰਾਪਤ ਜਾਣਕਾਰੀ ਅਨੁਸਾਰ ਸਰੀ ਸਥਿਤ ਰੇਡੀਓ ਸਟੇਸ਼ਨ ਰਾਹੀਂ 10 ਲੱਖ 6 ਹਜ਼ਾਰ ਤੋਂ ਉਪਰ ਦੀ ਰਾਸ਼ੀ ਜਦੋਂਕਿ ਕੈਲਗਰੀ ਦੇ ਰੇਡੀਓ ਸਟੇਸ਼ਨ ਰਾਹੀਂ 4 ਲੱਖ 60 ਹਜ਼ਾਰ ਦੇ ਕਰੀਬ ਰਾਸ਼ੀ ਇਕੱਤਰ ਹੋਈ ਹੈ। ਰੈਡ ਐਮ ਐਫ ਰੇਡੀਓ ਵਲੋਂ ਕਮਿਊਨਿਟੀ ਦੇ ਸਾਂਝੇ ਕੰਮਾਂ ਲਈ ਆਪਣੇ ਸਰੋਤਿਆਂ ਅਤੇ ਭਾਈਚਾਰੇ ਦੇ ਲੋਕਾਂ ਨੂੰ ਪ੍ਰੇਰਿਤ ਕਰਦਿਆਂ ਸ਼ਲਾਘਾਯੋਗ ਉਪਰਾਲੇ ਕੀਤੇ ਜਾਂਦੇ ਹਨ ਪਰ ਇਹ ਪਹਿਲੀ ਵਾਰ ਹੈ ਕਿ ਉਹਨਾਂ ਵਲੋਂ ਹੜਪੀੜਤਾਂ ਦੀ ਸਹਾਇਤਾ ਲਈ ਕੀਤੇ ਗਏ ਰੇਡੀਓਥੌਨ ਦੌਰਾਨ ਇਕ ਦਿਨ ਵਿਚ ਡੇਢ ਮਿਲੀਅਨ ਦੇ ਕਰੀਬ ਰਾਸ਼ੀ ਇਕੱਤਰ ਹੋਈ ਹੈ। ਰੇਡੀਓ ਵਲੋਂ ਇਹ ਦਾਨ ਰਾਸ਼ੀ ਸੈਫ ਇੰਟਰਨੈਸ਼ਨਲ (ਸਿੱਖ ਅਵੇਅਰਨੈਸ ਫਾਊਂਡੇਸ਼ਨ) ਰਾਹੀਂ ਹੜਪੀੜਤਾਂ ਦੀ ਮਦਦ ਲਈ ਭੇਜੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਰੇਡੀਓਥੌਨ ਦੌਰਾਨ ਉਘੀਆਂ ਸਿਆਸੀ ਤੇ ਧਾਰਮਿਕ ਹਸਤੀਆਂ ਵਲੋਂ ਦਾਨ ਲਈ ਅਪੀਲ ਦੇ ਨਾਲ ਵਲੰਟੀਅਰ ਸੇਵਾਵਾਂ ਦਿੰਦਿਆਂ ਉਘੇ ਕਾਰੋਬਾਰੀਆਂ ਤੇ ਆਮ ਲੋਕਾਂ ਨੇ ਭਰਵਾਂ ਯੋਗਦਾਨ ਪਾਇਆ। ਇਸ ਮੌਕੇ ਕੈਲਗਰੀ ਤੋਂ ਕੰਸਰਵੇਟਿਵ ਐਮ ਪੀ ਜਸਰਾਜ ਸਿੰਘ ਹੱਲਣ, ਐਮ ਪੀ ਅਮਨਪ੍ਰੀਤ ਸਿੰਘ ਗਿੱਲ, ਐਮ ਪੀ ਦਲਵਿੰਦਰ ਸਿੰਘ ਗਿੱਲ, ਸਰੀ ਫਲੀਟਵੁੱਡ ਤੋਂ ਲਿਬਰਲ ਐਮ ਪੀ ਗੁਰਬਖਸ਼ ਸਿੰਘ ਸੈਣੀ ਤੋਂ ਇਲਾਵਾ ਉਘੇ ਰੇਡੀਓ ਹੋਸਟ ਹਰਜਿੰਦਰ ਸਿੰਘ ਥਿੰਦ, ਰਿਸ਼ੀ ਨਾਗਰ, ਰੈਡ ਐਮ ਐਫ ਦੇ ਸੀਈਓ ਕੁਲਵਿੰਦਰ ਸਿੰਘ ਸੰਘੇੜਾ, ਗੁਰਵਰਿੰਦਰ ਸਿੰਘ ਧਾਲੀਵਾਲ, ਗੁਰਲਾਲ ਗਿੱਲ ਮਾਣੂੰਕੇ, ਰਾਜਪਾਲ ਸਿੱਧੂ, ਕਰਮਪਾਲ ਸਿੱਧੂ ਤੇ ਹੋਰਾਂ ਨੇ ਵਲੰਟੀਅਰ ਸੇਵਾਵਾਂ ਨਿਭਾਉਂਦਿਆਂ ਲੋਕਾਂ ਵਲੋਂ ਦਿਲ ਖੋਹਲਕੇ ਕੀਤੇ ਦਾਨ ਲਈ ਧੰਨਵਾਦ ਕੀਤਾ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਪੂਤਿਨ ਵਲੋਂ ਯੂਕਰੇਨ ਨੂੰ ਧਮਕੀ - 'ਜੇਕਰ ਗੱਲਬਾਤ ਰਾਹੀਂ ਯੁੱਧ ਖਤਮ ਨਾ ਕੀਤਾ ਤਾਂ ਉਹ ਤਾਕਤ ਦਿਖਾਉਣਗੇ'

## ✪ ਰੂਸ ਨਹੀਂ ਕਰ ਰਿਹਾ ਅਮਰੀਕੀ ਦਬਾਅ ਦੀ ਪਰਵਾਹ, ਯੂਕਰੇਨ ਨੂੰ ਦਬਾਉਣ ਦੀ ਕੋਸ਼ਿਸ਼ ਵਿਚ

### ਨਿਊਜ਼ ਵਿਸ਼ਲੇਸ਼ਣ




ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਹਾਲ ਹੀ ਵਿੱਚ ਯੂਕਰੇਨ ਨੂੰ ਖੁੱਲ੍ਹੀ ਧਮਕੀ ਦਿੱਤੀ ਹੈ ਕਿ ਜੇਕਰ ਗੱਲਬਾਤ ਰਾਹੀਂ ਯੁੱਧ ਖਤਮ ਨਾ ਕੀਤਾ ਗਿਆ ਤਾਂ ਉਹ ਤਾਕਤ ਨਾਲ ਇਸ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਤਿਆਰ ਹਨ। ਇਹ ਬਿਆਨ ਚੀਨ ਦੀ ਯਾਤਰਾ ਦੌਰਾਨ ਦਿੱਤਾ ਗਿਆ ਹੈ ਅਤੇ ਵਿਸ਼ਵ ਅਖ਼ਬਾਰਾਂ ਨੇ ਇਸ ਨੂੰ ਰੂਸੀ ਰਣਨੀਤੀ ਦਾ ਹਿੱਸਾ ਮੰਨਿਆ ਹੈ। ਰਾਇਟਰਜ਼ ਅਨੁਸਾਰ, ਪੂਤਿਨ ਨੇ ਕਿਹਾ ਕਿ "ਜੇਕਰ ਸਮਝਦਾਰੀ ਨਾਲ ਕੰਮ ਕੀਤਾ ਜਾਵੇ ਤਾਂ ਯੁੱਧ ਨੂੰ ਗੱਲਬਾਤ ਨਾਲ ਖਤਮ ਕੀਤਾ ਜਾ ਸਕਦਾ ਹੈ, ਪਰ ਜੇਕਰ ਲੋੜ ਪਈ ਤਾਂ ਅਸੀਂ ਹਥਿਆਰਾਂ ਨਾਲ ਵੀ ਇਸ ਨੂੰ ਅੰਜਾਮ ਦੇਵਾਂਗੇ।"

ਮੀਡੀਆ ਅਲ ਜਜ਼ੀਰਾ ਅਨੁਸਾਰ, ਰੂਸ ਇਸ ਯੁੱਧ ਨੂੰ ਆਪਣੀ ਸੁਰੱਖਿਆ ਲਈ ਜ਼ਰੂਰੀ ਮੰਨਦਾ ਹੈ ਅਤੇ ਪੂਤਿਨ ਨੇ ਯੂਕਰੇਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਗੱਲਬਾਤ ਨਾ ਹੋਈ ਤਾਂ ਉਹ ਹੋਰ ਖੇਤਰਾਂ ਉੱਤੇ ਕਬਜ਼ਾ ਕਰਨ ਲਈ ਤਿਆਰ ਹਨ। ਨਿਊਜ਼ ਯੂਕੇ ਨੇ ਕਿਹਾ ਕਿ ਪੂਤਿਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟ੍ਰੰਪ ਦੇ ਯਤਨਾਂ ਨੂੰ ਸਕਾਰਾਤਮਕ ਮੰਨਿਆ ਪਰ ਰੂਸੀ ਸ਼ਰਤਾਂ ਉੱਤੇ ਜ਼ੋਰ ਦਿੱਤਾ ਹੈ। ਇਸ ਧਮਕੀ ਪਿੱਛੇ ਰੂਸੀ ਅਰਥਵਿਵਸਥਾ ਅਤੇ ਫੌਜੀ ਤਾਕਤ ਨੂੰ ਵਧਾਉਣ ਦੀ ਰਣਨੀਤੀ ਹੈ, ਜਿਵੇਂ ਕਿ ਵਾਸ਼ਿੰਗਟਨ ਪੋਸਟ ਨੇ ਰਿਪੋਰਟ ਕੀਤਾ ਕਿ ਰੂਸ ਨੇ ਯੂਕਰੇਨ ਵਿੱਚ ਹੌਲੀ-ਹੌਲੀ ਅੱਗੇ ਵਧ ਕੇ ਆਪਣੀ ਪੋਜ਼ੀਸ਼ਨ ਮਜ਼ਬੂਤ ਕੀਤੀ ਹੈ। ਪੂਤਿਨ ਨੇ ਜ਼ੈਲੇਂਸਕੀ ਨੂੰ ਮਾਸਕੋ ਆਉਣ ਲਈ ਕਿਹਾ ਸੀ ਪਰ ਜ਼ੈਲੇਂਸਕੀ ਨਹੀਂ ਗਏ। ਗਲੋਬਲ ਟਾਈਮਜ਼ ਨੇ ਚੀਨੀ ਨਜ਼ਰੀਏ ਤੋਂ ਕਿਹਾ ਕਿ ਪੂਤਿਨ ਨੇ ਅਮਰੀਕੀ ਦਬਾਅ ਨੂੰ ਨਜ਼ਰਅੰਦਾਜ਼ ਕਰਦੇ ਹੋਏ ਰੂਸੀ ਸੁਰੱਖਿਆ ਨੂੰ ਪਹਿਲ ਦਿੱਤੀ ਹੈ। ਰੂਸੀ ਮੀਡੀਆ ਆਰਟੀ ਨੇ ਕਿਹਾ ਕਿ ਇਹ ਧਮਕੀ ਯੂਕਰੇਨ ਨੂੰ ਸਮਝੌਤੇ ਲਈ ਮਜਬੂਰ ਕਰਨ ਲਈ ਹੈ।

ਇਥੇ ਵਰਣਨਯੋਗ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ 2025 ਵਿੱਚ ਯੂਕਰੇਨ ਨੂੰ ਕਈ ਵਾਰ ਧਮਕੀਆਂ ਦਿੱਤੀਆਂ ਹਨ, ਜੋ ਮੁੱਖ ਤੌਰ ਤੇ ਯੂਕਰੇਨੀ ਹਮਲਿਆਂ ਦੇ ਜਵਾਬ ਵਿੱਚ ਸਨ। ਉਦਾਹਰਨ ਲਈ, ਜੂਨ 2025 ਵਿੱਚ ਯੂਕਰੇਨ ਨੇ "ਸਪਾਈਡਰਵੈੱਬ" ਨਾਮਕ ਆਪ੍ਰੇਸ਼ਨ ਚਲਾਇਆ, ਜਿਸ ਵਿੱਚ ਰੂਸੀ ਹਵਾਈ ਅੱਡਿਆਂ ਤੇ 117 ਡਰੋਨ ਹਮਲੇ ਕੀਤੇ ਗਏ ਸਨ, ਜਿਸ ਨਾਲ 41 ਬੰਬਰ ਹਵਾਈ ਜਹਾਜ਼ਾਂ ਨੂੰ ਨੁਕਸਾਨ ਪਹੁੰਚਿਆ। ਪੂਤਿਨ ਨੇ ਇਸ ਨੂੰ "ਬਹੁਤ ਮਜ਼ਬੂਤ ਜਵਾਬ" ਦੇਣ ਦੀ ਧਮਕੀ ਦਿੱਤੀ, ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਫੋਨ ਤੇ ਕਿਹਾ ਕਿ ਰੂਸ ਇਸ ਨੂੰ ਨਜਿੱਠ ਕੇ ਛੱਡੇਗਾ। ਇਸ ਤੋਂ ਇਲਾਵਾ, ਅਗਸਤ 2025 ਵਿੱਚ ਪੂਤਿਨ ਨੇ ਯੂਕਰੇਨ ਨੂੰ ਹਾਈਪਰਸੌਨਿਕ ਮਿਸਾਈਲਾਂ ਵਰਗੀਆਂ ਹਥਿਆਰਾਂ ਨਾਲ ਧਮਕਾਇਆ, ਜੇਕਰ ਨਾਟੋ ਨੇ ਯੂਕਰੇਨ ਨੂੰ ਲੰਮੀ ਰੇਂਜ ਵਾਲੇ ਹਥਿਆਰ ਦਿੱਤੇ ਤਾਂ ਉਹ ਪ੍ਰਮਾਣੂ ਹਮਲੇ ਕਰੇਗਾ। ਇਹ ਧਮਕੀਆਂ ਰੂਸ ਦੇ ਯੁੱਧ ਨੂੰ ਜਾਰੀ ਰੱਖਣ ਅਤੇ ਪੱਛਮੀ ਦੇਸ਼ਾਂ ਨੂੰ ਡਰਾਉਣ ਲਈ ਹਨ, ਕਿਉਂਕਿ ਪੂਤਿਨ ਯੂਕਰੇਨ ਨੂੰ ਆਪਣੇ ਪ੍ਰਭਾਵ ਵਿੱਚ ਰੱਖਣਾ ਚਾਹੁੰਦਾ ਹੈ।

### ਰੂਸ ਅਮਰੀਕੀ ਦਬਾਅ ਨੂੰ ਕਿਉਂ ਨਜ਼ਰਅੰਦਾਜ਼ ਕਰ ਰਿਹਾ

ਰੂਸ ਅਮਰੀਕੀ ਦਬਾਅ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ, ਕਿਉਂਕਿ ਉਹ ਆਪਣੇ ਰਣਨੀਤਕ ਟੀਚਿਆਂ ਉੱਤੇ ਅੜਿਆ ਹੋਇਆ ਹੈ ਅਤੇ ਅਮਰੀਕਾ ਉੱਤੇ ਨਿਰਭਰ ਨਹੀਂ। ਰੂਸ ਅਮਰੀਕਾ ਦੀਆਂ ਚੇਤਾਵਨੀਆਂ ਅਤੇ ਸਲਾਹਾਂ ਨੂੰ ਅਣਗੌਲਿਆ ਕਰ ਰਿਹਾ ਹੈ, ਕਿਉਂਕਿ ਪੂਤਿਨ ਨੂੰ ਵਿਸ਼ਵਾਸ ਹੈ ਕਿ ਉਸ ਦੀ ਫੌਜ ਯੂਕਰੇਨ ਵਿੱਚ ਜਿੱਤ ਰਹੀ ਹੈ ਅਤੇ ਅਮਰੀਕੀ ਦਬਾਅ ਨੂੰ ਬਾਈਪਾਸ ਕੀਤਾ ਜਾ ਸਕਦਾ ਹੈ। 2025 ਵਿੱਚ ਟਰੰਪ ਨੇ ਅਲਾਸਕਾ ਸੰਮੇਲਨ ਵਿੱਚ ਪੂਤਿਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਯੁੱਧ ਨਾ ਰੁਕਿਆ ਤਾਂ ਸਖ਼ਤ ਟੈਰਿਫ ਲੱਗਣਗੇ, ਪਰ ਰੂਸ ਨੇ ਇਹ ਨਜ਼ਰਅੰਦਾਜ਼ ਕੀਤਾ ਅਤੇ ਪੂਰਬੀ ਯੂਕਰੇਨ ਵਿੱਚ ਹਮਲੇ ਵਧਾ ਦਿੱਤੇ ਸਨ। ਰੂਸ ਨੂੰ ਚੀਨ ਅਤੇ ਭਾਰਤ ਵਰਗੇ ਦੇਸ਼ਾਂ ਨਾਲ ਵਪਾਰ ਨੇ ਮਜ਼ਬੂਤ ਬਣਾ ਰਿਹਾ ਹੈ, ਜੋ ਅਮਰੀਕੀ ਟੈਰਿਫਾਂ ਦੇ ਡਰ ਨੂੰ ਘਟਾਉਂਦੇ ਹਨ। ਉਦਾਹਰਨ ਲਈ, ਭਾਰਤ ਰੂਸੀ ਤੇਲ ਖਰੀਦ ਰਿਹਾ ਹੈ, ਅਤੇ ਚੀਨ ਨੇ ਤਿਆਨਜਿਨ ਸੰਮੇਲਨ ਵਿੱਚ ਪੂਤਿਨ ਨੂੰ ਸਮਰਥਨ ਦਿੱਤਾ।

ਪੂਤਿਨ ਨੂੰ ਲੱਗਦਾ ਹੈ ਕਿ ਅਮਰੀਕੀ ਟੈਰਿਫਾਂ ਨਾਲ ਰੂਸੀ ਆਰਥਿਕਤਾ ਨੂੰ ਵੱਡਾ ਨੁਕਸਾਨ ਨਹੀਂ ਹੋਇਆ, ਅਤੇ ਉਹ ਯੁੱਧ ਨੂੰ ਜਾਰੀ ਰੱਖ ਕੇ ਯੂਕਰੇਨ ਦੀ ਵਧੇਰੇ ਭੂਮੀ ਹਾਸਲ ਕਰਨਾ ਚਾਹੁੰਦਾ ਹੈ। ਪੀਬੀਐੱਸ ਨਿਊਜ਼ ਅਨੁਸਾਰ, ਪੂਤਿਨ ਨੇ ਕਿਹਾ ਕਿ ਟ੍ਰੰਪ ਪ੍ਰਸ਼ਾਸਨ ਰੂਸੀ ਦਲੀਲਾਂ ਨੂੰ ਸੁਣ ਰਿਹਾ ਹੈ ਪਰ ਰੂਸ ਆਪਣੇ ਟੀਚੇ ਪੂਰੇ ਕਰਨ ਤੱਕ ਨਹੀਂ ਰੁਕੇਗਾ। ਏਬੀਸੀ ਨਿਊਜ਼ ਨੇ ਰਿਪੋਰਟ ਕੀਤਾ ਕਿ ਪੂਤਿਨ ਨੇ ਟ੍ਰੰਪ ਨੂੰ ਸੁਣਿਆ ਪਰ ਰੂਸੀ ਸ਼ਰਤਾਂ ਨੂੰ ਨਹੀਂ ਛੱਡਿਆ। ਵੌਕਸ ਨੇ ਲਿਖਿਆ ਕਿ ਯੁੱਧ ਖਤਮ ਕਰਨਾ ਮੁਸ਼ਕਲ ਹੈ ਕਿਉਂਕਿ ਰੂਸ ਅਮਰੀਕੀ ਪ੍ਰੈਸ਼ਰ ਨੂੰ ਇਗਨੋਰ ਕਰਕੇ ਆਪਣੇ ਟੀਚੇ ਪੂਰੇ ਕਰ ਰਿਹਾ ਹੈ। ਅਲ ਜਜ਼ੀਰਾ ਨੇ ਕਿਹਾ ਕਿ ਰੂਸ ਵਿਦੇਸ਼ੀ ਫੌਜਾਂ ਨੂੰ ਯੂਕਰੇਨ ਵਿੱਚ ਨਹੀਂ ਸਹਿਣ ਵਾਲਾ। ਕੈਟੋ ਇੰਸਟੀਟਿਊਟ ਨੇ ਲਿਖਿਆ ਕਿ ਅਮਰੀਕਾ ਨੂੰ ਰੂਸੀ-ਯੂਕਰੇਨੀ ਝਗੜੇ ਤੋਂ ਦੂਰ ਰਹਿਣਾ ਚਾਹੀਦਾ ਹੈ ਕਿਉਂਕਿ ਰੂਸ ਨੂੰ ਇਸ ਨਾਲ ਅਮਰੀਕਾ ਨੂੰ ਚੁਣੌਤੀ ਨਹੀਂ ਮੰਨਦਾ। ਰੂਸੀ ਅਖ਼ਬਾਰਾਂ ਨੇ ਕਿਹਾ ਕਿ ਅਮਰੀਕੀ ਅਲਟੀਮੇਟਮ ਨੂੰ ਪੂਤਿਨ ਨੇ ਰੱਦ ਕੀਤਾ ਹੈ। ਇਸ ਤਰ੍ਹਾਂ ਰੂਸ ਅਮਰੀਕੀ ਦਬਾਅ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ ,ਕਿਉਂਕਿ ਉਹ ਆਪਣੇ ਟੀਚੇ ਪੂਰੇ ਕਰਨ ਵਿੱਚ ਯਕੀਨ ਰੱਖਦਾ ਹੈ। ਰੂਸ-ਯੂਕਰੇਨ ਯੁੱਧ ਨੂੰ ਖਤਮ ਕਰਨ ਲਈ ਸਮਝੌਤਾ ਇੱਕ ਲੰਮੀ ਪ੍ਰਕਿਰਿਆ ਹੈ, ਪਰ 2025 ਵਿੱਚ ਕਈ ਪ੍ਰਸਤਾਵ ਆਏ ਹਨ। ਟਰੰਪ ਪ੍ਰਸ਼ਾਸਨ ਨੇ ਅਲਾਸਕਾ ਅਤੇ ਵਾਸ਼ਿੰਗਟਨ ਸੰਮੇਲਨਾਂ ਵਿੱਚ ਸੀਜ਼ਫਾਇਰ ਤੋਂ ਬਿਨਾਂ ਸਿੱਧੇ ਸ਼ਾਂਤੀ ਸਮਝੌਤੇ ਦੀ ਗੱਲ ਕੀਤੀ, ਜਿਸ ਵਿੱਚ ਯੂਕਰੇਨ ਨੂੰ ਡੋਨਬਾਸ਼ ਵਰਗੀਆਂ ਖੇਤਰਾਂ ਵਿੱਚ ਰੂਸ ਨੂੰ ਭੂਮੀ ਦੇਣੀ ਪੈ ਸਕਦੀ ਹੈ। ਪਰ ਯੂਕਰੇਨ ਨੇ ਇਸ ਨੂੰ ਰੱਦ ਕੀਤਾ ਅਤੇ ਸੁਰੱਖਿਆ ਗਰੰਟੀਆਂ ਮੰਗੀਆਂ ਹਨ। ਇੱਕ ਸੰਭਾਵੀ ਹਲ ਇਹ ਹੈ ਕਿ ਰੂਸ ਅਤੇ ਯੂਕਰੇਨ ਵਿਚਕਾਰ ਸੀਜ਼ਫਾਇਰ ਹੋਵੇ, ਜਿਸ ਵਿੱਚ ਯੂਕਰੇਨ ਨੂੰ ਨਾਟੋ ਵਰਗੀਆਂ ਸੁਰੱਖਿਆ ਗਰੰਟੀਆਂ ਮਿਲਣ, ਜਦੋਂ ਕਿ ਰੂਸ ਨੂੰ ਟੈਰਿਫਾਂ ਵਿੱਚ ਰਾਹਤ। ਯੂਰਪੀਅਨ ਲੀਡਰਾਂ ਨੇ "ਕੋਲੀਸ਼ਨ ਆਫ ਵਿਲਿੰਗ" ਨਾਮ ਨਾਲ ਯੂਕਰੇਨ ਵਿੱਚ ਸ਼ਾਂਤੀ ਰੱਖਣ ਵਾਲੀ ਫੌਜ ਭੇਜਣ ਦੀ ਗੱਲ ਕੀਤੀ ਹੈ, ਜਿਸ ਵਿੱਚ ਯੂਕੇ ਅਤੇ ਫਰਾਂਸ ਸ਼ਾਮਲ ਹਨ। ਚੀਨ-ਬ੍ਰਾਜ਼ੀਲ ਪਲਾਨ ਵਿੱਚ ਨਿਊਕਲੀਅਰ ਹਥਿਆਰਾਂ ਤੇ ਪਾਬੰਦੀ ਅਤੇ ਡਾਇਲਾਗ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਟਰੰਪ ਰੂਸ ਤੇ ਵਧੇਰੇ ਟੈਰਿਫ ਲਗਾ ਸਕਦਾ ਹੈ ਅਤੇ ਯੂਕਰੇਨ ਨੂੰ ਹਥਿਆਰ ਦੇ ਸਕਦਾ ਹੈ ਤਾਂ ਜੋ ਪੂਤਿਨ ਨੂੰ ਗੱਲਬਾਤ ਲਈ ਮਜਬੂਰ ਕੀਤਾ ਜਾ ਸਕੇ। ਜੇਕਰ ਇਹ ਨਾ ਹੋਇਆ ਤਾਂ ਯੁੱਧ ਲੰਮਾ ਚੱਲ ਸਕਦਾ ਹੈ। ਵਿਸ਼ਵ ਅਖ਼ਬਾਰਾਂ ਅਨੁਸਾਰ, ਇਸ ਵਿਵਾਦ ਦੇ ਨਤੀਜੇ ਵਿੱਚ ਤਣਾਅ ਵਧ ਸਕਦਾ ਹੈ ਅਤੇ ਭਵਿੱਖ ਵਿੱਚ ਹੱਲ ਲਈ ਗੱਲਬਾਤ ਜ਼ਰੂਰੀ ਹੈ। ਐਟਲਾਂਟਿਕ ਕਾਊਂਸਲ ਨੇ ਕਿਹਾ ਕਿ ਗੱਲਬਾਤ ਨਾ ਹੋਈ ਤਾਂ ਯੁੱਧ ਲੰਮਾ ਚੱਲੇਗਾ। ਇਸ ਤਰ੍ਹਾਂ ਨਤੀਜੇ ਵਿੱਚ ਤਣਾਅ ਵਧ ਸਕਦਾ ਹੈ ਪਰ ਗੱਲਬਾਤ ਨਾਲ ਹੱਲ ਸੰਭਵ ਹੈ।

### ਟਰੰਪ ਦੇ ਬਿਆਨ ਨਾਲ ਯੁੱਧ ਵਿੱਚ ਨਵੀਂ ਰੌਸ਼ਨੀ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 2025 ਵਿੱਚ ਯੂਕਰੇਨ ਯੁੱਧ ਨੂੰ ਖਤਮ ਕਰਨ ਲਈ ਵੱਡੀਆਂ ਕੋਸ਼ਿਸ਼ਾਂ ਕੀਤੀਆਂ ਹਨ। ਅਲਾਸਕਾ ਵਿੱਚ ਪੂਤਿਨ ਨਾਲ ਮੀਟਿੰਗ ਤੋਂ ਬਾਅਦ ਟਰੰਪ ਨੇ ਕਿਹਾ ਕਿ ਸੀਜ਼ਫਾਇਰ ਨਾਲੋਂ ਸਿੱਧਾ ਸ਼ਾਂਤੀ ਸਮਝੌਤਾ ਬਿਹਤਰ ਹੈ, ਜਿਸ ਵਿੱਚ ਯੂਕਰੇਨ ਨੂੰ ਕੁਝ ਭੂਮੀ ਦੇਣੀ ਪੈ ਸਕਦੀ ਹੈ। ਉਨ੍ਹਾਂ ਨੇ ਪੂਤਿਨ ਨਾਲ ਚੰਗੇ ਰਿਸ਼ਤੇ ਦਾ ਜ਼ਿਕਰ ਕੀਤਾ ਅਤੇ ਨਿਰਾਸ਼ਾ ਵੀ ਜ਼ਾਹਰ ਕੀਤੀ, ਕਿਹਾ ਕਿ "ਪੂਤਿਨ ਨੇ ਮੈਨੂੰ ਠੁਕਰਾ ਦਿੱਤਾ ਹੈ"। ਟਰੰਪ ਨੇ ਯੂਕਰੇਨ ਨੂੰ ਸੁਰੱਖਿਆ ਗਰੰਟੀਆਂ ਦੇਣ ਦਾ ਵਾਅਦਾ ਕੀਤਾ ਪਰ ਨਾਟੋ ਮੈਂਬਰਸ਼ਿਪ ਨਹੀਂ। ਇਸ ਨਾਲ ਯੁੱਧ ਵਿੱਚ ਨਵੀਂ ਉਮੀਦ ਜਾਗੀ ਹੈ ਪਰ ਯੂਕਰੇਨ ਨੇ ਭੂਮੀ ਛੱਡਣ ਨੂੰ ਰੱਦ ਕੀਤਾ। ਟਰੰਪ ਦੇ ਬਿਆਨ ਨੇ ਯੂਰਪ ਨੂੰ ਵੀ ਪ੍ਰਭਾਵਿਤ ਕੀਤਾ, ਜੋ ਹੁਣ ਯੂਕਰੇਨ ਨੂੰ ਹਥਿਆਰ ਅਤੇ ਸਹਾਇਤਾ ਵਧਾਉਣ ਵਿੱਚ ਧਿਆਨ ਕੇਂਦਰਿਤ ਕਰ ਰਿਹਾ ਹੈ। ਜੇਕਰ ਟਰੰਪ ਨੇ ਦਰਾਂ ਵਧਾਈਆਂ ਤਾਂ ਰੂਸ ਨੂੰ ਗੱਲਬਾਤ ਲਈ ਮਜਬੂਰ ਕੀਤਾ ਜਾ ਸਕਦਾ ਹੈ, ਨਹੀਂ ਤਾਂ ਯੁੱਧ ਜਾਰੀ ਰਹੇਗਾ।

# ਵਿਧਾਇਕ ਰਮਨ ਅਰੋੜਾ ਦੀ ਹਾਈ ਕੋਰਟ ਤੋਂ ਹੋਈ ਜ਼ਮਾਨਤ



ਚੰਡੀਗੜ੍ਹ-ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਗ੍ਰਿਫ਼ਤਾਰ ਜਲੰਧਰ ਕੇਂਦਰੀ ਤੋਂ 'ਆਪ' ਵਿਧਾਇਕ ਰਮਨ ਅਰੋੜਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਵਿਧਾਇਕ ਰਮਨ ਅਰੋੜਾ ਵਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਅਦਾਲਤ ਨੇ ਉਨ੍ਹਾਂ ਨੂੰ ਅਤੇ ਜਲੰਧਰ ਨਗਰ ਨਿਗਮ ਦੇ ਏ.ਟੀ.ਪੀ. ਰਹੇ ਸੁਖਦੇਵ ਵਸ਼ਿਸ਼ਟ ਨੂੰ ਨਿਯਮਤ ਜ਼ਮਾਨਤ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਨੇ 14 ਮਈ ਨੂੰ ਵਿਧਾਇਕ ਰਮਨ ਅਰੋੜਾ ਵਿਰੁੱਧ ਭਿਰਟਾਚਾਰ ਦਾ ਮਾਮਲਾ ਦਰਜ ਕਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਪੰਜਾਬ ਦੇ ਹੜ੍ਹਾਂ ਦੀ ਮਾਰ: ਕਾਰਨ ਕੀ ਤੇ ਜ਼ਿੰਮੇਵਾਰੀ ਕਿਸਦੀ ?

## ✪ ਮੰਤਰੀਆਂ ਦੀ ਦਿਖਾਵੇਬਾਜ਼ੀ: ਰਾਹਤ ਕਾਰਜਾਂ ਵਿਚ ਅੜਿੱਕਾ ਬਣੇ ✪ ਸਿਖਾਂ ਦੀ ਚੜ੍ਹਦੀਕਲਾ: ਸੇਵਾ ਦੀ ਜੋਤ ਬਲੀ ✪ ਕੇਂਦਰ ਸਰਕਾਰ ਪੰਜਾਬ ਦੀ ਬਾਂਹ ਕਦੋਂ ਫੜੇਗੀ ?

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਪੰਜਾਬ, ਜਿਸ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਹਰ ਸਾਲ ਹੜ੍ਹਾਂ ਦੀ ਮਾਰ ਹੇਠ ਆ ਜਾਂਦਾ ਹੈ। ਇਸ ਦੀ ਵਜ੍ਹਾ ਸਿਰਫ਼ ਕੁਦਰਤੀ ਆਫ਼ਤ ਨਹੀਂ, ਸਗੋਂ ਸਰਕਾਰੀ ਲਾਪਰਵਾਹੀ ਅਤੇ ਕੇਂਦਰ ਸਰਕਾਰ ਦੇ ਡੈਮ ਪ੍ਰਬੰਧਨ ਦੀਆਂ ਨੀਤੀਆਂ ਵੀ ਹਨ। ਪੰਜਾਬ ਦੇ ਦਰਿਆਵਾਂ ਦਾ ਪਾਣੀ ਕੇਂਦਰ ਦੇ ਹੱਥਾਂ ਵਿਚ ਹੈ, ਜਿਸ ਕਾਰਨ ਸਮੇਂ ਸਿਰ ਪਾਣੀ ਨਾ ਛੱਡਿਆ ਜਾਣਾ ਅਤੇ ਅਚਾਨਕ ਵੱਡੀ ਮਾਤਰਾ ਵਿਚ ਪਾਣੀ ਛੱਡਣਾ ਹੜ੍ਹਾਂ ਦਾ ਮੁੱਖ ਕਾਰਨ ਬਣਦਾ ਹੈ। ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਡੈਮ ਵਰਗੇ ਪ੍ਰਾਜੈਕਟਾਂ ਦਾ ਪ੍ਰਬੰਧਨ ਕੇਂਦਰ ਦੇ ਅਧੀਨ ਹੈ, ਜੋ ਪੰਜਾਬ ਦੀਆਂ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰਕੇ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਸਪਲਾਈ ਕਰਨ ਵਿਚ ਰੁੱਝਿਆ ਰਹਿੰਦਾ ਹੈ। ਜਦੋਂ ਭਾਰੀ ਬਰਸਾਤਾਂ ਜਾਂ ਪਹਾੜੀ ਪਾਣੀ ਡੈਮਾਂ ਵਿਚ ਇਕੱਠਾ ਹੁੰਦਾ ਹੈ, ਤਾਂ ਸੁਰੱਖਿਆ ਦੇ ਨਾਂ 'ਤੇ ਅਚਾਨਕ ਪਾਣੀ ਛੱਡਿਆ ਜਾਂਦਾ ਹੈ, ਜਿਸ ਨਾਲ ਪੰਜਾਬ ਦੇ ਪਿੰਡ ਤੇ ਸ਼ਹਿਰ ਪਾਣੀ ਵਿਚ ਡੁੱਬ ਜਾਂਦੇ ਹਨ।

ਇਸ ਦੇ ਨਾਲ ਹੀ, ਡੈਮਾਂ ਦੀ ਸਫ਼ਾਈ ਅਤੇ ਡੀ-ਸਿਲਟਿੰਗ ਨਾ ਹੋਣ ਕਾਰਨ ਦਰਿਆਵਾਂ ਦੀ ਸਮਰੱਥਾ ਘਟਦੀ ਜਾ ਰਹੀ ਹੈ। ਮਾਧੋਪੁਰ ਹੈੱਡਵਰਕਸ ਦੇ ਫਲੱਡ ਗੇਟਾਂ ਦੀ ਹਾਲਤ ਵੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਸਰਕਾਰੀ ਅਣਗਹਿਲੀ ਕਾਰਨ ਗੇਟ ਖੁੱਲ੍ਹਣ ਦੀ ਬਜਾਏ ਟੁੱਟ ਜਾਂਦੇ ਹਨ। ਪੰਜਾਬ ਪੁਨਰਗਠਨ ਐਕਟ 1966 (ਫਫਅ-66) ਦੀਆਂ ਧਾਰਾਵਾਂ 78, 79 ਅਤੇ 80 ਨੇ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਕੇਂਦਰ ਦਾ ਕੰਟਰੋਲ ਮਜ਼ਬੂਤ ਕਰ ਦਿੱਤਾ, ਜੋ ਸੰਵਿਧਾਨ ਦੀ ਮੱਦ 17 ਅਤੇ ਧਾਰਾ 262 ਦੇ ਉਲਟ ਹੈ। ਇਹ ਧਾਰਾਵਾਂ ਪੰਜਾਬ ਦੇ ਅਧਿਕਾਰਾਂ ਨੂੰ ਖੋਹ ਰਹੀਆਂ ਹਨ, ਜਿਸ ਕਾਰਨ ਪੰਜਾਬ ਹਰ ਸਾਲ ਹੜ੍ਹਾਂ ਦੀ ਮਾਰ ਝੱਲਦਾ ਹੈ। ਪਰ ਪੰਜਾਬ ਦੀ ਕੋਈ ਰਾਜਨੀਤਕ ਪਾਰਟੀ ਇਸ ਧਕੇ ਵਿਰੁਧ ਆਵਾਜ਼ ਨਹੀਂ ਉਠਾ ਰਹੀ।

ਮੰਤਰੀਆਂ ਦੀ ਦਿਖਾਵੇਬਾਜ਼ੀ: ਰਾਹਤ ਕਾਰਜਾਂ ਵਿਚ ਅੜਿੱਕਾ-ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬੀਆਂ ਦੀ ਮਦਦ ਦੇ ਨਾਂ 'ਤੇ ਮੰਤਰੀ, ਮੁੱਖ ਮੰਤਰੀ, ਰਾਜਪਾਲ ਅਤੇ ਕੇਂਦਰੀ ਨੇਤਾ ਮੌਕਿਆਂ 'ਤੇ ਜਾਇਜ਼ਾ ਲੈਣ ਦੇ ਨਾਂ 'ਤੇ ਫੋਟੋਆਂ ਅਤੇ ਵੀਡੀਓਜ਼ ਬਣਵਾ ਰਹੇ ਹਨ। ਇਹ ਲੀਡਰ ਚਿੱਕੜ ਵਿਚ ਬੈਗ ਚੁੱਕ ਕੇ ਮੀਡੀਆ ਦੀਆਂ ਸੁਰਖੀਆਂ ਬਟੋਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਅਸਲ ਵਿਚ ਇਹ ਅਮਲ ਸਹਾਇਤਾ ਕਾਰਜਾਂ ਵਿਚ ਰੁਕਾਵਟ ਪਾਉਂਦਾ ਹੈ। ਪ੍ਰਸ਼ਾਸਨ ਅਤੇ ਸਥਾਨਕ ਲੋਕ ਜਦੋਂ ਮਦਦ



ਦੇ ਕੰਮ ਵਿਚ ਜੁਟੇ ਹੁੰਦੇ ਹਨ, ਤਾਂ ਇਨ੍ਹਾਂ ਵੀ.ਆਈ.ਪੀ. ਦੀਆਂ ਮੁਲਾਕਾਤਾਂ ਕਾਰਨ ਸੁਰੱਖਿਆ ਅਤੇ ਪ੍ਰਬੰਧਾਂ ਵਿਚ ਵਿਘਨ ਪੈਂਦਾ ਹੈ। ਪਿੰਡਾਂ ਵਿਚ ਪੰਜਾਬੀ ਮੰਤਰੀਆਂ ਦਾ ਵਿਰੋਧ ਕਰ ਰਹੇ ਹਨ, ਕਿਉਂਕਿ ਉਹ ਇਸ ਦਿਖਾਵੇ ਨੂੰ ਸਮਝ ਚੁੱਕੇ ਹਨ। ਲੋਕਾਂ ਦਾ ਮੰਨਣਾ ਹੈ ਕਿ ਨੇਤਾਵਾਂ ਨੂੰ ਮੌਕੇ 'ਤੇ ਜਾਣ ਦੀ ਬਜਾਏ ਸਰਕਾਰੀ ਵਿਭਾਗਾਂ ਨੂੰ ਸਖਤ ਆਦੇਸ਼ ਦੇ ਕੇ ਮਦਦ ਦੇ ਕੰਮ ਤੇਜ਼ ਕਰਨੇ ਚਾਹੀਦੇ।

ਆਮ ਆਦਮੀ ਪਾਰਟੀ (ਆਪ) ਸਰਕਾਰ ਨਾਲ ਲੋਕਾਂ ਦੀ ਨਾਰਾਜ਼ਗੀ ਵੀ ਸਾਫ ਦਿਸਦੀ ਹੈ। ਪੰਜਾਬੀਆਂ ਦਾ ਮੰਨਣਾ ਹੈ ਕਿ ਸਰਕਾਰ ਨੇ ਹੜ੍ਹਾਂ ਦੀ ਰੋਕਥਾਮ ਲਈ ਸਮੇਂ ਸਿਰ ਕੋਈ ਠੋਸ ਕਦਮ ਨਹੀਂ ਚੁੱਕੇ। ਨੇਤਾਵਾਂ ਦੀਆਂ ਮੁਲਾਕਾਤਾਂ ਅਤੇ ਮੀਡੀਆਬਾਜ਼ੀ ਨੇ ਲੋਕਾਂ ਦੇ ਸਬਰ ਦਾ ਪਿਆਲਾ ਭਰ ਦਿੱਤਾ ਹੈ, ਜਿਸ ਕਾਰਨ ਵਿਰੋਧ ਜਾਰੀ ਹੈ।

ਸਿੱਖਾਂ ਦੀ ਚੜ੍ਹਦੀਕਲਾ: ਸੇਵਾ ਦੀ ਜੋਤ-ਹੜ੍ਹਾਂ ਦੀ ਤਬਾਹੀ ਵਿਚ ਜਿੱਥੇ ਪੰਜਾਬ ਦੇ ਲੋਕਾਂ ਦੇ ਘਰ-ਬਾਰ, ਸੜਕਾਂ ਅਤੇ ਫ਼ਸਲਾਂ ਵਹਿ ਗਈਆਂ, ਉਥੇ ਸਿਖ ਭਾਈਚਾਰੇ ਨੇ ਆਪਣੀ ਚੜ੍ਹਦੀਕਲਾ ਦੀ ਮਿਸਾਲ ਕਾਇਮ ਕੀਤੀ। ਸਿਖੀ ਦੇ ਸਿਧਾਂਤ-ਕਿਰਤ ਕਰੋ, ਨਾਮ ਜਪੋ, ਵੰਡ ਛਕੋ-ਇਸ ਮੁਸੀਬਤ ਵਿਚ ਸੰਗਤ ਦੀ ਸੇਵਾ ਦਾ ਅਧਾਰ ਬਣੇ। ਗੁਰਦੁਆਰਿਆਂ, ਸੜਕਾਂ ਅਤੇ ਪਾਣੀ ਵਿਚ ਖੜ੍ਹੇ ਸਿਖ ਸੇਵਕ ਲੰਗਰ ਵਰਤਦੇ, ਚਾਹ, ਦੁੱਧ, ਰੋਟੀ ਅਤੇ ਪਾਣੀ ਦੀਆਂ ਬੋਤਲਾਂ ਪਹੁੰਚਾਉਂਦੇ ਨਜ਼ਰ ਆਏ। ਖਾਲਸਾ ਏਡ, ਯੂਨਾਈਟਿਡ ਸਿਖਸ ਅਤੇ ਸ੍ਰੋਮਣੀ ਕਮੇਟੀ ਵਰਗੀਆਂ ਸੰਸਥਾਵਾਂ ਨੇ ਮਦਦ ਦੇ ਕਾਫਲੇ ਤਿਆਰ ਕੀਤੇ। ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੇ ਵੀ ਫੰਡ ਅਤੇ ਸਮੱਗਰੀ ਭੇਜ ਕੇ ਸੰਗਤ ਦਾ ਸਾਥ ਦਿੱਤਾ।

ਸਿੱਖੀ ਦੀ ਰੂਹ ਵਿਚ ਸੇਵਾ, ਸਿਮਰਨ ਅਤੇ ਸੰਗਤ ਦੀ ਭਾਵਨਾ ਇਸ ਤਰ੍ਹਾਂ ਜੜ੍ਹੀ ਹੈ ਕਿ ਮੁਸੀਬਤਾਂ ਵਿਚ ਵੀ ਸਿੱਖ ਹੌਂਸਲਾ ਨਹੀਂ ਛੱਡਦੇ। ਗੁਰਬਾਣੀ ਸਿਖਾਉਂਦੀ ਹੈ ਕਿ ਦੁੱਖ ਵੀ ਵਾਹਿਗੁਰੂ ਦੀ ਦੇਣ ਹੈ, ਅਤੇ ਸੇਵਾ ਵਿਚ ਵਾਹਿਗੁਰੂ ਵਸਦਾ ਹੈ। ਇਸੇ ਕਾਰਨ ਸਿਖ ਆਪਣੇ ਦੁੱਖ ਭੁੱਲ ਕੇ ਦੂਜਿਆਂ ਦੀ ਮਦਦ ਵਿਚ ਜੁਟ ਜਾਂਦੇ ਹਨ। ਸੋਸ਼ਲ ਮੀਡੀਆ 'ਤੇ ਵੀਡੀਓਜ਼ ਵਿਚ ਸਿੱਖ ਸੇਵਕਾਂ ਦਾ ਇਹ ਉਦਮ ਦੁਨੀਆ ਨੂੰ ਹੈਰਾਨ ਕਰ ਰਿਹਾ ਹੈ।

ਕੇਂਦਰ ਸਰਕਾਰ ਦੀ ਭੂਮਿਕਾ: ਪੰਜਾਬ ਦੀ ਬਾਂਹ ਕਦੋਂ ਫੜੇਗੀ ?-ਕੇਂਦਰ ਸਰਕਾਰ ਵਲੋਂ ਪੰਜਾਬ ਸੂਬੇ ਦੇ ਦੌਰੇ ਤੋਂ ਬਾਅਦ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਸਰਹੱਦੀ ਸੂਬੇ ਨੂੰ ਮੌਜੂਦਾ ਸੰਕਟ 'ਚੋਂ ਬਾਹਰ ਕੱਢਣ ਲਈ ਛੋਟੀਆਂ, ਦਰਮਿਆਨੀਆਂ ਅਤੇ ਲੰਬੀਆਂ ਮਿਆਦ ਦੀਆਂ ਯੋਜਨਾਵਾਂ 'ਤੇ ਕੰਮ ਕਰੇਗੀ। ਪੰਜਾਬ ਦੀ ਸਥਿਤੀ ਨੂੰ ਗੰਭੀਰ ਦੱਸਦਿਆਂ ਚੌਹਾਨ ਨੇ ਕਿਹਾ ਸੀ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੇਤਾਂ, ਕਿਸਾਨਾਂ ਅਤੇ ਪਸ਼ੂਆਂ ਨੂੰ ਹੋਏ ਨੁਕਸਾਨ ਬਾਰੇ ਇੱਕ ਵਿਸਥਾਰਤ ਜ਼ਮੀਨੀ ਮੁਲਾਂਕਣ ਰਿਪੋਰਟ ਪੇਸ਼ ਕਰਨਗੇ ਅਤੇ ਕੇਂਦਰ ਇੱਕ ਵਿਆਪਕ ਰਾਹਤ ਅਤੇ ਮੁੜ ਵਸੇਬਾ ਪੈਕੇਜ ਲੈ ਕੇ ਆਵੇਗਾ। ਪਰ ਸਵਾਲ ਇਹ ਹੈ ਕਿ ਕੇਂਦਰ ਪੰਜਾਬ ਦੀ ਬਾਂਹ ਕਦੋਂ ਫੜੇਗੀ ? ਸਰਹੱਦੀ ਖੇਤਰ ਵਿਚ ਬੀ.ਐਸ.ਐਫ. ਦਾ 50 ਕਿਲੋਮੀਟਰ ਦਾ ਅਧਿਕਾਰ ਖੇਤਰ ਹੈ, ਪਰ ਮੁਸੀਬਤ ਦੀ ਘੜੀ ਵਿਚ ਇਹ ਕਿਤੇ ਨਜ਼ਰ ਨਹੀਂ ਆਏ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਕੇਂਦਰ ਦਾ ਕਬਜ਼ਾ ਅਤੇ ਡੈਮ ਪ੍ਰਬੰਧਨ ਦੀਆਂ ਗਲਤ ਨੀਤੀਆਂ ਨੇ ਪੰਜਾਬ ਨੂੰ ਹੜ੍ਹਾਂ ਦੀ ਮਾਰ ਵਿਚ ਧੱਕ ਦਿੱਤਾ।

ਪੰਜਾਬ ਨੂੰ ਆਪਣੇ ਪਾਣੀਆਂ ਦਾ ਹੱਕ ਵਾਪਸ ਲੈਣ ਲਈ ਕਾਨੂੰਨੀ ਅਤੇ ਰਾਜਨੀਤਕ ਲੜਾਈ ਲੜਨੀ ਪਵੇਗੀ। ਪੰਜਾਬ ਵਿਧਾਨ ਸਭਾ ਨੂੰ ਫਫਅ-66 ਦੀਆਂ ਧਾਰਾਵਾਂ 78, 79 ਅਤੇ 80 ਨੂੰ ਸਰਬਸੰਮਤੀ ਨਾਲ ਰੱਦ ਕਰਨ ਦਾ ਪ੍ਰਸਤਾਵ ਪਾਸ ਕਰਨਾ ਚਾਹੀਦਾ। ਨਾਲ ਹੀ, ਸੁਪਰੀਮ ਕੋਰਟ ਵਿਚ ਧਾਰਾ 79 ਨੂੰ ਚੁਣੌਤੀ ਦੇਣ ਦੀ ਲੋੜ ਹੈ। ਪਰ ਇਹ ਸਭ ਤਾਂ ਹੀ ਸੰਭਵ ਹੈ ਜੇਕਰ ਪੰਜਾਬ ਦੀ ਲੀਡਰਸ਼ਿਪ ਰਾਜਨੀਤਕ ਹਿਤਾਂ ਤੋਂ ਉੱਪਰ ਉੱਠ ਕੇ ਸੂਬੇ ਦੇ ਹੱਕ ਵਿਚ ਸੋਚੇ।

ਪੰਜਾਬ ਜ਼ਖ਼ਮੀ ਜ਼ਰੂਰ ਹੈ, ਪਰ ਹਾਰਿਆ ਨਹੀਂ। ਸਿੱਖਾਂ ਦੀ ਚੜ੍ਹਦੀਕਲਾ ਅਤੇ ਪੰਜਾਬੀਆਂ ਦੀ ਸੇਵਾ-ਭਾਵਨਾ ਨੇ ਦੁਨੀਆ ਨੂੰ ਸੁਨੇਹਾ ਦਿੱਤਾ ਹੈ ਕਿ ਮੁਸੀਬਤਾਂ ਵਿਚ ਵੀ ਪੰਜਾਬ ਮੁਸਕਰਾਉਣਾ ਜਾਣਦਾ ਹੈ।

ਬੀਬੀਐੱਮਬੀ ਨੇ ਹੜ੍ਹਾਂ ਦੀ ਸਥਿਤੀ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ-ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਅਸਿੱਧੇ ਤਰੀਕੇ ਨਾਲ ਹੜ੍ਹਾਂ ਦੀ ਸਥਿਤੀ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਚੇਅਰਮੈਨ ਨੇ ਪੰਜਾਬ ਵਿਚ ਹੜ੍ਹਾਂ ਦੀ ਸਥਿਤੀ ਦੌਰਾਨ ਵੱਡੀ ਤਬਾਹੀ ਤੋਂ ਬਚਾਉਣ 'ਚ ਡੈਮਾਂ ਦੀ ਭੂਮਿਕਾ ਅਹਿਮ ਰਹਿਣ ਦਾ ਤਰਕ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਭਾਖੜਾ ਡੈਮ ਨੇ ਪਹਾੜਾਂ ਵਿਚੋਂ ਆਏ ਪਾਣੀ ਨੂੰ ਸੰਭਾਲਿਆ ਹੈ।

ਚੇਅਰਮੈਨ ਨੇ ਕਿਹਾ ਕਿ ਜੇਕਰ ਹਰਿਆਣਾ ਨੂੰ ਪਹਿਲਾਂ ਜ਼ਿਆਦਾ ਪਾਣੀ ਛੱਡਿਆ ਹੁੰਦਾ ਤਾਂ ਡੈਮ ਵਿਚ ਪਾਣੀ ਦਾ ਪੱਧਰ ਚਾਰ ਫੁੱਟ ਤੱਕ ਹੇਠਾਂ ਆ ਜਾਣਾ ਸੀ ਅਤੇ ਪਹਾੜਾਂ ਵਿਚੋਂ ਹੁਣ ਆਏ ਪਾਣੀ ਲਈ ਜਗ੍ਹਾ ਬਣ ਜਾਣੀ ਸੀ। ਦੱਸਣਯੋਗ ਹੈ ਕਿ ਹੜ੍ਹਾਂ ਦੀ ਸਥਿਤੀ ਤੋਂ ਕੁੱਝ ਸਮਾਂ ਪਹਿਲਾਂ ਹਰਿਆਣਾ ਨੇ ਪੰਜਾਬ ਤੋਂ ਵਾਧੂ ਪਾਣੀ ਦੀ ਮੰਗ ਕੀਤੀ ਸੀ ਅਤੇ ਪੰਜਾਬ ਨੇ ਸਾਫ਼ ਇਨਕਾਰ ਕਰ ਦਿੱਤਾ ਸੀ। ਉਸ ਵਕਤ ਪੰਜਾਬ ਤੇ ਹਰਿਆਣਾ ਦਰਮਿਆਨ ਕਾਫ਼ੀ ਤਣਾਤਣੀ ਵੀ ਬਣੀ ਰਹੀ ਸੀ।

ਹਰਿਆਣਾ ਤੇ ਰਾਜਸਥਾਨ ਨੇ ਲੰਘੇ ਦਿਨੀਂ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਆਪੋ-ਆਪਣੀਆਂ ਨਹਿਰਾਂ 'ਚ ਪਾਣੀ ਦੀ ਮੰਗ ਜ਼ੀਰੋ ਕਰ ਦਿੱਤੀ ਸੀ। ਇੱਧਰ ਬੀਬੀਐੱਮਬੀ ਦੇ ਚੇਅਰਮੈਨ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਜਿੱਥੇ ਡੈਮਾਂ ਵਿਚਲੇ ਪਾਣੀ ਬਾਰੇ ਅੰਕੜੇ ਸਾਂਝੇ ਕੀਤੇ, ਉੱਥੇ ਅਸਿੱਧੇ ਤੌਰ 'ਤੇ ਹਰਿਆਣਾ ਨੂੰ ਪਿਛਲੇ ਸਮੇਂ ਦੌਰਾਨ ਵਾਧੂ ਪਾਣੀ ਨਾ ਛੱਡੇ ਜਾਣ ਨੂੰ ਲੈ ਕੇ ਪੰਜਾਬ ਨੂੰ ਨਿਸ਼ਾਨੇ 'ਤੇ ਲਿਆ।

# ਦਰਬਾਰ ਸਾਹਿਬ ਦੁਆਲੇ ਗੈਰ-ਕਾਨੂੰਨੀ ਉਸਾਰੀਆਂ: ਹਾਈ ਕੋਰਟ ਦਾ ਸਰਕਾਰ ਤੇ ਨਗਰ ਨਿਗਮ ਨੂੰ ਨੋਟਿਸ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

**✪ ਬਾਘ ਰਾਮਾਨੰਦ ਵਿਚ ਸੀਲ ਤੋੜ ਕੇ ਹੋਟਲ ਉਸਾਰੀ: ਜਨਹਿੱਤ ਪਟੀਸ਼ਨ ਨੇ ਚੁੱਕਿਆ ਮੁੱਦਾ ✪ ਨਗਰ ਨਿਗਮ ਦੀ ਢਿੱਲੀ ਕਾਰਗੁਜ਼ਾਰੀ : ਅਧਿਕਾਰੀਆਂ ਦੀ ਮਿਲੀਭੁਗਤ 'ਤੇ ਸਵਾਲ ✪ ਸ਼੍ਰੋਮਣੀ ਕਮੇਟੀ ਦੀ ਚੁੱਪੀ: ਵਿਰਾਸਤੀ ਮਹੱਤਤਾ ਨੂੰ ਬਚਾਉਣ ਦੀ ਮੰਗ**

ਸੱਚਖੰਡ ਸ੍ਰੀ ਦਰਬਾਰ ਸਾਹਿਬ, ਸਿੱਖ ਪੰਥ ਦਾ ਪਵਿੱਤਰ ਅਸਥਾਨ, ਜਿਥੇ ਰੋਜ਼ਾਨਾ ਲੱਖਾਂ ਸ਼ਰਧਾਲੂ ਮੱਥਾ ਟੇਕਣ ਆਉਂਦੇ ਹਨ, ਦੇ ਆਲੇ-ਦੁਆਲੇ ਗੈਰ-ਕਾਨੂੰਨੀ ਉਸਾਰੀਆਂ ਦਾ ਮਾਮਲਾ ਇਕ ਵਾਰ ਫਿਰ ਸੁਰਖੀਆਂ ਵਿਚ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਅੰਮ੍ਰਿਤਸਰ ਨਗਰ ਨਿਗਮ ਨੂੰ ਇਸ ਸੰਬੰਧ ਵਿਚ ਨੋਟਿਸ ਜਾਰੀ ਕੀਤਾ ਹੈ, ਜਿਸ ਵਿਚ ਦੋਸ਼ ਲਗਾਇਆ ਗਿਆ ਹੈ ਕਿ ਅਦਾਲਤ ਦੀਆਂ ਪਿਛਲੀਆਂ ਹਦਾਇਤਾਂ ਅਤੇ ਸੁਪਰੀਮ ਕੋਰਟ ਵਿਚ ਚੱਲ ਰਹੇ ਮਾਮਲੇ ਦੇ ਬਾਵਜੂਦ, ਸ੍ਰੀ ਦਰਬਾਰ ਸਾਹਿਬ ਦੇ ਲਾਂਘੇ ਦੇ ਨੇੜੇ ਨਵੀਆਂ ਗੈਰ-ਕਾਨੂੰਨੀ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ। ਇਸ ਮਾਮਲੇ ਨੇ ਸਥਾਨਕ ਲੋਕਾਂ, ਸ਼ਰਧਾਲੂਆਂ ਅਤੇ ਸਮਾਜਿਕ ਸੰਗਠਨਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਇਸ ਮਾਮਲੇ ਦੀ ਸ਼ੁਰੂਆਤ ਬਾਘ ਰਾਮਾਨੰਦ ਦੇ 77 ਸਾਲਾ ਵਸਨੀਕ ਜਗਦੀਸ਼ ਸਿੰਘ ਵੱਲੋਂ ਦਾਇਰ ਜਨਹਿੱਤ ਪਟੀਸ਼ਨ ਨਾਲ ਹੋਈ। ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਬਾਘ ਰਾਮਾਨੰਦ ਨੇੜੇ ਇਕ ਸੀਲ ਕੀਤੀ ਜਾਇਦਾਦ ਨੂੰ ਅੰਮ੍ਰਿਤਸਰ ਵਾਲਡ ਸਿਟੀ (ਇਮਾਰਤ) ਐਕਟ, 2016 ਅਤੇ ਇਮਾਰਤ ਉਪ-ਨਿਯਮਾਂ ਦੀ ਉਲੰਘਣਾ ਕਰਕੇ ਹੋਟਲ ਵਿਚ ਬਦਲਿਆ ਜਾ ਰਿਹਾ ਹੈ। ਪਟੀਸ਼ਨਕਰਤਾ ਨੇ ਅਰੋਪ ਲਗਾਇਆ ਕਿ ਨਗਰ ਨਿਗਮ ਵੱਲੋਂ ਲਗਾਈਆਂ ਸੀਲਾਂ ਨੂੰ ਤੋੜ ਦਿੱਤਾ ਗਿਆ ਅਤੇ ਅਧਿਕਾਰੀਆਂ ਦੀ ਨੱਕ ਹੇਠ ਗੈਰ-ਕਾਨੂੰਨੀ ਉਸਾਰੀ ਦਾ ਕੰਮ ਜਾਰੀ ਹੈ। ਜਗਦੀਸ਼ ਸਿੰਘ ਨੇ ਆਪਣੀ ਪਟੀਸ਼ਨ ਵਿਚ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਰਗੇ ਪਵਿੱਤਰ ਅਸਥਾਨ ਦੇ ਨੇੜੇ ਅਜਿਹੀਆਂ ਗਤੀਵਿਧੀਆਂ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹਨ, ਸਗੋਂ ਸਿੱਖ ਧਰਮ ਦੀ ਵਿਰਾਸਤ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਉਂਦੀਆਂ ਹਨ।

ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਡਵੀਜ਼ਨ ਬੈਂਚ ਨੇ ਪਟੀਸ਼ਨ ਦੀ ਸੁਣਵਾਈ ਦੌਰਾਨ ਪਿਛਲੇ ਅਦਾਲਤੀ ਹੁਕਮਾਂ ਅਤੇ ਸੁਪਰੀਮ ਕੋਰਟ ਦੀ ਰੋਕ ਦੇ ਮੱਦੇਨਜ਼ਰ ਮਾਮਲੇ ਦੀ ਸੰਭਾਲ 'ਤੇ ਸਵਾਲ ਉਠਾਏ।



ਬੈਂਚ ਨੇ ਸਪੱਸ਼ਟ ਕੀਤਾ ਕਿ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਕਿਸੇ ਵੀ ਉਸਾਰੀ ਕਾਰਜ ਵਿਚ ਨਗਰ ਨਿਗਮ ਨੂੰ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ। ਅਦਾਲਤ ਨੇ ਪੰਜਾਬ ਸਰਕਾਰ ਅਤੇ ਅੰਮ੍ਰਿਤਸਰ ਨਗਰ ਨਿਗਮ ਨੂੰ 15 ਅਕਤੂਬਰ 2025 ਤੱਕ ਆਪਣਾ ਜਵਾਬ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਹਨ।

ਸ੍ਰੀ ਦਰਬਾਰ ਸਾਹਿਬ ਦੇ ਲਾਂਘੇ ਦੇ ਨੇੜੇ ਉੱਚੀਆਂ ਇਮਾਰਤਾਂ ਅਤੇ ਗੈਰ-ਕਾਨੂੰਨੀ ਹੋਟਲਾਂ ਦਾ ਮੁੱਦਾ ਕੋਈ ਨਵਾਂ ਨਹੀਂ ਹੈ। ਪਿਛਲੇ ਕਈ ਸਾਲਾਂ ਤੋਂ ਸਥਾਨਕ ਲੋਕ ਅਤੇ ਸਮਾਜਿਕ ਸੰਗਠਨ ਇਸ ਸੰਬੰਧੀ ਸਰਕਾਰ ਅਤੇ ਨਗਰ ਨਿਗਮ ਦੀ ਨਿਗਰਾਨੀ 'ਤੇ ਸਵਾਲ ਉਠਾਉਂਦੇ ਰਹੇ ਹਨ। ਸਵਾਲ ਇਹ ਹੈ ਕਿ ਜਦੋਂ ਅਦਾਲਤਾਂ ਨੇ ਪਹਿਲਾਂ ਹੀ ਸਪੱਸ਼ਟ ਹਦਾਇਤਾਂ ਜਾਰੀ ਕਰ ਰੱਖੀਆਂ ਹਨ, ਤਾਂ ਸਰਕਾਰ ਅਤੇ ਨਗਰ ਨਿਗਮ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਵਿਚ ਅਸਫਲ ਕਿਉਂ ਹਨ? ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਕੁਝ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸ਼ਹਿ 'ਤੇ ਅਜਿਹੀਆਂ ਉਸਾਰੀਆਂ ਜਾਰੀ ਹਨ, ਅਤੇ ਅਧਿਕਾਰੀ ਜਾਣਬੁੱਝ ਕੇ ਅੱਖਾਂ ਮੀਚ ਰਹੇ ਹਨ।

ਬਾਘ ਰਾਮਾਨੰਦ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਬਣ ਰਹੇ ਹੋਟਲ ਅਤੇ ਵਪਾਰਕ ਇਮਾਰਤਾਂ ਨਾਲ ਨਾ ਸਿਰਫ਼ ਵਿਰਾਸਤੀ ਮਹੱਤਤਾ ਨੂੰ ਨੁਕਸਾਨ ਪਹੁੰਚ ਰਿਹਾ ਹੈ, ਸਗੋਂ ਸ਼ਰਧਾਲੂਆਂ ਨੂੰ ਵੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਵਪਾਰੀ ਅਤੇ ਸ਼ਰਧਾਲੂ ਸੁਰਿੰਦਰ ਸਿੰਘ ਨੇ ਕਿਹਾ, "ਸਾਡੇ ਪਵਿੱਤਰ ਅਸਥਾਨ ਦੀ ਸ਼ਾਂਤੀ ਅਤੇ ਪਵਿੱਤਰਤਾ ਨੂੰ ਬਚਾਉਣ ਲਈ ਸਰਕਾਰ ਨੂੰ ਸਖ਼ਤ ਕਦਮ ਚੁੱਕਣੇ ਚਾਹੀਦੇ। ਪਰ ਇੱਥੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਨਾਜਾਇਜ਼ ਉਸਾਰੀਆਂ ਹੋ ਰਹੀਆਂ ਹਨ।"

## ਨਗਰ ਨਿਗਮ ਦੀ ਢਿੱਲੀ ਕਾਰਗੁਜ਼ਾਰੀ ਅਤੇ ਸ਼੍ਰੋਮਣੀ ਕਮੇਟੀ ਦੀ ਚੁੱਪੀ

ਅੰਮ੍ਰਿਤਸਰ ਨਗਰ ਨਿਗਮ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉੱਠ ਰਹੇ ਹਨ। ਪਟੀਸ਼ਨ ਵਿਚ ਦੋਸ਼ ਲਗਾਇਆ ਗਿਆ ਹੈ ਕਿ ਨਗਰ ਨਿਗਮ ਨੇ ਨਾ ਸਿਰਫ਼ ਸੀਲਬੰਦ ਜਾਇਦਾਦਾਂ ਦੀ ਨਿਗਰਾਨੀ ਵਿਚ ਅਣਗਹਿਲੀ ਵਰਤੀ, ਸਗੋਂ ਗੈਰ-ਕਾਨੂੰਨੀ ਉਸਾਰੀਆਂ ਨੂੰ ਰੋਕਣ ਲਈ ਕੋਈ ਠੋਸ ਕਦਮ ਵੀ ਨਹੀਂ ਚੁੱਕਿਆ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਅਜਿਹੀਆਂ ਗਤੀਵਿਧੀਆਂ ਦੀ ਪੂਰੀ ਜਾਣਕਾਰੀ ਹੁੰਦੀ ਹੈ, ਪਰ ਰਾਜਸੀ ਜਾਂ ਵਪਾਰਕ ਦਬਾਅ ਕਾਰਨ ਉਹ ਚੁੱਪ ਵੱਟ ਲੈਂਦੇ ਹਨ।

ਇਸ ਦੇ ਨਾਲ ਹੀ, ਸ਼੍ਰੋਮਣੀ ਕਮੇਟੀ ਦੀ ਚੁੱਪੀ ਵੀ ਸਵਾਲਾਂ ਦੇ ਘੇਰੇ ਵਿਚ ਹੈ। ਸ੍ਰੀ ਦਰਬਾਰ ਸਾਹਿਬ ਦੀ ਸੰਭਾਲ ਅਤੇ ਪ੍ਰਬੰਧ ਦੀ ਜ਼ਿੰਮੇਵਾਰੀ ਸੰਭਾਲਣ ਵਾਲੀ ਇਹ ਸੰਸਥਾ ਇਸ ਮੁੱਦੇ 'ਤੇ ਅਜੇ ਤੱਕ ਖਾਮੋਸ਼ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁਖ ਸੇਵਾਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਹੈ ਕਿ ਉਹ ਇਸ ਮਾਮਲੇ ਬਾਰੇ ਸਖਤ ਨੋਟਿਸ ਲਵੇ ਅਤੇ ਸ੍ਰੀ ਦਰਬਾਰ ਸਾਹਿਬ ਦੀ ਵਿਰਾਸਤ ਨੂੰ ਬਚਾਉਣ ਲਈ ਅਵਾਜ਼ ਉਠਾਵੇ।

ਗੈਰ-ਕਾਨੂੰਨੀ ਉਸਾਰੀਆਂ ਨੂੰ ਲੈ ਕੇ ਪਿਛਲੇ ਕੁਝ ਸਾਲਾਂ ਵਿਚ ਨਗਰ ਨਿਗਮ ਅਤੇ ਸਰਕਾਰ ਵੱਲੋਂ ਕੁਝ ਕਾਰਵਾਈਆਂ ਕੀਤੀਆਂ ਗਈਆਂ ਹਨ, ਪਰ ਇਹ ਕਾਰਵਾਈਆਂ ਨਾਕਾਫ਼ੀ ਸਾਬਤ ਹੋਈਆਂ ਹਨ। ਸੂਤਰਾਂ ਅਨੁਸਾਰ, ਸ੍ਰੀ ਦਰਬਾਰ ਸਾਹਿਬ ਦੇ ਲਾਂਘੇ ਦੇ ਨੇੜੇ ਪਿਛਲੇ ਪੰਜ ਸਾਲਾਂ ਵਿਚ ਕਰੀਬ 15-20 ਗੈਰ-ਕਾਨੂੰਨੀ ਇਮਾਰਤਾਂ ਨੂੰ ਸੀਲ ਕੀਤਾ ਗਿਆ ਜਾਂ ਢਾਹਿਆ ਗਿਆ ਹੈ। ਹਾਲਾਂਕਿ, ਸਹੀ ਅੰਕੜਿਆਂ ਦੀ ਪੁਸ਼ਟੀ ਨਹੀਂ ਹੋ ਸਕੀ। ਅਜੇ ਵੀ ਕਈ ਇਮਾਰਤਾਂ ਅਜਿਹੀਆਂ ਹਨ, ਜਿਨ੍ਹਾਂ 'ਤੇ ਨਗਰ ਨਿਗਮ ਨੇ ਕੋਈ ਕਾਰਵਾਈ ਨਹੀਂ ਕੀਤੀ। ਇਨ੍ਹਾਂ ਵਿਚੋਂ ਕੁਝ ਹੋਟਲ ਅਤੇ ਵਪਾਰਕ ਅਦਾਰੇ ਸ਼ਾਮਲ ਹਨ, ਜੋ ਸ਼ਰਧਾਲੂਆਂ ਦੀ ਆੜ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਚੱਲ ਰਹੇ ਹਨ।

ਹਾਈ ਕੋਰਟ ਦੇ ਨੋਟਿਸ ਤੋਂ ਬਾਅਦ ਸਾਰੀਆਂ ਨਜ਼ਰਾਂ ਪੰਜਾਬ ਸਰਕਾਰ ਅਤੇ ਅੰਮ੍ਰਿਤਸਰ ਨਗਰ ਨਿਗਮ ਦੇ ਜਵਾਬ 'ਤੇ ਟਿਕੀਆਂ ਹਨ। 15 ਅਕਤੂਬਰ ਨੂੰ ਅਗਲੀ ਸੁਣਵਾਈ ਦੌਰਾਨ ਅਦਾਲਤ ਇਸ ਮਾਮਲੇ 'ਤੇ ਆਪਣਾ ਅੰਤਿਮ ਫੈਸਲਾ ਸੁਣਾ ਸਕਦੀ ਹੈ। ਸਥਾਨਕ ਲੋਕ ਅਤੇ ਸਮਾਜਿਕ ਸੰਗਠਨ ਮੰਗ ਕਰ ਰਹੇ ਹਨ ਕਿ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਵਿਰਾਸਤੀ ਮਹੱਤਤਾ ਨੂੰ ਬਚਾਉਣ ਲਈ ਸਖ਼ਤ ਕਾਨੂੰਨੀ ਅਤੇ ਪ੍ਰਸ਼ਾਸਨਿਕ ਕਦਮ ਚੁੱਕੇ ਜਾਣ। ਇਸ ਦੇ ਨਾਲ ਹੀ, ਸ਼੍ਰੋਮਣੀ ਕਮੇਟੀ 'ਤੇ ਵੀ ਦਬਾਅ ਵਧ ਰਿਹਾ ਹੈ ਕਿ ਉਹ ਇਸ ਮੁੱਦੇ 'ਤੇ ਆਪਣੀ ਚੁੱਪੀ ਤੋੜੇ ਅਤੇ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਰਾਖੀ ਲਈ ਅੱਗੇ ਆਵੇ।

ਇਹ ਮਾਮਲਾ ਸਿਰਫ਼ ਕਾਨੂੰਨੀ ਉਲੰਘਣਾ ਦਾ ਹੀ ਨਹੀਂ, ਸਗੋਂ ਸਿੱਖ ਧਰਮ ਦੀ ਪਵਿੱਤਰ ਵਿਰਾਸਤ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਹੁਣ ਵੇਖਣਾ ਇਹ ਹੈ ਕਿ ਸਰਕਾਰ ਅਤੇ ਨਗਰ ਨਿਗਮ ਅਦਾਲਤ ਦੇ ਸਾਹਮਣੇ ਕੀ ਜਵਾਬ ਦਿੰਦੇ ਹਨ ਅਤੇ ਇਸ ਮੁੱਦੇ ਦਾ ਕੋਈ ਸਥਾਈ ਹੱਲ ਕਦੋਂ ਨਿਕਲਦਾ ਹੈ।

# ਹੜ੍ਹਾਂ ਕਾਰਣ ਭਾਜਪਾ ਆਗੂ ਨੇ ਦਿੱਤਾ ਅਸਤੀਫ਼ਾ

## ✪ ਕਿਹਾ-"ਹੜ੍ਹਾਂ" ਵਿਚ ਮੋਦੀ ਸਰਕਾਰ ਨੇ ਪੰਜਾਬ ਦੀ ਸਾਰ ਨਾ ਲਈ



**ਲੁਧਿਆਣਾ**-ਹੜ੍ਹਾਂ ਕਾਰਨ ਗੰਭੀਰ ਸੰਕਟ ਵਿਚੋਂ ਗੁਜ਼ਰ ਰਹੇ ਪੰਜਾਬ ਪ੍ਰਤੀ ਕੇਂਦਰ ਭਾਜਪਾ ਸਰਕਾਰ ਵਲੋਂ ਮਤਰੇਈ ਮਾਂ ਵਾਲੇ ਸਲੂਕ ਵਿਰੁੱਧ ਗੁੱਸੇ ਵਿਚ ਭਾਜਪਾ ਦੇ ਸੂਬਾ ਮੀਡੀਆ ਪੈਨਲਿਸਟ ਪਰਮਿੰਦਰ ਮਹਿਤਾ (ਸਾਬਕਾ ਕੌਂਸਲਰ) ਨੇ ਪਾਰਟੀ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਕਪਰਮਿੰਦਰ ਮਹਿਤਾ ਨੇ ਕਿਹਾ ਕਿ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਪੰਜਾਬ ਦੇ ਲੋਕ, ਖਾਸ ਕਰ ਕੇ ਗੁਆਂਢੀ ਸੂਬਿਆਂ ਹਿਮਾਚਲ ਅਤੇ ਉੱਤਰਾਖੰਡ ਨਾਲ ਲੱਗਦੇ ਸਰਹੱਦੀ ਜ਼ਿਲੇ, ਰਾਵੀ ਅਤੇ ਬਿਆਸ ਦੁਆਰਾ ਪੈਦਾ ਕੀਤੀ ਤਬਾਹੀ ਤੋਂ ਪ੍ਰੇਸ਼ਾਨ ਹਨ ਅਤੇ ਹੁਣ ਸਤਲੁਜ ਦੀ ਮਾਰ ਨੇ ਬਾਕੀ ਜ਼ਿਲਿਆਂ ਨੂੰ ਵੀ ਆਪਣੀ ਲਪੇਟ 'ਚ ਲੈ ਲਿਆ ਹੈ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਸ਼ੁਰੂਆਤੀ ਸੰਕਟ 'ਚ ਹੀ ਪੰਜਾਬ ਵੱਲ ਮਦਦ ਦਾ ਹੱਥ ਵਧਾਉਣਾ ਚਾਹੀਦਾ ਸੀ ਅਤੇ ਦੇਸ਼ ਦੇ ਅੰਨਦਾਤਾ ਨੂੰ ਪੂਰੀ ਸਹਾਇਤਾ ਦੇ ਕੇ ਉਨ੍ਹਾਂ ਦਾ ਦੁੱਖ ਸਾਂਝਾ ਕਰਨਾ ਚਾਹੀਦਾ ਸੀ ਪਰ ਦਿਲ ਬਹੁਤ ਦੁਖੀ ਹੋਇਆ ਜਦੋਂ ਕੇਂਦਰੀ ਸ਼ਾਸਕਾਂ ਨੇ ਅਫ਼ਗਾਨਿਸਤਾਨ 'ਚ ਭੂਚਾਲ 'ਚ ਹੋਈਆਂ ਮੌਤਾਂ 'ਤੇ ਟਵੀਟ ਕਰ ਕੇ ਦੁੱਖ ਪ੍ਰਗਟ ਕੀਤਾ ਅਤੇ ਹੜ੍ਹਾਂ 'ਤੇ ਦੁੱਖ ਪ੍ਰਗਟ ਕਰਨ ਲਈ ਜੰਮੂ ਗਏ। ਪਰ ਪੰਜਾਬ ਵਿਚ ਮਨੁੱਖੀ ਜਾਨਾਂ ਜਾਣ ਦੇ ਬਾਵਜੂਦ, ਅਫ਼ਸੋਸ ਦਾ ਇਕ ਵੀ ਸ਼ਬਦ ਨਹੀਂ ਬੋਲਿਆ ਗਿਆ।

# ਪੁਰਤਗਾਲ ਵਿਚ ਗੈਂਗਵਾਰ: ਲਾਰੰਸ ਬਿਸ਼ਨੋਈ ਦੀ ਅੰਤਰਰਾਸ਼ਟਰੀ ਸਾਜਿਸ਼

## ✪ ਕੈਨੇਡਾ ਤੋਂ ਯੂਰਪ: ਲਾਰੰਸ ਗੈਂਗ ਦਾ ਵਧ ਰਿਹਾ ਦਬਾਅ ✪ ਰਣਦੀਪ ਮਲਿਕ ਦੀ ਧਮਕੀ: ਗੋਲੀਬਾਰੀ ਦੀ ਜ਼ਿੰਮੇਵਾਰੀ ਕਬੂਲੀ ✪ ਭਾਰਤੀ ਏਜੰਸੀਆਂ 'ਤੇ ਦੋਸ਼: ਕੀ ਹੈ ਅਸਲ ਸੱਚ ?

ਪੁਰਤਗਾਲ ਦੀ ਰਾਜਧਾਨੀ ਲਿਸਬਨ ਦੇ ਓਡੀਵੇਲਸ ਇਲਾਕੇ ਵਿਚ ਹੋਈ ਤਾਜ਼ਾ ਗੈਂਗਵਾਰ ਨੇ ਪੂਰੀ ਦੁਨੀਆਂ ਵਿਚ ਹਲਚਲ ਮਚਾ ਦਿੱਤੀ ਹੈ। ਇਸ ਗੈਂਗਵਾਰ ਦੇ ਪਿੱਛੇ ਭਾਰਤ ਦੇ ਖਤਰਨਾਕ ਗੈਂਗਸਟਰ ਲਾਰੰਸ ਬਿਸ਼ਨੋਈ ਦਾ ਨਾਂ ਸਾਹਮਣੇ ਆਇਆ ਹੈ। ਇਸ ਘਟਨਾ ਨੇ ਨਾ ਸਿਰਫ਼ ਭਾਰਤੀ ਅਪਰਾਧੀ ਨੈੱਟਵਰਕ ਦੀ ਅੰਤਰਰਾਸ਼ਟਰੀ ਪਹੁੰਚ ਨੂੰ ਉਜਾਗਰ ਕੀਤਾ, ਸਗੋਂ ਸਥਾਨਕ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਲਈ ਵੀ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ। ਲਾਰੰਸ ਬਿਸ਼ਨੋਈ ਗੈਂਗ ਦੇ ਸਹਿਯੋਗੀ ਅਤੇ ਭਾਰਤ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ.ਆਈ.ਏ.) ਦੇ ਵਾਂਟਿਡ ਗੈਂਗਸਟਰ ਰਣਦੀਪ ਮਲਿਕ ਨੇ ਫੇਸਬੁੱਕ ਪੋਸਟ ਰਾਹੀਂ ਇਸ ਹਮਲੇ ਦੀ ਜ਼ਿੰਮੇਵਾਰੀ ਲਈ। ਉਸ ਨੇ ਰੋਮੀ ਅਤੇ ਪ੍ਰਿੰਸ ਨਾਮੀ ਗੈਂਗ ਦੇ ਟਿਕਾਣੇ 'ਤੇ ਗੋਲੀਬਾਰੀ ਕਰਵਾਉਣ ਦਾ ਦਾਅਵਾ ਕੀਤਾ, ਜੋ ਪੁਰਤਗਾਲ ਵਿਚ ਗੈਰ-ਕਾਨੂੰਨੀ ਧੰਦਿਆਂ ਵਿਚ ਸ਼ਾਮਲ ਦੱਸੇ ਜਾਂਦੇ ਹਨ।

ਰਣਦੀਪ ਮਲਿਕ ਨੇ ਆਪਣੀ ਪੋਸਟ 'ਚ ਲਿਖਿਆ, "ਜੈ ਸ੍ਰੀ ਰਾਮ, ਸਤ ਸ੍ਰੀ ਅਕਾਲ... ਪੁਰਤਗਾਲ ਦੇ ਓਡੀਵੇਲਸ, ਲਿਸਬਨ ਵਿਚ ਹੋਈ ਗੋਲੀਬਾਰੀ ਮੈਂ, ਰਣਦੀਪ ਮਲਿਕ ਅਤੇ ਲਾਰੰਸ ਬਿਸ਼ਨੋਈ ਗੈਂਗ ਨੇ ਕਰਵਾਈ ਹੈ। ਪੁਰਤਗਾਲ ਵਿਚ ਗੈਰ-ਕਾਨੂੰਨੀ ਕੰਮ ਕਰ ਰਹੇ ਰੋਮੀ ਅਤੇ ਪ੍ਰਿੰਸ ਨੂੰ ਆਪਣਾ ਕੰਮ ਬੰਦ ਕਰ ਦੇਣਾ ਚਾਹੀਦਾ ਹੈ।" ਉਸ ਨੇ ਸਪੱਸ਼ਟ ਚਿਤਾਵਨੀ ਦਿੱਤੀ ਕਿ ਜੇ ਉਸ ਦੀ ਧਮਕੀ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਨਤੀਜੇ ਖਤਰਨਾਕ ਹੋਣਗੇ। ਪੋਸਟ ਵਿਚ ਮਲਿਕ ਨੇ ਕਈ ਮਾਰੇ ਗਏ ਗੈਂਗਸਟਰਾਂ ਦੇ ਨਾਂ ਵੀ ਜ਼ਿਕਰ ਕੀਤੇ, ਜਿਵੇਂ ਅੰਕਿਤ ਭਾਦੂ ਸ਼ੇਰੇਵਾਲਾ, ਜਤਿੰਦਰ ਗੋਗੀ, ਗੋਲਡੀ ਢਿੱਲੋਂ, ਕਾਲਾ ਰਾਣਾ, ਅਰਜੂ ਬਿਸ਼ਨੋਈ, ਸ਼ੁਭਮ ਲੋਨਕਰ ਅਤੇ ਸਾਹਿਲ ਦੁਹਾਨ ਹਿਸਾਰ।

ਇਹ ਪਹਿਲੀ ਵਾਰ ਹੈ ਜਦੋਂ ਪੁਰਤਗਾਲ ਦੀ ਧਰਤੀ 'ਤੇ ਭਾਰਤੀ ਅਪਰਾਧੀ ਗਰੋਹਾਂ ਵਿਚਕਾਰ ਅਜਿਹੀ ਵੱਡੀ ਗੈਂਗਵਾਰ ਦੀ ਘਟਨਾ ਸਾਹਮਣੇ ਆਈ ਹੈ। ਇਸ ਤੋਂ ਪਹਿਲਾਂ ਕੈਨੇਡਾ ਵਿਚ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਮਾਹਿਰਾਂ ਅਨੁਸਾਰ, ਲਾਰੰਸ ਬਿਸ਼ਨੋਈ ਗੈਂਗ ਨੇ 2024 ਅਤੇ 2025 ਵਿਚ ਵਿਦੇਸ਼ੀ ਧਰਤੀ 'ਤੇ ਕਈ ਵੱਡੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ, ਜਿਸ ਨੇ ਇਸ ਗੈਂਗ ਦੀ ਅੰਤਰਰਾਸ਼ਟਰੀ ਪਕੜ ਨੂੰ ਹੋਰ ਮਜ਼ਬੂਤ ਕੀਤਾ ਹੈ।

ਲਾਰੰਸ ਬਿਸ਼ਨੋਈ ਗੈਂਗ ਦੀਆਂ ਗਤੀਵਿਧੀਆਂ ਸਿਰਫ਼ ਭਾਰਤ ਤੱਕ ਸੀਮਤ ਨਹੀਂ ਰਹੀਆਂ। ਕੈਨੇਡਾ ਵਿਚ ਵੀ ਇਸ ਗੈਂਗ ਨੇ ਆਪਣੀ ਖੂੰਖਾਰ ਸਾਜਿਸ਼ਾਂ ਨਾਲ ਹਲਚਲ ਮਚਾਈ ਹੋਈ ਹੈ। ਕੈਨੇਡਾ ਵਿਚ ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਫੇ 'ਤੇ ਦੋ ਵਾਰ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਲਾਰੰਸ



ਗੈਂਗ ਨਾਲ ਜੋੜਿਆ ਗਿਆ ਸੀ। ਇਸ ਤੋਂ ਇਲਾਵਾ, ਰਾਸ਼ਟਰੀ ਕਬੱਡੀ ਖਿਡਾਰੀ ਸੋਨੂੰ ਨੋਲਟਾ ਅਤੇ ਕੈਨੇਡੀਅਨ ਗੈਂਗਸਟਰ ਸੁੱਖਾ ਦੁਨੀਕੇ ਦੀ ਹੱਤਿਆ ਦੇ ਤਾਰ ਵੀ ਇਸ ਗੈਂਗ ਨਾਲ ਜੁੜੇ ਹੋਏ ਹਨ। ਇਨ੍ਹਾਂ ਘਟਨਾਵਾਂ ਨੇ ਸਥਾਨਕ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ।

ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਲਾਰੰਸ ਬਿਸ਼ਨੋਈ ਗੈਂਗ 'ਤੇ ਗੰਭੀਰ ਦੋਸ਼ ਲਗਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਗੈਂਗ ਭਾਰਤ ਸਰਕਾਰ ਦੇ ਇਸ਼ਾਰੇ 'ਤੇ ਕੈਨੇਡਾ ਵਿਚ ਸਿੱਖ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਸੀ । 2023 ਵਿਚ ਸਿੱਖ ਵੱਖਵਾਦੀ ਨੇਤਾ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਦਾ ਜ਼ਿੰਮੇਵਾਰ ਵੀ ਇਸ ਗੈਂਗ ਨੂੰ ਮੰਨਿਆ ਜਾ ਰਿਹਾ ਹੈ।

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਭਾਰਤੀ ਡਿਪਲੋਮੈਟਸ ਨੇ ਕੈਨੇਡਾ ਵਿਚ ਅਪਰਾਧੀ ਸੰਗਠਨਾਂ, ਜਿਵੇਂ ਲਾਰੰਸ ਬਿਸ਼ਨੋਈ ਗੈਂਗ, ਨਾਲ ਮਿਲ ਕੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ। ਹਾਲਾਂਕਿ, ਭਾਰਤ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕੈਨੇਡਾ ਨੂੰ ਸਬੂਤ ਪੇਸ਼ ਕਰਨ ਲਈ ਕਿਹਾ ਹਸੀ।

ਲਾਰੰਸ ਬਿਸ਼ਨੋਈ ਗੈਂਗ ਦੀਆਂ ਗਤੀਵਿਧੀਆਂ ਸਿਰਫ਼ ਵਿਦੇਸ਼ਾਂ ਤੱਕ ਹੀ ਸੀਮਤ ਨਹੀਂ। ਨਵੰਬਰ 2024 ਵਿਚ ਚੰਡੀਗੜ੍ਹ ਵਿਚ ਦੋ ਮਸ਼ਹੂਰ ਕਲੱਬਾਂ, ਸੇਵੀਲ ਬਾਰ ਐਂਡ ਲਾਊਂਜ (ਜੋ ਕਿ ਗਾਇਕ ਅਤੇ ਰੈਪਰ ਬਾਦਸ਼ਾਹ ਦੀ ਮਲਕੀਅਤ ਹੈ) ਅਤੇ ਡੀ ਓਰਾ ਕਲੱਬ ਦੇ ਬਾਹਰ ਹੋਏ ਵਿਸਫੋਟਾਂ ਵਿਚ ਵੀ ਇਸ ਗੈਂਗ ਦਾ ਹੱਥ ਮੰਨਿਆ ਜਾ ਰਿਹਾ ਹੈ। ਇਨ੍ਹਾਂ ਘਟਨਾਵਾਂ ਦੀ ਜ਼ਿੰਮੇਵਾਰੀ ਲਾਰੰਸ ਦੇ ਸਹਿਯੋਗੀ ਗੋਲਡੀ ਬਰਾੜ ਨੇ ਲਈ।

ਇਸ ਤੋਂ ਇਲਾਵਾ, ਪੰਜਾਬੀ ਗਾਇਕ ਗਿੱਪੀ ਗਰੇਵਾਲ ਅਤੇ ਏ.ਪੀ. ਢਿੱਲੋਂ ਦੇ ਕੈਨੇਡਾ ਸਥਿਤ ਘਰਾਂ 'ਤੇ ਗੋਲੀਬਾਰੀ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਵੀ ਇਸ ਗੈਂਗ ਨਾਲ ਜੁੜੀਆਂ ਹਨ। ਕੈਲੀਫੋਰਨੀਆ ਵਿਚ ਡਰੱਗ ਲਾਰਡ ਸੁਨੀਲ ਯਾਦਵ ਦੀ ਹੱਤਿਆ ਦੇ ਪਿੱਛੇ ਵੀ ਲਾਰੰਸ ਬਿਸ਼ਨੋਈ ਅਤੇ ਰੋਹਿਤ ਗੋਦਾਰਾ ਗੈਂਗ ਦਾ ਹੱਥ ਦੱਸਿਆ ਜਾ ਰਿਹਾ ਹੈ।

ਰਣਦੀਪ ਮਲਿਕ, ਜੋ ਕਿ ਐੱਨ. ਆਈ. ਏ. ਦੀ ਵਾਂਟਿਡ ਸੂਚੀ 'ਚ ਸ਼ਾਮਲ ਹੈ, ਨੂੰ ਪਿਛਲੇ ਮਹੀਨੇ ਅਮਰੀਕੀ ਮਾਈਗ੍ਰੇਸ਼ਨ ਵਿਭਾਗ (ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਨੇ ਹਿਰਾਸਤ ਵਿਚ ਲਿਆ ਸੀ, ਪਰ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ। ਮਲਿਕ ਦਾ ਨਾਂ ਦਿੱਲੀ ਵਿਚ ਜਿਮ ਮਾਲਕ ਨਦੀਰ ਸ਼ਾਹ ਦੀ ਹੱਤਿਆ ਅਤੇ ਸੈਲੀਬ੍ਰਿਟੀਜ਼ ਨੂੰ ਧਮਕੀਆਂ ਦੇਣ ਵਰਗੇ ਅਪਰਾਧਾਂ ਵਿਚ ਵੀ ਸਾਹਮਣੇ ਆਇਆ ਹੈ।

ਕੈਨੇਡਾ ਦੀ ਪੁਲਿਸ ਅਤੇ ਸਰਕਾਰ ਨੇ ਲਾਰੰਸ ਬਿਸ਼ਨੋਈ ਗੈਂਗ 'ਤੇ ਭਾਰਤ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰਨ ਦੇ ਦੋਸ਼ ਲਗਾਏ ਸਨ। ਆਰ.ਸੀ.ਐੱਮ.ਪੀ. ਦੀ ਸਹਾਇਕ ਕਮਿਸ਼ਨਰ ਬ੍ਰਿਜੇਟ ਗੌਵਿਨ ਨੇ ਦਾਅਵਾ ਕੀਤਾ ਸੀ ਕਿ ਇਹ ਗੈਂਗ ਭਾਰਤ ਦੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰੌ) ਦੇ ਸਹਿਯੋਗ ਨਾਲ ਕੈਨੇਡਾ 'ਚ ਸਿੱਖ ਵੱਖਵਾਦੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। 2023 ਵਿਚ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਅਤੇ ਸੁਖਦੂਲ ਸਿੰਘ ਗਿੱਲ ਦੀ ਵਿਨੀਪੈਗ ਵਿਚ ਹੋਈ ਹੱਤਿਆ ਨੂੰ ਵੀ ਇਸ ਗੈਂਗ ਨਾਲ ਜੋੜਿਆ ਗਿਆ ਸੀ।

ਭਾਰਤ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ "ਬੇਬੁਨਿਆਦ" ਅਤੇ "ਰਾਜਨੀਤੀ ਤੋਂ ਪ੍ਰੇਰਿਤ" ਦੱਸਦਿਆਂ ਖਾਰਜ ਕਰ ਦਿੱਤਾ ਸੀ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਸੀ ਕਿ ਕੈਨੇਡਾ ਨੇ ਇਨ੍ਹਾਂ ਦਾਅਵਿਆਂ ਦੇ ਸਮਰਥਨ 'ਚ ਕੋਈ ਸਬੂਤ ਨਹੀਂ ਦਿੱਤਾ। ਭਾਰਤ ਨੇ ਇਸ ਦੀ ਬਜਾਏ ਕੈਨੇਡਾ ਨੂੰ ਲਾਰੰਸ ਗੈਂਗ ਦੇ ਮੈਂਬਰਾਂ ਨੂੰ ਹਵਾਲਗੀ ਕਰਨ ਦੀ ਮੰਗ ਕੀਤੀ ਹੈ, ਪਰ ਕੈਨੇਡਾ ਨੇ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ।

ਲਾਰੰਸ ਬਿਸ਼ਨੋਈ, ਜੋ 2014 ਤੋਂ ਜੇਲ੍ਹ ਵਿਚ ਹੈ, ਨੇ ਆਪਣੇ ਅਪਰਾਧੀ ਨੈੱਟਵਰਕ ਨੂੰ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਦਿੱਲੀ ਤੋਂ ਲੈ ਕੇ ਅਮਰੀਕਾ, ਕੈਨੇਡਾ, ਯੂਰਪ, ਖਾੜੀ ਦੇਸ਼ਾਂ ਅਤੇ ਹੋਰ ਥਾਵਾਂ 'ਤੇ ਫੈਲਾਇਆ ਹੈ। ਪੰਜਾਬ ਪੁਲਿਸ ਅਨੁਸਾਰ, ਇਸ ਗੈਂਗ ਦੇ 700 ਤੋਂ ਵੱਧ ਮੈਂਬਰ ਹਨ ਅਤੇ ਪੰਜਾਬ 'ਚ ਹੀ 2500 ਜਾਣੇ-ਪਛਾਣੇ ਅੱਡੇ ਹਨ। ਲਾਰੰਸ ਨੇ ਜੇਲ੍ਹ ਵਿਚੋਂ ਹੀ ਮੋਬਾਈਲ ਫੋਨ ਅਤੇ ਇਨਕ੍ਰਿਪਟਿਡ ਮੈਸੇਜਾਂ ਰਾਹੀਂ ਆਪਣੇ ਗੈਂਗ ਨੂੰ ਚਲਾਇਆ ਹੋਇਆ ਹੈ। ਉਸ ਦਾ ਸਹਿਯੋਗੀ ਗੋਲਡੀ ਬਰਾੜ, ਜੋ ਕੈਨੇਡਾ ਵਿਚ ਰਹਿੰਦਾ ਹੈ, ਗੈਂਗ ਦੀਆਂ ਅੰਤਰਰਾਸ਼ਟਰੀ ਗਤੀਵਿਧੀਆਂ ਨੂੰ ਸੰਭਾਲਦਾ ਹੈ।

ਐੱਨ.ਆਈ.ਏ. ਨੇ ਲਾਰੰਸ ਨੂੰ 84 ਅਪਰਾਧੀ ਮਾਮਲਿਆਂ 'ਚ ਨਾਮਜ਼ਦ ਕੀਤਾ ਹੈ, ਜਿਨ੍ਹਾਂ 'ਚੋਂ 19 ਮਾਮਲੇ ਅਦਾਲਤ 'ਚ ਵਿਚਾਰ ਅਧੀਨ ਹਨ। ਗੈਂਗ ਦੀਆਂ ਗਤੀਵਿਧੀਆਂ 'ਚ ਡਰੱਗ ਸਮੱਗਲਿੰਗ, ਹਥਿਆਰ ਸਪਲਾਈ, ਐਕਸਟੋਰਸ਼ਨ ਅਤੇ ਟਾਰਗੇਟਿਡ ਕਤਲ ਸ਼ਾਮਲ ਹਨ। ਮਾਹਿਰਾਂ ਅਨੁਸਾਰ, ਲਾਰੰਸ ਦੀ ਸਫਲਤਾ ਦੇ ਪਿੱਛੇ ਜੇਲ੍ਹ 'ਚ ਬਣੇ ਸੰਪਰਕ ਅਤੇ ਸੰਭਾਵਿਤ ਸਿਆਸੀ ਸਮਰਥਨ ਵੀ ਮੰਨਿਆ ਜਾ ਰਿਹਾ ਹੈ। ਪੁਰਤਗਾਲ ਦੀ ਇਸ ਗੈਂਗਵਾਰ ਨੇ ਇੱਕ ਵਾਰ ਫਿਰ ਸਵਾਲ ਖੜ੍ਹੇ ਕੀਤੇ ਹਨ ਕਿ ਭਾਰਤੀ ਅਪਰਾਧੀ ਨੈੱਟਵਰਕ ਵਿਦੇਸ਼ੀ ਧਰਤੀ 'ਤੇ ਕਿਵੇਂ ਅਤੇ ਕਿਉਂ ਇੰਨੀ ਤੇਜ਼ੀ ਨਾਲ ਫੈਲ ਰਹੇ ਹਨ।

### ਹਾਈ ਕੋਰਟ ਨੇ ਸੁਣਾਇਆ ਫੈਸਲਾ

## ਸੰਤ ਰਾਮਪਾਲ ਨੂੰ ਉਮਰ ਕੈਦ ਨਹੀਂ ਹੋਵੇਗੀ



ਚੰਡੀਗੜ੍ਹ-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਵੈ-ਘੋਸ਼ਿਤ ਸੰਤ ਰਾਮਪਾਲ ਦੀ ਉਮਰ ਕੈਦ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਹੈ। ਉਨ੍ਹਾਂ ਨੂੰ ਸੱਤ ਸਾਲ ਪਹਿਲਾਂ ਪੰਜ ਪੈਰੋਕਾਰਾਂ ਦੀ ਮੌਤ ਦੇ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸਤਲੋਕ ਆਸ਼ਰਮ ਦੇ ਮੁਖੀ ਤੇ ਉਨ੍ਹਾਂ ਦੇ ਕੁਝ ਪੈਰੋਕਾਰਾਂ ਨੂੰ 2018 ਵਿੱਚ ਦੋ ਵੱਖ-ਵੱਖ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਇਹ ਮਾਮਲੇ ਕਤਲ, ਬੰਧਕ ਬਣਾਉਣ ਅਤੇ ਅਪਰਾਧਿਕ ਸਾਜ਼ਿਸ਼ ਨਾਲ ਸਬੰਧਤ ਸਨ। ਇਹ ਮਾਮਲੇ 19 ਨਵੰਬਰ 2014 ਨੂੰ ਹਿਸਾਰ ਜ਼ਿਲ੍ਹੇ ਦੇ ਬਰਵਾਲਾ ਪੁਲਸ ਸਟੇਸ਼ਨ ਵਿੱਚ ਦਰਜ ਕੀਤੇ ਗਏ ਸਨ। ਉਸ ਦਿਨ ਪੁਲਸ ਅਤੇ ਰਾਮਪਾਲ ਦੇ ਪੈਰੋਕਾਰਾਂ ਵਿਚਕਾਰ ਝੜਪ ਹੋਈ ਸੀ, ਜਿਸ ਵਿੱਚ ਚਾਰ ਔਰਤਾਂ ਸਮੇਤ ਪੰਜ ਲੋਕ ਮਾਰੇ ਗਏ ਸਨ। ਜਸਟਿਸ ਗੁਰਵਿੰਦਰ ਸਿੰਘ ਗਿੱਲ ਅਤੇ ਜਸਟਿਸ ਦੀਪਿੰਦਰ ਸਿੰਘ ਨਲਵਾ ਦੀ ਡਿਵੀਜ਼ਨ ਬੈਂਚ ਨੇ ਰਾਮਪਾਲ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਬਾਅਦ ਇਹ ਹੁਕਮ ਸੁਣਾਇਆ। ਪਟੀਸ਼ਨ ਵਿੱਚ, ਅਕਤੂਬਰ 2018 ਵਿੱਚ ਹਿਸਾਰ ਦੀ ਇੱਕ ਅਦਾਲਤ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਉਮਰ ਕੈਦ ਦੀ ਸਜ਼ਾ ਨੂੰ ਮੁਅੱਤਲ ਕਰਨ ਦੀ ਬੇਨਤੀ ਕੀਤੀ ਗਈ ਸੀ

# ਮੋਦੀ-ਪੁਤਿਨ-ਸ਼ੀ ਦੀ ਮੁਲਾਕਾਤ: ਕੀ ਨਵੀਂ ਵਿਸ਼ਵ ਵਿਵਸਥਾ ਉਸਰ ਸਕੇਗੀ ?

## ○ ਚੀਨ-ਪਾਕਿਸਤਾਨ ਦੀ ਨੇੜਤਾ: ਸੀਪੀਈਸੀ 2.0 ਅਤੇ ਪੀਓਕੇ ਦਾ ਖਤਰਾ ਭਾਰਤ ਲਈ ○ ਭਾਰਤ ਲਈ ਚਿੰਤਾ: ਮਿੱਤਰ ਕੌਣ, ਦੁਸ਼ਮਣ ਕੌਣ ?




ਤਿਆਨਜਿਨ ਵਿਚ ਹੋਏ ਸ਼ੰਘਾਈ ਸਹਿਯੋਗ ਸੰਗਠਨ (ਐਸਸੀਓ) ਸਿਖਰ ਸੰਮੇਲਨ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਮੁਲਾਕਾਤ ਨੇ ਵਿਸ਼ਵ ਰਾਜਨੀਤੀ ਵਿਚ ਹਲਚਲ ਪਾ ਦਿੱਤੀ ਹੈ। ਇਸ ਮੁਲਾਕਾਤ ਦੀਆਂ ਤਸਵੀਰਾਂ, ਜਿਨ੍ਹਾਂ ਵਿਚ ਤਿੰਨੇ ਨੇਤਾ ਹੱਸਦੇ-ਮੁਸਕਰਾਉਂਦੇ ਅਤੇ ਦੋਸਤਾਨਾ ਅੰਦਾਜ਼ ਵਿਚ ਇਕ-ਦੂਜੇ ਨਾਲ ਹੱਥ ਮਿਲਾਉਂਦੇ ਨਜ਼ਰ ਆਏ, ਨੇ ਅਮਰੀਕੀ ਮੀਡੀਆ ਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ। ਅਮਰੀਕੀ ਨਿਊਜ਼ ਚੈਨਲ ਸੀਐਨਐਨ ਦੇ ਵਿਸ਼ਲੇਸ਼ਕ ਵੈਨ ਜੋਂਸ ਨੇ ਇਸ ਨੂੰ "ਹਰ ਅਮਰੀਕੀ ਲਈ ਤਕਲੀਫਦੇਹ ਪੈਦਾ ਕਰਨ ਵਾਲਾ ਪਲ" ਕਰਾਰ ਦਿੱਤਾ। ਪਰ ਸਵਾਲ ਇਹ ਹੈ ਕਿ ਕੀ ਇਹ ਤਸਵੀਰ ਸੱਚਮੁੱਚ ਨਵੇਂ ਵਿਸ਼ਵ ਰਾਜ ਦੀ ਸ਼ੁਰੂਆਤ ਦਾ ਸੰਕੇਤ ਹੈ, ਜਾਂ ਚੀਨ ਭਾਰਤ ਲਈ ਨਵੀਂ ਸਿਰਦਰਦੀ ਖੜ੍ਹੀ ਕਰ ਸਕਦਾ ਹੈ? ਇਸ ਤੋਂ ਇਲਾਵਾ, ਚੀਨ-ਪਾਕਿਸਤਾਨ ਦੀ ਵਧਦੀ ਨੇੜਤਾ ਅਤੇ ਭਾਰਤ ਦੀ ਵਿਸ਼ਵ ਰਾਜਨੀਤੀ ਵਿਚ ਫਸਣ ਦੀ ਸਥਿਤੀ ਨੇ ਕਈ ਸਵਾਲ ਖੜ੍ਹੇ ਕੀਤੇ ਹਨ।

ਅਮਰੀਕੀ ਮੀਡੀਆ ਨੇ ਇਸ ਨੂੰ ਨਵੀਂ ਵਿਸ਼ਵ ਵਿਵਸਥਾ ਦੀ ਸ਼ੁਰੂਆਤ ਦੱਸਿਆ। ਨਿਊਯਾਰਕ ਟਾਈਮਜ਼ ਨੇ ਲਿਖਿਆ, "ਮੋਦੀ ਨੇ ਇਹ ਸੁਨੇਹਾ ਦਿੱਤਾ ਕਿ ਜੇ ਅਮਰੀਕਾ ਟੈਰਿਫ਼ ਅਤੇ ਦਬਾਅ ਦੀ ਨੀਤੀ ਜਾਰੀ ਰੱਖਦਾ ਹੈ, ਤਾਂ ਭਾਰਤ ਦੇ ਹੋਰ ਵੀ ਮਹੱਤਵਪੂਰਨ ਸਾਥੀ ਹਨ, ਜਿਨ੍ਹਾਂ ਵਿਚ ਚੀਨ ਵੀ ਸ਼ਾਮਲ ਹੈ।" ਸੀਐਨਐਨ ਨੇ ਇਸ ਨੂੰ ਅਮਰੀਕੀ ਵਿਦੇਸ਼ ਨੀਤੀ ਦੀ ਅਸਫਲਤਾ ਦੱਸਿਆ, ਜਦਕਿ ਫੌਕਸ ਨਿਊਜ਼ ਨੇ ਕਿਹਾ ਕਿ ਅਮਰੀਕਾ ਦੀ ਸਖ਼ਤ ਨੀਤੀਆਂ ਨੇ ਇਨ੍ਹਾਂ ਮੁਲਕਾਂ ਨੂੰ ਇਕੱਠੇ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟੈਰਿਫ਼ ਨੀਤੀਆਂ, ਖਾਸਕਰ ਭਾਰਤ 'ਤੇ 50% ਟੈਰਿਫ਼ ਅਤੇ ਰੂਸੀ ਤੇਲ ਦੀ ਖਰੀਦ 'ਤੇ ਆਲੋਚਨਾ, ਨੇ ਇਸ ਮੁਲਾਕਾਤ ਨੂੰ ਹੋਰ ਵੀ ਅਹਿਮ ਬਣਾ ਦਿੱਤਾ।

ਪਰ ਇਹ ਸਿਰਫ਼ ਤਸਵੀਰਾਂ ਦਾ ਮਾਮਲਾ ਨਹੀਂ। ਐਸਸੀਓ ਮੰਚ 'ਤੇ ਇਨ੍ਹਾਂ ਤਿੰਨ ਮੁਲਕਾਂ ਦੀ ਇਕਜੁੱਟਤਾ ਨੇ ਅਮਰੀਕਾ-ਕੇਂਦਰਿਤ ਵਿਸ਼ਵ ਵਿਵਸਥਾ ਨੂੰ ਚੁਣੌਤੀ ਦਿੱਤੀ। ਸ਼ੀ ਜਿਨਪਿੰਗ ਨੇ ਆਪਣੇ ਸੰਬੋਧਨ ਵਿਚ ਅਮਰੀਕੀ "ਧੌਂਸ ਅਤੇ ਦਬਾਅ" ਦੀ ਆਲੋਚਨਾ ਕੀਤੀ ਸੀ, ਜਦਕਿ ਮੋਦੀ ਨੇ ਅੱਤਵਾਦ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਪਾਕਿਸਤਾਨ ਵੱਲ ਇਸ਼ਾਰਾ ਕੀਤਾ ਸੀ। ਪੁਤਿਨ ਨੇ ਵੀ ਯੂਕਰੇਨ ਮੁੱਦੇ 'ਤੇ ਪੱਛਮੀ ਮੁਲਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਇਹ ਸਭ ਸੁਨੇਹਾ ਸੀ ਕਿ ਇਹ ਤਿੰਨੇ ਮੁਲਕ ਇਕ ਨਵੀਂ ਵਿਸ਼ਵ ਵਿਵਸਥਾ ਦੀ ਨੀਂਹ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ।

ਐਸਸੀਓ ਸੰਮੇਲਨ ਦੌਰਾਨ ਜਿੱਥੇ ਮੋਦੀ-ਸ਼ੀ-ਪੁਤਿਨ ਦੀਆਂ ਤਸਵੀਰਾਂ ਨੇ ਸੁਰਖੀਆਂ ਬਟੋਰੀਆਂ, ਉੱਥੇ ਚੀਨ ਅਤੇ ਪਾਕਿਸਤਾਨ ਦੀ ਵਧਦੀ ਨੇੜਤਾ ਨੇ ਭਾਰਤ ਲਈ ਚਿੰਤਾ ਵਧਾ ਦਿੱਤੀ ਹੈ। 4 ਸਤੰਬਰ 2025 ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਬੀਜਿੰਗ ਵਿਚ ਚੀਨ ਦੇ ਪ੍ਰਧਾਨ ਮੰਤਰੀ ਲੀ ਕਿਆਂਗ ਨਾਲ ਮੁਲਾਕਾਤ ਕੀਤੀ ਅਤੇ ਚੀਨ-ਪਾਕਿਸਤਾਨ ਆਰਥਕ ਕਾਰੀਡੋਰ (ਸੀਪੀਈਸੀ 2.0) ਦੇ ਅਗਲੇ ਪੜਾਅ 'ਤੇ ਸਹਿਮਤੀ ਬਣਾਈ। ਇਸ ਵਿਚ ਪੰਜ ਨਵੇਂ ਕਾਰੀਡੋਰ ਸ਼ਾਮਲ ਹਨ, ਜੋ ਪੀਓਕੇ (ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ) ਵਿੱਚੋਂ ਲੰਘਣਗੇ।

ਸੀਪੀਈਸੀ 2.0 ਚੀਨ ਦੇ ਸ਼ਿੰਜੀਆਂਗ ਸ਼ਹਿਰ ਨੂੰ ਪਾਕਿਸਤਾਨ ਦੇ ਗਵਾਦਰ ਬੰਦਰਗਾਹ ਨਾਲ ਜੋੜੇਗਾ, ਜਿਸ ਨਾਲ ਚੀਨ ਨੂੰ ਅਰਬ ਸਾਗਰ ਤੱਕ ਸਿੱਧੀ ਪਹੁੰਚ ਮਿਲੇਗੀ। ਇਹ ਭਾਰਤ ਲਈ ਇਸ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਪੀਓਕੇ ਭਾਰਤ ਦਾ ਅਨਿੱਖੜਵਾਂ ਅੰਗ ਹੈ, ਅਤੇ ਇਸ ਖੇਤਰ ਵਿਚ ਚੀਨ ਦੀ ਮੌਜੂਦਗੀ ਭਾਰਤ ਦੇ ਸੰਪ੍ਰਭੂਤਾ ਦਾਅਵਿਆਂ ਨੂੰ ਚੁਣੌਤੀ ਦਿੰਦੀ ਹੈ। ਸੀਪੀਈਸੀ ਨਾਲ ਚੀਨ ਦਾ ਅਰਬ ਸਾਗਰ ਵਿਚ ਦਖਲ ਵਧੇਗਾ, ਜੋ ਭਾਰਤ ਦੇ ਵਪਾਰਕ ਅਤੇ ਸਮਰੀਕ ਹਿੱਤਾਂ ਲਈ ਖਤਰਾ ਹੈ। ਸ਼ਹਿਬਾਜ਼ ਸ਼ਰੀਫ ਨੇ ਸੀਪੀਈਸੀ ਦੀ ਸਫਲਤਾ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਨੇ ਪਾਕਿਸਤਾਨ ਦੇ ਸਮਾਜਕ-ਆਰਥਕ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ ਹੈ।

ਇਸ ਤੋਂ ਇਲਾਵਾ, ਚੀਨ ਅਤੇ ਪਾਕਿਸਤਾਨ ਨੇ ਖੇਤੀਬਾੜੀ, ਖਣਿਜ, ਟੈਕਸਟਾਈਲ, ਉਦਯੋਗ ਅਤੇ ਆਈਟੀ ਵਰਗੇ ਖੇਤਰਾਂ ਵਿਚ ਸਹਿਯੋਗ ਵਧਾਉਣ ਦੇ ਸਮਝੌਤੇ ਵੀ ਕੀਤੇ। ਇਹ ਸਭ ਭਾਰਤ ਲਈ ਇਕ ਨਵੀਂ ਚੁਣੌਤੀ ਹੈ, ਕਿਉਂਕਿ ਚੀਨ ਦੀ ਪਾਕਿਸਤਾਨ ਨਾਲ ਨੇੜਤਾ ਆਰਥਿਕ ਤੌਰ 'ਤੇ ਵੀ ਭਾਰਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਸੀਪੀਈਸੀ ਦੇ ਨਵੇਂ ਕਾਰੀਡੋਰ ਨਾਲ ਚੀਨ ਨੂੰ ਅਰਬ ਸਾਗਰ ਤੱਕ ਵਪਾਰਕ ਰਸਤਾ ਮਿਲੇਗਾ, ਜੋ ਭਾਰਤ ਦੇ ਵਪਾਰਕ ਹਿੱਤਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਮੋਦੀ ਅਤੇ ਸ਼ੀ ਜਿਨਪਿੰਗ ਦੀ ਦੋਸਤੀ ਵਾਲੀਆਂ ਤਸਵੀਰਾਂ ਦੇ ਬਾਵਜੂਦ, ਭਾਰਤ ਅਤੇ ਚੀਨ ਵਿਚਕਾਰ ਸੰਬੰਧਾਂ ਵਿਚ ਡੂੰਘੀ ਖਾਈ ਹੈ। 2020 ਦੇ ਗਲਵਾਨ ਸੰਘਰਸ਼ ਤੋਂ ਬਾਅਦ ਦੋਵਾਂ ਮੁਲਕਾਂ ਵਿਚਕਾਰ ਸੀਮਾ ਵਿਵਾਦ ਅਜੇ ਵੀ ਅਣਸੁਲਝਿਆ ਹੈ। ਭਾਰਤ ਦੇ ਸਾਬਕਾ ਰਾਜਦੂਤ ਗੌਤਮ ਬੰਬਾਵਾਲੇ ਨੇ ਕਿਹਾ, "ਭਾਰਤ ਅਤੇ ਚੀਨ ਅਜੇ ਵੀ ਇਕ-ਦੂਜੇ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ। ਇਨ੍ਹਾਂ ਤਸਵੀਰਾਂ ਨੂੰ ਜ਼ਿਆਦਾ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ।" ਚੀਨ ਦੀ ਪਾਕਿਸਤਾਨ ਨਾਲ ਵਧਦੀ ਨੇੜਤਾ ਵੀ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ।

ਚੀਨ ਦੀ ਵਿਸ਼ਵ ਰਾਜਨੀਤੀ ਵਿਚ ਵਧਦੀ ਹੋਈ ਸਰਗਰਮੀ ਵੀ ਸਵਾਲ ਖੜ੍ਹੇ ਕਰਦੀ ਹੈ। ਚੀਨ ਨੇ ਪਿਛਲੇ 30 ਸਾਲਾਂ ਵਿਚ ਆਪਣਾ ਰੱਖਿਆ ਬਜਟ 13 ਗੁਣਾ ਵਧਾ ਲਿਆ ਹੈ। ਹੁਣ ਉਹ ਜਾਪਾਨ ਤੋਂ ਪੰਜ ਗੁਣਾ ਅਤੇ ਦੱਖਣੀ ਕੋਰੀਆ ਤੋਂ ਸੱਤ ਗੁਣਾ ਜ਼ਿਆਦਾ ਖਰਚ ਕਰਦਾ ਹੈ। ਇਹ ਸਪੱਸ਼ਟ ਸੰਕੇਤ ਹੈ ਕਿ ਚੀਨ ਏਸ਼ੀਆ ਵਿਚ ਪ੍ਰਭੂਤਾ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦੇ ਨਾਲ ਹੀ, ਚੀਨ ਦੀ ਮਲੱਕਾ ਸਟ੍ਰੇਟ 'ਤੇ ਨਿਰਭਰਤਾ ਅਤੇ ਗਵਾਦਰ ਵਰਗੇ ਵਿਕਲਪਕ ਰਸਤਿਆਂ ਦੀ ਖੋਜ ਵੀ ਇਸ ਦੀ ਰਣਨੀਤੀ ਦਾ ਹਿੱਸਾ ਹੈ। ਪਰ ਭਾਰਤ ਅਤੇ ਸਿੰਗਾਪੁਰ ਦੇ ਮਲੱਕਾ ਸਟ੍ਰੇਟ ਦੀ ਸਾਂਝੀ ਨਿਗਰਾਨੀ ਦੇ ਸਮਝੌਤੇ ਨੇ ਚੀਨ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ।

ਮਲੱਕਾ ਸਟ੍ਰੇਟ ਚੀਨ ਦੇ 80% ਤੇਲ ਅਤੇ ਗੈਸ ਦੀ ਸਪਲਾਈ ਦਾ ਮੁੱਖ ਰਸਤਾ ਹੈ। ਇਹ ਸਮੁੰਦਰੀ ਮਾਰਗ ਇੰਨਾ ਸੰਘਣਾ ਹੈ ਕਿ ਜੰਗ ਦੀ ਸਥਿਤੀ ਵਿਚ ਇਸ ਨੂੰ ਆਸਾਨੀ ਨਾਲ ਬੰਦ ਕੀਤਾ ਜਾ ਸਕਦਾ ਹੈ। ਭਾਰਤ, ਸਿੰਗਾਪੁਰ, ਮਲੇਸ਼ੀਆ ਅਤੇ ਇੰਡੋਨੇਸ਼ੀਆ ਦੀ ਸਾਂਝੀ ਨਿਗਰਾਨੀ ਨਾਲ ਚੀਨ ਦੀ ਸਪਲਾਈ ਚੇਨ ਨੂੰ ਖਤਰਾ ਹੋ ਸਕਦਾ ਹੈ। ਇਸ ਲਈ ਚੀਨ ਦੀ ਮੋਦੀ ਨਾਲ ਨੇੜਤਾ ਨੂੰ ਸਿਰਫ਼ ਕੂਟਨੀਤਕ ਚਾਲ ਵਜੋਂ ਵੀ ਦੇਖਿਆ ਜਾ ਰਿਹਾ ਹੈ।

ਭਾਰਤ ਦੀ ਵਿਦੇਸ਼ ਨੀਤੀ ਹਮੇਸ਼ਾ ਸੁਤੰਤਰ ਅਤੇ ਸੰਤੁਲਿਤ ਰਹੀ ਹੈ। ਮੋਦੀ-ਪੁਤਿਨ-ਸ਼ੀ ਦੀ ਮੁਲਾਕਾਤ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਭਾਰਤ ਅਮਰੀਕਾ ਸਮੇਤ ਪੱਛਮੀ ਮੁਲਕਾਂ ਨਾਲ ਸੰਬੰਧ ਮਜ਼ਬੂਤ ਕਰਦੇ ਹੋਏ ਵੀ ਰੂਸ ਅਤੇ ਚੀਨ ਨਾਲ ਸੰਬੰਧਾਂ ਨੂੰ ਸੰਭਾਲ ਸਕਦਾ ਹੈ। ਪਰ ਸਵਾਲ ਇਹ ਹੈ ਕਿ ਭਾਰਤ ਦਾ ਅਸਲੀ ਮਿੱਤਰ ਕੌਣ ਹੈ?

ਰੂਸ ਨਾਲ ਭਾਰਤ ਦੇ ਸੰਬੰਧ ਦਹਾਕਿਆਂ ਤੋਂ ਮਜ਼ਬੂਤ ਹਨ। ਪੁਤਿਨ ਨੇ ਮੋਦੀ ਨਾਲ ਮੁਲਾਕਾਤ ਦੌਰਾਨ ਭਾਰਤ-ਰੂਸ ਸੰਬੰਧਾਂ ਨੂੰ "ਸਿਧਾਂਤਕ ਅਤੇ ਮਜਬੂਤ" ਦੱਸਿਆ। ਮੋਦੀ ਨੇ ਵੀ ਪੁਤਿਨ ਨਾਲ ਮੁਲਾਕਾਤ ਨੂੰ "ਹਮੇਸ਼ਾ ਅਨੰਦਦਾਇਕ" ਕਿਹਾ। ਰੂਸੀ ਤੇਲ ਦੀ ਖਰੀਦ 'ਤੇ ਅਮਰੀਕੀ ਟੈਰਿਫ਼ ਦੇ ਬਾਵਜੂਦ ਭਾਰਤ ਨੇ ਆਪਣੀ ਨੀਤੀ ਨਹੀਂ ਬਦਲੀ, ਜੋ ਇਸ ਦੀ ਸੁਤੰਤਰ ਵਿਦੇਸ਼ ਨੀਤੀ ਦਾ ਸਬੂਤ ਹੈ। ਪਰ ਚੀਨ ਨਾਲ ਸੰਬੰਧ ਸੁਲਝਣ ਦੀ ਬਜਾਏ ਉਲਝੇ ਹੋਏ ਹਨ। 2020 ਦੇ ਗਲਵਾਨ ਸੰਘਰਸ਼ ਤੋਂ ਬਾਅਦ ਦੋਵਾਂ ਮੁਲਕਾਂ ਵਿਚ ਵਿਸ਼ਵਾਸ ਦੀ ਕਮੀ ਹੈ। ਚੀਨ ਦੀ ਪਾਕਿਸਤਾਨ ਨਾਲ ਨੇੜਤਾ ਅਤੇ ਸੀਪੀਈਸੀ ਵਰਗੇ ਪ੍ਰੋਜੈਕਟ ਭਾਰਤ ਦੀਆਂ ਚਿੰਤਾਵਾਂ ਨੂੰ ਵਧਾਉਂਦੇ ਹਨ। ਇਸ ਦੇ ਬਾਵਜੂਦ, ਮੋਦੀ ਨੇ ਸ਼ੀ ਜਿਨਪਿੰਗ ਨੂੰ 2026 ਦੇ ਬ੍ਰਿਕਸ ਸੰਮੇਲਨ ਲਈ ਭਾਰਤ ਆਉਣ ਦਾ ਸੱਦਾ ਦਿੱਤਾ, ਜੋ ਕੂਟਨੀਤਕ ਸੰਬੰਧਾਂ ਨੂੰ ਸੁਧਾਰਨ ਦੀ ਕੋਸ਼ਿਸ਼ ਦਾ ਸੰਕੇਤ ਹੈ।

ਅੰਤ ਵਿਚ, ਮੋਦੀ-ਪੁਤਿਨ-ਸ਼ੀ ਦੀ ਮੁਲਾਕਾਤ ਨੇ ਵਿਸ਼ਵ ਨੂੰ ਇਕ ਸੁਨੇਹਾ ਦਿੱਤਾ ਹੈ ਕਿ ਭਾਰਤ ਵਿਸ਼ਵ ਰਾਜਨੀਤੀ ਵਿਚ ਇਕ ਸੁਤੰਤਰ ਅਤੇ ਪ੍ਰਭਾਵਸ਼ਾਲੀ ਸ਼ਕਤੀ ਦੇ ਰੂਪ ਵਿਚ ਉਭਰ ਰਿਹਾ ਹੈ। ਪਰ ਚੀਨ ਦੀਆਂ ਚਾਲਾਂ ਅਤੇ ਪਾਕਿਸਤਾਨ ਨਾਲ ਉਸ ਦੀ ਨੇੜਤਾ ਨੇ ਭਾਰਤ ਅੱਗੇ ਨਵੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਭਾਰਤ ਨੂੰ ਆਪਣੀ ਕੂਟਨੀਤਕ ਚਤੁਰਾਈ ਨਾਲ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਹੋਵੇਗਾ, ਤਾਂ ਜੋ ਉਹ ਵਿਸ਼ਵ ਮੰਚ 'ਤੇ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕਰ ਸਕੇ।

# ਕਾਂਗਰਸ ਦੇ ਬਲਾਕ ਪ੍ਰਧਾਨ ਗੁਰਵੇਲ ਸਿੰਘ ਤੂਤ ਦਾ ਗੋਲੀਆਂ ਮਾਰ ਕੇ ਕਤਲ



ਪੱਟੀ (ਤਰਨ ਤਾਰਨ)-ਪੱਟੀ ਹਲਕੇ ਤੋਂ ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ ਅਤੇ ਸਾਬਕਾ ਸਰਪੰਚ ਗੁਰਵੇਲ ਸਿੰਘ ਵਾਸੀ ਪਿੰਡ ਤੂਤ ਦੀ ਅਣਪਛਾਤੇ ਵਿਅਕਤੀਆਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜਾਣਕਾਰੀ ਅਨੁਸਾਰ ਹਥਾੜ ਇਲਾਕੇ 'ਚ ਆਏ ਹੜ੍ਹ ਕਾਰਨ ਧੁੱਸੀ ਬੰਨ 'ਤੇ ਆਪਣੇ ਟਰੈਕਟਰ-ਟਰਾਲੀ ਨਾਲ ਮਿੱਟੀ ਪਾ ਕੇ ਦੇਰ ਸ਼ਾਮ ਗੁਰਵੇਲ ਸਿੰਘ ਆਪਣੇ ਘਰ ਨੂੰ ਵਾਪਸ ਆ ਰਿਹਾ ਸੀ ਤਾਂ ਰਸਤੇ ਵਿਚ ਕੁਝ ਅਣਪਛਾਤੇ ਵਿਅਕਤੀਆਂ ਨੇ ਗੁਰਵੇਲ ਸਿੰਘ 'ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਗੁਰਵੇਲ ਸਿੰਘ ਨੂੰ ਪੱਟੀ ਦੇ ਨਿੱਜੀ ਹਸਪਤਾਲ ਵਿਖੇ ਲਿਆਂਦਾ ਗਿਆ, ਜਿਥੇ ਡਾਕਟਰਾਂ ਵਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

# ਤਾਲਿਬਾਨ ਦਾ ਨਵਾਂ ਕਾਨੂੰਨ: ਅਫ਼ਗਾਨ ਕਵਿਤਾ ਤੇ ਸਾਹਿਤਕ ਇਕੱਠਾਂ 'ਤੇ ਸਖ਼ਤ ਰੋਕ

**ਖਾਸ ਖਬਰ**

## ✪ ਕਵਿਤਾ 'ਤੇ ਪਾਬੰਦੀ ਪਿੱਛੇ ਤਾਲਿਬਾਨ ਦੀ ਰਣਨੀਤੀ: ਵਿਚਾਰਧਾਰਕ ਨਿਯੰਤਰਣ ਅਤੇ ਸੱਤਾ ਦੀ ਸੁਰੱਖਿਆ

## ✪ ਅਫ਼ਗਾਨਿਸਤਾਨ 'ਚ ਔਰਤਾਂ ਤੇ ਨੌਜਵਾਨਾਂ 'ਤੇ ਤਾਲਿਬਾਨ ਦੀਆਂ ਪਾਬੰਦੀਆਂ: ਇੱਕ ਸੰਖੇਪ ਜਾਣਕਾਰੀ



ਅਫ਼ਗਾਨਿਸਤਾਨ ਵਿੱਚ ਤਾਲਿਬਾਨ ਨੇ ਔਰਤਾਂ ਉੱਤੇ ਕਈ ਵੱਖਰੀਆਂ ਪਾਬੰਦੀਆਂ ਲਾਉਣ ਤੋਂ ਬਾਅਦ ਹੁਣ ਆਪਣੇ ਨੇਤਾ ਹਿਬਾਤੁੱਲਾ ਅਖੁੰਦਜ਼ਾਦਾ ਵੱਲੋਂ ਦਸਤਖ਼ਤ ਕੀਤੇ ਗਏ ਇੱਕ ਨਵੇਂ ਕਾਨੂੰਨ ਨੂੰ ਲਾਗੂ ਕੀਤਾ ਹੈ। ਇਸ ਕਾਨੂੰਨ ਅਧੀਨ ਕਵੀਆਂ ਅਤੇ ਸਾਹਿਤਕ ਇਕੱਠਾਂ ਉੱਤੇ ਸਖ਼ਤ ਰੋਕ ਲਾਈ ਗਈ ਹੈ। ਇਹ ਨਵਾਂ ਕਾਨੂੰਨ ਜਿੱਥੇ ਕਵਿਤਾ ਨੂੰ ਸੈਂਸਰ ਕੀਤਾ ਜਾ ਰਿਹਾ ਹੈ ਅਤੇ ਕਵੀਆਂ ਨੂੰ ਨੇਤਾਵਾਂ ਦੀ ਵਡਿਆਈ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਕਾਨੂੰਨ ਵਿੱਚ 13 ਆਰਟੀਕਲ ਹਨ, ਜੋ ਕਵਿਤਾ ਸਮਾਗਮਾਂ ਨੂੰ ਨਿਯੰਤਰਿਤ ਕਰਦੇ ਹਨ, ਵਿਸ਼ੇ ਨਿਰਧਾਰਿਤ ਕਰਦੇ ਹਨ ਅਤੇ ਸਮੱਗਰੀ ਦੀ ਜਾਂਚ ਲਈ ਨਿਗਰਾਨੀ ਕਮੇਟੀਆਂ ਬਣਾਉਂਦੇ ਹਨ। ਕਵੀਆਂ ਨੂੰ ਪਿਆਰ, ਮੁੰਡੇ-ਕੁੜੀਆਂ ਵਿਚਕਾਰ ਦੋਸਤੀ ਬਾਰੇ ਲਿਖਣ ਜਾਂ ਔਰਤਾਂ ਦੀ ਪ੍ਰਸੰਸਾ ਵਾਲੇ ਗੀਤ ਲਿਖਣ ਉੱਤੇ ਪਾਬੰਦੀ ਹੈ।

ਤਾਲਿਬਾਨ ਨੇਤਾ ਦੀ ਆਲੋਚਨਾ ਨੂੰ ਇਸਲਾਮੀ ਰਸਮਾਂ ਦਾ ਅਪਮਾਨ ਮੰਨਿਆ ਜਾਂਦਾ ਹੈ। ਇੱਕ ਪ੍ਰਸਿੱਧ ਅਫ਼ਗਾਨ ਕਵੀ ਨੇ ਕਿਹਾ ਕਿ ਇਹ ਪਾਬੰਦੀਆਂ ਦੇਸ਼ ਦੀ ਅਮੀਰ ਸਾਹਿਤਕ ਵਿਰਾਸਤ ਨੂੰ ਖ਼ਤਮ ਕਰ ਦੇਣਗੀਆਂ। ਕਵਿਤਾ ਅਫ਼ਗਾਨ ਸਭਿਆਚਾਰ ਵਿੱਚ ਪਿਆਰ, ਦੁੱਖ ਅਤੇ ਸੱਚ ਨੂੰ ਪ੍ਰਗਟ ਕਰਨ ਦਾ ਸਾਧਨ ਰਹੀ ਹੈ, ਪਰ ਤਾਲਿਬਾਨ ਇਸ ਨੂੰ ਰਾਜਨੀਤਕ ਪ੍ਰਚਾਰ ਵਿੱਚ ਬਦਲ ਰਹੇ ਹਨ।

ਇਹ ਕਾਨੂੰਨ ਹਾਲ ਹੀ ਵਿੱਚ ਲਾਗੂ ਹੋਇਆ ਹੈ ਅਤੇ ਅਫ਼ਗਾਨ ਕਵੀਆਂ ਵਿੱਚ ਡਰ ਪੈਦਾ ਕਰ ਰਿਹਾ ਹੈ। ਕਈ ਕਵੀ ਗੁਪਤ ਰੂਪ ਵਿੱਚ ਆਪਣੀਆਂ ਰਚਨਾਵਾਂ ਨੂੰ ਬਚਾ ਰਹੇ ਹਨ, ਪਰ ਬਹੁਤਿਆਂ ਨੂੰ ਚੁੱਪ ਰਹਿਣਾ ਪੈ ਰਿਹਾ ਹੈ। ਅਫ਼ਗਾਨਿਸਤਾਨ ਵਿੱਚ ਕਵਿਤਾ ਸਦੀਆਂ ਤੋਂ ਸਮਾਜੀ ਅਤੇ ਰਾਜਨੀਤਕ ਵਿਚਾਰਾਂ ਨੂੰ ਪ੍ਰਗਟ ਕਰਨ ਦਾ ਮਾਧਿਅਮ ਰਹੀ ਹੈ, ਜਿਵੇਂ ਕਿ ਰੂਮੀ ਅਤੇ ਹਾਫਿਜ਼ ਵਰਗੇ ਕਵੀਆਂ ਦੀ ਵਿਰਾਸਤ। ਪਰ ਹੁਣ ਇਹ ਵਿਰਾਸਤ ਖ਼ਤਰੇ ਵਿੱਚ ਹੈ। ਤਾਲਿਬਾਨ ਨੇ ਇਸ ਨੂੰ ਆਪਣੇ ਏਜੰਡੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਨਾਲ ਅਫ਼ਗਾਨ ਲੋਕਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਇਸ ਨਵੇਂ ਕਾਨੂੰਨ ਨੇ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਚਿੰਤਾ ਪੈਦਾ ਕੀਤੀ ਹੈ, ਕਿਉਂਕਿ ਇਹ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੈ।

ਕਈ ਅਫ਼ਗਾਨ ਕਲਾਕਾਰ ਅਤੇ ਕਵੀ ਵਿਦੇਸ਼ਾਂ ਵਿੱਚ ਸ਼ਰਨ ਲੈ ਰਹੇ ਹਨ, ਜਿੱਥੇ ਉਹ ਆਪਣੀਆਂ ਰਚਨਾਵਾਂ ਨੂੰ ਜਾਰੀ ਰੱਖ ਸਕਦੇ ਹਨ। ਪਰ ਅੰਦਰੂਨੀ ਅਫ਼ਗਾਨਿਸਤਾਨ ਵਿੱਚ ਸਥਿਤੀ ਬਹੁਤ ਮਾੜੀ ਹੈ। ਇਹ ਕਾਨੂੰਨ ਤਾਲਿਬਾਨ ਦੀ ਵੱਡੀ ਰਣਨੀਤੀ ਦਾ ਹਿੱਸਾ ਹੈ, ਜਿੱਥੇ ਹਰ ਤਰ੍ਹਾਂ ਦੀ ਆਜ਼ਾਦੀ ਨੂੰ ਨਿਯੰਤਰਿਤ ਕੀਤਾ ਜਾ ਰਿਹਾ ਹੈ।

### ਤਾਲਿਬਾਨ ਨੇ ਕਵੀਆਂ ਉੱਤੇ ਕਿਉਂ ਲਗਾਈ ਰੋਕ

ਤਾਲਿਬਾਨ ਨੇ ਕਵੀਆਂ ਅਤੇ ਸਾਹਿਤਕ ਇਕੱਠਾਂ ਉੱਤੇ ਰੋਕ ਲਾਉਣ ਪਿੱਛੇ ਮੁੱਖ ਕਾਰਨ ਉਹਨਾਂ ਦੀ ਸੱਤਾ ਨੂੰ ਚੁਣੌਤੀ ਨਾ ਮਿਲੇ ਅਤੇ ਵਿਚਾਰਧਾਰਕ ਨਿਯੰਤਰਣ ਬਣਾਈ ਰੱਖਣਾ ਹੈ। ਅਫ਼ਗਾਨ ਸਭਿਆਚਾਰ ਵਿੱਚ ਕਵਿਤਾ ਇੱਕ ਸ਼ਕਤੀਸ਼ਾਲੀ ਹਥਿਆਰ ਹੈ, ਜੋ ਰਾਜਨੀਤਕ ਅੰਦੋਲਨਾਂ ਨੂੰ ਪ੍ਰੇਰਿਤ ਕਰਦੀ ਹੈ। ਤਾਲਿਬਾਨ ਨੂੰ ਡਰ ਹੈ ਕਿ ਕਵੀਆਂ ਰਾਹੀਂ ਉਹਨਾਂ ਦੇ ਨੇਤਾਵਾਂ ਦੀ ਆਲੋਚਨਾ ਹੋ ਸਕਦੀ ਹੈ ਜਾਂ ਲੋਕਾਂ ਵਿੱਚ ਵਿਰੋਧੀ ਵਿਚਾਰ ਪੈਦਾ ਹੋ ਸਕਦੇ ਹਨ। ਇਸ ਲਈ ਉਹ ਕਵਿਤਾ ਨੂੰ ਸੈਂਸਰ ਕਰ ਰਹੇ ਹਨ ਅਤੇ ਇਸ ਨੂੰ ਆਪਣੇ ਪ੍ਰਚਾਰ ਲਈ ਵਰਤ ਰਹੇ ਹਨ। ਪਿਆਰ ਅਤੇ ਦੋਸਤੀ ਵਰਗੇ ਵਿਸ਼ੇ ਨੂੰ ਬੰਦ ਕਰਨਾ ਤਾਲਿਬਾਨ ਦੀ ਸਖ਼ਤ ਇਸਲਾਮੀ ਵਿਆਖਿਆ ਨਾਲ ਜੁੜਿਆ ਹੈ, ਜਿੱਥੇ ਔਰਤਾਂ ਅਤੇ ਮਰਦਾਂ ਵਿਚਕਾਰ ਕਿਸੇ ਵੀ ਤਰ੍ਹਾਂ ਦੇ ਸੰਬੰਧ ਨੂੰ ਪਾਪ ਮੰਨਿਆ ਜਾਂਦਾ ਹੈ। ਇਹ ਵੀ ਇੱਕ ਕਾਰਨ ਹੈ ਕਿ ਤਾਲਿਬਾਨ ਅਫ਼ਗਾਨ ਵਿਰਾਸਤ ਨੂੰ ਆਪਣੇ ਅਨੁਸਾਰ ਬਦਲ ਰਹੇ ਹਨ, ਜਿਵੇਂ ਕਿ ਪਹਿਲਾਂ ਉਹਨਾਂ ਨੇ ਸੰਗੀਤ ਅਤੇ ਫਿਲਮਾਂ ਉੱਤੇ ਰੋਕ ਲਾਈ ਸੀ। ਇਸ ਤੋਂ ਇਲਾਵਾ, ਤਾਲਿਬਾਨ ਨੂੰ ਡਰ ਹੈ ਕਿ ਸਾਹਿਤਕ ਇਕੱਠੇ ਰਾਜਨੀਤਕ ਵਿਰੋਧ ਨੂੰ ਜਨਮ ਦੇ ਸਕਦੇ ਹਨ। ਪਿਛਲੇ ਸਾਲਾਂ ਵਿੱਚ ਅਫ਼ਗਾਨ ਔਰਤਾਂ ਅਤੇ ਨੌਜਵਾਨਾਂ ਨੇ ਕਵਿਤਾ ਰਾਹੀਂ ਆਪਣੇ ਅਧਿਕਾਰਾਂ ਲਈ ਆਵਾਜ਼ ਉਠਾਈ ਹੈ। ਤਾਲਿਬਾਨ ਇਸ ਨੂੰ ਰੋਕ ਕੇ ਆਪਣੇ ਵਿਰੋਧ ਨੂੰ ਕਮਜ਼ੋਰ ਕਰ ਰਹੇ ਹਨ। ਇਹ ਵੀ ਇੱਕ ਵੱਡਾ ਕਾਰਨ ਹੈ ਕਿ ਉਹ ਕਿਤਾਬਾਂ ਅਤੇ ਲਾਇਬ੍ਰੇਰੀਆਂ ਉੱਤੇ ਰੋਕ ਲਾ ਰਹੇ ਹਨ, ਜਿਵੇਂ ਕਿ ਹਾਲ ਹੀ ਵਿੱਚ 50,000 ਤੋਂ ਵੱਧ ਕਿਤਾਬਾਂ ਜ਼ਬਤ ਕੀਤੀਆਂ ਗਈਆਂ ਸਨ।

### ਤਾਲਿਬਾਨ ਵੱਲੋਂ ਲੋਕਾਂ ਉੱਤੇ ਲਾਈਆਂ ਗਈਆਂ ਵੱਖ ਵੱਖ ਪਾਬੰਦੀਆਂ

ਤਾਲਿਬਾਨ ਨੇ ਅਫ਼ਗਾਨਿਸਤਾਨ ਵਿੱਚ ਲੋਕਾਂ ਉੱਤੇ ਕਈ ਪਾਬੰਦੀਆਂ ਲਾਈਆਂ ਹਨ, ਖ਼ਾਸ ਕਰਕੇ ਔਰਤਾਂ ਅਤੇ ਕੁੜੀਆਂ ਉੱਤੇ। 2021 ਵਿੱਚ ਸੱਤਾ ਹਾਸਲ ਕਰਨ ਤੋਂ ਬਾਅਦ, ਉਹਨਾਂ ਨੇ 80 ਤੋਂ ਵੱਧ ਫਰਮਾਨ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚੋਂ 54 ਔਰਤਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਔਰਤਾਂ ਨੂੰ ਪੂਰਾ ਹਿਜਾਬ ਪਹਿਨਣਾ ਜ਼ਰੂਰੀ ਹੈ, ਚਿਹਰਾ ਢੱਕਣਾ ਪੈਂਦਾ ਹੈ ਅਤੇ ਬਿਨਾਂ ਮਰਦ ਸਾਥੀ (ਮਹਿਰਮ) ਤੋਂ ਬਿਨਾਂ ਯਾਤਰਾ ਨਹੀਂ ਕਰ ਸਕਦੀਆਂ। ਔਰਤਾਂ ਨੂੰ ਜਨਤਕ ਜਗ੍ਹਾਵਾਂ ਵਿੱਚ ਬੋਲਣ ਜਾਂ ਗਾਉਣ ਉੱਤੇ ਰੋਕ ਹੈ, ਜਿਸ ਨੂੰ ਨਵੇਂ ਨੀਤੀ ਅਤੇ ਨੇਕੀ ਕਾਨੂੰਨ ਅਧੀਨ ਲਾਗੂ ਕੀਤਾ ਗਿਆ ਹੈ। ਕੁੜੀਆਂ ਨੂੰ ਛੇਵੀਂ ਜਮਾਤ ਤੋਂ ਉੱਪਰ ਸਿੱਖਿਆ ਤੋਂ ਵਾਂਝੇ ਰੱਖਿਆ ਗਿਆ ਹੈ ਅਤੇ ਯੂਨੀਵਰਸਿਟੀਆਂ ਵਿੱਚ ਵੀ ਰੋਕ ਲਾਈ ਗਈ ਹੈ। ਔਰਤਾਂ ਨੂੰ ਕਈ ਨੌਕਰੀਆਂ ਤੋਂ ਵਾਂਝੇ ਰੱਖਿਆ ਗਿਆ ਹੈ, ਜਿਵੇਂ ਕਿ ਐੱਨਜੀਓ ਵਿੱਚ ਕੰਮ ਕਰਨਾ ਜਾਂ ਮੀਡੀਆ ਵਿੱਚ ਦਿਖਾਈ ਦੇਣਾ। ਟੀਵੀ ਡਰਾਮੇ ਵਿੱਚ ਔਰਤਾਂ ਨੂੰ ਭੂਮਿਕਾ ਨਿਭਾਉਣ ਉੱਤੇ ਰੋਕ ਹੈ। ਮਰਦਾਂ ਉੱਤੇ ਵੀ ਪਾਬੰਦੀਆਂ ਹਨ, ਜਿਵੇਂ ਕਿ ਦਾੜ੍ਹੀ ਨਾ ਕੱਟਣੀ ਅਤੇ ਸੰਗੀਤ ਨਾ ਸੁਣਨਾ। ਮੀਡੀਆ ਉੱਤੇ ਸੈਂਸਰਸ਼ਿਪ ਹੈ, ਜਿੱਥੇ ਸੰਗੀਤ ਅਤੇ ਵਿਦੇਸ਼ੀ ਪ੍ਰਭਾਵ ਵਾਲੀ ਸਮੱਗਰੀ ਬੰਦ ਹੈ। ਪਾਰਕਾਂ ਅਤੇ ਜਿਮ ਵਿੱਚ ਔਰਤਾਂ ਨੂੰ ਜਾਣ ਤੋਂ ਰੋਕਿਆ ਗਿਆ ਹੈ।

ਹਾਲ ਹੀ ਵਿੱਚ, ਔਰਤਾਂ ਨੂੰ ਜਨਤਕ ਜਗ੍ਹਾਵਾਂ ਵਿੱਚ ਆਵਾਜ਼ ਉੱਚੀ ਕਰਨ ਤੋਂ ਵੀ ਮਨ੍ਹਾ ਕੀਤਾ ਗਿਆ ਹੈ। ਇਹ ਪਾਬੰਦੀਆਂ ਅਫ਼ਗਾਨ ਔਰਤਾਂ ਨੂੰ ਘਰ ਵਿੱਚ ਬੰਦ ਕਰ ਰਹੀਆਂ ਹਨ ਅਤੇ ਉਹਨਾਂ ਦੇ ਅਧਿਕਾਰਾਂ ਨੂੰ ਖ਼ਤਮ ਕਰ ਰਹੀਆਂ ਹਨ। ਸਿੱਖਿਆ ਅਤੇ ਨੌਕਰੀਆਂ ਤੋਂ ਵਾਂਝੇ ਰੱਖਣ ਨਾਲ ਅਫ਼ਗਾਨਿਸਤਾਨ ਦਾ ਭਵਿੱਖ ਖ਼ਤਰੇ ਵਿੱਚ ਹੈ। ਕਈ ਅੰਤਰਰਾਸ਼ਟਰੀ ਸੰਸਥਾਵਾਂ ਨੇ ਇਸ ਨੂੰ ਜਿਨਸੀ ਵਿਤਕਰੇ ਵਜੋਂ ਮੰਨਿਆ ਹੈ। ਤਾਲਿਬਾਨ ਨੇ ਕਿਤਾਬਾਂ ਅਤੇ ਲਾਇਬ੍ਰੇਰੀਆਂ ਉੱਤੇ ਵੀ ਰੋਕ ਲਾਈ ਹੈ, ਜਿਸ ਨਾਲ 400 ਤੋਂ ਵੱਧ ਕਿਤਾਬਾਂ ਸੀਲ ਕੀਤੀਆਂ ਗਈਆਂ ਹਨ।

ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਕਿ ਯੂਐੱਨ ਨੇ ਇਸ ਨੂੰ ਨਿੰਦਿਆ ਹੈ ਅਤੇ ਸਹਾਇਤਾ ਰੋਕਣ ਦੀ ਚੇਤਾਵਨੀ ਦਿੱਤੀ ਹੈ। ਪਰ ਤਾਲਿਬਾਨ ਆਪਣੇ ਰਸਤੇ ਉੱਤੇ ਅੜੇ ਹੋਏ ਹਨ। ਅਫ਼ਗਾਨ ਔਰਤਾਂ ਵਿਦੇਸ਼ਾਂ ਵਿੱਚ ਆਵਾਜ਼ ਉਠਾ ਰਹੀਆਂ ਹਨ, ਪਰ ਅੰਦਰੂਨੀ ਸਥਿਤੀ ਮਾੜੀ ਹੈ। ਇਹ ਪਾਬੰਦੀਆਂ ਨਾ ਸਿਰਫ਼ ਮਨੁੱਖੀ ਅਧਿਕਾਰਾਂ ਨੂੰ ਉਲੰਘਣ ਕਰ ਰਹੀਆਂ ਹਨ ਬਲਕਿ ਅਫ਼ਗਾਨਿਸਤਾਨ ਨੂੰ ਪਿੱਛੇ ਧੱਕ ਰਹੀਆਂ ਹਨ।

# ਦੋ ਕਿੱਲੋ ਹੈਰੋਇਨ, 3.5 ਲੱਖ ਰੁਪਏ ਦੀ ਡਰੱਗ ਮਨੀ, 4 ਪਿਸਤੌਲਾਂ ਸਣੇ ਤਿੰਨ ਗੈਂਗਸਟਰ ਫੜੇ

## ✪ ਹੈਰੋਇਨ ਤੇ ਹਥਿਆਰਾਂ ਦੀ ਸਮਗਲਿੰਗ ਕਰਨ ਲਈ ਡਰੋਨ ਦੀ ਵਰਤੋਂ ਕਰਦਾ ਸੀ ਗੈਂਗਸਟਰ

ਅੰਮ੍ਰਿਤਸਰ-ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਸਰਹੱਦ ਪਾਰ ਤੋਂ ਚੱਲ ਰਹੇ ਹਥਿਆਰ ਅਤੇ ਹਵਾਲਾ ਨੈੱਟਵਰਕ ਵਿੱਚ ਸ਼ਾਮਲ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡੀਜੀਪੀ ਗੌਰਵ ਯਾਦਵ ਨੇ ਦਿੱਤੀ। ਮੁਲਜ਼ਮਾਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਕੋਟ ਮਹਿਤਾਬ ਵਾਸੀ ਹਰਪ੍ਰੀਤ ਸਿੰਘ (23), ਤਰਨ ਤਾਰਨ ਦੇ ਪਿੰਡ ਸੁਰਸਿੰਘ ਵਾਸੀ ਗੁਰਪਾਲ ਸਿੰਘ (21) ਅਤੇ ਤਰਨ ਤਾਰਨ ਵਾਸੀ ਰਣਜੋਧ ਸਿੰਘ (33) ਵਜੋਂ ਹੋਈ ਹੈ। ਪੁਲੀਸ ਨੇ ਇਨ੍ਹਾਂ ਕੋਲੋਂ 2.02 ਕਿਲੋ ਹੈਰੋਇਨ, ਚਾਰ ਪਿਸਤੌਲ, ਗਲੌਕ ਅਤੇ ਤਿੰਨ .30 ਬੋਰ ਪਿਸਤੌਲ ਅਤੇ 3.5 ਲੱਖ ਰੁਪਏ ਹਵਾਲਾ ਮਨੀ ਵੀ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਮੁਲਜ਼ਮਾਂ ਦਾ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ। ਡੀਜੀਪੀ ਨੇ ਕਿਹਾ ਕਿ ਇਹ ਗਰੋਹ ਪਾਕਿਸਤਾਨ ਤੋਂ ਹੈਰੋਇਨ ਅਤੇ ਹਥਿਆਰਾਂ ਦੀ ਤਸਕਰੀ ਕਰਨ ਲਈ ਡਰੋਨ ਦੀ ਵਰਤੋਂ ਕਰਦਾ ਸੀ ਅਤੇ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਸਰਗਰਮ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ, ਹਰਪ੍ਰੀਤ ਸਿੰਘ ਅਤੇ ਗੁਰਪਾਲ ਸਿੰਘ, ਜੋ ਪਹਿਲਾਂ ਮਲੇਸ਼ੀਆ ਗਏ ਸਨ, ਸਰਹੱਦ ਪਾਰ ਦੇ ਤਸਕਰਾਂ ਦੇ ਸੰਪਰਕ ਵਿਚ ਸਨ। ਇਸ ਸਬੰਧੀ ਥਾਣਾ ਗੇਟ ਹਕੀਮਾਂ ਵਿੱਚ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਕਮਿਸ਼ਨਰ (ਸੀਪੀ) ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਮੁਲਜ਼ਮ ਹਰਪ੍ਰੀਤ ਅਤੇ ਗੁਰਪਾਲ ਨੂੰ ਪਹਿਲਾਂ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਕਿਹਾ ਕਿ ਗੁਰਪਾਲ ਸਿੰਘ ਦੇ ਹੋਰ ਖੁਲਾਸੇ 'ਤੇ, ਜਾਂਚ ਦੌਰਾਨ ਇੱਕ ਹੋਰ ਮੁਲਜ਼ਮ ਰਣਜੋਧ ਨੂੰ ਨਾਮਜ਼ਦ ਕੀਤਾ ਗਿਆ, ਜਿਸ ਨੂੰ ਦੋ ਪਿਸਤੌਲਾਂ ਅਤੇ 3.5 ਲੱਖ ਰੁਪਏ ਦੇ ਡਰੱਗ ਮਨੀ ਸਣੇ ਗ੍ਰਿਫ਼ਤਾਰ ਕੀਤਾ ਗਿਆ।

# ਜੈਸ਼ੰਕਰ-ਡੋਵਾਲ ਵਿਵਾਦ ਵਧਿਆ: ਮੂਲ ਕਾਰਨ ਧਰੂਵ ਜੈਸ਼ੰਕਰ ਉੱਤੇ ਦੋਸ਼

## ✪ ਅੰਤਰਰਾਸ਼ਟਰੀ ਤੇ ਘਰੇਲੂ ਪ੍ਰਭਾਵ ਪਿਆ: ਰਿਲਾਇੰਸ ਪ੍ਰੋਗਰਾਮ ਰੱਦ ✪ ਧਰੂਵ ਜੈਸ਼ੰਕਰ ਤੇ ਖੁਫੀਆ ਜਾਣਕਾਰੀ ਲੀਕ ਦੇ ਦੋਸ਼: ਮੀਡੀਆ ਨੈਰੇਟਿਵ ਦਾ ਅਸਰ

ਭਾਰਤੀ ਵਿਦੇਸ਼ ਨੀਤੀ ਦੇ ਦੋ ਵੱਡੇ ਮਹਾਂਰਥੀਆਂ, ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵਿਚਕਾਰ ਵਿਵਾਦ ਦੀ ਸ਼ੁਰੂਆਤ ਪਿਛਲੇ ਕੁਝ ਦਿਨਾਂ ਵਿੱਚ ਹੋਈ ਹੈ। ਇਹ ਵਿਵਾਦ ਮੁੱਖ ਤੌਰ ਤੇ ਵਿਦੇਸ਼ ਨੀਤੀ ਦੇ ਮਾਮਲਿਆਂ ਤੇ ਸੁਰੱਖਿਆ ਨਾਲ ਜੁੜੇ ਮਸਲਿਆਂ ਨੂੰ ਲੈ ਕੇ ਉੱਠਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ, ਜੈਸ਼ੰਕਰ ਦੇ ਬੇਟੇ ਧਰੂਵ ਜੈਸ਼ੰਕਰ, ਜੋ ਅਮਰੀਕਾ ਵਿੱਚ ਆਬਜ਼ਰਵਰ ਰਿਸਰਚ ਫਾਊਂਡੇਸ਼ਨ (ਓਆਰਐੱਫ) ਦੇ ਮੁਖੀ ਹਨ, ਉੱਤੇ ਭਾਰਤ ਦੀਆਂ ਖੁਫੀਆ ਜਾਣਕਾਰੀਆਂ ਅਮਰੀਕਾ ਨੂੰ ਲੀਕ ਕਰਨ ਦੇ ਦੋਸ਼ ਲੱਗੇ ਹਨ। ਇਹ ਖਬਰਾਂ ਮੀਡੀਆ ਵਿੱਚ ਤੇਜ਼ੀ ਨਾਲ ਫੈਲੀਆਂ, ਜਿਸ ਨਾਲ ਵਿਵਾਦ ਨੇ ਜ਼ੋਰ ਫੜ੍ਹ ਲਿਆ। ਧਰੂਵ ਜੈਸ਼ੰਕਰ ਓਆਰਐੱਫ ਵਿੱਚ ਅਮਰੀਕਾ ਨਾਲ ਜੁੜੇ ਮਾਮਲਿਆਂ ਨੂੰ ਸੰਭਾਲਦੇ ਹਨ ਤੇ ਉਨ੍ਹਾਂ ਨੂੰ ਭਾਰਤੀ ਵਿਦੇਸ਼ ਨੀਤੀ ਦੇ ਮਾਹਿਰ ਵਜੋਂ ਜਾਣਿਆ ਜਾਂਦਾ ਹੈ। ਪਰ ਇਹ ਦੋਸ਼ ਉਨ੍ਹਾਂ ਉੱਤੇ ਇਸ ਲਈ ਲੱਗੇ ਕਿ ਉਨ੍ਹਾਂ ਨੇ ਅਮਰੀਕੀ ਅਦਾਰਿਆਂ ਨੂੰ ਭਾਰਤ ਦੇ ਕੁਝ ਗੁਪਤ ਮਾਮਲੇ ਸਾਂਝੇ ਕੀਤੇ ਹਨ, ਜੋ ਰਾਸ਼ਟਰੀ ਸੁਰੱਖਿਆ ਨਾਲ ਜੁੜੇ ਹਨ। ਇਸ ਵਿਵਾਦ ਨੂੰ ਹੋਰ ਤਿੱਖਾ ਬਣਾਉਣ ਵਿੱਚ ਡੋਵਾਲ ਦੀ ਭੂਮਿਕਾ ਵੀ ਅਹਿਮ ਮੰਨੀ ਜਾ ਰਹੀ ਹੈ। ਡੋਵਾਲ, ਜੋ ਰਾਸ਼ਟਰੀ ਸੁਰੱਖਿਆ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨੇੜਲੇ ਸਲਾਹਕਾਰ ਹਨ, ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਉਨ੍ਹਾਂ ਨੇ ਅੰਦਰੂਨੀ ਤੌਰ ਤੇ ਇਸ ਬਾਰੇ ਚਰਚਾ ਕੀਤੀ ਤੇ ਵਿਦੇਸ਼ ਮੰਤਰਾਲੇ ਨੂੰ ਵੀ ਇਸ ਨੂੰ ਲੈ ਕੇ ਸਵਾਲ ਕੀਤੇ ਹਨ।

ਗਲ ਵਿਵਾਦ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਕੁਝ ਮੀਡੀਆ ਰਿਪੋਰਟਾਂ ਵਿੱਚ ਇਹ ਖਬਰ ਆਈ ਕਿ ਧਰੂਵ ਨੇ ਅਮਰੀਕੀ ਨੀਤੀ ਨਿਰਮਾਤਾਵਾਂ ਨੂੰ ਭਾਰਤ ਦੇ ਚੀਨ ਤੇ ਪਾਕਿਸਤਾਨ ਨਾਲ ਜੁੜੇ ਮਾਮਲਿਆਂ ਬਾਰੇ ਜਾਣਕਾਰੀ ਦਿੱਤੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਵਿਚ ਰਿਲਾਇੰਸ ਗਰੁੱਪ ਦੀ ਭੂਮਿਕਾ ਵੀ ਸ਼ਾਮਲ ਹੈ, ਕਿਉਂਕਿ ਓਆਰਐੱਫ ਨੂੰ ਰਿਲਾਇੰਸ ਵੱਲੋਂ ਫੰਡਿੰਗ ਮਿਲਦੀ ਹੈ। ਇਸ ਨਾਲ ਵਿਵਾਦ ਨੇ ਰਾਜਨੀਤਕ ਰੂਪ ਧਾਰਨ ਕਰ ਲਿਆ ਤੇ ਡੋਵਾਲ ਤੇ ਜੈਸ਼ੰਕਰ ਵਿਚਕਾਰ ਤਣਾਅ ਵਧ ਗਿਆ। ਇਹ ਵਿਵਾਦ ਭਾਰਤੀ ਵਿਦੇਸ਼ ਨੀਤੀ ਦੇ ਅੰਦਰੂਨੀ ਗਤੀਸ਼ੀਲਤਾ ਨੂੰ ਵੀ ਉਜਾਗਰ ਕਰਦਾ ਹੈ, ਜਿੱਥੇ ਸੁਰੱਖਿਆ ਤੇ ਕੂਟਨੀਤੀ ਵਿਚਕਾਰ ਤਾਲਮੇਲ ਦੀ ਲੋੜ ਹੈ। ਪਰ ਇਸ ਵਾਰ ਇਹ ਵਿਵਾਦ ਨਿੱਜੀ ਪੱਧਰ ਤੇ ਵੀ ਉੱਠ ਗਿਆ ਹੈ, ਜਿਸ ਨਾਲ ਭਾਰਤੀ ਸਰਕਾਰ ਦੇ ਉੱਚ ਅਧਿਕਾਰੀਆਂ ਵਿਚਕਾਰ ਅਸਹਿਮਤੀ ਸਾਹਮਣੇ ਆਈ ਹੈ। ਇਸ ਵਿਵਾਦ ਨੇ ਭਾਰਤ ਅੰਦਰ ਵੀ ਚਰਚਾ ਛੇੜ ਦਿੱਤੀ ਹੈ ਕਿ ਕੀ ਵਿਦੇਸ਼ ਨੀਤੀ ਵਿੱਚ ਨਿੱਜੀ ਸਬੰਧਾਂ ਨੂੰ ਲੈ ਕੇ ਕੋਈ ਨਿਯਮ ਬਣਾਏ ਜਾਣੇ ਚਾਹੀਦੇ ਹਨ। ਡੋਵਾਲ, ਜੋ ਪਹਿਲਾਂ ਆਈਬੀ ਦੇ ਮੁਖੀ ਰਹਿ ਚੁੱਕੇ ਹਨ, ਨੇ ਇਸ ਨੂੰ ਰਾਸ਼ਟਰੀ ਸੁਰੱਖਿਆ ਦਾ ਮਸਲਾ ਬਣਾ ਦਿੱਤਾ ਹੈ, ਜਦਕਿ ਜੈਸ਼ੰਕਰ ਨੇ ਇਸ ਨੂੰ ਮੀਡੀਆ ਦੀ ਉਪਜ ਮੰਨਿਆ ਹੈ। ਇਸ ਵਿਵਾਦ ਨੇ ਭਾਰਤੀ ਰਾਜਨੀਤੀ ਵਿੱਚ ਨਵੀਂ ਬਹਿਸ ਛੇੜੀ ਹੈ।



### ਵਿਵਾਦ ਦਾ ਅਸਰ: ਅੰਤਰਰਾਸ਼ਟਰੀ ਤੇ ਘਰੇਲੂ ਪੱਧਰ ਤੇ ਪ੍ਰਭਾਵ

ਜੈਸ਼ੰਕਰ ਤੇ ਡੋਵਾਲ ਵਿਚਕਾਰ ਵਿਵਾਦ ਦਾ ਅਸਰ ਭਾਰਤੀ ਵਿਦੇਸ਼ ਨੀਤੀ ਤੇ ਅੰਤਰਰਾਸ਼ਟਰੀ ਸਬੰਧਾਂ ਤੇ ਸਾਫ ਨਜ਼ਰ ਆ ਰਿਹਾ ਹੈ। ਸਭ ਤੋਂ ਵੱਡਾ ਅਸਰ ਰਿਲਾਇੰਸ ਗਰੁੱਪ ਦੇ ਅਮਰੀਕਾ ਵਿੱਚ ਹੋਣ ਵਾਲੇ ਪ੍ਰੋਗਰਾਮ ਤੇ ਪਿਆ ਹੈ। ਨੀਤਾ ਮੁਕੇਸ਼ ਅੰਬਾਨੀ ਕਲਚਰਲ ਸੈਂਟਰ ਵੱਲੋਂ ਅਮਰੀਕਾ ਵਿੱਚ ਇੰਡੀਆ ਵੀਕ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ ਹੈ। ਇਹ ਇੱਕ ਹਫ਼ਤੇ ਦਾ ਪ੍ਰੋਗਰਾਮ ਸੀ, ਜਿਸ ਵਿੱਚ ਭਾਰਤੀ ਸੰਸਕ੍ਰਿਤੀ ਨੂੰ ਪ੍ਰਦਰਸ਼ਿਤ ਕੀਤਾ ਜਾਣਾ ਸੀ। ਰਿਪੋਰਟਾਂ ਮੁਤਾਬਕ, ਇਹ ਵਿਵਾਦ ਤੇ ਅਮਰੀਕਾ ਨਾਲ ਵਧ ਰਹੇ ਤਣਾਅ ਕਾਰਨ ਟਾਲ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੀਨ ਯਾਤਰਾ ਵਿੱਚ ਵੀ ਇਸ ਵਿਵਾਦ ਦਾ ਅਸਰ ਨਜ਼ਰ ਆਇਆ। ਮੀਟਿੰਗਾਂ ਵਿੱਚ ਵਿਦੇਸ਼ ਨੀਤੀ ਨੂੰ ਲੈ ਕੇ ਅਸਹਿਮਤੀ ਵਧੀ ਤੇ ਕੁਝ ਫੈਸਲੇ ਟਲ ਗਏ ਹਨ। ਸਭ ਤੋਂ ਵੱਡੀ ਗੱਲ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੋਦੀ ਦੀ ਦੁਵੱਲੀ ਵਾਰਤਾ ਵਿੱਚ ਨਜ਼ਰ ਆਈ। ਆਮ ਤੌਰ ਤੇ ਅਜਿਹੀਆਂ ਵਾਰਤਾਵਾਂ ਵਿੱਚ ਵਿਦੇਸ਼ ਮੰਤਰੀ ਹਾਜ਼ਰ ਹੁੰਦੇ ਹਨ, ਪਰ ਇਸ ਵਾਰ ਜੈਸ਼ੰਕਰ ਦੀ ਜਗ੍ਹਾ ਡੋਵਾਲ ਮੌਜੂਦ ਸਨ। ਪੁਤਿਨ ਨਾਲ ਉਨ੍ਹਾਂ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਸਨ, ਜਦਕਿ ਮੋਦੀ ਨਾਲ ਡੋਵਾਲ। ਇਸ ਨੂੰ ਮੀਡੀਆ ਵਿੱਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਭਾਰਤ ਦੀ ਰਣਨੀਤੀ ਬਦਲ ਰਹੀ ਹੈ ਤੇ ਸੁਰੱਖਿਆ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਇਹ ਨੈਰੇਟਿਵ ਵਿਵਾਦ ਤੋਂ ਧਿਆਨ ਹਟਾਉਣ ਲਈ ਚਲਾਇਆ ਗਿਆ ਸੀ। ਘਰੇਲੂ ਪੱਧਰ ਤੇ ਇਸ ਵਿਵਾਦ ਨੇ ਭਾਰਤੀ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ ਹੈ। ਵਿਰੋਧੀ ਪਾਰਟੀਆਂ ਨੇ ਇਸ ਨੂੰ ਸਰਕਾਰ ਦੀ ਅੰਦਰੂਨੀ ਅਸਹਿਮਤੀ ਵਜੋਂ ਪੇਸ਼ ਕੀਤਾ ਤੇ ਸਵਾਲ ਉਠਾਏ ਕਿ ਕੀ ਭਾਰਤੀ ਵਿਦੇਸ਼ ਨੀਤੀ ਸਹੀ ਦਿਸ਼ਾ ਵਿੱਚ ਜਾ ਰਹੀ ਹੈ। ਅਮਰੀਕਾ ਨਾਲ ਵਪਾਰਕ ਤਣਾਅ ਵਧੇ ਹਨ ਤੇ ਰੂਸ ਨਾਲ ਸਬੰਧਾਂ ਨੂੰ ਲੈ ਕੇ ਨਵੇਂ ਚੁਣੌਤੀਆਂ ਉੱਭਰੀਆਂ ਹਨ। ਇਸ ਵਿਵਾਦ ਨੇ ਭਾਰਤੀ ਅਰਥਵਿਵਸਥਾ ਤੇ ਵੀ ਅਸਰ ਪਾਇਆ ਹੈ, ਕਿਉਂਕਿ ਰਿਲਾਇੰਸ ਵਰਗੇ ਵੱਡੇ ਗਰੁੱਪਾਂ ਦੇ ਪ੍ਰੋਗਰਾਮ ਰੱਦ ਹੋਣ ਨਾਲ ਨਿਵੇਸ਼ਕਾਂ ਵਿੱਚ ਅਸੰਤੋਸ਼ ਵਧਿਆ ਹੈ। ਅੰਤਰਰਾਸ਼ਟਰੀ ਪੱਧਰ ਤੇ ਭਾਰਤ ਦੀ ਅਕਸ ਨੂੰ ਨੁਕਸਾਨ ਪਹੁੰਚਿਆ ਹੈ ਤੇ ਵਿਵਾਦ ਨੇ ਹੋਰ ਦੇਸ਼ਾਂ ਨੂੰ ਭਾਰਤ ਨਾਲ ਸਬੰਧਾਂ ਬਾਰੇ ਸੋਚਣ ਲਈ ਮਜਬੂਰ ਕੀਤਾ ਹੈ। ਇਸ ਨਾਲ ਭਾਰਤੀ ਕੂਟਨੀਤੀ ਵਿੱਚ ਨਵੇਂ ਬਦਲਾਅ ਆ ਸਕਦੇ ਹਨ ਤੇ ਇਹ ਵਿਵਾਦ ਲੰਮੇ ਸਮੇਂ ਤੱਕ ਅਸਰ ਪਾਉਂਦਾ ਰਹੇਗਾ।

### ਜੈਸ਼ੰਕਰ ਦੇ ਬੇਟੇ ਉੱਤੇ ਲੱਗੇ ਦੋਸ਼: ਧਰੂਵ ਜੈਸ਼ੰਕਰ ਤੇ ਖੁਫੀਆ ਜਾਣਕਾਰੀ ਲੀਕ ਦੇ ਦੋਸ਼

ਵਿਵਾਦ ਦੇ ਕੇਂਦਰ ਵਿੱਚ ਜੈਸ਼ੰਕਰ ਦੇ ਬੇਟੇ ਧਰੂਵ ਜੈਸ਼ੰਕਰ ਅਮਰੀਕਾ ਵਿੱਚ ਓਆਰਐੱਫ ਦੇ ਡਾਇਰੈਕਟਰ ਹਨ ਤੇ ਉਨ੍ਹਾਂ ਉੱਤੇ ਭਾਰਤ ਦੀਆਂ ਖੁਫੀਆ ਜਾਣਕਾਰੀਆਂ ਅਮਰੀਕਾ ਨੂੰ ਲੀਕ ਕਰਨ ਦੇ ਆਰੋਪ ਲੱਗੇ ਹਨ। ਮੀਡੀਆ ਵਿੱਚ ਇਹ ਨੈਰੇਟਿਵ ਬਣਿਆ ਕਿ ਧਰੂਵ ਨੇ ਭਾਰਤ ਦੇ ਕਰੀਬੀ ਨੇ ਅੰਦਰੂਨੀ ਜਾਣਕਾਰੀ ਸਾਂਝੀ ਕੀਤੀ ਹੈ, ਜਿਸ ਨਾਲ ਰਾਸ਼ਟਰੀ ਸੁਰੱਖਿਆ ਨੂੰ ਖਤਰਾ ਪੈਦਾ ਹੋਇਆ ਹੈ। ਧਰੂਵ ਨੂੰ ਵਿਦੇਸ਼ ਨੀਤੀ ਦਾ ਮਾਹਿਰ ਮੰਨਿਆ ਜਾਂਦਾ ਹੈ ਤੇ ਉਹ ਕਈ ਰਿਸਰਚ ਪੇਪਰਾਂ ਵਿੱਚ ਭਾਰਤ-ਅਮਰੀਕਾ ਸਬੰਧਾਂ ਬਾਰੇ ਲਿਖ ਚੁੱਕੇ ਹਨ। ਪਰ ਇਹ ਦੋਸ਼ ਉਨ੍ਹਾਂ ਉੱਤੇ ਇਸ ਲਈ ਲੱਗੇ ਕਿ ਉਨ੍ਹਾਂ ਨੇ ਅਮਰੀਕੀ ਅਦਾਰਿਆਂ ਨੂੰ ਭਾਰਤ ਦੇ ਚੀਨ ਤੇ ਰੂਸ ਨਾਲ ਜੁੜੇ ਮਾਮਲਿਆਂ ਬਾਰੇ ਜਾਣਕਾਰੀ ਦਿੱਤੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਓਆਰਐੱਫ ਨੂੰ ਰਿਲਾਇੰਸ ਵੱਲੋਂ ਫੰਡਿੰਗ ਮਿਲਣ ਕਾਰਨ ਇਹ ਵਿਵਾਦ ਵਧਿਆ ਹੈ। ਧਰੂਵ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ ਤੇ ਕਿਹਾ ਹੈ ਕਿ ਉਹ ਸਿਰਫ਼ ਰਿਸਰਚ ਕਰਦੇ ਹਨ ਤੇ ਕੋਈ ਗੁਪਤ ਜਾਣਕਾਰੀ ਨਹੀਂ ਸਾਂਝੀ ਕਰਦੇ। ਪਰ ਮੀਡੀਆ ਵਿੱਚ ਇਹ ਖਬਰਾਂ ਫੈਲਣ ਨਾਲ ਉਨ੍ਹਾਂ ਦੀ ਸਾਖ ਨੂੰ ਨੁਕਸਾਨ ਪਹੁੰਚਿਆ ਹੈ। ਇਸ ਵਿਚ ਅਮਰੀਕਾ ਨਾਲ ਵਪਾਰਕ ਤਣਾਅ ਵੀ ਸ਼ਾਮਲ ਹੈ, ਜਿਸ ਨਾਲ ਇਹ ਦੋਸ਼ ਤਿਖੇ ਹੋਏ ਹਨ। ਧਰੂਵ ਦੇ ਕੰਮ ਨੂੰ ਲੈ ਕੇ ਕਈ ਰਿਪੋਰਟਾਂ ਵਿੱਚ ਚਰਚਾ ਹੋਈ ਹੈ ਤੇ ਉਨ੍ਹਾਂ ਨੂੰ ਭਾਰਤੀ ਵਿਦੇਸ਼ ਨੀਤੀ ਦਾ ਵਿਸ਼ਲੇਸ਼ਕ ਮੰਨਿਆ ਜਾਂਦਾ ਹੈ। ਪਰ ਇਹ ਵਿਵਾਦ ਨੇ ਉਨ੍ਹਾਂ ਨੂੰ ਵਿਵਾਦਗ੍ਰਸਿਤ ਬਣਾ ਦਿੱਤਾ ਹੈ ਤੇ ਭਾਰਤ ਵਿੱਚ ਵੀ ਇਸ ਬਾਰੇ ਬਹਿਸ ਛਿੜੀ ਹੈ ਕਿ ਕੀ ਅਧਿਕਾਰੀਆਂ ਦੇ ਪਰਿਵਾਰ ਨੂੰ ਵਿਦੇਸ਼ੀ ਅਦਾਰਿਆਂ ਵਿੱਚ ਕੰਮ ਕਰਨਾ ਚਾਹੀਦਾ ਹੈ। ਇਹ ਦੋਸ਼ ਭਾਰਤੀ ਸੁਰੱਖਿਆ ਏਜੰਸੀਆਂ ਵੱਲੋਂ ਵੀ ਜਾਂਚ ਅਧੀਨ ਹਨ ਤੇ ਇਸ ਨਾਲ ਵਿਵਾਦ ਹੋਰ ਗੰਭੀਰ ਹੋ ਗਿਆ ਹੈ।

ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਇਸ ਵਿਵਾਦ ਬਾਰੇ ਆਪਣਾ ਪ੍ਰਤੀਕਰਮ ਦਿੱਤਾ ਹੈ। ਉਨ੍ਹਾਂ ਨੇ ਮੀਡੀਆ ਨੂੰ ਕਿਹਾ ਕਿ ਇਹ ਸਾਰੇ ਦੋਸ਼ ਬੇਬੁਨਿਆਦ ਹਨ ਤੇ ਉਨ੍ਹਾਂ ਦੇ ਬੇਟੇ ਨੇ ਕੋਈ ਗਲਤੀ ਨਹੀਂ ਕੀਤੀ। ਜੈਸ਼ੰਕਰ ਨੇ ਇਸ ਨੂੰ ਰਾਜਨੀਤਕ ਸਾਜ਼ਿਸ਼ ਮੰਨਿਆ ਤੇ ਕਿਹਾ ਕਿ ਭਾਰਤੀ ਵਿਦੇਸ਼ ਨੀਤੀ ਮਜ਼ਬੂਤ ਹੈ ਤੇ ਇਹ ਵਿਵਾਦ ਉਸ ਨੂੰ ਪ੍ਰਭਾਵਿਤ ਨਹੀਂ ਕਰੇਗਾ। ਉਨ੍ਹਾਂ ਨੇ ਡੋਵਾਲ ਨਾਲ ਵੀ ਅੰਦਰੂਨੀ ਚਰਚਾ ਕੀਤੀ ਤੇ ਵਿਵਾਦ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਵਿਵਾਦ ਦਾ ਨਤੀਜਾ ਇਹ ਨਿਕਲਿਆ ਕਿ ਭਾਰਤੀ ਰਣਨੀਤੀ ਵਿੱਚ ਕੁਝ ਬਦਲਾਅ ਆਏ ਹਨ। ਮੀਡੀਆ ਵਿੱਚ ਨੈਰੇਟਿਵ ਬਣਾਇਆ ਗਿਆ ਕਿ ਭਾਰਤ ਸੁਰੱਖਿਆ ਨੂੰ ਵੱਧ ਤਰਜੀਹ ਦੇ ਰਿਹਾ ਹੈ ਤੇ ਡੋਵਾਲ ਦੀ ਭੂਮਿਕਾ ਵਧੀ ਹੈ। ਇਸ ਨਾਲ ਅਮਰੀਕਾ ਨਾਲ ਸਬੰਧਾਂ ਵਿੱਚ ਤਣਾਅ ਵਧਿਆ ਤੇ ਰੂਸ ਨਾਲ ਨੇੜਤਾ ਵਧੀ ਹੈ। ਭਵਿੱਖ ਵਿੱਚ ਇਹ ਵਿਵਾਦ ਭਾਰਤੀ ਵਿਦੇਸ਼ ਨੀਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ ਤੇ ਨਵੇਂ ਨਿਯਮ ਬਣ ਸਕਦੇ ਹਨ। ਇਸ ਨਾਲ ਭਾਰਤੀ ਲੀਡਰਸ਼ਿਪ ਵਿੱਚ ਏਕਤਾ ਦੀ ਲੋੜ ਉਜਾਗਰ ਹੋਈ ਹੈ ਤੇ ਵਿਵਾਦ ਨੇ ਨਵੇਂ ਚੁਣੌਤੀਆਂ ਪੈਦਾ ਕੀਤੀਆਂ ਹਨ।

********

# ਸੇਲਸਫੋਰਸ ਦੀ ਵੱਡੀ ਛਾਂਟੀ: 4,000 ਨੌਕਰੀਆਂ 'ਤੇ ਏ ਆਈ ਦੀ ਮਾਰ

## ਨਿਊਜ ਵਿਸ਼ਲੇਸ਼ਣ

**✪ ਏ ਆਈ ਦਾ ਵਧਿਆ ਪ੍ਰਭਾਵ: ਗਾਹਕ ਸੇਵਾ ਤੋਂ ਵਿਕਰੀ ਤੱਕ ਬਦਲਾਅ**

**✪ ਬੇਰੁਜ਼ਗਾਰੀ ਦਾ ਸੰਕਟ ਛਾਇਆ: ਭਾਰਤ ਅਤੇ ਵਿਸ਼ਵ ਵਿੱਚ ਨੌਕਰੀਆਂ ਦੀ ਕਟੌਤੀ**




ਨਿਊਯਾਰਕ-ਤਕਨਾਲੋਜੀ ਦੀ ਦੁਨੀਆਂ ਵਿੱਚ ਇੱਕ ਵੱਡਾ ਝਟਕਾ ਲੱਗਿਆ ਹੈ। ਅਮਰੀਕਾ ਦੀ ਨਾਮੀ ਸਾਫਟਵੇਅਰ ਕੰਪਨੀ ਸੇਲਸਫੋਰਸ ਨੇ ਅਚਾਨਕ 4,000 ਕਰਮਚਾਰੀਆਂ ਨੂੰ ਨੌਕਰੀਆਂ ਤੋਂ ਕੱਢ ਦਿੱਤਾ। ਇਸ ਦਾ ਮੁੱਖ ਕਾਰਨ ਹੈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਧਦੀ ਵਰਤੋਂ ਹੈ। ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਮਾਰਕ ਬੇਨੀਓਫ ਨੇ ਇੱਕ ਪੋਡਕਾਸਟ ਵਿੱਚ ਖੁਲਾਸਾ ਕੀਤਾ ਕਿ ਸਹਾਇਤਾ ਵਿਭਾਗ ਵਿੱਚ 9,000 ਕਰਮਚਾਰੀਆਂ ਦੀ ਗਿਣਤੀ ਨੂੰ ਘਟਾ ਕੇ 5,000 ਕਰ ਦਿੱਤਾ ਗਿਆ ਹੈ।

ਇਹ ਫੈਸਲਾ ਸੇਲਸਫੋਰਸ ਦੀ ਰਣਨੀਤੀ ਵਿੱਚ ਵੱਡੀ ਤਬਦੀਲੀ ਨੂੰ ਦਰਸਾਉਂਦਾ ਹੈ। ਜਿੱਥੇ ਪਹਿਲਾਂ ਬੇਨੀਓਫ ਦਾਅਵਾ ਕਰਦੇ ਸਨ ਕਿ ਏ ਆਈ ਨਾਲ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਨਹੀਂ ਵਧੇਗੀ, ਹੁਣ ਉਨ੍ਹਾਂ ਦੀ ਆਪਣੀ ਕੰਪਨੀ ਨੇ ਏਜੰਟ ਫੋਰਸ ਵਰਗੇ ਏ ਆਈ ਟੂਲ ਪੇਸ਼ ਕੀਤੇ, ਜੋ ਗਾਹਕ ਸੇਵਾ ਅਤੇ ਵਿਕਰੀ ਦੇ ਕੰਮਾਂ ਨੂੰ ਆਟੋਮੈਟਿਕ ਕਰਕੇ ਜਲਦੀ ਹੱਲ ਕਰ ਰਹੇ ਹਨ। ਨਤੀਜੇ ਵਜੋਂ, ਮਨੁੱਖੀ ਕਰਮਚਾਰੀਆਂ ਦੀ ਲੋੜ ਘਟ ਗਈ, ਅਤੇ ਹਜ਼ਾਰਾਂ ਲੋਕਾਂ ਦੀ ਰੋਜ਼ੀ-ਰੋਟੀ 'ਤੇ ਸੰਕਟ ਆ ਗਿਆ।

### ਏ ਆਈ ਦਾ ਅਸਰ: ਸੰਸਥਾਵਾਂ ਅਤੇ ਉਦਯੋਗਾਂ 'ਤੇ ਪ੍ਰਭਾਵ

ਸੇਲਸਫੋਰਸ ਦੀ ਇਸ ਕਾਰਵਾਈ ਨੇ ਸਿਰਫ਼ ਇੱਕ ਕੰਪਨੀ ਦੀ ਕਹਾਣੀ ਨਹੀਂ, ਸਗੋਂ ਪੂਰੇ ਤਕਨੀਕੀ ਉਦਯੋਗ ਦੀ ਬਦਲਦੀ ਤਸਵੀਰ ਨੂੰ ਸਾਹਮਣੇ ਲਿਆਂਦਾ ਹੈ। ਏ ਆਈ ਦੀ ਵਰਤੋਂ ਹੁਣ ਸਿਰਫ਼ ਪ੍ਰਯੋਗਕ ਤਕਨੀਕ ਨਹੀਂ ਰਹੀ, ਸਗੋਂ ਸੋਨੇ ਛੋਮਪੁਟਏਰ ਓਨਟਏਰਟੌਇਨਮਏਨਟ (ਸ਼ਛਓ) ਦੀ ਮੀਡੀਆ ਰਿਪੋਰਟ ਅਨੁਸਾਰ, ਸੇਲਸਫੋਰਸ ਦੀ ਏਜੰਟ ਫੋਰਸ ਸਿਸਟਮ 50 ਫੀਸਦੀ ਗਾਹਕ ਸੰਪਰਕਾਂ ਨੂੰ ਸੰਭਾਲ ਰਿਹਾ ਹੈ, ਜਿਸ ਨਾਲ ਕੰਪਨੀ ਦੀਆਂ ਲਾਗਤਾਂ 17 ਫੀਸਦੀ ਘਟੀਆਂ ਹਨ।

ਇਸ ਤੋਂ ਇਲਾਵਾ, ਸੇਲਸਫੋਰਸ ਇਕੱਲੀ ਨਹੀਂ ਹੈ। ਮਾਈਕ੍ਰੋਸਾਫਟ, ਗੂਗਲ, ਇੰਟੇਲ, ਮੈਟਾ ਅਤੇ ਭਾਰਤ ਦੀ ਸਭ ਤੋਂ ਵੱਡੀ ਆਈਟੀ ਕੰਪਨੀ ਟੀਸੀਐਸ ਵਰਗੀਆਂ ਕੰਪਨੀਆਂ ਨੇ ਵੀ 2025 ਵਿੱਚ ਹਜ਼ਾਰਾਂ ਨੌਕਰੀਆਂ ਕੱਟੀਆਂ ਹਨ। ਲ਼ਓਡਡਸ.ਡ਼ੌ ਦੀ ਰਿਪੋਰਟ ਮੁਤਾਬਕ, ਇਸ ਸਾਲ ਹੁਣ ਤੱਕ ਦੁਨੀਆ ਭਰ ਵਿੱਚ 80,000 ਤੋਂ ਵੱਧ ਤਕਨੀਕੀ ਕਰਮਚਾਰੀਆਂ ਨੇ ਨੌਕਰੀਆਂ ਗੁਆਈਆਂ ਹਨ। ਇਹ ਸੰਖਿਆ ਦਿਖਾਉਂਦੀ ਹੈ ਕਿ ਏ ਆਈ ਦਾ ਪ੍ਰਭਾਵ ਸਿਰਫ਼ ਅਮਰੀਕਾ ਤੱਕ ਸੀਮਤ ਨਹੀਂ, ਸਗੋਂ ਵਿਸ਼ਵ ਪੱਧਰ 'ਤੇ ਵੀ ਦਿਖ ਰਿਹਾ ਹੈ।

ਗਾਹਕ ਸੇਵਾ, ਵਿਕਰੀ, ਅਤੇ ਆਈਟੀ ਸੇਵਾਵਾਂ ਵਰਗੇ ਖੇਤਰ, ਜਿੱਥੇ ਬਾਰ-ਬਾਰ ਦੁਹਰਾਏ ਜਾਣ ਵਾਲੇ ਕੰਮ ਹੁੰਦੇ ਹਨ, ਏ ਆਈ ਦੁਆਰਾ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਏ ਆਈ ਦੀ ਵਧਦੀ ਸਮਰੱਥਾ ਨੇ ਕੰਪਨੀਆਂ ਨੂੰ ਆਪਣੀਆਂ ਰਣਨੀਤੀਆਂ ਬਦਲਣ ਲਈ ਮਜਬੂਰ ਕਰ ਦਿੱਤਾ ਹੈ।

### ਬੇਰੁਜ਼ਗਾਰੀ ਦਾ ਵਧਦਾ ਸੰਕਟ: ਭਾਰਤ ਅਤੇ ਵਿਸ਼ਵ 'ਤੇ ਅਸਰ

ਸੀਐਨਬੀਸੀ ਦੀ ਇੱਕ ਰਿਪੋਰਟ ਮੁਤਾਬਕ, ਭਾਰਤ ਦੀ ਸਭ ਤੋਂ ਵੱਡੀ ਆਈਟੀ ਕੰਪਨੀ ਟੀਸੀਐਸ ਨੇ 2025 ਵਿੱਚ 12,000 ਨੌਕਰੀਆਂ ਕੱਟਣ ਦੀ ਯੋਜਨਾ ਬਣਾਈ ਹੈ, ਜੋ ਕਿ ਇਸ ਦੀ ਵਿਸ਼ਵਵਿਆਪੀ ਵਰਕਫੋਰਸ ਦਾ 2 ਫੀਸਦੀ ਹੈ।

ਭਾਰਤ ਦੀ ਸ਼ਹਿਰੀ ਬੇਰੁਜ਼ਗਾਰੀ ਦਰ ਜੂਨ 2025 ਵਿੱਚ 7.1 ਫੀਸਦੀ ਸੀ, ਜੋ ਮਈ ਵਿੱਚ 6.9 ਫੀਸਦੀ ਅਤੇ ਅਪ੍ਰੈਲ ਵਿੱਚ 6.5 ਫੀਸਦੀ ਸੀ। 15 ਤੋਂ 29 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਇਹ ਦਰ 19 ਫੀਸਦੀ ਤੱਕ ਪਹੁੰਚ ਗਈ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਏ ਆਈ ਦੀ ਵਧਦੀ ਵਰਤੋਂ ਨਾਲ ਇਹ ਸਮੱਸਿਆ ਹੋਰ ਵਿਗੜ ਸਕਦੀ ਹੈ। ਵਿਸ਼ਵ ਪੱਧਰ 'ਤੇ, ਲ਼ਓਡਡਸ.ਡ਼ੌ ਦੀ ਰਿਪੋਰਟ ਅਨੁਸਾਰ, 2025 ਵਿੱਚ ਹੁਣ ਤੱਕ 80,000 ਤੋਂ ਵੱਧ ਤਕਨੀਕੀ ਨੌਕਰੀਆਂ ਖਤਮ ਹੋ ਚੁੱਕੀਆਂ ਹਨ।

ਪਿਛਲੇ ਸਾਲ (2024) ਦੀ ਗੱਲ ਕਰੀਏ, ਤਾਂ ਲ਼ਓਡਡਸ.ਡ਼ੌ ਮੁਤਾਬਕ, 2024 ਵਿੱਚ 136 ਫੀਸਦੀ ਵਾਧੇ ਨਾਲ ਲਗਭਗ 32,000 ਤਕਨੀਕੀ ਨੌਕਰੀਆਂ ਖਤਮ ਹੋਈਆਂ ਸਨ। 2025 ਵਿੱਚ ਇਹ ਅੰਕੜਾ ਹੋਰ ਵਧ ਗਿਆ, ਜੋ ਦਰਸਾਉਂਦਾ ਹੈ ਕਿ ਏ ਆਈ ਦਾ ਅਸਰ ਸਿਰਫ਼ ਵਧ ਰਿਹਾ ਹੈ। ਭਾਰਤ ਵਿੱਚ, ਜਿੱਥੇ ਆਈਟੀ ਸੈਕਟਰ ਆਰਥਿਕਤਾ ਦਾ ਮਹੱਤਵਪੂਰਨ ਹਿੱਸਾ ਹੈ, ਨੌਕਰੀਆਂ ਦੀ ਇਹ ਕਟੌਤੀ ਨੌਜਵਾਨਾਂ ਅਤੇ ਮੱਧ ਪ੍ਰਬੰਧਨ ਦੇ ਕਰਮਚਾਰੀਆਂ ਲਈ ਵੱਡੀ ਚੁਣੌਤੀ ਬਣ ਰਹੀ ਹੈ।

### ਭਵਿੱਖ ਦੀਆਂ ਚੁਣੌਤੀਆਂ ਅਤੇ ਮੌਕੇ

ਏ ਆਈ ਦਾ ਭਵਿੱਖ ਤਕਨੀਕੀ ਉਦਯੋਗ ਲਈ ਦੋ-ਧਾਰੀ ਤਲਵਾਰ ਵਾਂਗ ਹੈ। ਇੱਕ ਪਾਸੇ, ਇਹ ਕੰਪਨੀਆਂ ਦੀ ਕੁਸ਼ਲਤਾ ਅਤੇ ਮੁਨਾਫੇ ਨੂੰ ਵਧਾਉਂਦਾ ਹੈ, ਪਰ ਦੂਜੇ ਪਾਸੇ, ਇਹ ਰੁਜ਼ਗਾਰ ਦੇ ਮੌਕਿਆਂ ਨੂੰ ਘਟਾਉਂਦਾ ਹੈ। ਵਿਸ਼ਵ ਆਰਥਿਕ ਮੰਚ ਦੀ ਫਿਊਚਰ ਆਫ ਜੌਬਜ਼ ਰਿਪੋਰਟ 2025 ਮੁਤਾਬਕ, ਏ ਆਈ 2030 ਤੱਕ 92 ਮਿਲੀਅਨ ਨੌਕਰੀਆਂ ਨੂੰ ਖਤਮ ਕਰ ਸਕਦਾ ਹੈ, ਪਰ ਨਾਲ ਹੀ 170 ਮਿਲੀਅਨ ਨਵੀਆਂ ਨੌਕਰੀਆਂ ਵੀ ਪੈਦਾ ਕਰ ਸਕਦਾ ਹੈ।

ਇਹ ਨਵੀਆਂ ਨੌਕਰੀਆਂ ਮੁੱਖ ਤੌਰ 'ਤੇ ਡਾਟਾ ਸਾਇੰਸ, ਮਸ਼ੀਨ ਲਰਨਿੰਗ, ਅਤੇ ਏ ਆਈ ਰਿਸਰਚ ਵਰਗੇ ਖੇਤਰਾਂ ਵਿੱਚ ਹੋਣਗੀਆਂ। ਸੇਲਸਫੋਰਸ ਵਿੱਚ, ਬੇਨੀਓਫ ਨੇ ਦੱਸਿਆ ਕਿ ਕਈ ਕਰਮਚਾਰੀਆਂ ਨੂੰ ਪ੍ਰੋਫੈਸ਼ਨਲ ਸਰਵਿਸਿਜ਼ ਅਤੇ ਵਿਕਰੀ ਵਰਗੇ ਖੇਤਰਾਂ ਵਿੱਚ ਮੁੜ-ਨਿਯੁਕਤ ਕੀਤਾ ਗਿਆ ਹੈ, ਜਿੱਥੇ ਉਹ ਏ ਆਈ ਸੰਬੰਧੀ ਸਲਾਹਕਾਰ ਸੇਵਾਵਾਂ ਪ੍ਰਦਾਨ ਕਰਦੇ ਹਨ। ਪਰ ਇਹ ਤਬਦੀਲੀ ਸਾਰਿਆਂ ਲਈ ਸੌਖੀ ਨਹੀਂ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅਗਲੇ ਪੰਜ ਸਾਲਾਂ ਵਿੱਚ 40 ਫੀਸਦੀ ਮੌਜੂਦਾ ਹੁਨਰ ਪੁਰਾਣੇ ਹੋ ਜਾਣਗੇ, ਜਿਸ ਨਾਲ ਰੀ-ਸਕਿੱਲਿੰਗ ਅਤੇ ਅਪਸਕਿੱਲਿੰਗ ਦੀ ਲੋੜ ਹੈ। ਸਰਕਾਰਾਂ ਅਤੇ ਸੰਸਥਾਵਾਂ ਨੂੰ ਨਵੇਂ ਹੁਨਰ ਸਿਖਾਉਣ ਲਈ ਵੱਡੇ ਪੱਧਰ 'ਤੇ ਪ੍ਰੋਗਰਾਮ ਸ਼ੁਰੂ ਕਰਨ ਦੀ ਲੋੜ ਹੈ। ਡਾਟਾ ਵਿਸ਼ਲੇਸ਼ਣ, ਏ ਆਈ ਐਥਿਕਸ, ਅਤੇ ਪ੍ਰੋਗਰਾਮਿੰਗ ਵਰਗੇ ਖੇਤਰਾਂ ਵਿੱਚ ਸਿਖਲਾਈ ਦੇਣ ਨਾਲ ਕਰਮਚਾਰੀ ਨਵੇਂ ਮੌਕਿਆਂ ਲਈ ਤਿਆਰ ਹੋ ਸਕਦੇ ਹਨ।

ਨੀਤੀਗਤ ਸੁਧਾਰ: ਸਰਕਾਰਾਂ ਨੂੰ ਬੇਰੁਜ਼ਗਾਰੀ ਨਾਲ ਨਜਿੱਠਣ ਲਈ ਨੀਤੀਆਂ ਬਣਾਉਣੀਆਂ ਪੈਣਗੀਆਂ, ਜਿਵੇਂ ਕਿ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਅਤੇ ਸਮਾਜਿਕ ਸੁਰੱਖਿਆ ਯੋਜਨਾਵਾਂ।

ਏ ਆਈ ਨਾਲ ਸਹਿਯੋਗ: ਮਨੁੱਖਾਂ ਅਤੇ ਮਸ਼ੀਨਾਂ ਦੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਨਾਲ ਨੌਕਰੀਆਂ ਦੀ ਰੱਖਿਆ ਕੀਤੀ ਜਾ ਸਕਦੀ ਹੈ। ਸੇਲਸਫੋਰਸ ਦਾ "ਓਮਨੀਚੈਨਲ ਸੁਪਰਵਾਈਜ਼ਰ" ਸਿਸਟਮ ਇਸ ਦੀ ਮਿਸਾਲ ਹੈ।

ਭਾਰਤ ਵਿੱਚ ਉੱਦਮਤਾ: ਭਾਰਤ ਵਿੱਚ ਸਟਾਰਟਅਪਸ ਅਤੇ ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕਰਕੇ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ।

ਸੇਲਸਫੋਰਸ ਦੀ ਇਸ ਕਾਰਵਾਈ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਏ ਆਈ ਦਾ ਯੁੱਗ ਰੁਜ਼ਗਾਰ ਲਈ ਚੁਣੌਤੀ ਹੈ। ਇਸ ਦਾ ਅਸਰ ਸਿਰਫ਼ ਤਕਨੀਕੀ ਉਦਯੋਗ ਤੱਕ ਹੀ ਸੀਮਤ ਨਹੀਂ, ਸਗੋਂ ਹਰ ਉਸ ਖੇਤਰ 'ਤੇ ਪਵੇਗਾ ਜਿੱਥੇ ਰੁਟੀਨ ਕੰਮ ਹੁੰਦੇ ਹਨ। ਭਵਿੱਖ ਵਿੱਚ ਜਿੱਤ ਉਸੇ ਦੀ ਹੋਵੇਗੀ, ਜੋ ਏ ਆਈ ਨਾਲ ਕਦਮ ਮਿਲਾ ਕੇ ਚੱਲਣ ਦੇ ਯੋਗ ਹੋਵੇਗਾ।

ਸੇਲਸਫੋਰਸ ਦੀ 4,000 ਨੌਕਰੀਆਂ ਦੀ ਕਟੌਤੀ ਅਤੇ ਏ ਆਈ ਦੀ ਵਧਦੀ ਵਰਤੋਂ ਨੇ ਤਕਨੀਕੀ ਉਦਯੋਗ ਦੇ ਭਵਿੱਖ ਬਾਰੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਸਿਰਫ਼ ਇੱਕ ਸ਼ੁਰੂਆਤ ਹੈ, ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਕੰਪਨੀਆਂ ਵੀ ਇਸ ਰਾਹ 'ਤੇ ਚੱਲ ਸਕਦੀਆਂ ਹਨ। ਭਾਰਤ ਅਤੇ ਵਿਸ਼ਵ ਪੱਧਰ 'ਤੇ ਬੇਰੁਜ਼ਗਾਰੀ ਦਾ ਸੰਕਟ ਵਧ ਸਕਦਾ ਹੈ, ਪਰ ਨਵੇਂ ਹੁਨਰ ਅਤੇ ਸਹਿਯੋਗੀ ਮਾਡਲ ਨਾਲ ਇਸ ਸੰਕਟ ਨੂੰ ਮੌਕੇ ਵਿੱਚ ਬਦਲਿਆ ਜਾ ਸਕਦਾ ਹੈ। ਸਰਕਾਰਾਂ, ਸੰਸਥਾਵਾਂ, ਅਤੇ ਵਿਅਕਤੀਆਂ ਨੂੰ ਮਿਲ ਕੇ ਇਸ ਤਬਦੀਲੀ ਲਈ ਤਿਆਰ ਰਹਿਣ ਦੀ ਲੋੜ ਹੈ।

## ਅੰਮ੍ਰਿਤਸਰ ਵਿਖੇ ਮੰਦਰ 'ਤੇ ਹੋਏ ਗ੍ਰਨੇਡ ਹਮਲੇ ਦਾ ਮੁੱਖ ਦੋਸ਼ੀ ਬਿਹਾਰ ਤੋਂ ਗ੍ਰਿਫਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਵਿਚ ਮਾਰਚ ਮਹੀਨੇ ਮੰਦਿਰ 'ਤੇ ਹੋਏ ਗ੍ਰਨੇਡ ਹਮਲੇ ਦੇ ਮਾਮਲੇ 'ਚ ਮੁੱਖ ਮੁਲਜ਼ਮ ਨੂੰ ਐਨ.ਆਈ.ਏ. ਵਲੋਂ ਬਿਹਾਰ ਤੋਂ ਕਾਬੂ ਕਰ ਲਿਆ ਗਿਆ। ਪੁਲਿਸ ਵਲੋਂ ਇਸ ਨੂੰ ਗ੍ਰਿਫ਼ਤਾਰ ਕੀਤੇ ਜਾਣ ਉਪਰੰਤ ਅੰਮ੍ਰਿਤਸਰ ਲਿਆਂਦਾ ਜਾ ਰਿਹਾ ਹੈ। ਵੇਰਵਿਆਂ ਅਨੁਸਾਰ ਗ੍ਰਿਫ਼ਤਾਰ ਕੀਤੇ ਦੋਸ਼ੀ ਦੀ ਸ਼ਨਾਖਤ ਸ਼ਰਨਜੀਤ ਕੁਮਾਰ (35) ਸੰਨੀ ਵਾਸੀ ਭੈਣੀ ਬਾਂਗੜ ਜ਼ਿਲ੍ਹਾ ਗੁਰਦਾਸਪੁਰ ਵਜੋਂ ਹੋਈ ਹੈ। ਕੌਮੀ ਜਾਂਚ ਏਜੰਸੀ ਨੂੰ ਜਾਂਚ ਵਿਚ ਪਤਾ ਲੱਗਾ ਸੀ ਕਿ ਇਸ ਹਮਲੇ ਦੇ ਪਿਛੇ ਵਿਦੇਸ਼ੀ ਮੁਲਕਾਂ ਵਿਚ ਬੈਠੇ ਹੈਂਡਲਰਾਂ ਦਾ ਹੱਥ ਹੈ। ਇਹ ਧਮਾਕਾ ਇਥੇ ਛੇਹਰਟਾ ਦੇ ਮੰਦਰ ਠਾਕੁਰਦੁਆਰਾ ਵਿਚ ਇਸੇ ਸਾਲ 15 ਮਾਰਚ ਨੂੰ ਹੋਇਆ ਸੀ। ਇਸ ਮਾਮਲੇ ਵਿਚ ਇਕ ਨੌਜਵਾਨ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ ਸੀ।



# ਪਾਣੀ ਅਤੇ ਭੂਮੀ ਦੇ ਹੜ੍ਹ ਪ੍ਰਭਾਵਿਤ ਮਸਲਿਆਂ ਬਾਰੇ ਸਾਇੰਸਦਾਨ ਮਾਹਿਰਾਂ ਦੀ ਰਾਇ ਜਾਨਣ ਲਈ ਗੁਰੂ ਰਾਮਦਾਸ ਸੈਂਟਰ ਫਾਰ ਇਕਨੌਮਿਕ ਗਰੋਥ ਵਲੋਂ ਵੈਬੀਨਾਰ

ਲੁਧਿਆਣਾ-ਗੁਰੂ ਰਾਮਦਾਸ ਸੈਂਟਰ ਫਾਰਇਕਨੌਮਿਕ ਗਰੋਥ (ਗੁਰੂ ਗੋਬਿੰਦ ਸਿੰਘ ਸਟਡੀ ਸਰਕਲ) ਵਲੋਂ ਪੀ.ਏ.ਯੂ. ਯੂਨਿਟ ਅਤੇ ਡਾ. ਇੰਦਰਜੀਤ ਸਿੰਘ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ ਸੈਂਟਰ ਦੇ ਸਹਿਯੋਗ ਨਾਲ ਇਕ ਸਫ਼ਲ ਵੈਬੀਨਾਰ, ਪੰਜਾਬ ਅਤੇ ਉੱਤਰੀ ਭਾਰਤ ਵਿੱਚ ਹੜ੍ਹਾਂ ਦੇ ਮਾਰੂ ਪ੍ਰਭਾਵਾਂ ਨੂੰ ਸਮਝਣ ਅਤੇ ਇਨ੍ਹਾਂ ਦੇ ਹੱਲ ਲੱਭਣ ਲਈ ਕੀਤਾ ਗਿਆ। ਸਟੱਡੀ ਸਰਕਲ ਦੇ ਵਿਭਿੰਨ ਅਦਾਰਿਆਂ ਦੇ ਮੈਂਬਰ, ਵਿਦਵਾਨ ਵਿਗਿਆਨੀ, ਖੇਤੀ ਮਾਹਿਰ, ਅਰਥਸ਼ਾਸ਼ਤਰੀ, ਬੈਂਕਰ ਮਾਹਿਰ, ਵਿਦਿਆ ਸ਼ਾਸ਼ਤਰੀ, ਚਿੰਤਕ ਅਤੇ ਉਦਯੋਗਿਕ ਮਾਹਿਰ ਸ਼ਾਮਲ ਹੋਏ। ਅਰੰਭਕ ਜਾਣਕਾਰੀ, ਸੈਂਟਰ ਦੇ ਜਨਰਲ ਸਕੱਤਰ ਸ੍ਰ. ਜਸਪਾਲ ਸਿੰਘ ਰਿਟਾ. ਏ. ਜੀ. ਐਮ., ਪੀ. ਐਸ. ਬੀ. ਹੁਰਾਂ ਦਿੱਤੀ। ਪਾਣੀਆਂ ਦੇ ਬੇਕਾਬੂ ਵਹਾਅ ਨਾਲ ਤਬਾਹ ਹੋਏ 2000 ਦੇ ਲੱਗਭਗ ਪਿੰਡਾਂ ਵਿਚ ਖੇਤੀ ਫਸਲ, ਘਰਾਂ, ਪਸ਼ੂਆਂ ਤੇ ਜਾਨਾਂ ਦੇ ਨੁਕਸਾਨ ਉੱਤੇ ਚਿੰਤਤ ਹੁੰਦਿਆਂ ਉਨ੍ਹਾਂ ਨੇ ਵੈਬੀਨਾਰ ਦੇ ਮੁੱਖ ਮਹਿਮਾਨ ਡਾ. ਬਿਜੈ ਸਿੰਘ (ਕੈਨੇਡਾ ਤੋਂ) ਅਤੇ ਮੁੱਖ ਬੁਲਾਰੇ ਡਾ. ਸੁਰਿੰਦਰਪਾਲ ਸਿੰਘ ਕੁੱਕਲ (Lead of Enivronment & Cilmate Change Centre at ਮਹਾਂਮਤਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟ੍ਰੇਸ਼ਨ) ਸਾਬਕਾ ਡੀਨ ਕਾਲਜ ਆਫ ਐਗਰੀਕਲਚਰ, ਬਾਰੇ ਢਿਲੀ ਜਾਣਕਾਰੀ ਦਿੱਤੀ। ਸਵਾਗਤੀ ਸ਼ਬਦ ਕਹਿੰਦਿਆਂ ਸਟੱਡੀ ਸਰਕਲ ਦੇ ਸਕੱਤਰ ਜਨਲ ਸ. ਮਨਿੰਦਰ ਸਿੰਘ ਹੁਰਾ ਕੈਨੇਡਾ ਤੋਂ ਵੈਬੀਨਾਰ ਕਰਵਾਉਣ ਲਈ ਸੈਂਟਰ ਦੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਏਨੇ ਖੇਤੀ ਪ੍ਰਧਾਨ ਸੂਬੇ ਵਿਚ ਵੱਡੇ ਪੱਧਰ ਜਾਨ-ਮਾਲ ਦੀ ਹਾਨੀ ਹੋਣ ਉਪਰੰਤ, ਇਸ ਦੇ ਲੰਮੇ ਤੇ ਥੋੜ੍ਹੇ ਸਮੇਂ ਦੇ ਹੱਲ ਲੱਭਣ ਜ਼ਰੂਰੀ ਹਨ। ਸੈਂਟਰ ਦੇ ਡਾਇਰੈਕਟਰ ਸ. ਕੇ.ਬੀ. ਸਿੰਘ, ਰਿਟਾ. ਡੀ. ਜੀ. ਐਮ. (ਪੰਜਾਬ ਨੈਸ਼ਨਲ ਬੈਂਕ) ਹੁਰਾਂ ਬੁਲਾਰਿਆਂ ਤੇ ਮੁੱਖ ਮਹਿਮਾਨ ਹੁਰਾਂ ਨੂੰ ਜੀ ਆਇਆਂ ਕਹਿੰਦਿਆਂ, ਮੌਜੂਦਾ ਹੜ੍ਹਾਂ ਦੀ ਤ੍ਰਾਸਦੀ ਤੇ ਚਿੰਤਾ ਪ੍ਰਗਟ ਕੀਤੀ ਅਤੇ ਇਸ ਦੇ ਸੰਕਟ ਵਿੱਚੋਂ ਨਿਕਲਣ ਲਈ ਮਾਹਿਰ ਵਿਗਿਆਨੀਆਂ ਦੀ ਰਾਇ ਅਨੁਸਾਰ ਭਵਿੱਖੀ ਯੋਜਨਾਬੰਦੀ ਕਰਨ ਕਵੀ ਦੀ ਸਲਾਹ ਦਿੱਤੀ।

ਮੁੱਖ ਬੁਲਾਰੇ ਡਾ. ਕੁੱਕਲ ਹੁਰਾਂ ਮਨ ਦੀ ਸੰਵੇਦਨਾ ਨੂੰ ਪ੍ਰਗਟ ਕਰਦਿਆਂ ਬਟਾਲਵੀ ਹੁਰਾਂ ਦੀ ਸਤਰ "ਕੀ ਪੁੱਛਦੇ ਹੋ ਹਾਲ ਫਕੀਰਾਂ ਦਾ। ਨਦੀਆਂ ਵਿਛੜੇ ਨੀਰਾਂ ਦਾ।" ਨਾਲ ਪੇਸ਼ਕਾਰੀ ਅਰੰਭ ਕੀਤੀ ਤੇ ਦੱਸਿਆ ਕਿ ਵੱਡੇ ਡੈਮ ਬਣਨ ਨਾਲ ਵੀ ਪਾਣੀ ਆਪਣੇ ਨਦੀ ਸਾਥ ਤੋਂ ਵਿਛੜਦਾ ਹੈ ਤੇ ਫੇਰ ਹੜ੍ਹ ਆਉਣ ਤੇ ਖੇਤਾਂ, ਪਿੰਡਾਂ ਸ਼ਹਿਰਾਂ ਵਿਚ ਫੈਲ ਕੇ ਵੀ ਨਦੀ ਤੋਂ ਵਿਛੜ ਜਾਂਦਾ ਹੈ। ਵਿਦ-ਵਾਨ ਖੋਜੀ ਬੁਲਾਰੇ ਡਾ. ਕੁੱਕਲ ਹੁਹਾਂ ਨੇ ਆਪਣੇ ਚਾਲੀ ਸਾਲ ਦੇ ਭੂਮੀ-ਜਲ ਪ੍ਰਬੰਧਨ ਨਾਲ ਜੁੜੇ ਖੋਜ ਅਨੁਭਵਾਂ ਦੇ ਅਧਾਰ ਤੇ ਬੜੇ ਕੀਮਤੀ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਸਾਲੋ ਸਾਲ, ਝੋਨੇ ਦੇ ਥੱਲੇ ਰਕਬਾ ਵੱਧਦੇ ਜਾਣ ਨਾਲ ਹੁਣ 32 ਲੱਖ ਏਕੜ ਵਿਚ ਹੈ ਅਤੇ ਪਾਣੀ ਬਹੁਤ ਜਗ੍ਹਾ 40 ਮੀਟਰ ਤੱਕ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਚਾਰਜਿੰਗ ਹੋਣ ਵਿਚ ਅਸੀਂ ਆਪ ਜ਼ਿੰਮੇਵਾਰ ਹਾਂ।

ਛੱਪੜ, ਫਰਸ਼ ਰਸਤੇ, ਮੈਦਾਨ, ਸਭ ਨੂੰ ਟਾਇਲਾਂ ਨਾਲ ਪਕੇ ਕਰ ਰਹੇ ਹਾਂ। ਉਨ੍ਹਾਂ ਸਮੂਹਕ ਤੌਰ ਤੇ ਹੀ ਯੋਜਨਾ ਬਣਾ ਕੇ, ਏਕੀਕ੍ਰਿਤ ਢੰਗ ਨਾਲ, ਵਿਅਕਤੀਗਤ ਜ਼ਿੰਮੇਵਾਰੀਆਂ, ਨਿਭਾਉਂਦਿਆਂ, ਪਾਣੀਆਂ ਨੂੰ ਪ੍ਰਦੂਸ਼ਤ ਨਾ ਕਰਨ ਦੇ ਧਾਰਮਕ-ਸਮਾਜਿਕ-ਪਰਵਾਰਕ ਫੈਸਲੇ ਲੈਣ ਨੂੰ ਜ਼ਰੂਰੀ ਦੱਸਿਆ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸੂਏ-ਡਰੇਨਾ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਉਹਨਾਂ ਖੇਤੀ ਦੇ ਢੰਗ ਤਰੀਕਿਆਂ ਨੂੰ ਪਾਣੀ ਦੇ ਬਚਾਵ ਅਤੇ ਵਹਾਅ ਦੇ ਅਨੁਕੂਲ ਬਣਾਉਣ ਦੀ ਗੱਲ ਵੀ ਕਹੀ।

ਮੁਖ ਅਧਿਆਨ ਡਾ. ਬਿਜੈ ਸਿੰਘ ਜੋ ਕਿ ਪੀ.ਏ.ਯੂ. ਦੇ ਭੂਮੀ ਖੋਜ ਵਿਗਿਆਨੀ ਹਨ ਅਤੇ ਵਿਸ਼ਵ ਭਰ ਵਿਚ ਯੂਨੀਵਰਸਿਟੀਆਂ, ਖੋਜ ਕੇਂਦਰਾਂ ਅਤੇ ਵਿਸ਼ੇਸ਼ ਸੈਮੀਨਾਰਾਂ ਵਿਚ ਭਾਗ ਲੈਣ ਲਈ ਉੱਘੇ ਕੌਮਾਂਤਰੀ ਵਿਗਿਆਨੀ ਹਨ ਹੁਰਾਂ ਆਪਣੇ ਅਨੁਭਵਾਂ ਨੂੰ ਬਾਖੂਬੀ ਪੇਸ਼ ਕੀਤਾ।

ਉਨ੍ਹਾਂ ਕਿਹਾ ਡਾ. ਕੁੱਕਲ ਹੁਰਾਂ ਦੇ ਵਿਚਾਰ ਸੁਣ ਕੇ ਮੈਨੂੰ ਮਹਿਸੂਸ ਹੋਇਆ ਹੈ ਕਿ ਬਹੁਤ ਕੰਮ ਸਾਨੂੰ ਆਪ ਨੂੰ ਹੀ ਹੱਲ ਲੱਭਣ ਹਿੱਤ ਕਰਨਾ ਪੈਣਾ ਹੈ। ਸਾਡੀਆਂ ਆਪਣੀਆਂ ਕਮੀਆਂ ਅਤੇ ਲਾਪ੍ਰਵਾਹੀਆਂ ਨਾਲ ਬਹੁਤ ਨੁਕਸਾਨ ਹੋਇਆ ਹੈ ਤੇ ਭਵਿੱਖ ਦੇ ਮੌਸਮੀ ਅਨੁਮਾਨਾਂ ਤੋਂ ਵੀ ਲਾਭ ਨਾ ਲੈਣ ਕਰਕੇ ਹੜ੍ਹਾਂ ਦੀ ਸਥਿਤੀ ਜ਼ਿਆਦਾ ਵਿਗੜ ਗਈ ਹੈ।

ਉਨ੍ਹਾਂ ਢਾਂਚੇ ਨੂੰ ਸਹੀ ਕਰਨ, ਬੰਧਾਂ ਨੂੰ ਪੱਕੇ ਕਰਨ ਅਤੇ ਚੇਤਨਤਾ ਫੈਲਾ ਕੇ ਚੁਸਤੀ ਫੁਰਤੀ ਨਾਲ ਖੇਤੀ ਦੀ ਭੂਮੀ ਲਈ ਪੈਦਾ ਹੋਏ ਮਸਲਿਆਂ ਨੂੰ ਹੱਲ ਕਰਨ ਦੀ ਸਲਾਹ ਦਿੱਤੀ। ਹੜ੍ਹਾਂ ਕਾਰਣ ਖੇਤੀ ਭੂਮੀ ਵਿਚ ਫੈਲੀ ਰੇਤਾ ਅਤੇ ਨਾਲ ਬਣੇ ਕਲੇਅ ਨੂੰ ਸਹੀ ਕਰਨ ਲਈ ਵੱਡੇ ਟ੍ਰੈਕਟਰਾਂ ਦੀ ਤੇ ਮਸ਼ੀਨਾਂ ਦੀ ਲੋੜ ਪਵੇਗੀ ਤੇ ਖਰਚ ਬਹੁਤ ਹੋਵੇਗਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਖੇਤੀ ਦੀ ਉਪਜਾਊ ਸ਼ਕਤੀ ਮੁੜ ਬਹਾਲ ਕਰਨ ਅਤੇ ਵਧਾਉਣ ਲਈ, ਜ਼ਰੂਰੀ ਤੱਤਾਂ ਤੇ ਵੀ ਖਰਚ ਕਰਨਾ ਪਏਗਾ।

ਪ੍ਰਸਿੱਧ ਵਾਤਾਵਰਣ ਪ੍ਰੇਮੀ ਤੇ ਰੱਖਿਅਕ ਕਰਨਲ ਜੇ. ਐਸ. ਗਿੱਲ ਹੁਰਾਂ ਆਪਣੀ ਖੋਜ ਅਤੇ ਸੁਝਾਵਾਂ ਨਾਲ ਬਹੁਤ ਨਵੇਂ ਤੱਥ ਪੇਸ਼ ਕੀਤੇ। ਉਨ੍ਹਾਂ ਹਿਮਾਚਲ ਸਰਕਾਰ ਨੂੰ ਸਲਾਹ ਦਿੱਤੀ ਕਿ ਉਹ ਗਲੇਸ਼ੀਅਰਾਂ ਦੇ ਖੁਰਨ ਦੇ ਚੱਲਦੇ, ਹਿਮਾਚਲ ਵਿਚ ਕਨੌਰ ਤੋਂ ਬਿਲਾਸਪੁਰ, ਪਾਣੀ ਨੂੰ ਭੰਡਾਰ ਕਰਨ ਲਈ ਯਤਨ ਕਰਨ ਅਤੇ ਭਾਖੜਾ ਦਾ ਪਾਣੀ, 14000-1500 ਦੇ ਵਿਚ ਰੱਖਿਆ ਜਾਵੇ। ਲੰਮਾ ਸਮਾਂ ਹੜ੍ਹ ਨਾ ਆਉਣ ਦੇ ਅਵੇਸਲੇਪਣ ਨਾਲ ਵੀ ਭਾਰੀ ਨੁਕਸਾਨ ਹੋਇਆ ਹੈ।

ਪ੍ਰਸਿੱਧ ਆਰਥਕ ਸਲਾਹਕਾਰ ਤੇ ਵਰਧਮਾਨ ਉਦਯੋਗ ਦੇ ਮਾਹਿਰ ਡਾ. ਹਰੀਸ਼ ਅਨੰਦ ਹੁਰਾਂ ਉੱਤਰੀ ਭਾਰਤ ਦੇ ਇਲਾਕਿਆਂ ਤੇ ਪਾਕਿਸਤਾਨ ਪੰਜਾਬ ਨੂੰ ਵੀ ਮਹਾਂ ਪੰਜਾਬ ਦੱਸਿਆ ਜੋ ਰਾਜਸੀ ਤੌਰ ਤੇ ਵੱਖਰੇ ਹਨ ਪਰ ਕੁਦਰਤ ਲਈ ਇਕੋ ਹੀ ਹਨ। ਇਸੇ ਲਈ ਸਭ ਪ੍ਰਭਾਵਤ ਹੋਏ ਹਨ।ਉਨ੍ਹਾਂ ਵੈਬੀਨਾਰ ਦੇ ਵਿਚਾਰਾਂ ਦੇ ਫਾਲੋਅਪ ਨੂੰ ਜ਼ਰੂਰੀ ਦੱਸਿਆ। ਸ. ਇੰਦਰਪਾਲ ਸਿੰਘ ਡਾਇਰੈਕਟਰ ਗਲੋਬਲ ਸਿੱਖ ਐਜੂਕੇਸ਼ਨ ਮਿਸ਼ਨ ਹੁਰਾਂ ਕਿਹਾ ਕਿ ਇਸ ਵਿਚਾਰ ਚਰਚੇ ਨੂੰ ਅੱਗੇ ਤੋਰਨ ਦੀ ਲੋੜ ਹੈ। ਸ੍ਰ. ਗੁਰਮੀਤ ਸਿੰਘ ਫਾਊਂਡਰ ਮੈਂਬਰ ਹੁਰਾਂ ਕਿਹਾ ਕਿ ਅੱਜ ਦੀ ਵਿਚਾਰ ਚਰਚਾ ਦੇ ਮੁੱਖ ਮੁੱਦੇ ਕਿਤਾਬਬੰਦ ਕਰਕੇ ਸਰਕਾਰ ਨੂੰ ਭੇਜਣੇ ਚਾਹੀਦੇ ਹਨ ਤਾਂ ਕਿ ਸੁਝਾਵਾਂ ਉਪਰ ਅਮਲੀ ਕੰਮ ਕੀਤੇ ਜਾ ਸਕਣ। ਸੈਂਟਰ ਦੇ ਪ੍ਰਧਾਨ ਸ. ਤੇਜਵਿੰਦਰ ਸਿੰਘ ਬਿਗਬੇਨ ਨੇ ਅਖ਼ੀਰ ਵਿਚ ਸਭ ਦਾ ਧੰਨਵਾਦ ਕੀਤਾ।

# ਇੱਕ ਚੌਂਕੜੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼੍ਰੀ ਅਖੰਡ ਪਾਠ ਸਾਹਿਬ ਸੰਪੂਰਨ ਕਰਨ ਵਾਲੇ, ਅਤੇ ਹੋਰ ਕਈ ਪ੍ਰਾਪਤੀਆਂ ਬਦਲੇ ਵਰਲਡ ਰਿਕਾਰਡ ਬਣਾਉਣ ਵਾਲੇ ਭਾਈ ਹਿਆਲਾ ਦਾ ਵੱਖ-ਵੱਖ ਜਥੇਬੰਦੀਆਂ ਅਤੇ ਸੰਗਤਾਂ ਵੱਲੋਂ ਉਸ ਸਨਮਾਨ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੱਕ ਚੌਂਕੜੇ ਵਿੱਚ ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਕਰਨ ਵਾਲੇ ਗੁਰਸਿੱਖ ਭਾਈ ਜਤਿੰਦਰ ਸਿੰਘ ਹਿਆਲਾ ਦਾ ਇੰਗਲੈਂਡ ਦੀਆਂ ਵੱਖ ਵੱਖ ਸਿੱਖ ਜਥੇਬੰਦੀਆਂ ਅਤੇ ਲੈਸਟਰ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਜਿਪਸੀ ਲੇਨ ਲੈਸਟਰ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਭਾਈ ਹਿਆਲਾ ਵੱਲੋਂ ਲਿਖੀਆਂ ਗਈਆਂ ਧਾਰਮਿਕ ਪੁਸਤਕਾ ਰੱਬੀ ਕਿਰਨਾ ਅਤੇ ਅਨਮੋਲ ਸਿਤਾਰੇ ਵੀ ਰਿਲੀਜ਼ ਕੀਤੀਆਂ ਗਈਆਂ।**



ਭਾਈ ਜਤਿੰਦਰ ਸਿੰਘ ਹਿਆਲਾ ਦਾ ਸਨਮਾਨ ਕਰਦੀਆਂ ਹੋਈਆਂ ਵੱਖ ਵੱਖ ਜਥੇਬੰਦੀਆਂ ਤੇ ਸਿੱਖ

ਪਿੰਡ ਹਿਆਲਾ ਜ਼ਿਲ੍ਹਾ ਨਵਾਂਸ਼ਹਿਰ ਨਾਲ ਸੰਬੰਧਿਤ ਭਾਈ ਜਤਿੰਦਰ ਸਿੰਘ ਹਿਆਲਾ, ਜੋ ਕਿ ਇਨੀ ਦਿਨੀ ਇੰਗਲੈਂਡ ਫੇਰੀ ਤੇ ਹਨ ਵੱਲੋਂ ਵੱਖ-ਵੱਖ ਸਮੇਂ ਦੌਰਾਨ ਇੱਕ ਹੱਥ ਦੇ ਨਾਲ 70 ਕਿਲੋ ਦਾ ਬਾਲਾ ਕੱਢਣਾ ਦਿੰਦਾ ਅਤੇ ਦੰਦਾਂ ਨਾਲ 83 ਕਿਲੋ ਦਾ ਵਜਨ ਚੁੱਕਣ ਸਮੇਤ ਦੰਦਾ ਨਾਲ ਦੋ ਦੋ ਟਰੈਕਟਰ ਖਿੱਚ ਨਾਲ ਵਰਲਡ ਰਿਕਾਰਡ ਬਣਾਏ ਗਏ ਹਨ। ਇਸੇ ਤਰ੍ਹਾਂ ਭਾਈ ਹਿਆਲਾ ਲੱਕ ਨਾਲ ਰੱਸਾ ਪਾ ਕੇ ਕੰਬਾਈਨ ਅਤੇ ਤਿੰਨ ਦਿਨ ਟਰੈਕਟਰ ਖਿੱਚਣ ਦੇ ਵੀ ਕਈ ਰਿਕ-ਾਰਡ ਬਣਾ ਚੁੱਕਾ ਹੈ।ਭਾਈ ਜਤਿੰਦਰ ਸਿੰਘ ਹਿਆਲਾ ਨੇ ਜਨਵਰੀ 2025 ਦੇ ਵਿੱਚ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਤੇ ਇੱਕ ਚੌਂਕੜੇ ਦੇ ਵਿੱਚ ਲੜੀਵਾਰ ਸਰੂਪ ਤੋਂ ਸ੍ਰੀ ਅਖੰਡ ਪਾਠ ਸਾਹਿਬ ਕੀਤਾ,ਅਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹੱਥ ਲਿਖਤ ਪਾਵਨ ਬੀੜ ਲੜੀਵਾਰ ਸਰੂਪ ਦੇ ਵਿੱਚ ਲਿਖ ਰਹੇ ਹਨ। ਭਾਈ ਹਿਆਲਾ ਦੀਆਂ ਇਨ੍ਹਾਂ ਪ੍ਰਾਪਤੀਆਂ ਬਦਲੇ ਗੁਰਦੁਆਰਾ ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਾਹਿਬ ਲੈਸਟਰ ਵਿਖੇ ਪ੍ਰਬੰਧਕ ਕਮੇਟੀ, ਗੁਰੂ ਨਾਨਕ ਸੰਗੀਤ ਸਭਾ ਯੂ ਕੇ ਅਤੇ ਹੋਰ ਧਾਰਮਿਕ ਸੰਸਥਾਵਾਂ ਵਲੋਂ ਭਾਈ ਹਿਆਲਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਗੁਰੂ ਘਰ ਦੇ ਪ੍ਰਧਾਨ ਜਰਨੈਲ ਸਿੰਘ ਰਾਣਾ, ਧਾਰਮਿਕ ਲੇਖਕ ਭਾਈ ਰਣਧੀਰ ਸਿੰਘ ਸੰਭਲ, ਸੁਖਦੇਵ ਸਿੰਘ ਇਟਲੀ, ਤਰਲੋਚਨ ਸਿੰਘ ਵਿਰਕ ਅਤੇ ਵੱਖ ਵੱਖ ਸਿੱਖ ਸੰਗਤਾਂ ਵੱਡੀ ਗਿਣਤੀ ਹਾਜ਼ਿਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸਮੁੱਚੀ ਮਨੁੱਖਤਾ ਦੀਆਂ ਰਾਜਨੀਤਕ, ਧਾਰਮਿਕ ਤੇ ਸਮਾਜਿਕ ਮਾਨਸਿਕ ਗੁੰਝਲਾਂ ਦਾ ਹੱਲ ਕਰਨ ਦੇ ਸਮਰੱਥ ਹੈ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



**ਬਹੁ-ਕੌਮੀ, ਬਹੁ-ਧਰਮੀ, ਬਹੁ-ਸੱਭਿਆਚਾਰਕ, ਬਹੁ-ਨਸਲੀ, ਰਿਪਬਲਿਕ ਆਫ਼ ਇੰਡੀਆ ਬਾਰੇ ਮੋਹਨ ਭਾਗਵਤ ਦਾ ਇਹ ਬਿਆਨ ਕਿ "ਅਸੀਂ ਜਾਤ-ਪਾਤ, ਪੰਥ, ਸੂਬੇ ਵਿੱਚ ਨਾ ਵੰਡ ਕੇ ਆਪਣੀ ਅਨੇਕਤਾ ਵਿੱਚ ਏਕਤਾ ਦਾ ਉਤਸਵ ਮਨਾਈਏ ਤੇ ਹਿੰਦੂ ਹੋਣ 'ਤੇ ਮਾਣ ਮਹਿਸੂਸ ਕਰੀਏ।" ਇਹ ਬੜਾ ਹੀ ਹਾਸੋਹੀਣਾ ਤੇ ਬੇਤੁਕਾ ਬਿਆਨ ਹੈ।**



ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਹੀ ਅਨੇਕਤਾ ਵਿੱਚ ਏਕਤਾ ਕਾਇਮ ਰੱਖੀ ਜਾ ਸਕਦੀ ਹੈ, ਆਰ. ਐੱਸ. ਐੱਸ. ਦੇ ਮੁਖੀ ਮੋਹਨ ਭਾਗਵਤ ਦੀ ਧਰਤੀ ਪੂਜਾ ਅਤੇ ਪਸ਼ੂ ਪੂਜਕ ਵਿਚਾਰਧਾਰਾ ਨਾਲ਼ ਨਹੀਂ।

ਯੂ.ਕੇ. ਡਰਬੀ ਸ਼ਹਿਰ ਤੋਂ ਛਪਦੇ, 08-03-2018 'ਪੰਜਾਬ ਟਾਈਮਜ਼' ਦੇ ਪੰਨਾ 25 ਉੱਤੇ, ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਦਾ ਇਸ ਸਿਰਲੇਖ ਹੇਠ ਬਿਆਨ ਛਪਿਆ ਸੀ ਕਿ "ਹਿੰਦੋਸਤਾਨ ਹੀ ਹੈ ਹਿੰਦੂ ਰਾਸ਼ਟਰ"... "ਸਾਡੇ ਲਈ ਭਾਰਤ ਮਾਤਾ ਸਭ ਤੋਂ ਉੱਪਰ, ਪਰਮਾਤਮਾ ਤੋਂ ਪਹਿਲਾਂ ਗਾਂ ਤੇ ਧਰਤੀ ਦੀ ਭਗਤੀ ਕਰੋ ਕਿਉਂਕਿ ਦੋਵੇਂ ਮਾਤਾ ਹਨ।"

ਉਕਤ ਖ਼ਬਰ ਵਿੱਚ ਮੋਹਨ ਭਾਗਵਤ ਦੇ ਬਿਆਨਾਂ ਦਾ ਸਾਰ-ਅੰਸ਼ ਹੈ ਕਿ "ਹਿੰਦੋਸਤਾਨ, ਹਿੰਦੂ ਰਾਸ਼ਟਰ ਭਾਰਤ ਵਿੱਚ ਰਹਿਣ ਵਾਲੇ ਸਭ ਹਿੰਦੂ ਹਨ, ਜੇਕਰ ਦੇਸ਼ ਦਾ ਕੁਝ ਬੁਰਾ ਹੋ ਗਿਆ ਤਾਂ ਹਿੰਦੂ ਹੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ, ਅਤੇ 'ਹਮ ਸਭ ਏਕ ਹੈਂ', ਅਸੀਂ ਜਾਤ-ਪਾਤ, ਪੰਥ, ਸੂਬੇ ਵਿੱਚ ਨਾ ਵੰਡ ਕੇ ਆਪਣੀ ਅਨੇਕਤਾ ਵਿੱਚ ਏਕਤਾ ਦਾ ਉਤਸਵ ਮਨਾਈਏ ਤੇ ਹਿੰਦੂ ਹੋਣ 'ਤੇ ਮਾਣ ਮਹਿਸੂਸ ਕਰੀਏ। ਸਾਡੇ ਲਈ ਪਹਿਲਾਂ ਭਾਰਤ ਮਾਂ ਦੀ ਬੰਦਨਾ (ਵੰਦੇ ਮਾਤਰਮ) ਫਿਰ ਈਸ਼ਵਰ ਦੀ। ਸ਼ੁਰੂ ਵੀ 'ਭਾਰਤ ਮਾਂ ਦੀ ਜੈ' ਨਾਲ਼ ਤੇ ਸਮਾਪਤੀ ਵੀ।"

ਇਸੇ ਸਮਰਸਤਾ ਸਮਾਗਮ ਵਿੱਚ ਸੰਘ ਮੁਖੀ ਮੋਹਨ ਭਾਗਵਤ ਦੇ ਮੰਚ ਦੇ ਬਰਾਬਰ ਵਿੱਚ ਵੱਡੇ ਜਿਹੇ ਹੋਰਡਿਗ ਦੇ ਠੀਕ ਵਿਚਾ-ਲੇ ਭੀਲਣੀ ਦੇ ਹੱਥੋਂ ਬੇਰ ਖਾਂਦੇ ਭਗਵਾਨ ਰਾਮ ਦਾ ਚਿੱਤਰ ਹੈ, ਇਸ ਦੇ ਚਾਰੇ ਪਾਸੇ ਸੰਤ ਰਵਿਦਾਸ, ਸੰਤ ਕਬੀਰ ਦਾਸ, ਮਹਾਰਿਸ਼ੀ ਬਾਲਮੀਕ ਅਤੇ ਗੌਤਮ ਬੁੱਧ ਦੇ ਚਿੱਤਰ ਵਿਖਾਈ ਦੇ ਰਹੇ ਹਨ, ਇਸ ਹੋਰਡਿੰਗ ਤੋਂ ਥੋੜੀ ਹੀ ਦੂਰ ਦੂਜੇ ਮੰਚ 'ਤੇ ਬਿਰਾਜਮਾਨ ਸਾਰੇ ਸਮਾਜ ਦੇ ਸੰਤ ਤੇ ਮਹਾਤਮਾ; ਸਪਸ਼ਟ ਹੈ ਕਿ ਆਰ. ਐੱਸ. ਐੱਸ. ਦੇ ਮੁਖੀ ਮੋਹਨ ਭਾਗਵਤ ਦਾ ਨਿਸ਼ਾਨਾ ਭਾਰਤ ਵਾਸੀਆਂ ਦਾ ਭਗਵਾਂਕਰਨ ਕਰਨਾ ਹੈ ਭਾਵ ਵੱਖ-ਵੱਖ ਸਭਿਆਚਾਰਾਂ, ਵੱਖ-ਵੱਖ ਧਰਮਾਂ ਦੀ ਵੱਖਰੀ ਪਛਾਣ ਨੂੰ ਖ਼ਤਮ ਕਰ ਕੇ ਹਿੰਦੂ ਰਾਜ ਦੇ ਅਧੀਨ ਲਿਆਉਣਾ ਹੈ ਅਤੇ ਉਹ 2019 ਦੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਹਿੰਦੂ ਰਾਜ ਉਸਾਰਨ ਦਾ ਨਿਸ਼ਾਨਾ ਮਿੱਥੀ ਬੈਠੇ ਹਨ।

ਹੁਣ ਅਸੀਂ ਮੋਹਨ ਭਾਗਵਤ ਦੇ ਇਹਨਾਂ ਬਿਆਨਾਂ ਦਾ ਵਿਸ਼ਲੇਸ਼ਣ ਕਰਾਂਗੇ: ਬਹੁ-ਕੌਮੀ, ਬਹੁ-ਧਰਮੀ, ਬਹੁ-ਸੱਭਿਆਚਾਰਕ, ਬਹੁ-ਨਸਲੀ, ਰਿਪਬਲਿਕ ਆਫ਼ ਇੰਡੀਆ ਬਾਰੇ ਮੋਹਨ ਭਾਗਵਤ ਦਾ ਇਹ ਬਿਆਨ ਕਿ "ਅਸੀਂ ਜਾਤ-ਪਾਤ, ਪੰਥ, ਸੂਬੇ ਵਿੱਚ ਨਾ ਵੰਡ ਕੇ ਆਪਣੀ ਅਨੇਕਤਾ ਵਿੱਚ ਏਕਤਾ ਦਾ ਉਤਸਵ ਮਨਾਈਏ ਤੇ ਹਿੰਦੂ ਹੋਣ 'ਤੇ ਮਾਣ ਮਹਿਸੂਸ ਕਰੀਏ।" ਇਹ ਬੜਾ ਹੀ ਹਾਸੋਹੀਣਾ ਤੇ ਬੇਤੁਕਾ ਬਿਆਨ ਹੈ। ਮੋਹਨ ਭਾਗਵਤ ਦੇ ਇਸ ਬਿਆਨ ਬਾਰੇ ਵਿਚਾਰਨਯੋਗ ਚਾਰ ਨੁਕਤੇ ਹਨ। ਪਹਿਲਾ ਵੱਖ-ਵੱਖ ਧਰਮਾਂ, ਕੌਮਾਂ, ਬੋਲੀਆਂ, ਸਮਾਜਿਕ ਵੰਡੀਆਂ ਦੇ ਅੰਕੜੇ ਜਿਨ੍ਹਾਂ ਵਿੱਚ ਭਾਰਤ ਵੰਡਿਆ ਹੋਇਆ ਹੈ। ਦੂਜਾ ਨੁਕਤਾ ਕਿ ਹਿੰਦੂ ਪਦ ਦੀ ਕੋਈ ਪ੍ਰੀਭਾਸ਼ਾ ਹੀ ਨਹੀਂ ਹੈ। ਤੀਜਾ ਭਾਰਤ ਤੇ ਭਾਰਤ ਮਾਤਾ ਸ਼ਬਦ ਕਿੱਥੋਂ ਆਏ? ਚੌਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਹੀ ਅਨੇਕਤਾ ਵਿੱਚ ਏਕਤਾ ਕਾਇਮ ਰੱਖੀ ਜਾ ਸਕਦੀ ਹੈ।

1. South Asian Succsess Story ਦੇ ਪੰਨਾ 5 ਉੱਤੇ ਭਾਰਤ ਦੇ ਹੇਠ ਲਿਖੇ ਅਨੁਸਾਰ ਅੰਕੜੇ ਦਰਜ ਹਨ। ਭਾਰਤ ਦੀ ਅਬਾਦੀ 955 ਮਿਲੀਅਨ ਦੇ ਦੁਆਲੇ ਹੈ ਜੋ 2.3% ਸਾਲਾਨਾ ਵਧ ਰਹੀ ਹੈ। 2020 ਈ. ਤਕ ਭਾਰਤ ਦੁਨੀਆਂ ਦੀ ਸਭ ਤੋਂ ਵੱਧ ਅਬਾਦੀ ਵਾਲ਼ਾ ਦੇਸ ਹੋਵੇਗਾ (ਭਾਵੇਂ ਚੀਨ ਫਿਰ ਵੀ ਦੁਨੀਆਂ ਦੀ ਸਭ ਤੋਂ ਵੱਧ ਅਬਾਦੀ ਵਾਲ਼ਾ ਦੇਸ਼ ਹੋਵੇਗਾ)।

2. ਲੋਕਾਂ ਦੇ 4600 ਗਰੁੱਪ 1652 ਬੋਲੀਆਂ ਬੋਲਦੇ ਹਨ। 33 ਬੋਲੀਆਂ ਘੱਟੋ-ਘੱਟ ਇੱਕ-ਇੱਕ ਲੱਖ (100,000) ਲੋਕਾਂ ਵੱਲੋਂ ਬੋਲੀਆਂ ਜਾਂਦੀਆਂ ਹਨ।

3. ਇੱਥੇ ਚਾਰ ਮੁੱਖ ਧਰਮ ਹਨ-ਹਿੰਦੂ ਮਤ, ਇਸਲਾਮ, ਈਸਾਈ ਮਤ ਅਤੇ ਸਿੱਖ ਧਰਮ ਅਤੇ ਸੈਂਕੜੇ ਹੋਰ ਛੋਟੀ ਗਿਣਤੀ ਵਾਲੇ (ਧਰਮ) ।

4. ਜਾਤ-ਪਾਤ ਪ੍ਰਬੰਧ ਵਿੱਚ, ਜੋ ਬਹੁ ਗਿਣਤੀ ਹਿੰਦੂ ਅਬਾਦੀ ਦਾ ਮਹੱਤਵਪੂਰਨ ਤੱਤ ਹੈ, ਵਿੱਚ ਤਕਰੀਬਨ 6500 ਸਮਾਜਿਕ ਵੰਡੀਆਂ ਹਨ (ਉਕਤ ਹਵਾਲ਼ਾ ਮੂਲ ਰੂਪ ਵਿੱਚ ਅੰਗ੍ਰੇਜ਼ੀ ਵਿੱਚ ਹੈ)।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮੋਹਨ ਭਾਗਵਤ ਭਾਰਤ ਦੇ ਉਕਤ ਅੰਕੜਿਆਂ ਅਨੁਸਾਰ ਭਾਰਤ ਵਿੱਚ, ਅਨੇਕਤਾ ਵਿੱਚ ਏਕਤਾ ਕਿਵੇਂ ਕਾਇਮ ਰੱਖ ਸਕੇਗਾ! ਅੱਗੇ ਅਸੀਂ ਵਿਚਾਰ ਕਰਦੇ ਹਾਂ ਕਿ ਹਿੰਦੂ ਸ਼ਬਦ ਕਿੱਥੋਂ ਆਇਆ:

ਹਿੰਦੂ ਮਤ ਦੇ ਧਰਮ ਗ੍ਰੰਥਾਂ ਵਿੱਚ 'ਹਿੰਦੂ' ਸ਼ਬਦ ਕਿਤੇ ਵੀ ਪੜ੍ਹਨ ਨੂੰ ਨਹੀਂ ਮਿਲਦਾ। ਅੱਜ ਤਕ ਕਿਸੇ ਵੀ ਭਾਰਤੀ ਜਾਂ ਪੱਛਮੀ ਵਿਦਵਾਨ ਨੇ ਹਿੰਦੂਇਜ਼ਮ ਦੀ ਸੰਪੂਰਣ ਪ੍ਰੀਭਾਸ਼ਾ ਦੇਣ ਵਿੱਚ ਸਫ਼ਲਤਾ ਪ੍ਰਾਪਤ ਨਹੀਂ ਕੀਤੀ। ਇਨਸਾਕਲੋਪੀਡੀਆ ਆਫ਼ ਰਿਲੀਜ਼ਨ ਐਂਡ ਐਥਿਕਸ ਵਿੱਚ ਡਬਲਯੂ ਕਰੁੱਕ ਲਿਖਦਾ ਹੈ ਕਿ:

"No problem is more difficult than that of framing a defiintion of Hinduism, many of the tests proposed from tmie to tmie are obviously inadequate."

ਭਾਵ "ਹਿੰਦੂ ਮੱਤ ਦੀ ਪ੍ਰੀਭਾਸ਼ਾ ਘੜਨੀ ਇੱਕ ਜਟਿਲ ਕਾਰਜ ਹੈ, ਕਿਉਂਕਿ ਵਕਤ-ਵਕਤ 'ਤੇ ਜੋ ਵੀ ਜਾਂਚ ਪੜਤਾਲ ਦੇ ਆਧਾਰ ਸੁਝਾਏ ਗਏ ਹਨ, ਸਾਰੇ ਹੀ ਊਣੇ ਸਿੱਧ ਹੁੰਦੇ ਰਹੇ ਹਨ..।"

ਇਨਸਾਕਲੋਪੀਡੀਆ ਆਫ਼ ਰਿਲੀਜ਼ਨ ਐਂਡ ਐਥਿਕਸ ਵਿੱਚ ਹਰ ਇੱਕ ਧਰਮ ਤੇ ਮਜ਼ਹਬ ਤੇ ਮੱਤ ਮਤਾਂਤਰ ਦੀ ਪ੍ਰੀਭਾਸ਼ਾ ਤਾਂ ਹੈ ਪਰ 'ਹਿੰਦੂ ਪਦ' ਦੀ ਪ੍ਰੀਭਾਸ਼ਾ ਨਹੀਂ ਲੱਭਦੀ।

ਡਾ. ਰਾਧਾ ਕ੍ਰਿਸ਼ਨਨ ਅਨੁਸਾਰ ਹਿੰਦੂਇਜ਼ਮ ਦਾ ਅਰਥ ਹੈ "ਵੱਖ-ਵੱਖ ਫਲਸਫਿਆਂ, ਧਰਮਾਂ ਅਤੇ ਮਿਥਿਹਾਸਕ ਜਾਦੂਗਰਨੀਆਂ ਦਾ ਸੰਗਠਨ..।" ਹਕੀਕਤ

ਇਹ ਹੈ ਕਿ ਹਿੰਦੂ ਸ਼ਬਦ ਨਾ ਤਾਂ ਸੰਸਕ੍ਰਿਤ ਦਾ ਸ਼ਬਦ ਹੈ ਅਤੇ ਨਾ ਹੀ ਇਹ ਸ਼ਬਦ ਭਾਰਤੀ ਬੋਲੀਆਂ ਦੀ ਭਾਸ਼ਾਵਾਂ ਵਿੱਚ ਪਾਇਆ ਜਾਂਦਾ ਹੈ। ਹਿੰਦੂ ਇੱਕ ਧਾਰਮਿਕ ਸ਼ਬਦ ਵੀ ਨਹੀਂ ਹੈ। ਪ੍ਰਾਚੀਨ ਵੈਦਿਕ ਸ਼ਾਸ਼ਤਰਾਂ ਵਿੱਚ ਵੀ ਹਿੰਦੂ ਸ਼ਬਦ ਦਾ ਕੋਈ ਹਵਾਲ਼ਾ ਨਹੀਂ ਮਿਲਦਾ। ਅਰਬੀ-ਫ਼ਾਰਸੀ ਦੇ ਕਵੀਆਂ ਨੇ ਗ਼ੁਲਾਮ ਲਈ ਹਿੰਦੂ ਸ਼ਬਦ ਵਰਤਿਆ ਹੈ। ਸੰਸਕ੍ਰਿਤ ਵਿੱਚ ਇਸ ਦੀ ਵਰਤੋਂ ਸਿਰਫ਼ 14ਵੀਂ ਸਦੀ ਤੋਂ ਸ਼ੁਰੂ ਹੋਈ। ਇਹ ਅਠਵੀਂ ਸਦੀ ਤੋਂ ਬਾਅਦ ਇਸਲਾਮਿਕ ਹਮਲਿਆਂ ਅਤੇ ਮੱਧਕਾਲੀ ਹਿੰਦੂ-ਮੁਸਲਿਮ ਯੁੱਧਾਂ ਤੋਂ ਬਾਅਦ ਵਿਕਸਿਤ ਹੋਈ। ਹਿੰਦੂ ਸ਼ਬਦ ਇੰਡੋ-ਆਰੀਅਨ ਅਤੇ ਸੰਸਕ੍ਰਿਤ ਸ਼ਬਦ ਸਿੰਧੂ ਤੋਂ ਲਿਆ ਗਿਆ ਹੈ ਅਰਥਾਤ ਹਿੰਦੂ ਸ਼ਬਦ ਸਿੰਧੂ ਦਾ ਵਿਗੜਿਆ ਹੋਇਆ ਰੂਪ ਹੈ।

1. ਮਹਾਨ ਕੋਸ਼ ਦੇ ਪੰਨਾ 275 ਉੱਤੇ ਹਿੰਦੂ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ: "ਹਿੰਦੂ-ਸਿੰਧੂ (ਹਿੰਦ) ਨਦੀ ਦੇ ਆਸ ਪਾਸ ਰਹਿਣ ਵਾਲ਼ੇ ਪ੍ਰਾਚੀਨ ਲੋਕ ਜੋ ਆਰੀਆ ਕਹਾਉਂਦੇ ਸੀ, ਵਿਦੇਸ਼ੀਆਂ ਨੇ ਇਹਨਾਂ ਨੂੰ 'ਹਿੰਦੂ' ਲਿਖਿਆ ਹੈ। ਹੁਣ ਸਾਰੇ ਭਾਰਤ ਵਾਸੀਆਂ ਲਈ ਇਹ ਸ਼ਬਦ ਵਰਤਿਆ ਜਾ ਸਕਦਾ ਹੈ (ਵਰਤਿਆ ਜਾ ਰਿਹਾ ਹੈ)।"

2. ਵੈਦਿਕ ਧਰਮ ਧਾਰਨ ਵਾਲ਼ਾ, ਹਿੰਦੂ ਪਦ ਦੀ ਨਿਰਦੋਸ਼ ਵਿਆਖਿਆ ਹੁਣ ਤਕ ਕੋਈ ਨਹੀਂ ਕਰ ਸਕਿਆ, ਇਸ ਲਈ ਸਾਡੀ ਸਮਰੱਥਾ ਤੋਂ ਵੀ ਬਾਹਰ ਹੈ- ਪਰ ਵਿਸ਼ੇਸ਼ ਕਰ ਕੇ ਹਿੰਦੂ ਦਾ ਲੱਛਣ ਇਹ ਮੰਨਿਆ ਗਿਆ ਹੈ ਕਿ ਜੋ ਚਾਰ ਵਰਣ ਦੀ ਮਰਯਾਦਾ (ਮਨੂੰ ਸਿਮਰਤੀ) ਰੱਖਦਾ ਹੈ ਅਤੇ ਵੇਦਾਂ ਨੂੰ ਧਰਮ ਪੁਸਤਕ ਮੰਨਦਾ ਹੈ ਅਤੇ ਗਊ ਦਾ ਮਾਸ ਨਹੀਂ ਖਾਂਦਾ ਉਹ ਹਿੰਦੂ ਹੈ। ('ਮਹਾਨ ਕੋਸ਼' ਭਾਈ ਕਾਨ੍ਹ ਸਿੰਘ ਨਾਭਾ ਪੰਨਾ 275)।

ਹਿੰਦੂ ਕਿਉਂਕਿ ਬ੍ਰਾਹਮਣਵਾਦ ਤੋਂ ਪਿੱਛੋਂ ਪ੍ਰਚਲਤ ਹੋਇਆ ਸ਼ਬਦ ਹੈ। ਇਸ ਨੂੰ ਬਲਵਾਨ ਕਰਨ ਲਈ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ 'ਹਿੰਦੂ' ਸਭ ਤੋਂ ਪ੍ਰਾਚੀਨ ਧਰਮ ਹੈ ਅਰਥਾਤ ਬ੍ਰਾਹਮਣਵਾਦ ਤੋਂ ਹਿੰਦੂਵਾਦ ਅਤੇ ਹਿੰਦੂਵਾਦ ਤੋਂ ਹਿੰਦੂਤਵ ਤੇ ਹਿੰਦੂਤਵ ਤੋਂ ਹਿੰਦੂ ਰਾਸ਼ਟਰ- ਇਸ ਆਧਾਰ 'ਤੇ ਹੀ ਮੋਹਨ ਭਾਗਵਤ ਬਿਆਨ ਦੇ ਰਿਹਾ ਹੈ "ਹਿੰਦੋਸਤਾਨ ਹੀ ਹੈ ਹਿੰਦੂ ਰਾਸ਼ਟਰ।"

"ਹਿੰਦੂਵਾਦੀ ਚਿੰਤਕ ਅਤੇ ਪ੍ਰਚਾਰਕ ਇਹ ਵਿਚਾਰ ਪੂਰੇ ਜ਼ੋਰ ਨਾਲ਼ ਪੇਸ਼ ਕਰਦੇ ਹਨ ਕਿ ਹਿੰਦੂਵਾਦ ਸਭ ਤੋਂ ਪੁਰਾਣਾ ਧਰਮ ਹੈ। ਹਿੰਦੂਵਾਦ ਦੀ ਪ੍ਰਾਚੀਨਤਾ ਨੂੰ ਸਿੱਧ ਕਰਨ ਲਈ ਉਹ ਆਦਿ ਧਰਮ ਨੂੰ ਹਿੰਦੂਵਾਦ ਦਾ ਮੁੱਢਲਾ ਸਰੂਪ ਦੱਸਦੇ ਹਨ। ਹਿੰਦੂਵਾਦ ਸਭ ਵਿਲੱਖਣਤਾਵਾਂ ਨੂੰ ਆਪਣੇ ਵਿੱਚ ਸਮਿਲਤ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਵਜ੍ਹਾ ਕਰਕੇ ਇਹ ਆਦਿ ਧਰਮ ਤਾਂ ਕੀ ਤਕਰੀਬਨ ਹਰ ਧਰਮ ਨੂੰ ਆਪਣੇ ਮੁੱਢ ਦੀ ਟਾਹਣੀ ਵਜੋਂ ਪੇਸ਼ ਕਰਦੇ ਹਨ। ਜੈਨ-ਮੱਤ, ਬੁੱਧ ਮੱਤ ਅਤੇ ਸਿੱਖ ਮੱਤ ਨੂੰ ਹਿੰਦੂਵਾਦ ਦਾ ਅੰਗ ਬਣਾਉਣ ਲਈ ਨਿਰੰਤਰ ਕੋਸ਼ਿਸ਼ਾਂ ਕਰ ਰਹੇ ਹਨ ਕਿਉਂਕਿ ਹਿੰਦੂਵਾਦ ਵਿਭਿੰਨ ਧਾਰਮਿਕ ਪਛਾਣਾਂ ਨੂੰ ਆਪਣੇ ਵਿੱਚ ਜਜ਼ਬ ਕਰ ਲੈਣ ਦੇ ਸਮਰੱਥ ਹੈ ਅਤੇ ਇਸ ਕਰਕੇ ਰਾਜਸੀ ਤਾਕਤ ਨਾਲ਼ ਹੁਣ ਹਿੰਦੂਵਾਦ, ਹਿੰਦੂਤਵ ਵਿੱਚ ਤਬਦੀਲ ਹੋ ਰਿਹਾ ਹੈ। ਹਿੰਦੂਤਵ ਦੇ ਦੋ ਪ੍ਰਮੁੱਖ ਨਿਸ਼ਾਨੇ ਹਨ। ਪਹਿਲਾ ਛੋਟੀਆਂ ਪਛਾਣਾਂ ਦੀ ਵਿਲੱਖਣ ਪਛਾਣ ਨੂੰ ਖ਼ਤਮ ਕਰਨਾ। ਦੂਸਰਾ ਜਿਹੜੀ ਪਛਾਣ ਇਸ ਦੇ ਦਾਇਰੇ ਵਿੱਚ ਨਹੀਂ ਆਉਂਦੀ ਉਸ ਵਿਰੁੱਧ ਤੁਅਸਬ (ਜ਼ਹਿਰ) ਭਰ ਕੇ ਅਤੇ ਹਰ ਹੀਲਾ ਵਰਤ ਕੇ ਉਸ ਨੂੰ ਪੂਰੀ ਤਰ੍ਹਾਂ ਨਿਸੱਲ ਕਰ ਦੇਣਾ ਤਾਂ ਕਿ ਉਹ ਆਪਣਾ ਸਿਰ ਨਾ ਚੁੱਕ ਸਕੇ, ਇਸ ਮਕਸਦ ਦੀ ਪੂਰਤੀ ਲਈ ਸਾਮ-ਦਾਮ-ਦੰਡ-ਭੇਦ ਦੀ ਨੀਤੀ ਅਪਣਾਈ ਜਾ ਰਹੀ ਹੈ। ਅਜੋਕੇ ਯੁਗ ਵਿੱਚ ਇਹ ਵਤੀਰਾ ਪ੍ਰਵਾਣ ਨਹੀਂ ਹੋ ਸਕਦਾ ਪਰ ਹਿੰਦੂਤਵ ਦੇ ਝੰਡੇ ਹੇਠ ਅਜਿਹਾ ਵਾਪਰ ਰਿਹਾ ਹੈ। ਹਿੰਦੂਵਾਦੀ ਤਾਕਤਾਂ ਨੇ ਆਦਿ ਧਰਮ ਨੂੰ ਸਨਾਤਨ ਧਰਮ ਦਾ ਨਾਂ ਦੇ ਕੇ ਹਿੰਦੂਵਾਦ ਦਾ ਨਵੀਨੀਕਰਨ ਕੀਤਾ ਹੈ..।" (ਪੁਸਤਕ 'ਬ੍ਰਾਹਮਣਵਾਦ ਤੋਂ ਹਿੰਦੂਵਾਦ' ਲੇਖਕ ਗੁਰਮੀਤ ਸਿੰਘ ਸਿੱਧੂ)।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤੱਕ

**ਕੀਰਤਪੁਰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਹਰਿਕ੍ਰਿਸ਼ਨ ਸਾਹਿਬ ਹੀ ਅਗਲੇ ਗੁਰੂ ਹੋਣਗੇ, ਉਹ ਆਪਣੇ ਸਿੰਘਾਸਨ ਤੋਂ ਉੱਠੇ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਓਥੇ ਬਿਰਾਜਮਾਨ ਕਰਵਾ ਦਿੱਤਾ। ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਗੁਰਗੱਦੀ ਸਮਰਪਣ ਦੀ ਮਰਿਆਦਾ ਨਿਭਾਈ। ਇੱਥੇ ਖ਼ਾਸ ਜ਼ਿਕਰਯੋਗ ਹੈ ਕਿ ਸੰਗਤਾਂ ਨੇ ਸੀਸ ਨਿਵਾਇਆ ਅਤੇ ਗੁਰੂ ਦਰਬਾਰ ਦੀ ਫ਼ੌਜ ਨੇ ਬੰਦੂਕਾਂ ਦੀ ਸਲਾਮੀ ਦਿੱਤੀ ਅਤੇ ਨਗਾਰੇ ਵਜਾਏ ਗਏ। ਹੁਣ ਇਹ ਸਭ ਇੱਕ ਰਾਜ ਦੀਆਂ ਹੀ ਨਿਸ਼ਾਨੀਆਂ ਹਨ। ਸਲਾਮੀ ਬਾਦਸ਼ਾਹ ਨੂੰ ਦਿੱਤੀ ਜਾਂਦੀ ਸੀ ਅਤੇ ਨਗਾਰੇ ਵਜਾਉਣਾ ਪ੍ਰਭੂਸੱਤਾ ਅਤੇ ਅਜ਼ਾਦੀ ਦਾ ਪ੍ਰਤੀਕ ਹੈ। ਵੱਖ-ਵੱਖ ਇਤਿਹਾਸਿਕ ਸਰੋਤਾਂ ਵਿੱਚ ਆਉਂਦਾ ਹੈ ਕਿ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਗਏ ਤਾਂ ਉਹਨਾਂ ਦੇ ਕਾਫ਼ਲੇ ਦਾ ਜਾਹੋ-ਜਲਾਲ ਦਿੱਲੀ ਤਖ਼ਤ ਨੂੰ ਟੱਕਰ ਦਿੰਦਾ ਸੀ।**

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-17**

**ਡਾ: ਕਿਰਨਪ੍ਰੀਤ ਕੌਰ ਬਾਠ**



ਭਾਈ ਨੰਦ ਲਾਲ ਸਿੰਘ ਜੀ ਰਚਿਤ ਗੰਜਨਾਮਾ, ਉਲੱਥਾਕਾਰ ਭਾਈ ਹਰਨਾਮ ਸਿੰਘ ਜੀ ਕੋਮਲ (ਲੁਧਿਆਣਾ) ਪੰਨਾ ਨੰਬਰ 29-31

Bhai Nand Lal Singh Ji Kirat - Ganjnama : www.DiscoverSikhism.com : Free Download, Borrow, and Streaming :internet Archive

ਹਵਾਲੇ ਲਈ ਵੇਖੋ : ਸ. ਰਣਜੀਤ ਸਿੰਘ, 'ਗੁਰੂ ਗੋਬਿੰਦ ਸਿੰਘ ਜੀ ਦੀ ਸਖ਼ਸ਼ੀਅਤ', ਗੁਰਮਤਿ ਪ੍ਰਕਾਸ਼ (ਫ਼ਰਵਰੀ 2022) ਜਿਲਦ 65 ਅੰਕ 11 (ਅੰਮ੍ਰਿਤਸਰ: ਧਰਮ ਪ੍ਰਚਾਰ ਕਮੇਟੀ ) ਪੰਨਾ ਨੰਬਰ 15-17

ਇਸ ਨਿਰੰਤਰਤਾ ਨੂੰ ਸਮਝਣ ਦੀ, ਆਪਣੀ ਚੇਤਨਾ ਵਿੱਚ ਵਸਾਉਣ ਦੀ ਲੋੜ ਹੈ। ਦਸਵੇਂ ਜਾਮੇ ਵਿੱਚ ਓਹਨਾਂ ਨੇ ਬੱਚੇ-ਰੂਪੀ ਸਿੱਖਾਂ ਨੂੰ ਪੰਥ-ਰੂਪ ਵਿੱਚ ਜਵਾਨ ਹੋਇਆ, ਆਪਣੀ ਜ਼ਿੰਮੇਵਾਰੀ ਸਾਂਭਣ ਦੇ ਕਾਬਿਲ ਹੋਇਆ, ਵੇਖ ਬਾਦਸ਼ਾਹੀ ਵੀ ਬਖ਼ਸ਼ੀ ਅਤੇ ਗੁਰੂ-ਪਦਵੀ ਵੀ। ਪਰ ਖ਼ਿਆਲ ਰਹੇ ਕਿ ਇਹ ਬਖ਼ਸ਼ੀ ਸਿਰਫ਼ ਖ਼ਾਲਸੇ ਨੂੰ ਹੈ, ਉਹ ਖ਼ਾਲਸਾ ਜੋ ਗੁਰੂ ਹੁਕਮ ਉੱਤੇ, ਗੁਰੂ ਦੀ ਸੱਚੀ ਟਕਸਾਲ ਵਿੱਚ ਘੜ ਕੇ ਗੁਰਮੁਖ ਬਣਿਆ ਸੀ। ਮਨਮੁੱਖਾਂ ਲਈ ਪਹਿਲਾਂ ਵੀ ਗੁਰੂ ਦਾ ਹੁਕਮ ਮੱਥੇ ਨਾ ਲੱਗਣ ਦਾ ਸੀ ਅਤੇ ਅੱਜ ਵੀ:

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈ ਨ ਕਰੋਂ ਇਨ ਕੀ ਪਰਤੀਤ ॥

ਸਾਡੀਆਂ ਚਲਾਕੀਆਂ, ਵਿਖਾਵੇ, ਢਕਵੰਜ ਉਸ ਨੂੰ ਠੱਗ ਨਹੀਂ ਸਕਦੇ; ਵਿਸਾਖੀ ਵਾਲ਼ੇ ਦਿਨ ਗੁਰਦੁਆਰੇ ਵੀ ਜਾ ਆਉਣਾ ਤੇ ਮਨਮਤੀਆਂ ਵੀ ਕਰ ਲੈਣੀਆਂ ਇਹ ਢਕਵੰਜ ਹੀ ਹਨ। ਉਹ ਓਹੀ ਹੈ ਜਿਸ ਬਾਰੇ ਗੁਰਬਾਣੀ ਕਹਿੰਦੀ ਹੈ- 'ਨਾ ਓਹਿ ਮਰਹਿ ਨ ਠਾਗੇ ਜਾਹਿ' (ਅੰਗ 8)।

**ਔਰੰਗਜ਼ੇਬ ਨੂੰ ਮਿਲ਼ਣ ਤੋਂ ਇਨਕਾਰ ਕਰਨਾ:**

ਗੁਰੂ ਦਰਬਾਰ ਦੀ ਮੁੱਢਲੀ ਰੀਤ ਹੀ ਕਿਸੇ ਦੁਨਿਆਵੀ ਤਖ਼ਤ ਅੱਗੇ ਨਾ ਝੁਕਣ ਦੀ ਹੈ, ਪਰ ਔਰੰਗਜ਼ੇਬ ਸਿਰਫ਼ ਦੁਨਿਆਵੀ ਤਖ਼ਤ ਦਾ ਮਾਲਕ ਹੀ ਨਹੀਂ ਸੀ ਸਗੋਂ ਉਹ ਤਾਂ ਜ਼ਾਲਮ ਅਤੇ ਨਿਰਦਈ ਵੀ ਸੀ। ਜਦ ਔਰੰਗਜ਼ੇਬ ਗੁਰੂ ਸਾਹਿਬ ਨੂੰ ਚਿੱਠੀ ਲਿਖ ਮਿਲ਼ਣ ਦੀ ਇੱਛਾ ਜ਼ਾਹਰ ਕਰਦਾ ਹੈ ਤਾਂ ਗੁਰੂ ਸਾਹਿਬ ਸਭ ਤੋਂ ਪਹਿਲਾਂ ਸੰਗਤ ਵਿੱਚ ਉਹ ਚਿੱਠੀ ਰੱਖਦੇ ਹਨ ਅਤੇ ਸੰਗਤ ਕੋਲ਼ੋਂ ਸਲਾਹ ਪੁੱਛਦੇ ਹਨ। ਸੰਗਤ ਵਿੱਚ ਕਈ ਸਿੱਖ ਇਹ ਸਲਾਹ ਦਿੰਦੇ ਹਨ ਕਿ ਬਾਦਸ਼ਾਹ ਨਾਲ਼ ਬਣਾ ਕੇ ਰੱਖਣੀ ਚਾਹੀਦੀ ਹੈ। ਗੁਰੂ ਸਾਹਿਬ ਸਭ ਦੀ ਗੱਲ ਸੁਣ ਸੰਗਤ ਨੂੰ ਇਹ ਕਹਿੰਦੇ ਹਨ ਕਿ ਇਹ ਫ਼ੈਸਲਾ ਨਿਰੋਲ ਸਿਆਸਤ ਵਿੱਚੋਂ ਨਿਕਲ਼ਿਆ ਹੈ। ਇਸ ਉਪਰੰਤ ਗੁਰੂ ਸਾਹਿਬ ਔਰੰਗਜ਼ੇਬ ਨੂੰ ਮਿਲ਼ਣ ਲਈ ਇਨਕਾਰ ਕਰਦੇ ਹੋਏ ਲਿਖਦੇ ਹਨ:

ਤੇਰੇ ਦਾਮ ਨਹੀਂ ਹਮ ਦੇਨੇ,
ਅਰ ਨਹਿ ਖਾਹਿਸ ਤੁਮ ਤੇ ਲੇਨੇ ।

ਕਿ ਨਾ ਮੈਂ ਤੈਨੂੰ ਕੁਝ ਦੇਣਾ ਹੈ ਅਤੇ ਨਾ ਹੀ ਤੇਰੇ ਤੋਂ ਕੁਝ ਲੈਣ ਦੀ ਕੋਈ ਇੱਛਾ ਹੈ। ਔਰੰਗਜ਼ੇਬ ਜਦ ਦੂਸਰੀ ਚਿੱਠੀ ਲਿਖਦਾ ਹੈ ਤਾਂ ਉਸ ਦੇ ਜਵਾਬ ਵਿੱਚ ਉਸ ਨੂੰ ਨਾ ਮਿਲ਼ਣ ਦੇ ਪੰਜ ਕਾਰਨ ਦੱਸਦੇ ਹੋਏ ਲਿਖਦੇ ਹਨ ਕਿ- 'ਤੂੰ ਜਗਤ ਧ੍ਰੋਹੀ ਹੈ, ਤੂੰ ਦੀਨਦਾਰ ਵੀ ਨਹੀਂ, ਤੂੰ ਆਪਣੇ ਭਰਾ ਅਤੇ ਪਿਤਾ ਨੂੰ ਮਾਰਿਆ ਹੈ, ਤੂੰ ਸੰਤਾਂ ਨੂੰ ਦੁਖੀ ਕੀਤਾ ਹੈ ਅਤੇ ਸਰਮਦ ਵਰਗੇ ਬ੍ਰਹਮ ਗਿਆਨੀ ਨੂੰ ਮਾਰਿਆ ਹੈ, ਤੇਰੇ ਵਰਗੇ ਨੂੰ ਮੈਂ ਕਿਵੇਂ ਮਿਲ਼ ਸਕਦਾ ਹਾਂ।'

ਮੈਂ ਜਦ ਇਸ ਘਟਨਾ ਨੂੰ ਗੌਰ ਨਾਲ਼ ਵੇਖਦੀ ਹਾਂ ਤਾਂ ਸਮਝ ਆਉਂਦੀ ਹੈ ਕਿ ਸ਼ਾਇਦ ਸਿੱਖਾਂ ਦੀ ਉਹ ਪਹਿਲੀ ਪਰਖ ਸੀ ਉਹਨਾਂ ਦੀ ਤਿਆਰੀ ਵੇਖਣ ਨੂੰ, ਜਿਸ ਪਰਖ ਵਿੱਚ ਕੁਝ ਸਿੱਖ ਥਿੜਕ ਗਏ। ਨਹੀਂ ਤਾਂ ਸੋਚੀਏ ਕਿ ਗੁਰੂ ਸਾਹਿਬ ਜਵਾਬ ਤਾਂ ਓਹੀ ਲਿਖ ਕੇ ਭੇਜਦੇ ਹਨ ਜੋ ਓਹਨਾਂ ਭੇਜਣਾ ਹੀ ਸੀ, ਫਿਰ ਸੰਗਤ ਨੂੰ ਪੁੱਛਣ ਦਾ ਮਕਸਦ ਕੀ ਹੋ ਸਕਦਾ ਹੈ? ਇਸ ਦੇ ਨਾਲ਼ ਹੀ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਉਹਨਾਂ ਨੂੰ ਗੁਰੂ ਨਾਨਕ ਸਾਹਿਬ ਦੀ 'ਬਾਬਰ' ਨੂੰ 'ਜਾਬਰ' ਕਹਿਣ ਵਾਲ਼ੀ ਸਿੱਖਿਆ ਯਾਦ ਕਰਵਾਉਣ ਤੋਂ ਪਹਿਲਾਂ ਸਿੱਖਾਂ ਨੂੰ ਆਪਣੀ ਕਮਜ਼ੋਰੀ ਦੇ ਆਪ ਰੁ-ਬਰੂ ਹੋ ਪਛਾਣ ਕਰਵਾਉਣਾ ਚਾਹੁੰਦੇ ਸੀ। ਇਨਸਾਨ ਜਦ ਤਕ ਆਪਣੀ ਕਮੀ ਦਾ ਆਪ ਅਹਿਸਾਸ

ਸਤਿਬੀਰ ਸਿੰਘ, ਨਿਰਭਉ ਨਿਰਵੈਰੁ: ਜੀਵਨੀ ਗੁਰੂ ਹਰਿ ਰਾਇ ਜੀ (ਜਲੰਧਰ : ਨਿਊ ਬੁੱਕ ਕੰਪਨੀ), 1981, ਪੰਨਾ ਨੰਬਰ 120-121

ਨਹੀਂ ਕਰ ਲੈਂਦਾ, ਓਦੋਂ ਤਕ ਉਹ ਆਪਣੇ ਸੁਧਾਰ ਵੱਲ ਵੀ ਨਹੀਂ ਵੱਧ ਸਕਦਾ। ਗੁਰੂ ਸਾਹਿਬ ਨੂੰ ਦਿੱਤੀ ਆਪਣੀ ਇਸ ਸਲਾਹ ਦਾ ਛੋਟਾਪਣ ਸ਼ਾਇਦ ਓਹਨਾਂ ਸਿੱਖਾਂ ਨੂੰ ਆਪ ਹੀ ਮਹਿਸੂਸ ਹੋਇਆ ਹੋਵੇਗਾ ਅਤੇ ਫਿਰ ਗੁਰੂ ਸਾਹਿਬ ਵੱਲੋਂ ਲਿਖੇ ਜਵਾਬ ਨੂੰ ਵੇਖ ਓਹਨਾਂ ਨੂੰ ਸਮਝ ਆਈ ਹੋਵੇਗੀ ਕਿ 'ਬਾਦਸ਼ਾਹ' ਹੋਣ ਨਾਲ਼ੋਂ ਕਿਤੇ ਵੱਡਾ 'ਨੈਤਿਕ' ਹੋਣਾ ਹੁੰਦਾ ਹੈ।ਇਹ ਬਿਲਕੁਲ ਓਵੇਂ ਹੀ ਹੈ ਜਿਵੇਂ ਆਪਣੇ ਵਿਦਿਆਰਥੀਆਂ ਨੂੰ ਅਧਿਆਪਕ ਇੱਕ ਕੰਮ ਕਰਨ ਦਾ ਸਹੀ ਤਰੀਕਾ ਪਹਿਲਾਂ ਦੱਸਦਾ ਹੈ, ਫਿਰ ਅਭਿਆਸ ਕਰਵਾਉਂਦਾ ਹੈ। ਫਿਰ ਇੱਕ ਦਿਨ ਵੱਡੇ ਇਮਤਿਹਾਨ ਤੋਂ ਪਹਿਲਾ ਓਹੀ ਅਭਿਆਸ ਦੁਹਰਾਉਣ ਨੂੰ ਕਹਿੰਦਾ ਹੈ, ਓਦੋਂ ਉਹ ਵਿਦਿਆਰਥੀ ਨੂੰ ਆਪਣਾ ਦਿਮਾਗ ਲਾ ਕੰਮ ਕਰਨ ਨੂੰ ਕਹਿੰਦਾ ਹੈ। ਜਦੋਂ ਵਿਦਿਆਰਥੀ ਗ਼ਲਤੀ ਕਰੇ ਤਾਂ ਫਿਰ ਉਸ ਨੂੰ ਆਪ ਕਰਕੇ ਸਮਝਾਉਂਦਾ ਹੈ, ਏਹੀ ਇੱਕ ਅਣਭੋਲ ਜਿਹੇ ਵਿਦਿਆਰਥੀ ਦੀ ਗਿਆਨੀ ਬਣਨ ਦੀ ਵਿਧੀ ਹੈ। ਗੁਰੂ ਨਾਨਕ ਸਾਹਿਬ ਨੇ ਇੱਕ ਫ਼ਲਸਫ਼ਾ ਦਿੱਤਾ, ਅਗਲੇ ਛੇ ਜਾਮਿਆਂ ਵਿੱਚ ਉਸ ਫ਼ਲਸਫ਼ੇ ਨੂੰ ਦੋਹਰਾਇਆ ਗਿਆ, ਅਭਿਆਸ ਕਰਵਾਇਆ ਗਿਆ। ਫਿਰ ਇੱਕ ਵੱਡੇ ਇਮਤਿਹਾਨ ਲਈ ਤਿਆਰ ਕਰਨ ਹੇਤ ਛੋਟਾ ਜਿਹਾ ਇਮਤਿਹਾਨ ਲਿਆ ਗਿਆ, ਜਿਸ ਵਿੱਚ ਗ਼ਲਤੀ ਹੋਣ ਉੱਤੇ ਗੁਰੂ ਨੇ ਫਿਰ ਆਪ ਕਰ ਕੇ ਸਹੀ ਤਰੀਕਾ ਸਮਝਾਇਆ। ਮੈਂ ਇਸ ਘਟਨਾ ਨੂੰ ਵੀ ਸਿੱਖਾਂ ਦੀ ਤਿਆਰੀ ਦਾ ਇੱਕ ਹਿੱਸਾ ਹੀ ਮੰਨਦੀ ਹਾਂ। ਇਸੇ ਤਿਆਰੀ ਦੀ ਪੂਰਤੀ ਜਦੋਂ ਹੁੰਦੀ ਹੈ ਤਾਂ ਸਿੱਖ ਆਪਣੀਆਂ ਖੋਪੜੀਆਂ ਤਕ ਲੁਹਾ ਗਏ, ਬੰਦ-ਬੰਦ ਕਟਵਾ ਲਏ, ਬੱਚਿਆਂ ਦੇ ਟੋਟੇ ਗਲ਼ਾਂ ਵਿੱਚ ਪਵਾ ਲਏ, ਪਰ ਐਸੇ ਕਿਸੇ ਜ਼ਾਲਮ ਨੂੰ ਨਾ ਬਾਦਸ਼ਾਹ ਮੰਨਿਆ ਅਤੇ ਨਾ ਹੀ ਉਸ ਨਾਲ਼ ਬਣਾ ਕੇ ਰੱਖਣ ਦਾ ਖ਼ਿਆਲ ਹੀ ਦੁਬਾਰਾ ਕੀਤਾ।

ਐਸੇ ਗੁਰ ਕਉ ਬਲਿ ਬਲਿ ਜਾਈਐ
ਆਪਿ ਮੁਕਤੁ ਮੋਹਿ ਤਾਰੈ ॥1॥
(ਅੰਗ 1301)

ਮੈਂ ਜਦ ਵੀ ਗੁਰੂ ਪਾਤਸ਼ਾਹ ਦੇ ਇਸ ਦਸਾਂ ਜਾਮਿਆਂ ਦੇ ਸਫ਼ਰ ਨੂੰ ਵੇਖਦੀ ਹਾਂ ਅਤੇ ਸਿੱਖਾਂ ਦੀ 'ਗ਼ੁਲਾਮ ਤੋਂ ਬਾਦਸ਼ਾਹਤ' ਤਕ ਦੀ ਕਹਾਣੀ ਸਮਝਣ ਦੀ ਕੋਸ਼ਿਸ਼ ਕਰਦੀ ਹਾਂ ਤਾਂ ਆਪ ਮੁਹਾਰੇ ਮੂੰਹੋਂ ਨਿਕਲ਼ ਆਉਂਦਾ ਹੈ ਵਾਹ ਗੁਰੂ !!!

**ਗੁਰੂ ਹਰਿਕ੍ਰਿਸ਼ਨ ਜੀ**

ਗੁਰੂ ਹਰਿਰਾਏ ਸਾਹਿਬ ਨੇ ਜਦ ਇਹ ਨਿਰਣਾ ਲੈ ਲਿਆ ਕੇ ਗੁਰੂ ਤਖ਼ਤ ਹਰਿਕ੍ਰਿਸ਼ਨ ਸਾਹਿਬ ਨੂੰ ਸੌਂਪਣਾ ਹੈ ਤਾਂ ਓਹਨਾਂ ਨੇ ਜੁੜੀਆਂ ਸੰਗਤਾਂ ਨੂੰ ਸਮਝਾਇਆ ਕਿ ਗੁਰੂ ਕੋਈ ਸਰੀਰ ਨਹੀਂ, ਗੁਰੂ ਜੋਤ ਹੈ ਅਤੇ ਇਹ ਜੋਤ ਗੁਰਬਾਣੀ ਹੀ ਹੈ ਜਿਸ ਦਾ ਗੁਰੂ ਨਾਲ਼ੋਂ ਕੋਈ ਭੇਦ ਨਹੀਂ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ ॥5॥(ਅੰਗ 982)

ਕੀਰਤਪੁਰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਹਰਿਕ੍ਰਿਸ਼ਨ ਸਾਹਿਬ ਹੀ ਅਗਲੇ ਗੁਰੂ ਹੋਣਗੇ, ਉਹ ਆਪਣੇ ਸਿੰਘਾਸਨ ਤੋਂ ਉੱਠੇ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਓਥੇ ਬਿਰ-ਾਜਮਾਨ ਕਰਵਾ ਦਿੱਤਾ। ਬਾਬਾ ਬੁੱਢਾ ਜੀ ਦੇ




ਪੋਤਰੇ ਬਾਬਾ ਗੁਰਦਿੱਤਾ ਜੀ ਨੇ ਗੁਰਗੱਦੀ ਸਮਰਪਣ ਦੀ ਮਰਿਆਦਾ ਨਿਭਾਈ। ਇੱਥੇ ਖ਼ਾਸ ਜ਼ਿਕਰਯੋਗ ਹੈ ਕਿ ਸੰਗਤਾਂ ਨੇ ਸੀਸ ਨਿਵਾਇਆ ਅਤੇ ਗੁਰੂ ਦਰਬਾਰ ਦੀ ਫ਼ੌਜ ਨੇ ਬੰਦੂਕਾਂ ਦੀ ਸਲਾਮੀ ਦਿੱਤੀ ਅਤੇ ਨਗਾਰੇ ਵਜਾਏ ਗਏ। ਹੁਣ ਇਹ ਸਭ ਇੱਕ ਰਾਜ ਦੀਆਂ ਹੀ ਨਿਸ਼ਾਨੀਆਂ ਹਨ। ਸਲਾਮੀ ਬਾਦਸ਼ਾਹ ਨੂੰ ਦਿੱਤੀ

ਸਤਿਬੀਰ ਸਿੰਘ, ਅਸ਼ਟਮ ਬਲਬੀਰਾ: ਜੀਵਨੀ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ (ਜਲੰਧਰ : ਨਿਊ ਬੁੱਕ ਕੰਪਨੀ), 1980 ਪੰਨਾ ਨੰਬਰ 56

ਜਾਂਦੀ ਸੀ ਅਤੇ ਨਗਾਰੇ ਵਜਾਉਣਾ ਪ੍ਰਭੂਸੱਤਾ ਅਤੇ ਅਜ਼ਾਦੀ ਦਾ ਪ੍ਰਤੀਕ ਹੈ। ਵੱਖ-ਵੱਖ ਇਤਿਹਾਸਿਕ ਸਰੋਤਾਂ ਵਿੱਚ ਆਉਂਦਾ ਹੈ ਕਿ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਗਏ ਤਾਂ ਉਹਨਾਂ ਦੇ ਕਾਫ਼ਲੇ ਦਾ ਜਾਹੋ-ਜਲਾਲ ਦਿੱਲੀ ਤਖ਼ਤ ਨੂੰ ਟੱਕਰ ਦਿੰਦਾ ਸੀ। ਪਾਤਸ਼ਾਹ ਦੇ ਲਸ਼ਕਰ ਦੀ ਤਰਤੀਬ ਐਵੇਂ ਸੀ: ਅੱਗੇ ਨਗਾਰਾ, ਪਿੱਛੇ ਝੰਡੇ, ਫਿਰ ਧਨੁੱਖ ਬੱਧ, ਸ਼ਸਤਰਧਾਰੀ 2200 ਘੋੜ ਸਵਾਰ, ਉਸ ਪਿੱਛੇ ਗੁਰੂ ਸਾਹਿਬ ਦੀ ਪਾਲਕੀ ਅਤੇ ਨਾਲ਼ ਰੱਥ ਜਿਸ ਵਿੱਚ ਮਾਤਾ ਜੀ ਸਨ ਅਤੇ ਉਸ ਤੋਂ ਪਿੱਛੇ ਸ਼ਬਦ ਕੀਰਤਨ ਕਰਦੇ ਜਥੇ ਅਤੇ ਹੋਰ ਘੋੜ ਸਵਾਰ। ਅਸੀਂ ਕਿਵੇਂ ਕਹਿ ਦਿੰਦੇ ਹਾਂ ਕਿ ਸਿੱਖਾਂ ਵਿੱਚ ਰਾਜ ਦੀ ਗੱਲ ਨਹੀਂ ਸੀ ਚੱਲਦੀ। ਰਾਜ ਤਾਂ ਗੁਰੂ ਨਾਨਕ ਸਾਹਿਬ ਨੇ ਚਲਾ ਦਿੱਤਾ ਸੀ, ਅੱਠਵੇਂ ਜਾਮੇ ਤਕ ਆਉਂਦੇ-ਆਉਂਦੇ ਉਹ ਰਾਜ ਇੰਨਾ ਵਿਕਸਿਤ ਅਤੇ ਜਥੇਬੰਦ ਹੋ ਗਿਆ ਕਿ ਆਪਣੀ ਫ਼ੌਜ, ਆਪਣਾ ਖਿੱਤਾ, ਆਪਣੇ ਵਿਰਸੇ, ਆਪਣੀ ਬੋਲੀ, ਆਪਣੀ ਵਿਚਾਰਧਾਰਾ ਨਾਲ਼ ਵਿਚਰ ਰਿਹਾ ਸੀ।

ਰਾਮਰਾਇ ਨੇ ਔਰੰਗਜ਼ੇਬ ਦੀ ਸ਼ਰਨ ਤੱਕੀ ਹੋਈ ਸੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਗੁਰੂ ਤਖ਼ਤ 'ਤੇ ਬੈਠਣ ਦੀ ਸ਼ਿਕਾਇਤ ਵੀ ਕਰ ਰਿਹਾ ਸੀ। ਔਰੰਗਜ਼ੇਬ ਨੇ ਰਾਮਰਾਇ ਨੂੰ ਕਹਿ ਦਿੱਤਾ ਸੀ ਕਿ ਜੋ ਮਰਜੀ ਹੋ ਜਾਏ ਪਰ ਸਿੱਖਾਂ ਨੇ ਓਸੇ ਨੂੰ ਗੁਰੂ ਮੰਨਣਾ ਹੈ ਜਿਸ ਨੂੰ ਹਰਿਰਾਇ ਸਾਹਿਬ ਥਾਪ ਗਏ ਹਨ। ਹੈਰਾਨੀ ਹੁੰਦੀ ਹੈ ਕਿ ਜੇ ਔਰੰਗਜ਼ੇਬ ਅੱਜ ਦੇ ਸਿੱਖਾਂ ਦਾ ਹਾਲ ਵੇਖੇ ਕਿ ਇਹ ਹਰ ਦੂਸਰੀ ਗਲ਼ੀ ਵਿੱਚ ਕਿਸੇ ਨਾ ਕਿਸੇ ਨੂੰ ਗੁਰੂ ਬਣਾਈ ਬੈਠੇ ਨੇ, ਤਾਂ ਸ਼ਾਇਦ ਸਾਡੀ ਬਦ-ਦਿਮਾਗੀ ਉੱਤੇ ਬਹੁਤ ਹੱਸੇ ਅਤੇ ਸ਼ਾਇਦ ਉਸ ਨੂੰ ਅਫਸੋਸ ਵੀ ਹੋਵੇ ਕਿ ਉਹ ਗ਼ਲਤ ਸਮੇਂ ਪੈਦਾ ਹੋਇਆ।

**ਚਲਦਾ.....**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 33'ਤੇ ਪੜ੍ਹੋ**

**621. ਸਤਸੰਗਤਿ ਕੀ ਹੈ ਤੇ ਸਤਸੰਗਤਿ ਦੀ ਮਹਿਮਾ ਕੀ ਹੈ?**

"ਸਤਸੰਗਤਿ ਮਿਲਿ ਧਿਆਇ ਤੂ ਹਰਿ ਹਰਿ ਬਹੁੜਿ ਨ ਆਵਣ ਜਾਣੁ ॥ ਰਹਾਉ ॥ ਅੰਗ 606" । ਹੇ ਪ੍ਰਭੂ! ਤੇਰੀ ਸਤਸੰਗਤਿ ਸਦਕਾ ਮੈਂ ਅਪਣੇ ਅੰਤਰ ਆਤਮੇ ਵਾਹਿਗੁਰੂ ਨੂੰ ਖੋਜ ਕੇ ਸਦੀਵੀ ਸੁਖ (ਪਰਮ ਅਨੰਦ) ਪਾ ਲਿਆ ਹੈ । "ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ ॥3॥ ਅੰਗ 607" । ਜਿਸ ਵਡਭਾਗੀ ਮਨੁੱਖ ਨੇ ਗੁਰੂ ਦੀ ਸਤਸੰਗਤਿ ਪ੍ਰਾਪਤ ਕਰ ਲਈ, ਉਸ ਦਾ ਭਟਕਦਾ ਮਨ ਟਿਕ ਗਿਆ । ਉਸ ਦੇ ਅੰਦਰ ਅਨਹਦ ਸ਼ਬਦ ਨਿਤ ਵੱਜਣ ਲੱਗ ਪੈਂਦਾ ਹੈ; ਪ੍ਰਭੂ ਦੇ ਅੰਮ੍ਰਿਤ ਨਾਮ-ਜਲ ਦੀ ਧਾਰ ਰਸ/ਅਨੰਦ ਨਾਲ਼ ਪੀ ਪੀ ਕੇ ਉਹ ਰੱਜ ਜਾਂਦਾ ਹੈ । "ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥ ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥1॥ ਅੰਗ 698" । ਸਤਸੰਗਤਿ ਵਿਚ ਸਹਜ ਅਵਸਥਾ ਪ੍ਰਾਪਤ ਹੁੰਦੀ ਹੈ, ਗੁਰ ਸ਼ਬਦ ਦੀ ਵਿਚਾਰ ਨਾਲ਼ ਮਾਇਆ ਮੋਹ 'ਚ ਸੁੱਤਾ ਹੋਇਆ ਮਨ ਜਾਗ ਪੈਂਦਾ ਹੈ ਤੇ ਸਦਾ ਨਿੰਮ੍ਰਤਾ ਤੇ ਪ੍ਰਭੂ ਦੇ ਪਰਮ ਪਿਆਰ ਵਿਚ (ਭਿੱਜਾ) ਰਹਿੰਦਾ ਹੈ । "ਸਤ ਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ ਨਿੰਮਰੀ ਭੂਤ ਸਦੀਵ ਪਰਮ ਪਿਆਰਿ ॥ ਅੰਗ 1391"। ਗੁਰੂ ਦੀ ਮਤਿ ਡੂੰਘੀ ਹੈ, ਉਸਦੀ ਸਤਸੰਗਤਿ ਨਿਰਮਲ ਹੈ ਤੇ ਉਸਦੀ ਆਤਮਾ ਹਰੀ ਦੇ ਗੂੜੇ ਪਿਆਰ ਵਿਚ ਰੰਗੀ ਹੋਈ ਹੈ । ਗੁਰੂ ਦੀ ਸੰਗਤਿ ਵਿਚ ਸੁੱਤਾ ਜੋਇਆ ਮਨ ਜਾਗ ਪੈਂਦਾ ਹੈ, ਹਿਰਦਾ ਕਮਲ ਫੁੱਲ ਆਤਮਿਕ ਅਡੋਲਤਾ ਵਿਚ ਖਿੜ ਜਾਂਦਾ ਹੈ ਅਤੇ ਮਾਇਆ (ਦੀ ਕਾਲਖ ਤੋਂ ਰਹਿਤ) ਨਿਰਭਉ ਪ੍ਰਭੂ ਹਿਰਦੇ ਘਰ ਵਿਚ ਹੀ ਲੱਭ ਲਈਦਾ ਹੈ। "ਸਤਗੁਰ ਮਤਿ ਗੂੜ੍ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ ॥ ਜਾਗ੍ਯਾ ਮਨ ਕਵਲੁ ਸਹਜਿ ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ ॥ ਅੰਗ 1396" । ਪ੍ਰਭੂ ਦੀ ਦਯਾ ਦ੍ਰਿਸ਼ਟੀ ਨਾਲ ਸਤਸੰਗਤਿ ਦੀ ਪ੍ਰਾਪਤੀ ਹੋਈ ਤੇ ਮੇਰਾ ਆਪਣੇ ਅੰਤਰ ਆਤਮੇ ਵਾਸਾ ਹੋ ਗਿਆ । "ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ॥ ਅੰਗ 774" । ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਦੀ ਅਵਸਥਾ ਸਤਸੰਗਤਿ ਵਿਚ ਪ੍ਰਾਪਤ ਹੁੰਦੀ ਹੈ ਤੇ ਪ੍ਰਭੂ ਦੀ ਮਿਹਰ ਦੀ ਨਜ਼ਰ ਨਾਲ਼ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ । "ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ॥2॥ ਅੰਗ 1260" । ਅਸੀਂ ਪੱਥਰ ਤੇ ਲੋਹੇ ਵਾਂਗ ਵਿਕਾਰਾਂ/ਪਾਪਾਂ ਨਾਲ ਭਾਰੇ ਹਾਂ; ਪ੍ਰਭੂ ਗੁਰੂ ਦੀ ਸੰਗਤਿ ਰੂਪੀ ਬੇੜੀ ਰਾਹੀਂ ਸਾਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਂਦਾ ਹੈ । ਜਿਵੇਂ ਸਤਸੰਗਤਿ ਦੀ ਬਰਕਤਿ ਨਾਲ਼ (ਕਬੀਰ) ਜੁਲਾਹਾ ਪਾਰ ਲੰਘ ਗਿਆ; ਪਰਮਾਤਮਾ ਆਪਣੇ ਸੰਤ ਜਨਾਂ ਦੇ ਮਨ ਨੂੰ ਭਾਉਂਦਾ ਹੈ ।"ਹਮ ਪਾਥਰ ਲੋਹ ਲੋਹ ਬਡ ਪਾਥਰ ਗੁਰ ਸੰਗਤਿ ਨਾਵ ਤਰਾਵੈਗੋ ॥ਜਿਉ ਸਤਸੰਗਤਿ ਤਰਿਓ ਜੁਲ-ਾਹੋ ਸੰਤ ਜਨਾ ਮਨਿ ਭਾਵੈਗੋ ॥4॥ ਅੰਗ 1309" ।ਇਸ ਕਰਕੇ ਸਤਿਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਸਤਸੰਗਤਿ ਨਾਲ਼ ਮੇਲ ਤਾਂ ਕਿ ਅਸੀਂ ਪਾਪੀ ਸਤਸੰਗਤਿ ਨਾਲ਼ ਲੱਗ ਕੇ ਤਰ ਜਾਈਏ । "ਸਤਸੰਗਤਿ ਹਰਿ ਮੇਲਿ ਪ੍ਰਭ ਹਮ ਪਾਪੀ ਸੰਗਿ ਤਰਾਹ॥ ਅੰਗ 1314" । ਸਤਸੰਗਤਿ ਵਿਚ ਮਿਲ ਕੇ ਮੈਂ ਸਭ ਤੋਂ ਉੱਚਾ ਆਤਮਕ ਦਰਜਾ ਪ੍ਰਾਪਤ ਕਰ ਲਿਆ ਹੈ; ਜਿਵੇਂ ਅਰਿੰਡ ਤੇ ਪਲਾਹ (ਆਦਿਕ ਨਿਕੰਮੇ ਰੁੱਖ ਚੰਦਨ ਦੀ ਸੰਗਤਿ ਨਾਲ) ਸੁਗੰਧਿਤ ਹੋ ਜਾਂਦੇ ਹਨ । "ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥1॥ ਅੰਗ 834" । ਜਿਵੇਂ ਚੰਦਨ ਦੇ ਨੇੜੇ ਵਿਚਾਰਾ ਅਰਿੰਡ ਵਸਦਾ ਹੈ (ਤੇ ਸੁਗੰਧਿਤ ਹੋ ਜਾਂਦਾ ਹੈ) ਤਿਵੇਂ ਸਤਸੰਗਤਿ ਵਿਚ ਮਿਲ ਕੇ ਵਿਕਾਰੀ ਭੀ (ਪਵਿੱਤਰ ਹੋ ਕੇ) ਕਬੂਲ ਹੋ ਜਾਂਦਾ ਹੈ । "ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥3॥ ਅੰਗ 861" । (ਸਤ) ਸੰਗਤਿ ਦਾ ਫਲ ਬਹੁਤ ਜ਼ਿਆਦਾ ਹੈ ਤੋਤੇ ਨੂੰ ਰਾਮ ਰਾਮ ਕਹਿਣਾ ਸਿਖਾਉਂਦੀ ਦਾ ਗਨਿਕਾ (ਵੇਸਵਾ) ਦਾ ਉਧਾਰ ਹੋ ਗਿਆ । "ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥ ਅੰਗ 861" । ਸਤਸੰਗਤਿ ਨੂੰ ਮਿਲਕੇ ਇਹ ਪੱਕਾ ਵਿਸ਼ਵਾਸ ਹੋ ਜਾਂਦਾ ਹੈ ਕਿ ਪ੍ਰਭੂ ਜੀਵ ਨੂੰ ਰੱਬ ਦੇ ਨਾਮ ਰਾਹੀਂ ਭਵਜਲ ਤੋਂ ਨਿਸ਼ਚਿਤ ਤੌਰ ਤੇ ਪਾਰ ਉਤਾਰਾ ਕਰ ਦਿੰਦਾ ਹੈ । "ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ ॥3॥ ਅੰਗ 861" । ਸਤਸੰਗਤਿ ਦੀ ਸੱਚੀ ਵਡਿਆਈ ਹੈ, ਸਤਸੰਗਤਿ ਵਿਚ ਜੀਵ ਸ੍ਰਿਸ਼ਟੀ ਦੇ ਮੂਲ ਪ੍ਰਭੂ ਨੂੰ ਪਾ ਲੈਂਦੇ ਹਨ ਤੇ ਆਪਣੇ ਅੰਦਰ ਦੀ ਅਵਸਥਾ ਨੂੰ ਜਾਣ ਲੈਂਦੇ ਹਨ । "ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ ॥15॥ ਅੰਗ 1026" । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਸਤਸੰਗਤਿ ਵਿਚ ਪ੍ਰਭੂ ਦੇ ਜਸ ਤੇ ਗੁਣਾਂ ਦਾ ਲਾਭ ਮਿਲਦਾ ਹੈ ਤੇ ਸਦਾ ਥਿਰ (ਪ੍ਰਭੂ ਰੂਪੀ) ਫਲ ਦੀ ਪਰਾਪਤੀ ਹੁੰਦੀ ਹੈ । "ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ ॥15॥2॥19॥ ਅੰਗ 1040" । ਪ੍ਰਭੂ ਦੇ ਨਾਮ ਦਾ ਲਾਭ ਸਤਸੰਗਤਿ ਵਿਚ ਮਿਲਦਾ ਹੈ ਤੇ ਪ੍ਰਭੂ ਦੀ ਬਖਸ਼ਿਸ਼ ਨਾਲ ਇਹ ਪੱਲੇ ਪੈਂਦਾ ਹੈ । "ਲਾਹਾ ਹਰਿ ਸਤਸੰਗਤਿ ਪਾਈਐ ਕਰਮੀ ਪਲੈ ਪਾਇ ॥5॥ ਅੰਗ 1276" । ਜੋ ਸਤਸੰਗਤਿ ਨਾਲ਼ ਮਿਲਦਾ ਰਹੇ ਤੇ ਸਦਾ ਥਿਰ ਪ੍ਰਭੂ ਨਾਲ਼ ਪਿਆਰ ਰੱਖੇ, ਉਹ ਆਪਣੇ ਅੰਦਰੋਂ (ਹਉਮੈ ਦੀ ਮੈਲ਼) ਕੱਟ ਲੈਂਦਾ ਹੈ ਤੇ ਆਪਣੀਆਂ ਕੁਲਾਂ ਦਾ ਪਾਰ ਉਤਾਰਾ ਕਰ ਲੈਂਦਾ ਹੈ । ਉਹ ਗੁਣਾਂ ਦੀ ਪੂੰਜੀ ਇਕੱਠੀ ਕਰਦਾ ਹੈ ਤੇ ਔਗੁਣਾਂ ਨੂੰ ਬਾਹਰ ਕੱਢ ਦਿੰਦਾ ਹੈ । "ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥ ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ ॥ ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ ॥ ਅੰਗ 1087" । ਹੇ ਪ੍ਰਭੂ! ਸਤਸੰਗਤਿ ਨਾਲ਼ ਮੇਲ ਤਾਂ ਕਿ ਹਰੀ ਨਾਮ ਮਨ ਵਿਚ ਆ ਵਸੇ । ਹੇ ਨਾਨਕ! (ਸਤਸੰਗਤਿ ਵਿਚ) ਪ੍ਰਭ ਦੇ ਗੁਣ ਗਾ ਗਾ ਕੇ ਜਨਮ ਤੋਂ ਮਰਨ ਤੱਕ ਦੀ ਹਉਮੈ/ਵਿਕਾਰਾਂ ਦੀ ਮੈਲ (ਮਨ ਤੋਂ) ਲਹਿ ਜਾਂਦੀ ਹੈ । "ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ ॥ ਜਨਮ ਮਰਨ ਕੀ ਮਲੁ ਉਤਰੈ ਜਨ ਨਾਨਕ ਹਰਿ ਗੁਨ ਗਾਇ ॥40॥ ਅੰਗ 1417" । ਸਤਸੰਗਤਿ/ਸਾਧੂ ਧੂੜ ਮੂੰਹ ਤੇ ਪੈਣ ਨਾਲ਼ ਸਮਝੋ 68 ਤੀਰਥਾਂ ਦਾ ਇਸ਼ਨਾਨ ਕਰ ਲਿਆ, ਗੰਗਾ ਦਾ ਇਸ਼ਨਾਨ ਕਰ ਲਿਆ । "ਸਤਸੰਗਤਿ ਸਾਧ ਧੂਰਿ ਮੁਖਿ ਪਰੀ ॥ ਇਸਨਾਨੁ ਕੀਓ ਅਠਸਠਿ ਸੁਰਸਰੀ ॥3॥ ਅੰਗ 1134" ।, "ਅਠਸਠਿ ਤੀਰਥ ਮਜਨੁ ਕੀਆ ਸਤ ਸੰਗਤਿ ਪਗ ਨਾਏ ਧੂਰਿ॥2॥ ਅੰਗ 1198" । ਅਤੇ "ਸਤਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ ॥ ਅੰਗ 1212" ਜੀਵ ਦੀ ਇੜਾ, ਪਿੰਗਲਾ ਤੇ ਸੁਖਮਨ (ਨਾੜੀਆਂ) ਦੀ ਗੰਢ ਸਤਸੰਗਤਿ ਵਿੱਚ ਖੁਲ੍ਹਦੀ ਹੈ, ਉਸਨੂੰ ਪਰਮ ਆਨੰਦ ਮਿਲਦਾ ਹੈ ਤੇ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਉਸਦਾ ਜਸ ਫੈਲਦਾ ਹੈ । "ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥ ਅੰਗ 1402" ।

**ਬਾਕੀ ਅਗਲੇ ਹਫ਼ਤੇ**

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................

ADDRESS...................................................

.......................................POST CODE..............................

TEL........................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*

## ਬਰਤਾਨੀਆ ਦੀ ਸੰਸਦ ਦੇ ਬਾਹਰ ਪ੍ਰਦਰਸ਼ਨ ਕਰਦੇ 890 ਵਿਅਕਤੀ ਗ੍ਰਿਫ਼ਤਾਰ




ਬਰਤਾਨੀਆ ਦੀ ਸੰਸਦ ਦੇ ਬਾਹਰ ਸ਼ਨਿਚਰਵਾਰ ਨੂੰ ਵੱਡੀ ਗਿਣਤੀ ਲੋਕਾਂ ਨੇ ਫਲਸਤੀਨ ਐਕਸ਼ਨ ਗਰੁੱਪ ਤੇ ਲਾਈ ਗਈ ਪਾਬੰਦੀ ਖ਼ਿਲਾਫ਼ ਪ੍ਰਦਰਸ਼ਨ ਕੀਤਾ ਜਿਸ ਮਗਰੋਂ ਪੁਲੀਸ ਨੇ 890 ਤੋਂ ਵਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ।ਮੈਟਰੋਪਾਲਿਟਨ ਪੁਲੀਸ ਨੇ ਅਧਿਕਾਰੀਆਂ ਨਾਲ ਝੜਪਾਂ ਦੀ ਨਿਖੇਧੀ ਕੀਤੀ ਹੈ। ਪ੍ਰਦਰਸ਼ਨਕਾਰੀਆਂ ਨੇ ਮੈਂ ਨਸਲਕੁਸ਼ੀ ਦਾ ਵਿਰੋਧ ਕਰਦਾ ਹਾਂ ਅਤੇ ਮੈਂ ਫਲਸਤੀਨ ਐਕਸ਼ਨ ਦੀ ਹਮਾਇਤ ਕਰਦਾ ਹਾਂ ਜਿਹੇ ਨਾਅਰਿਆਂ ਵਾਲੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਕੁਝ ਲੋਕਾਂ ਨੂੰ ਪੁਲੀਸ ਅਧਿਕਾਰੀਆਂ ਤੇ ਹਮਲਿਆਂ ਲਈ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਮੈਟਰੋਪਾਲਿਟਨ ਪੁਲੀਸ ਡਿਪਟੀ ਅਸਿਸਟੈਂਟ ਕਮਿਸ਼ਨਰ ਕਲੇਅਰ ਸਮਾਰਟ ਨੇ ਕਿਹਾ ਕਿ ਜਦੋਂ ਪੁਲੀਸ ਅਧਿਕਾਰੀ ਆਪਣਾ ਫ਼ਰਜ਼ ਨਿਭਾਅ ਰਹੇ ਸਨ ਤਾਂ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ ਗਈਆਂ, ਘਸੁੰਨ ਅਤੇ ਠੁੱਡੇ ਮਾਰੇ ਗਏ। ਉਸ ਨੇ ਕਿਹਾ ਕਿ ਇਹ ਸਹਿਣ ਨਹੀਂ ਕੀਤਾ ਜਾਵੇਗਾ ਕਿਉਂਕਿ ਪੁਲੀਸ ਅਮਨ-ਕਾਨੂੰਨ ਕਾਇਮ ਰੱਖਣ ਅਤੇ ਲੋਕਾਂ ਦੀ ਸੁਰੱਖਿਆ ਲਈ ਹੈ।

ਲੜੀਵਾਰ ਨਾਵਲ

ਕਮਲ ਗਿੱਲ



Mob : +44 07454 394684

**ਕਿਸ਼ਤ-41**

# ਗੰਧਲੇ ਰਿਸ਼ਤੇ

**ਊਠਾਂ ਦੀ ਬਹੁਤ ਹੀ ਲੰਬੀ ਲਾਈਨ ਲੱਗੀ ਹੋਈ ਸੀ, ਬਹੁਤ ਸਾਰੇ ਟੂਰਿਸਟ ਕੈਮਲ ਰਾਈਡ ਦਾ ਅੰਨਦ ਮਾਣ ਰਹੇ ਸਨ। ਅਸੀਂ ਵੀ ਪੇਅ ਕਰ ਦਿੱਤਾ ਤੇ ਆਪਣੀ ਵਾਰੀ ਆਏ ਤੇ ਵੱਖੋ-ਵੱਖਰੇ ਊਠਾਂ 'ਤੇ ਬਹਿ ਕੇ ਰਾਈਡ ਲਈ ਤੁਰ ਪਈਆਂ। ਬਹੁਤ ਰੌਣਕ ਸੀ ਆਲੇ-ਦੁਆਲੇ। ਵੱਖੋ-ਵੱਖਰੇ ਦੇਸ਼ਾਂ ਦੇ ਰੰਗ-ਵਿੰਰਗੇ ਗੋਰੇ-ਗੋਰੀਆਂ ਆਪਣੇ ਨਿਆਣਿਆਂ ਨਾਲ ਇਨਜੁਆਏ ਕਰ ਰਹੇ ਸਨ। ਕੋਈ ਇੱਕ ਘੰਟਾ ਅਸੀਂ ਬਹੁਤ ਸੀ ਸੋਹਣੇ ਡੈਸਰਟ 'ਚ ਕੈਮਲ ਰਾਈਡ ਲਈ। ਬਹੁਤ ਸਾਰੀਆਂ ਫੋਟੋ ਵੀ ਖਿੱਚੀਆਂ, ਵਿਡੀਓ ਬਣਾਈਆਂ। ਮੰਨੋ ਅਸੀਂ ਵੀ ਦੋਵੇਂ ਬੱਚੀਆਂ ਹੀ ਬਣ ਗਈਆਂ ਹੋਈਏ।ਬਹੁਤ ਮਜ਼ਾ ਆਇਆ ।ਕੈਮਲ ਰਾਇਡ ਤੋਂ ਬਾਅਦ ਅਸੀਂ ਮਿਰਾਡੋਰ ਦਲ ਰੀਓ ਵਲ ਚਾਲੇ ਪਾ ਲਏ। ਇਹ ਲੈਂਜਰੋਟੀ ਦੀ ਬਹੁਤ ਹੀ ਸੋਹਣੀ ਜਗ੍ਹਾ ਹੈ।**




"ਆਪਾਂ ਅੱਜ ਕਿੱਥੇ ਜਾਣਾ? ਛੱਡੋ ਪਰ੍ਹਾਂ ਕੀ ਇੰਨੀ ਗਰਮੀ 'ਚ ਤੁਰੇ ਫਿਰਨਾ.... ਬਾਹਰ ਆਪਣੇ ਪੂਲ ਤੇ ਬਹਿੰਦੇ ਹਾਂ ਤੇ ਵਿਟਾਮਿਨ ਡੀ ਲੈਂਦੇ ਹਾਂ।"

"ਕੋਈ ਨਾ ਸ਼ਾਮ ਨੂੰ ਵਾਪਸ ਆ ਕੇ ਆਪਾਂ ਇੱਥੇ ਹੀ ਡੇਰਾ ਲਾਵਾਂਗੇ ਅੱਜ। ਤੂੰ ਇੱਦਾਂ ਕਰ ਬੀਰਾ ਜਾਣ ਤੋਂ ਪਹਿਲਾਂ ਇੱਕ-ਇੱਕ ਕੱਪ ਦੇਸੀ ਚਾਹ ਬਣਾ ਲੈ ਮੇਰਾ ਪੁੱਤ ਮੈਂ ਫਟਾਫੱਟ ਕੱਪੜੇ ਬਦਲ ਕੇ ਆਈ ਨਾਲੇ ਜਾਣ ਤੋਂ ਪਹਿਲਾਂ ਪਾਣੀ ਪਾ ਆਵਾਂ ਬਾਹਰ ਬੂਟਿਆਂ ਨੂੰ।"

"ਠੀਕ ਹੈ... ਤੁਸੀਂ ਕੈਰੀ ਔਨ ਰਹੋ, ਮੈਂ ਚਾਹ ਰੱਖਦੀ ਹਾਂ।"

ਕੈਲਾਸ਼ ਕੱਪੜੇ ਚੇਂਜ਼ ਕਰ ਕੇ ਸਿੱਧਾ ਬਾਹਰ ਆਪਣੇ ਬਗੀਚੇ 'ਚ ਪਈਪ ਛੱਡ ਪਾਣੀ ਲਾਉਣ ਲੱਗ ਗਈ।ਚਿੱਟੇ ਤੇ ਜਾਮਣੀ ਛੋਟੇ-ਛੋਟੇ ਫੁੱਲਾਂ ਵਾਲੀ ਬਹੁਤ ਹੀ ਸੋਹਣੀ ਡ੍ਰੈਸ 'ਚ ਉਹ ਬਹੁਤ ਪਿਆਰੀ ਲੱਗ ਰਹੀ ਸੀ। ਅਸੀ ਦੋਹਾਂ ਨੇ ਚਾਹ ਦਾ ਕੱਪ ਪੀਤਾ... ਘਰ ਦੇ ਲੌਕ-ਲੁਕ ਲਾਏ ਤੇ ਕਾਰ 'ਚ ਬੈਠ ਸਫਰ ਲਈ ਰਵਾਨਾ ਹੋ ਗਈਆਂ।

"ਅੱਜ ਆਪਾਂ ਕਿੱਥੇ ਜਾ ਰਹੇ ਹਾਂ ਮੇਰੇ ਟੂਰ ਗਾਈਡ ਜੀ?"

ਮੈਂ ਡਰਾਇਵ ਕਰਦੀ ਕੈਲਾਸ਼ ਵੱਲ ਦੇਖ ਪੁੱਛਿਆ।

"ਅੱਜ ਤੇਰਾ ਟੂਰ ਗਾਇਡ ਤੈਨੂੰ ਲੈਂਜਰੋਟੀ ਦਾ ਦੂਜਾ ਪਾਸਾ ਦਿਖਾਉਣ ਲੈ ਕੇ ਚੱਲਿਆ ਆ।"

ਮੁਸਕੁਰਾ ਕੇ ਉਸ ਆਖਿਆ।"

ਬਹੁਤ ਸੋਹਣਾ ਮੌਸਮ ਸੀ ਕੋਈ ਪੈਂਤੀ ਡਿਗਰੀ ਤੋਂ ਉੱਪਰ ਦਾ। ਰਾਹ 'ਚ ਲੰਬੀ ਊਠਾਂ ਦੀ ਲਾਈਨ ਲੱਗੀ ਹੋਈ ਸੀ ਰਾਹ ਦੇ ਇੱਕ ਪਾਸੇ।

"ਬੀਰਾ ਕੈਮਲ ਰਾਈਡ ਲੈਣ ਦਾ ਮਨ ਤਾਂ ਨਹੀਂ ਤੇਰਾ?"

"ਮੈਨੂੰ ਇੰਨਾਂ ਜ਼ਿਆਦਾ ਪੰਸਦ ਤਾਂ ਨਹੀਂ, ਪਰ ਤੁਹਾਡਾ ਮਨ ਹੈ ਤਾਂ ਆਪਾਂ ਜਾਂਦੇ ਹਾਂ।"

ਕਾਰ ਸੜਕ ਤੋਂ ਕੱਚੇ ਵੱਲ ਉਤਾਰਦਿਆਂ ਉਸ ਮੈਨੂੰ ਪੁੱਛਿਆ।

ਊਠਾਂ ਦੀ ਬਹੁਤ ਹੀ ਲੰਬੀ ਲਾਈਨ ਲੱਗੀ ਹੋਈ ਸੀ, ਬਹੁਤ ਸਾਰੇ ਟੂਰਿਸਟ ਕੈਮਲ ਰਾਈਡ ਦਾ ਅੰਨਦ ਮਾਣ ਰਹੇ ਸਨ। ਅਸੀਂ ਵੀ ਪੇਅ ਕਰ ਦਿੱਤਾ ਤੇ ਆਪਣੀ ਵਾਰੀ ਆਏ ਤੇ ਵੱਖੋ-ਵੱਖਰੇ ਊਠਾਂ 'ਤੇ ਬਹਿ ਕੇ ਰਾਈਡ ਲਈ ਤੁਰ ਪਈਆਂ। ਬਹੁਤ ਰੌਣਕ ਸੀ ਆਲੇ-ਦੁਆਲੇ। ਵੱਖੋ-ਵੱਖਰੇ ਦੇਸ਼ਾਂ ਦੇ ਰੰਗ-ਵਿੰਰਗੇ ਗੋਰੇ-ਗੋਰੀਆਂ ਆਪਣੇ ਨਿਆਣਿਆਂ ਨਾਲ ਇਨਜੁਆਏ ਕਰ ਰਹੇ ਸਨ। ਕੋਈ ਇੱਕ ਘੰਟਾ ਅਸੀਂ ਬਹੁਤ ਸੀ ਸੋਹਣੇ ਡੈਸਰਟ 'ਚ ਕੈਮਲ ਰਾਈਡ ਲਈ। ਬਹੁਤ ਸਾਰੀਆਂ ਫੋਟੋ ਵੀ ਖਿੱਚੀਆਂ, ਵਿਡੀਓ ਬਣਾਈਆਂ। ਮੰਨੋ ਅਸੀਂ ਵੀ ਦੋਵੇਂ ਬੱਚੀਆਂ ਹੀ ਬਣ ਗਈਆਂ ਹੋਈਏ।ਬਹੁਤ ਮਜ਼ਾ ਆਇਆ ।

ਕੈਮਲ ਰਾਇਡ ਤੋਂ ਬਾਅਦ ਅਸੀਂ ਮਿਰ-ਾਡੋਰ ਦਲ ਰੀਓ ਵਲ ਚਾਲੇ ਪਾ ਲਏ। ਇਹ ਲੈਂਜਰੋਟੀ ਦੀ ਬਹੁਤ ਹੀ ਸੋਹਣੀ ਜਗ੍ਹਾ ਹੈ। ਇਸ 'ਚ ਅੰਦਰ ਬਹੁਤ ਸੋਹਣਾ ਰੈਸਟੋਰੈਂਟ ਹੈ ਤੇ ਉਸ ਰੈਸਟੋਰੈਂਟ 'ਚ ਬੈਠ ਕੇ ਤੁਸੀਂ ਬਿਲਕੁੱਲ ਸਾਹਮਣੇ ਇੱਕ ਛੋਟਾ ਜਿਹਾ ਹੋਰ ਆਈਲੈਂਡ ਦੇਖ ਸਕਦੇ ਹੋ।

ਉੱਥੇ ਪਹੁੰਚਦਿਆਂ ਕੋਈ ਦਿਨ ਦੇ ਤਿੰਨ ਵੱਜ ਚੁੱਕੇ ਸਨ। ਅਸੀਂ ਦੋਵੇਂ ਕੌਫੀ ਦੇ ਕੱਪ ਲੈ ਕੇ ਬਹੁਤ ਸੋਹਣੇ ਵਿਊ ਵਾਲੀ ਥਾਂ 'ਤੇ ਜਾਂ ਬੈਠੀਆਂ।

"ਕੈਲਾਸ਼ ਜੀ ਸੱਚੀ ਕਿੰਨੀ ਸੋਹਣੀ ਜਗ੍ਹਾ ਹੈ ਇਹ। ਉਹ ਛੋਟਾ ਜਿਹਾ ਆਈਲੈਂਡ ਕਿੰਨਾਂ ਸੋਹਣਾ ਲੱਗਦਾ ਇੱਥੋ।"

ਮੈ ਕੱਚ ਦੇ ਵੱਡੇ ਸਾਰੇ ਸ਼ੀਸ਼ੇ ਵਿੱਚੋ ਬਾਹਰ ਸਾਫ ਦਿਖਾਈ ਦੇ ਰਹੇ ਇੱਕ ਨਿੱਕੇ ਜਿਹੇ ਆਈਲੈਂਡ ਵੱਲ ਦੇਖਿਦਿਆਂ ਕਿਹਾ।

"ਹਾਂ ਬੀਰਾ ਇਹ ਜਿੱਥੇ ਆਪਾਂ ਬੈਠੇ ਹਾਂ ਇਹ ਧਰਤੀ ਤੋਂ ਕੋਈ ਸੌਲਾਂ ਕੁ ਸੌ ਫੁੱਟ ਉੱਚੀ ਜਗ੍ਹਾ ਹੈ। ਮੇਰੇ ਖਿਆਲ ਨਾਲ ਇਹ ਮਿਰਾਡੋਰ ਦਲ ਰੀਓ ਕੋਈ 1971 ਕੁ 'ਚ ਬਣਿਆ ਸੀ । ਇਹ ਇੱਕ ਕਿਸਮ ਦਾ ਵਿਊ ਪੁਆਇੰਟ ਹੀ ਹੈ। ਉਹ ਸਾਹਮਣੇ ਸੂਵੀਨੀਅਰ ਸ਼ੋਪ ਦੇਖ ਰਹੀ ਹੈ। ਉਸ ਦੀ ਰੋਜ਼ਾਨਾਂ ਦੀ ਬਹੁਤ ਕਮਾਈ ਹੈ। ਮੇਰੀ ਇੱਕ ਜਾਣਕਾਰ ਗੋਰੀ ਬਹੁਤ ਸਾਲਾਂ ਤੋ ਇੱਥੇ ਕੰਮ ਕਰਦੀ ਹੈ। ਅੱਜ ਦਿਸੀ ਨਹੀਂ ਸ਼ਾਇਦ ਅੱਜ ਉਸ ਦੀ ਛੁੱਟੀ ਹੈ।"

"ਤੇ ਕੈਲਾਸ਼ ਜੀ ਉਹ ਜੋ ਸਾਹਮਣੇ ਨਿੱਕਾ ਜਿਹਾ ਆਈਲੈਂਡ ਹੈ ਉੱਥੇ ਕੋਈ ਰਹਿੰਦਾ ਵੀ ਹੈ।"

"ਇਸ ਆਈਲੈਂਡ ਦਾ ਨਾਮ ਲਾ ਗਰੋਸੀਆਸਾ ਹੈ ਬੀਰਾ। ਇਸ 'ਤੇ ਜਾਣ ਲਈ ਇੱਥੋਂ ਛੋਟੀ ਜਿਹੀ ਬੋਟ ਲੈਣੀ ਪੈਂਦੀ ਹੈ। ਇੱਥੇ ਤਕਰੀਬਨ ਕੋਈ ਸੱਤ ਕੁ ਸੌ ਲੋਕ ਰਹਿੰਦੇ ਹਨ। ਇਹ ਅੱਠਵਾਂ ਕਨੇਰੀ ਆਈਲੈਡ ਗਿਣਿਆ ਜਾਂਦਾ ਹੈ ਬੀਰਾ।"

"ਓ ਵਾਓ, ਮੈਂ ਇੰਨੀ ਵਾਰ ਇੱਥੇ ਆਈ ਪਰ ਆਹ ਜਗ੍ਹਾ ਮੈਂ ਪਹਿਲਾਂ ਕਦੇ ਵੀ ਨਹੀਂ ਦੇਖੀ ਸੀ । ਥੇਕਸ ਟੂ ਯੂ ਬਹੁਤ ਸੋਹਣੀ ਜਗ੍ਹਾ ਦਿਖਾਈ ਤੁਸੀਂ। ਇਹ ਵਿਊ ਹੀ ਬਹੁਤ ਸੋਹਣਾ ਹੈ। ਇੱਥੋਂ ਜੀਅ ਕਰਦਾ ਬਸ ਦੇਖੀ ਜਾਈਏ ਬਾਹਰ। ਕੋਈ ਅੱਲਗ ਹੀ ਦੁਨੀਆ ਹੈ।"

"ਹਾਂ ਦੇਖ ਸਾਰੇ ਲੋਕ ਕਿੰਨਾ ਖੁਸ਼ ਹਨ।" ਆਲੇ ਦੁਆਲੇ ਨਜ਼ਰ ਘੁੰਮਾਉਂਦਿਆਂ ਉਸ ਨੇ ਆਖਿਆ।"

ਸਾਡੇ ਸਾਹਮਣੇ ਵਾਲੇ ਟੇਬਲ ਤੇ ਇੱਕ ਯੰਗ ਕੱਪਲ ਸੈਲਫੀਆਂ ਲੈ ਰਹੇ ਸਨ। ਵਿਚਾਰੇ ਔਖੇ ਹੋ ਕੇ ਬਾਹਰ ਸ਼ੀਸ਼ਿਆ ਵਿੱਚ ਦੀ ਦਿੱਸ ਦੇ ਆਈਲੈਂਡ ਨੂੰ ਆਪਣੀ ਸੈਲਫੀ 'ਚ ਕੈਪਚਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਪਰ ਸੂਤ ਨਹੀਂ ਆ ਰਿਹਾ ਸੀ। ਅਸੀਂ ਦੋਵੇਂ ਜਣੀਆਂ ਪੂਰੇ ਦੇਸੀਆਂ ਵਾਲਾ ਕੰਮ ਕਰ ਰਹੀਆਂ ਸਨ, ਵਾਰ-ਵਾਰ ਉਹਨਾਂ ਵੱਲ ਦੇਖ ਕੇ।

"ਹਾਏ ਬੀਰਾ ਜਾ ਮੇਰਾ ਪੁੱਤ ਤੂੰ ਉਨ੍ਹਾਂ ਦੀਆਂ ਦੋ-ਚਾਰ ਫੋਟੋ ਖਿੱਚ ਆ.... ਦੇਖ ਵਿਚਾਰੇ ਆਲਾ-ਦੁਵਾਲਾ ਵੀ ਦੇਖਦੇ ਆ ਕਿ ਕੋਈ ਖਿੱਚ ਦੇਵੇ ਫੋਟੋ ਇਕੱਠਿਆਂ ਦੀ, ਪਰ ਲੱਗਦਾ ਉਨ੍ਹਾਂ ਨੂੰ ਸਾਰੇ ਬਿਜ਼ੀ ਦਿਸਦੇ ਆ ਆਲੇ-ਦੁਆਲੇ ਚ।"

"ਮੈਂ ਵੀ ਕਦ ਦਾ ਉਨ੍ਹਾਂ ਨੂੰ ਹੀ ਦੇਖਦੀ ਹਾਂ"।"

ਮੈਂ ਮੁਸਕਰਾ ਕੇ ਆਖਿਆ।

"ਠੀਕ ਹੈ ਕੋਈ ਨਾ ਮੈਂ ਪੁੱਛਦੀ ਹਾਂ।" ਆਪਣੇ ਟੇਬਲ ਤੋਂ ਉੱਠ ਕੇ ਮੈਂ ਉਨ੍ਹਾਂ ਨੂੰ ਫੋਟੋ ਖਿੱਚਣ ਦੀ ਔਫਰ ਦਿੱਤੀ ਤਾਂ ਉਹ ਕੱਪਲ ਬਹੁਤ ਖੁਸ਼ ਹੋਇਆ। ਉਹ ਸਵੀਡਨ ਤੋਂ ਜੋੜਾ ਹਨੀਮੂਨ ਲਈ ਆਇਆ ਹੋਇਆ ਸੀ। ਬਾਹਰ ਜਾ ਕੇ ਵੀਊ ਪੁਆਇੰਟ ਤੋਂ ਵੀ ਮੈਂ ਉਨ੍ਹਾਂ ਦੋਹਾਂ ਦੀਆਂ ਬਹੁਤ ਸਾਰੀਆਂ ਵੱਖ-ਵੱਖ ਪੌਜ਼ਾਂ 'ਚ ਫੋਟੋਆਂ ਖਿੱਚੀਆਂ। ਉਹ ਵਿਚਾਰੇ ਮੇਰਾ ਥੈਂਕਸ ਕਰਦੇ ਨਹੀਂ ਥੱਕਦੇ ਸਨ। ਉਨ੍ਹਾਂ ਨੂੰ ਬਾਏ ਕਰ ਮੈਂ ਵਾਪਸ ਆਪਣੇ ਟੇਬਲ 'ਤੇ ਕੈਲਾਸ਼ ਕੋਲ ਆ ਗਈ।

"ਲੈ ਦੇਖਿਆ ਵਿਚਾਰੇ ਕਿੰਨੇ ਖੁਸ਼ ਹੋ ਗਏ, ਤੂੰ ਪੁੰਨ ਦਾ ਕੰਮ ਕਰ ਆਈਂ ਹੈ। ਤੈਨੂੰ ਪਤਾ ਬੀਰਾ ਤਸਵੀਰਾਂ ਵੀ ਬੋਲਦੀਆਂ ਹਨ। ਜਦ ਕਦੇ ਵਰ੍ਹਿਆਂ ਬਾਅਦ ਇਨ੍ਹਾਂ ਨੂੰ ਦੇਖੋ ਤਾਂ ਇਹ ਤੁਹਾਨੂੰ ਦੱਸਦੀਆਂ ਹਨ ਕਿ ਆਹ ਇਸ ਸਮੇਂ ਤੁਸੀਂ ਇੱਥੇ ਸੀ।"

"ਹਾਂਜੀ ਤੁਸੀਂ ਸਹੀ ਕਹਿੰਦੇ ਹੋ, ਚੱਲੋ ਉਠੋ ਹੁਣ ਆਪਾਂ ਵੀ ਆਪਣੀਆਂ ਤਸਵੀਰਾਂ ਬੋਲਣ ਜੋਗੀਆਂ ਬਣਾਈਏ।"

ਮੈਂ ਆਪਣਾ ਫੂਨ ਜੇਬ 'ਚੋਂ ਕੱਢ ਕੇ ਸਾਡੀ ਦੋਹਾਂ ਦੀ ਇੱਕ ਬਹੁਤ ਹੀ ਖੂਬਸੂਰਤ ਸੈਲਫੀ ਲਈ।

ਬਾਹਰ ਕਾਫੀ ਦੇਰ ਅਸੀਂ ਘੁੰਮਦੀਆਂ ਰਹੀਆਂ।

ਸ਼ਾਮ ਪੈ ਗਈ ਸੀ ਇਸ ਜਗ੍ਹਾ 'ਤੇ ਚਾਹਿਲ-ਪਹਿਲ ਹਾਲੇ ਵੀ ਓਨੀ ਹੀ ਸੀ। ਬਾਹਰ ਨਿਕਲ ਕੇ ਅਸੀਂ ਆਪਣੀ ਕਾਰ ਚੁੱਕੀ ਤੇ ਅਗਲੇ ਸਫਰ ਲਈ ਚਾਲੇ ਪਾ ਲਏ।

ਰਾਹ 'ਚ ਬਹੁਤ ਥਾਂਵਾਂ 'ਤੇ ਕਾਰ ਰੋਕ ਅਸੀਂ ਇੰਡੀਆਂ ਵਾਂਗ ਫਰੈੱਸ਼ ਜੂਸ ਵੀ ਲਿਆ। ਫੋਟੋ ਵੀ ਖਿੱਚੀਆਂ ਤੇ ਉੱਚੀ ਅਵਾਜ਼ 'ਚ ਵਾਰਿਸ ਹੁਰਾਂ ਦੇ ਪੁਰਾਣੇ ਗਾਣੇ ਵੀ ਸੁਣੇ।

ਬਸ ਮੰਨੋ ਸਾਰੇ ਦਿਨ ਦਾ ਨਜ਼ਾਰਾ ਹੀ ਵੱਖਰਾ ਸੀ । ਰਾਹ 'ਚ ਇੱਕ ਸਪੈਨਿਸ਼ ਮਾਲ 'ਚ ਵੀ ਰੁਕੇ ਤੇ ਉੱਥੋਂ ਮੈਂ ਕੁਝ ਆਪਣੀ ਪਸੰਦ ਦਾ ਹੈਂਡ ਬੈਗ ਅਤੇ ਰਵੀ ਲਈ ਇੱਕ-ਦੋ ਚੀਜ਼ਾ ਦੀ ਸ਼ੌਪਿੰਗ ਵੀ ਕੀਤੀ।

ਕੈਲਾਸ਼ ਜੀ ਨੇ ਜ਼ਬਰਦਸਤੀ ਇੱਕ ਬਹੁਤ ਹੀ ਸੋਹਣਾ ਮਾਇਕਲ ਕੋਰਸ ਦਾ ਹੈਂਡਬੈਗ ਮੈਨੂੰ ਗਿਫਟ ਲੈ ਕੇ ਦਿੱਤਾ। ਮੈਂ ਬਹੁਤ ਮਨ੍ਹਾ ਕੀਤਾ ਪਰ ਉਹ ਮੰਨੇ ਨਾ।

ਖ਼ੈਰ ਘੁੰਮ-ਘੁੰਮਾ ਅਸੀਂ ਕੋਈ ਸੱਤ ਕੁ ਘਰ ਵਾਪਸ ਆ ਗਈਆਂ।

ਸੌਣਾ ਮੈਂ ਅੱਜ ਵੀ ਇੱਥੇ ਕੈਲਾਸ਼ ਜੀ ਵੱਲ ਹੀ ਸੀ । ਸੋ ਬਾਹਰੋਂ ਹੀ ਮੈਂ ਕਾਰ 'ਚੋਂ ਉੱਤਰ ਕੇ ਹੋਟਲ ਫਰੈੱਸ਼ ਹੋਣ ਲਈ ਚਲੀ ਗਈ ।

ਜਦ ਵੀ ਮੈਂ ਹੋਟਲ ਨੂੰ ਜਾਣ ਲੱਗਦੀ ਨਾਲ ਹੀ ਉਹ ਮੈਨੂੰ ਪੁੱਛਣ ਲੱਗ ਜਾਂਦੀ, "ਬੀਰਾ ਕਿੰਨੇ ਵਜੇ ਵਾਪਸ ਆ ਜਾਵੇਂਗੀ?"

ਨਿਆਣਿਆਂ ਵਾਂਗ ਮੇਰੀ ਸੰਗਤ ਦੀ ਵੀ ਜਿਵੇਂ ਆਦਤ ਲੱਗ ਗਈ ਸੀ ਉਸ ਨੂੰ...ਤੇ ਕਿਤੇ ਨਾ ਕਿਤੇ ਮੈਨੂੰ ਉਸ ਦੀ।

ਮੈਂ ਘੰਟੇ ਬਾਅਦ ਹੀ ਵਾਪਸ ਆ ਗਈ। ਘਰ 'ਚ ਅੰਦਰ ਵੜਦਿਆਂ ਹੀ ਬਾਸਮਤੀ ਦੇ ਚੌਲਾਂ ਦੀ ਖੁਸ਼ਬੋ ਆ ਰਹੀ ਸੀ ।

"ਆਏ ਹਾਏ ਬੜੀਆਂ ਮਹਿਕਾਂ ਬਖੇਰੀਆਂ ਹਨ ਤੁਸੀਂ, ਹੁਣ ਕੀ ਬਣਾ ਰਹੇ ਹੋ?"

"ਆ ਗਈ ਹੈ ਤੂੰ ਚੱਲ ਵਧੀਆ ਹੋਇਆ ਮੁੜ ਆਈ ਟਾਇਮ ਨਾਲ ਹੀ। ਤੈਨੂੰ ਭੁੱਖ ਵੀ ਲੱਗੀ ਹੋਣੀ ਆ। ਹਾਏ ਸਵੇਰ ਦੇ ਪਰੌਂਠੇ ਹੀ ਖਾਦੇ ਸੀ। ਆਹ ਲੈ ਮੇਰਾ ਪੁੱਤ ਫਟਾਫੱਟ ਸਬਜ਼ੀ-ਦਾਲ ਪਾ, ਮੈਨੂੰ ਵੀ ਅੱਜ ਤਾਂ ਬੜੀ ਭੁੱਖ ਲੱਗੀ ਆ।"

**ਚਲਦਾ....**

# ਪੰਜਾਬ ਵਿਚ ਹੜ੍ਹ ਕੁਦਰਤੀ ਕਰੋਪੀ ਜਾਂ ਫਿਰ ਸਿਆਸੀ ਬਦਇੰਤਜਾਮੀ ?

## ਸ਼ਿੰਗਾਰਾ ਸਿੰਘ ਢਿੱਲੋਂ



1947 ਤੋਂ ਬਾਅਦ ਪੰਜਾਬ ਚ ਹਰ ਦੂਜੇ ਚੋਥੇ ਸਾਲ ਹੜ੍ਹ ਆਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਹੜ੍ਹ ਆਉਂਦੇ ਹਨ, ਸਭ ਕੁੱਝ ਰੋੜ੍ਹਕੇ ਲੈ ਜਾਂਦੇ ਹਨ , ਲੋਕਾਂ ਦੀਆਂ ਫਸਲਾਂ, ਘਰ ਘਾਟ ਆਦਿ ਸਭ ਫਨਾਹ ਕਰ ਜਾਂਦੇ ਹਨ। ਸਰਕਾਰਾਂ ਹੜ੍ਹਪੀੜਤਾਂ ਨੂੰ ਭਰੋਸੇ ਦੇਂਦੀਆਂ ਹਨ, ਨੇਤਾ ਤੇ ਮੰਤਰੀ ਲੋਕ ਹੜ੍ਹਪੀਤਤ ਖੇਤਰਾਂ ਦੇ ਤੂਫਾਨੀ ਦੌਰੇ ਕਰਦੇ ਹਨ, ਮੀਡੀਆ ਤੇ ਸ਼ੋਸ਼ਲ ਮੀਡੀਆ ਵਿਚ ਖਬਰਾਂ, ਫੋਟੋ ਤੇ ਵੀਡੀਓ ਕਲਿਪਾਂ ਪਾ ਕੇ ਲੋਕਾਂ ਨੂੰ ਬੁੱਧੂ ਬਣਾਉਂਦੇ ਹਨ ਤੇ ਫਿਰ ਢਾਕ ਕੇ ਤੀਨ ਪਾਤ, ਪਰਨਾਲਾ ਉਥੇ ਦਾ ਉਥੇ, ਚਾਰ ਦਿਨ ਜ਼ੁਬਾਨੀ ਕਲਾਮੀ ਗੱਲਾਂ ਦਾ ਕੜਾਹ ਤੇ ਗੱਲ ਖਤਮ। 1955, 1988, 1993, 1995 ਤੇ 2023 ਵਿਚ ਹੜ੍ਹਾਂ ਦਾ ਜੋ ਪਰਕੋਪ ਦੇਖਿਆ ਸੀ, ਹੁਣ ਵਾਲਾ ਅਗਲੇ ਪਿਛਲੇ ਸਾਰੇ ਰਿਕਾਰਡ ਤੋੜ ਗਿਆ ਹੈ। ਪੰਜਾਬ ਵਿਚ ਜਿਧਰ ਨਜਰ ਮਾਰੋ, ਪਾਣੀ ਹੀ ਪਾਣੀ ਨਜਰ ਆਉਂਦਾ ਹੈ, ਲਗਭਗ 50 ਕੀਮਤੀ ਜਾਨਾਂ ਇਸ ਹੜ੍ਹ ਦੀ ਭੇਟ ਚੜ੍ਹ ਚੁੱਕੀਆਂ ਹਨ, ਅਜੇ ਹੋਰ ਕਿੰਨੀਆ ਚੜ੍ਹਨੀਆਂ, ਇਹ ਸੋਚਕੇ ਮਨ ਨੂੰ ਡੋਬੂ ਪੈਂਦੇ ਹਨ, ਕਰੋੜਾਂ ਦਾ ਮਾਲੀ ਨੁਕਸਾਨ ਹੋ ਚੁੱਕਾ ਹੈ, ਘਰ ਘਾਟ, ਡੰਗਰ ਵੱਛਾ, ਜਮੀਨ ਜਾਇਦਾਦ ਤੇ ਫਸਲਾਂ ਸਭ ਤਬਾਹੀ ਹੀ ਤਬਾਹੀ ਦਾ ਮੰਜਿਰ ਨਜਰ ਆਉਂਦਾ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਲਗਭਗ 1500 ਪਿੰਡ ਸਤਲੁਜ, ਬਿਆਸ ਤੇ ਰਾਵੀ ਦਰਿਆਵਾਂ ਵਿਚਲੇ ਡੈਮਾਂ ਤੋ ਛੱਡੇ ਗਏ ਬੇਤਹਾਸ਼ਾ ਪਾਣੀ ਨਾਲ ਪੂਰੀ ਤਰਾਂ ਜਲ ਮਗਨ ਹਨ। ਬੇਸ਼ੱਕ ਭਾਰਤ ਦਾ ਨੈਸ਼ਨਲ ਮੀਡੀਆਂ ਪੰਜਾਬ ਵਿਚਲੇ ਹੜ੍ਹਾਂ ਦੀ ਕਵਰੇਜ ਉਸ ਤਰਾਂ ਨਹੀਂ ਕਰ ਰਿਹਾ, ਜਿਸ ਤਰਾਂ ਦਿੱਲੀ ਸਮੇਤ ਦੇਸ਼ ਦੇ ਹੋਰਨਾਂ ਸੂਬਿਆਂ ਦੀ ਕਰ ਰਿਹਾ ਹੈ, ਪਰ ਸ਼ੋਸ਼ਲ ਮੀਡੀਏ ਉੱਤੇ ਜੋ ਕਵਰੇਜ ਹੋ ਰਹੀ ਹੈ, ਉਸ ਨੂੰ ਦੇਖ ਕੇ ਲੂ ਕੰਡੇ ਖੜ੍ਹੇ ਹੋ ਰਹੇ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਅਫਗਾਨਿਸਤਾਨ ਵਿਚ ਆਏ ਭੂਚਾਲ ਬਾਰੇ ਤਾਂ ਉਥੋਂ ਦੀ ਸਰਕਾਰ ਨੂੰ ਦੋ ਘੰਟੇ ਬਾਅਦ ਹੀ ਫੋਨ ਕਰਕੇ ਸਹਾਇਤਾ ਕਰਨ ਦਾ ਭਰੋਸਾ ਦੇ ਰਿਹਾ ਹੈ, ਪਰ ਪਿਛਲੇ ਦੋ ਹਫਤਿਆਂ ਤੋਂ ਚੱਲ ਰਹੇ ਪੰਜਾਬ ਦੇ ਮੌਜੂਦਾ ਹਾਲਾਤਾਂ ਬਾਰੇ ਕੁੱਝ ਵੀ ਬੋਲਣ ਤੋਂ ਨਾਬਰ ਹੈ। ਦੂਜੇ ਪਾਸੰ ਪੰਜਾਬ ਸਰਕਾਰ ਵੀ ਇਸ ਮਾਮਲੇ ਚ ਲਾਚਾਰ ਤੇ ਬੇਬਸ ਜਿਹੀ ਹੀ ਨਜਰ ਆ ਰਹੀ ਹੈ , ਮੁੱਖ ਮੰਤਰੀ ਭਗਵੰਤ ਮਾਨ ਦੀ ਤਬੀਅਤ ਨਾਸਾਜ਼ ਚੱਲ ਰਹੀ ਤੇ ਬਾਕੀ ਸਰਕਾਰੀਤੰਤਰ ਵਜੀਰ ਵਗੈਰਾ ਮਗਰ ਮੱਛ ਦੇ ਹੰਝੂ ਵਹਾਉਣ ਤੋਂ ਵੱਧ ਕੁੱਝ ਵੀ ਨਹੀਂ ਕਰ ਰਹੇ।

ਪੰਜਾਬ ਦੇ ਬਹੁਤ ਸਾਰੇ ਕਲਾਕਾਰ, ਜਿਹਨਾਂ ਵਿਚ ਦਲਜੀਤ ਦੁਸਾਂਝ, ਐਮੀ ਵਿਰਕ, ਬੱਬੂ ਮਾਨ, ਕਪਿਲ ਸ਼ਰਮਾ, ਸੋਨੂੰ ਸੂਦ, ਸੋਨੀਆ ਮਾਨ, ਸੁਨੰਦਾ ਸ਼ਰਮਾ, ਇੰਦਰਜੀਤ ਨਿੱਕੂ, ਗੁਰਪਰੀਤ ਘੁੱਗੀ ਆਦਿ ਦੇ ਨਾਮ ਜਿਕਰਯੋਗ ਹਨ, ਇਸ ਔਖੀ ਘੜੀ ਚ ਹੜ੍ਹ ਪੀੜਤਾਂ ਨਾਲ ਦੁੱਖ ਵੰਡਾਉਣ ਲਈ ਮੋਢੇ ਨਾਲ ਮੋਢਾ ਡਾਹ ਕੇ ਖੜ੍ਹੇ ਹੋਏ ਹਨ। ਇਸ ਅਤਿ ਦੀ ਔਖੀ ਘੜੀ ਚ ਹੜ੍ਹਪੀੜਤਾਂ ਨਾਲ ਖਾਲਸਾ ਏਡ, ਐਸ ਪੀ ਐਸ ਉਬਰਾਏ, ਸਲਮਾਨ ਖਾਨ, ਐਕਟਰ ਰਜਾ ਮੁਰਾਦ , ਤੇ ਰਾਜ ਕੁੰਦਰਾ ਨੇ ਵੀ ਹਰ ਪੱਖੋਂ ਵੱਡੀ ਮੱਦਦ ਕਰਨ ਦਾ ਐਲਾਨ ਕੀਤਾ ਹੈ ਜੇ ਕਿ ਮੌਕੇ ਦੀ ਮੰਗ ਮੁਤਾਬਿਕ ਬਹੁਤ ਹੀ ਭਲਾ ਕਾਰਜ ਹੈ।

ਪਿਛਲੇ ਕਈ ਅਰਸਿਆਂ ਤੋਂ ਇਹ ਉਕਤ ਵਰਤਾਰਾ ਇਸੇ ਤਰਾਂ ਚਲਦਿਆਂ ਦੇਖ ਕੇ ਹਰ ਪੰਜਾਬੀ ਦੇ ਮਨ ਚ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਇਹ ਵਾਕਈ ਹੀ ਕੁਦਰਤੀ ਕਰੋਪੀ ਵਾਲੇ ਹੜ੍ਹ ਹਨ ਜਾਂ ਇਹਨਾਂ ਹੜ੍ਹਾਂ ਦੇ ਪਿਛੇ ਪੰਜਾਬ ਨੂੰ ਬਰਬਾਦ ਕਰਨ ਦੀ ਕੋਈ ਗਹਿਰੀ ਸ਼ਾਜਿਸ਼ ਹੈ ? ਇਹ ਸਵਾਲ ਮੌਕੇ ਦੀ ਨਜ਼ਾਕਤ ਮੁਤਾਬਿਕ ਬਹੁਤ ਸਾਰਥਿਕ ਤੇ ਸੰਜੀਦਾ ਹੈ। ਜੇਕਰ ਇਸ ਸੰਬੰਧੀ ਕੁੱਝ ਪੁਣ ਛਾਣ ਕਰੀਏ ਤਾਂ ਇਸ ਸਵਾਲ ਦੇ ਉੱਤਰ ਵਜੋਂ ਕਈ ਪਹਿਲੂ ਸਾਹਮਣੇ ਆਉਂਦੇ ਹਨ।

ਇਹ ਜਿਕਰਯੋਗ ਹੈ ਕਿ ਪੰਜਾਬ ਵਿਚਲੇ ਡੈਮਾਂ ਤੇ ਹਾਈਡਲ ਪਰੋਜੈਕਟਾਂ ਦਾ ਸਾਰਾ ਕੰਟਰੋਲ ਕੇਂਦਰ ਸਰਕਾਰ ਦੇ ਹੱਥਾਂ ਚ ਹੈ। ਇਸ ਕਰਕੇ ਕੇਂਦਰ ਸਰਕਾਰ ਦੇ ਹੁਕਮਾਂ ਤੋਂ ਬਿਨਾ ਕੁੱਝ ਵੀ ਸੰਭਵ ਨਹੀਂ। ਭਾਰਤ ਵਿਚ ਰਾਜਨੀਤੀ ਕਿਸ ਤਰਾਂ ਦੀ ਹੈ, ਇਸ ਬਾਰੇ ਕੁੱਝ ਵੀ ਦੱਸਣ ਜਾਂ ਸਮਝਾਉਣ ਦੀ ਲੋੜ ਨਹੀਂ, ਦੇਸ਼ ਦੇ ਜਿਹਨਾਂ ਸੂਬਿਆਂ ਵਿਚ ਕੇਂਦਰ ਚ ਕਾਬਜ਼, ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਹਨਾਂ ਵਿਚ ਕੀ ਕੁੱਝ ਹੋ ਰਿਹਾ ਹੈ, ਇਹ ਕੋਈ ਲੁਕਿਆ ਛਿਪਿਆ ਨਹੀਂ। ਜਿਸ ਮੁਲਕ ਵਿਚ ਫਰਜੀ ਵੋਟਾਂ ਤੇ ਵੋਟਾਂ ਦੀ ਚੋਰੀ ਦਾ ਸ਼ੋਰ ਹੋਵੇ, ਉਥੇ ਇਹ ਮੰਨਿਆ ਜਾ ਸਕਦਾ ਹੈ ਕਿ ਪੰਜਾਬ ਵਿਚਲੇ ਹੜ੍ਹ ਵੀ ਦੇਸ਼ ਵਿਚਲੀ ਅਤਿ ਦਰਜੇ ਦੀ ਗੰਦੀ ਤੇ ਘਟੀਆ ਸਿਆਸੀ ਸਾਜਸ਼ ਦੀ ਕਾਲੀ ਕਰਤੂਤ ਹੋ ਸਕਦੇ ਹਨ।

ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਬਾਦਲ ਇਸ ਹੁਣਵੇਂ ਹੜ੍ਹ ਨੂੰ ਦੇਖ ਕੇ ਦਰਿਆਈ ਬੰਨ੍ਹਾਂ ਦੀ ਕੰਕਰੀਟ ਉਸਾਰੀ ਕਰਨ ਦਾ ਸੁਝਾਅ ਦਿੰਦਾ ਹੈ ਤੇ ਭਰੋਸਾ ਦੇਂਦਾ ਹੈ ਕਿ ਜੇਕਰ ਪੰਜਾਬ ਵਿਚ ਮੁੜ ਅਕਾਲੀਆਂ ਦੀ ਸਰਕਾਰ ਬਣਦੀ ਹੈ ਤਾਂ ਇਹ ਉਕਤ ਕੰਮ ਪਹਿਲ ਦੇ ਅਧਾਰ ‘ਤੇ ਕੀਤਾ ਜਾਵੇਗਾ। ਸ ਪਰਕਾਸ਼ ਸਿੰਘ ਬਾਦਲ ਪੰਜ ਵਾਰ ਮੁੱਖ ਮੰਤਰੀ ਰਹੇ ਤੇ ਇਕ ਵਾਰ ਉਹਨਾਂ ਨਾਲ ਕਾਕਾ ਜੀ ਡਿਪਟੀ ਮੁੱਖ ਮੰਤਰੀ ਵੀ ਰਹੇ, ਹੁਣ ਸਵਾਲ ਇਹ ਹੈ ਕਿ ਉਦੋਂ ਕਿਓਂ ਨਾ ਇਹਨਾਂ ਨੂੰ ਦਰਿਆਈ ਬੰਨ੍ਹ ਪੱਕੇ ਕਰਨ ਦੀ ਸੁੱਝੀ, ਇਹ ਯਾਦ ਹੁਣ ਹੀ ਕਿਓਂ ਆਈ ਹੈ ? ਹੁਣ ਤੁਸੀਂ ਆਪ ਸਮਝ ਲਓ ਕਿ ਇਹਨਾਂ ਲੋਕਾਂ ਨੂੰ ਕਿਸੇ ਦੇ ਦੁੱਖ ਦਾ ਨਹੀਂ, ਬਲਕਿ ਹਰ ਸਮੇਂ ਆਪਣੀਆਂ ਸਿਆਸੀ ਰੋਟੀਆਂ ਸੇਕਣਾ ਹੀ ਸੁਝਦਾ ਹੈ। ਜਿਕਰਯੋਗ ਕਿ ਪਾਣੀ ਚ ਬੱਸਾਂ ਤੇ ਲੁਧਿਆਣੇ ਵਿਚ ਮੈਟਰੋ ਰੇਲ ਚਲਾਉਣ ਦਾ ਵਾਅਦਾ ਵੀ ਇਸੇ ਪਾਰਟੀ ਨੇ ਕੀਤਾ ਸੀ। ਮੈ ਨਿੱਜੀ ਤੌਰ ‘ਤੇ ਕਿਸੇ ਸਿਆਸੀ ਪਾਰਟੀ ਦਾ ਨਾ ਹੀ ਵਿਰੋਧੀ ਹਾਂ ਤੇ ਨਾ ਹੀ ਹਿਮਾਇਤੀ, ਪਰ ਜੋ ਸੱਚ ਹੈ, ਉਸ ਦਾ ਸ਼ੀਸ਼ਾ ਦਿਖਾਉਣ ਵਾਸਤੇ ਇਹ ਉਕਤ ਉਦਾਹਰਣਾ ਦੇਣੀਆਂ ਬਣਦੀਆਂ ਹਨ। ਜਿਸ ਤਰਾਂ ਮੈਂ ਪਹਿਲਾਂ ਕਿਹਾ ਕਿ ਪੰਜਾਬ ਵਿਚਲੇ ਦਰਿਆਈ ਡੈਮਾਂ ਦਾ ਪਰਬੰਧ, ਦੇਸ਼ ਦੀ ਕੇਂਦਰ ਸਰਕਾਰ ਦੇ ਹੱਥਾਂ ਚ ਹੈ , ਅਮਲਾ ਫੈਲਾ ਵੀ ਬਹੁ ਗਿਣਤੀ ਚ ਪੰਜਾਬੋਂ ਬਾਹਰਲਾ ਹੀ ਹੈ, ਅਜਿਹੇ ਹਾਲਾਤਾਂ ਵਿਚ ਜੇਕਰ ਕੋਈ ਬਦ ਇੰਤਜਾਮੀ ਹੁੰਦੀ ਹੈ ਤਾਂ ਉਸ ਦੀ ਜਵਾਬ ਤਲਬੀ ਪੰਜਾਬ ਸਰਕਾਰ ਦੇ ਵਸ ਦੀ ਗੱਲ ਹੀ ਨਹੀਂ ਤੇ ਸੈਂਟਰ ਦੀ ਭਾਜਪਾ ਸਰਕਾਰ ਪੰਜਾਬ ਨਾਲ ਜੋ ਮਤਰੇਆ ਸਲੂਕ ਕਰ ਰਹੀ ਹੈ, ਉਸ ਤੋਂ ਅੰਦਾਜਾਂ ਲਾਉਣਾ ਕੋਈ ਬਹੁਤੀ ਔਖੀ ਗੱਲ ਹੈ ਹੀ ਨਹੀਂ।

ਜੇਕਰ ਡੈਮਾਂ ਵਿਚੋਂ ਪਾਣੀ ਦਾ ਪਰਵਾਹ ਇੱਕ ਸੈੱਟ ਲੀਵਲ ਦੇ ਮੁਤਾਬਿਕ ਨਿਰੰਤਰ ਦਰਿਆਵਾਂ, ਨਹਿਰਾਂ ਤੇ ਖਾਲਾਂ ਵਿਚ ਪਰਵਾਹਤ ਰੱਖਿਆ ਜਾਵੇ ਤਾਂ ਹੜ੍ਹਾਂ ਦੀ ਨੌਬਤ ਬਹੁਤ ਘੱਟ ਆਵੇਗੀ, ਪਰ ਜੇਕਰ ਡੈਮਾਂ ਵਿਚ ਪਾਣੀ ਪਹਿਲਾਂ ਉਪਰਲੇ ਲੀਵਲ ਤੱਕ ਸਟੋਰ ਕਰ ਲਿਆ ਜਾਵੇ ਤੇ ਫਿਰ ਇਕ ਦਮ ਫਲੱਡ ਗੇਟ ਖੋਹਲ ਦਿੱਤੇ ਜਾਣ ਤਾਂ ਫਿਰ ਜੋ ਹਾਲਾਤ ਪੰਜਾਬ ਵਿਚ ਇਸ ਵੇਲੇ ਬਣੇ ਹੋਏ ਹਨ, ਉਹਨਾਂ ਦਾ ਹੋਣਾ ਕਦਾਚਿਤ ਵੀ ਕੁਦਰਤੀ ਵਰਤਾਰਾ ਹੋਣ ਦੀ ਬਜਾਏ ਸਿਆਸੀਤੰਤਰ ਦੀ ਬਦ ਇੰਤਜਾਮੀ ਕਹਿਣਾ ਸੌ ਫੀਸਦੀ ਬੇਹਤਰ ਹੋਵੇਗਾ।

ਪੰਜਾਬ ਵਿਚ ਇਸ ਵੇਲੇ ਹਰ ਪਾਸੇ ਸੜਕਾਂ ਦਾ ਜਾਲ ਵਿਛ ਚੁੱਕਾ ਹੈ, ਖੇਤੀ ਦਾ ਬਹੁਤ ਵੱਡਾ ਰਕਬਾ, ਕਲੋਨੀਆਂ ਦੇ ਹੇਠ ਆ ਚੁੱਕਾ, ਝੋਨੇ ਵਰਗੀ ਫਸਲ ਨੇ ਧਰਤੀ ਦੀ ਜੀਰਨ ਸਮਰੱਥਾ ਬਾਂਝ ਕਰ ਦਿੱਤੀ ਹੈ, ਜੰਗਲਾਂ ਦਾ ਉਜਾੜਾ ਬੇਤਹਾਸ਼ਾ ਹੋ ਚੁੱਕਾ ਹੈ, ਹਿਮਾਚਲ ਚ ਬਿਨਾ ਕਿਸੇ ਪਲਾਨਿੰਗ ਉਸਾਰੀਆਂ ਵੱਡੀਆਂ ਇਮਾਰਤਾਂ ਤੇ ਹੋਟਲ ਵਗੈਰਾ ਪਹਾੜਾਂ ਦੇ ਖਿਸਕਣ ਦੀ ਵਜ੍ਹਾ ਬਣਕੇ ਵੱਡੀ ਤਬਾਹੀ ਵਜੋਂ ਸਾਹਮਣੇ ਆ ਰਹੇ ਹਨ। ਪੂਰੇ ਪੰਜਾਬ ਵਿਚ ਇਕ ਦੋ ਇਲਾਕਿਆਂ ਨੂੰ ਛਡਕੇ ਜੰਗਲ ਕਿਥੇ ਰਹਿ ਗਏ ਹਨ ? ਮੈਨੂੰ ਤਾਂ ਲਗਦਾ ਹੈ ਕਿ ਪੰਜਾਬ ਸਰਕਾਰ ਨੇ ਜੰਗਲਾਤ ਮਹਿਕਮਾ ਵੀ ਬੰਦ ਕਰ ਦਿੱਤਾ ਹੋਵੇਗਾ, ਜੇਕਰ ਅਜਿਹਾ ਨਹੀਂ ਕੀਤਾ ਤਾਂ ਫਿਰ ਇਹ ਲੰਗੜਾ ਲੂਲਾ ਤੇ ਸਹਿਕਦਾ ਤਾਂ ਜਰੂਰ ਹੀ ਹੋਵੇਗਾ। ਜੰਗਲਾਤਾਂ ਜਾਂ ਬੀੜ ਹੜ੍ਹਾਂ ਨੂੰ ਰੋਕਣ ਵਾਸਤੇ ਕਾਫੀ ਸਹਾਈ ਹੁੰਦੇ ਸਨ, ਪਰ ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਗਲਤੀ ਕੋਈ ਹੋਰ ਕਰੇ ਤੇ ਉਸ ਦਾ ਖਮਿਆਜਾ ਅਸੀਂ ਸਾਰੇ ਭੁਗਤ ਰਹੇ ਹਾਂ। ਇਸ ਨੂੰ ਵੀ ਬਦਇੰਤਜਾਮੀ ਹੀ ਕਿਹਾ ਜਾ ਸਕਦਾ ਹੈ। ਇਸ ਬਦਇੰਤਜਾਮੀ ਵਾਸਤੇ ਜੇਕਰ ਵੱਡੇ ਵੱਡੇ ਮਗਰ ਮੱਛ ਕਸੂਰਵਾਰ ਹਨ ਤਾਂ ਕਿਤੇ ਨ ਕਿਤੇ ਗਲਤੀ ਤਾਂ ਅਸੀਂ ਵੀ ਕੀਤੀ ਹੈ ਜੋ ਅਜੇ ਵੀ ਕਰ ਤੇ ਕਰਵਾਈ ਜਾ ਰਹੇ ਹਾਂ।

ਜਿਥੋਂ ਤੱਕ ਪੰਜਾਬ ਸਰਕਾਰ ਦੀ ਗੱਲ ਹੈ। ਕਹਿ ਸਕਦੇ ਹਾਂ ਕਿ ਆਏ ਸਾਲ ਹੜ੍ਹਾਂ ਦੇ ਇਸ ਪਰਕੋਪ ਵਾਸਤੇ ਜਿੰਮੇਵਾਰ ਹੈ। ਦਰਿਆਵਾਂ, ਨਹਿਰਾਂ, ਨਾਲਿਆਂ, ਚੋਆਂ ਤੇ ਸਾਇਫਨਾ ਦੀ ਬਰਸਾਤ ਦਾ ਸੀਜਨ ਸ਼ੁਰੂ ਹੋਣ ਤੋਂ ਪਹਿਲਾਂ ਸਾਫ ਸਫਾਈ ਦਾ ਜਿੰਮਾ ਰਾਜ ਸਰਕਾਰ ਦਾ ਹੁੰਦਾ ਹੈ। ਜੇਕਰ ਇਹ ਕਾਰਜ ਵੇਲੇ ਸਿਰ ਕਰ ਲਿਆ ਜਾਵੇ ਤਾਂ ਇਸ ਤਰਾਂ ਕਰਨ ਨਾਲ ਪਾਣੀ ਦਾ ਵਹਾਅ ਆਪਣਾ ਨਵਾਂ ਰਸਤਾ ਬਣਾ ਕੇ ਤਬਾਹੀ ਮਚਾਉਣ ਦੀ ਬਜਾਏ ਬੇਰੋਕ ਰਵਾ ਰਵੀ ਅਗਾਂਹ ਨਿਕਲ ਜਾਂਦਾ ਹੈ, ਜਿਸ ਕਰਕੇ ਬਹੁਤ ਵੱਡਾ ਰਕਬਾ ਹੜ੍ਹਾਂ ਦੇ ਮਾਰੂ ਪਰਭਾਵ ਤੋਂ ਬਚ ਸਕਦਾ ਹੈ, ਪਰ ਇਸ ਤਰਾਂ ਦਾ ਕੁੱਝ ਵੀ ਸਰਕਾਰਾਂ ਵਲੋਂ ਨਹੀਂ ਕੀਤਾ ਜਾਂਦਾ। ਇਸ ਸੰਬੰਧੀ ਜੇ ਫੰਡ ਰਾਖਵੇਂ ਕੀਤੇ ਗਏ ਹੁੰਦੇ ਹਨ, ਉਹਨਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਜਾਂ ਇੰਜ ਕਹਿ ਲਓ ਕਿ ਫੰਡ ਸਰਕਾਰੀ ਕਾਗਜ਼ਾਂ ਵਿਚ ਹੀ ਇਧਰ ਉਧਰ ਖੁਰਦ ਬੁਰਦ ਕਰ ਦਿੱਤੇ ਜਾਂਦੇ ਹਨ। ਇਹ ਗੱਲ ਵੀ ਪੂਰੇ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਕਿਸੇ ਪਿੰਡ ਦੇ ਗੰਦੇ ਪਾਣੀ ਵਾਲੇ ਨਿਕਾਸੀ ਛੱਪੜ ਦੀ ਸਫਾਈ ਬਰਸਾਤ ਤੋਂ ਪਹਿਲਾਂ ਚੰਗੀ ਤਰਾਂ ਕਰ ਜਾਂ ਕਰਵਾ ਲਈ ਜਾਵੇ ਤਾਂ ਇਸ ਤਰਾਂ ਕਰਨ ਨਾਲ, ਇਹ ਜਰੂਰੀ ਨਹੀਂ ਕਿ ਉਸ ਨਾਲ ਹੜ੍ਹ ਰੋਕਿਆ ਜਾ ਸਕੇ, ਹਾਂ, ਪਰ ਇਸ ਤਰਾਂ ਕਰਨ ਨਾਲ ਸੰਬੰਧਿਤ ਪਿੰਡ ਨੂੰ ਕੁੱਝ ਸਮੇਂ ਤੱਕ ਹੜ੍ਹ ਤੋਂ ਰਾਹਤ ਜਰੂਰ ਮਿਲ ਸਕੇਗੀ। ਜੇਕਰ ਇਸੇ ਤਰਾਂ ਪੰਜਾਬ ਦੇ ਸਾਰੇ ਪਿੰਡਾਂ ਵਿਚ ਕੀਤਾ ਜਾਵੇ ਤਾਂ ਬਰਸਾਤ ਦੇ ਸੀਜਨ ਵੇਲੇ ਪਿੰਡਾਂ ਦੇ ਲੋਕਾਂ ਨੂੰ ਹੜ੍ਹਾਂ ਦੀ ਮਾਰ ਤੋਂ ਰਾਹਤ ਮਿਲ ਸਕਦੀ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਹੜ੍ਹਾਂ ਦੇ ਪਾਣੀ ਨੂੰ ਬਰਸਾਤ ਤੋਂ ਬਾਦ ਵਰਤਣ ਵਾਸਤੇ ਸਟੋਰ ਕਰਨ ਦੀ ਕੋਈ ਯੋਜਨਾ ਤਿਆਰ ਕਰੇ। ਇਸ ਤਰਾਂ ਕਰਨ ਨਾਲ ਜਿਥੇ ਹੜ੍ਹਾਂ ਦੀ ਰੋਕਥਾਮ ਵਿਚ ਮੱਦਦ ਮਿਲੇਗੀ, ਇਸ ਦੇ ਨਾਲ ਹੀ ਗਰਮੀਆ ਦੀ ਰੁੱਤ ਵਿਚ ਪਾਣੀ ਦੀ ਕਿੱਲਤ ਸਮੇਂ, ਉਹ ਜਮਾ ਕੀਤਾ ਹੋਇਆ ਪਾਣੀ ਵਰਤਿਆ ਜਾ ਸਕਦਾ ਹੈ।

ਪੰਜਾਬ ਦੇ ਲੋਕ ਸੇਵਾ ਭਾਵਨਾ ਦੇ ਹਿਰਦੇ ਵਾਲੇ ਹਨ। ਏਹੀ ਕਾਰਨ ਹੈ ਕਿ ਸਰਬੱਤ ਦਾ ਭਲਾ ਲੋੜਦੇ ਹਨ, ਦੀਸਰਿਆਂ ਦੇ ਦੁੱਖ ਨੂੰ ਆਪਣਾ ਮੰਨਦੇ ਹੋਏ ਕਿਸੇ ਵੀ ਮੁਸੀਬਤ ਸਮੇਂ ਦੂਸਰਿਆਂ ਦੀ ਨਿਰ ਸਵਾਰਥ ਖੁਲ੍ਹੇ ਦਿਲ ਨਾਲ ਮੱਦਦ ਕਰਦੇ ਹਨ, ਪਰ ਵਿਡੰਬਣਾ ਦੇਖੋ ਕਿ ਜਿੰਨੀ ਵਾਰ ਵੀ ਪੰਜਾਬੀਆਂ ਉੱਤੇ ਕੋਈ ਆਫਤ ਆਈ ਹੈ, ਉਨੀ ਵਾਰ ਹੀ ਉਹਨਾਂ ਨੇ ਉਸ ਮੁਸ਼ਕਲ ਦਾ ਮੁਕਾਬਲਾ ਆਪਣੇ ਸਿਰ ਖੁਦ ਹੀ ਕੀਤਾ ਹੈ, ਹਰਿਆਣੇ ਤੋਂ ਇਲਾਵਾ ਕਿਸੇ ਹੋਰ ਰਾਜ ਤੋਂ ਕਦੇ ਵੀ ਕਿਸੇ ਨੇ ਆ ਕੇ ਮੱਦਦ ਤਾਂ ਕੀ ਕਰਨੀ ਹੈ, ਕਦੇ ਸੱਚੇ ਝੂਠਿਓ ਹਾਅ ਦਾ ਨਾਹਰਾ ਵੀ ਨਹੀਂ ਮਾਰਿਆ। ਕਿਸੇ ਕੁਦਰਤੀ ਆਫਤ ਸਮੇਂ ਗੁਜਰਾਤ ਵਿਚ ਜਾ ਕੇ ਪੰਜਾਬੀ ਉਥੋਂ ਦੇ ਲੋਕਾਂ ਦੇ ਮੁੜ ਵਸੇਬੇ ਲਈ ਮੱਦਦ ਕਰ ਸਕਦੇ ਹਨ, ਪਰ ਅਡਾਨੀ, ਅੰਬਾਨੀ ਇਕ ਫੁੱਟੀ ਕੌਡੀ ਵੀ ਨਹੀਂ ਖਰਚਣਗੇ। ਦਰਅਸਲ ਇਸੇ ਨੂੰ ਹੀ ਸੰਸਕਾਰ, ਸੱਭਿਆਚਾਰ, ਔਕਾਤ ਤੇ ਵਿਰਸਾ ਕਹਿੰਦੇ ਹਨ। ਸੋ ਸਾਨੂੰ ਆਪਣੀ ਕੀਤੀ ਨੇਕੀ ਦੇ ਇਵਜ ਵਿਚ ਕਿਸੇ ਤੋਂ ਕੋਈ ਆਸ ਰੱਖਣ ਦੀ ਬਜਾਏ ਆਪਣੇ ਵਿਰਸੇ ਨਾਲ ਜੁੜਕੇ ਆਪਣੇ ਸੰਸਕਾਰਾਂ ਮੁਤਾਬਿਕ ਅੱਗੇ ਵਧਦੇ ਰਹਿਣਾ ਚਾਹੀਦਾ ਹੈ ਤੇ ਅਜਿਹਾ ਕਰਦੇ ਹੋਏ ਹੁਣ ਅੱਗੋਂ ਤੋਂ ਆਪਣੇ ਹਿੱਤ ਸਭ ਤੋਂ ਪਹਿਲਾਂ ਸੁਰੱਖਿਅਤ ਕਰਨ ਦੀ ਆਦਤ ਵੀ ਪਾ ਲੈਣੀ ਚਾਹੀਦੀ ਹੈ।

ਇਸ ਵੇਲੇ ਪੰਜਾਬ ਦੇ ਹਾਲਾਤ ਬਹੁਤ ਹੀ ਚਿੰਤਾਜਨਕ ਹਨ। ਬੇਸ਼ੱਕ ਇਹਨਾਂ ਹਾਲਾਤਾਂ ਉੱਤੇ ਅਸੀਂ ਪੰਜਾਬੀ ਰਲ ਮਿਲਕੇ ਸਮੇ ਸਮੇ ਆਈਆ ਪਹਿਲੀਆਂ ਆਫਤਾਂ ਵਾਂਗ ਹੀ ਕਾਬੂ ਪਾ ਲਵਾਂਗੇ, ਪਰ ਇਸ ਤੋਂ ਸਬਕ ਸਿੱਖ ਕੇ ਭਵਿੱਖ ਵਿਚ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਹਰ ਦੂਜੇ ਤੀਜੇ ਸਾਲ ਇਹ ਵਰਤਾਰਾ ਮੁੜ ਮੁੜ ਕੇ ਨਾ ਵਾਪਰੇ। ਇਸ ਦਾ ਪੱਕਾ ਬਾਨਣੂ ਬੰਨ੍ਹਣ ਵਾਸਤੇ ਸਮਾਜਕ ਤੇ ਸਿਆਸੀ ਪੱਖਾਂ ਤੋਂ ਕੋਈ ਠੋਸ ਨੀਤੀ ਤਿਆਰ ਕਰਕੇ ਉਸ ਉੱਤੇ ਅਮਲ ਕਰਨਾ ਜਰੂਰੀ ਹੋਵੇਗਾ, ਨਹੀਂ ਤਾਂ ਇਹ ਕਦੇ ਡੋਬਾ ਤੇ ਕਦੇ ਸੋਕਾ ਵਾਲਾ ਸਿਲਸਿਲਾ ਬਦਸਤੂਰ ਜਾਰੀ ਰਹੇਗਾ।

*******

# ਗੱਦੀ ਹਥਿਆਉਣ ਲਈ ਕਾਨੂੰਨਾਂ ਨੂੰ ਹਥਿਆਰ ਵਜੋਂ ਵਰਤਣਾ ਖ਼ਤਰਨਾਕ

ਗੁਰਮੀਤ ਸਿੰਘ ਪਲਾਹੀ
9815802070



ਭਾਰਤੀ ਸੰਵਿਧਾਨ ਵਿੱਚ 130 ਵੀਂ ਸੋਧ ਕਰਨ ਲਈ ਭਾਰਤ ਸਰਕਾਰ ਵਲੋਂ ਪਾਰਲੀਮੈਂਟ ਵਿੱਚ ਬਿੱਲ ਪੇਸ਼ ਕੀਤਾ ਗਿਆ, ਜਿਸਨੂੰ ਹਾਲ ਦੀ ਘੜੀ ਵਿਚਾਰ ਕਰਨ ਲਈ ਸੰਯੁਕਤ ਪਾਰਲੀਮਾਨੀ ਕਮੇਟੀ ਹਵਾਲੇ ਕੀਤਾ ਗਿਆ। ਇਹ ਸੋਧ ਬਹੁਤ ਅਹਿਮ ਹੈ, ਕਿਉਂਕਿ ਇਸ ਸੋਧ ਅਧੀਨ ਕਿਸੇ ਇਹੋ ਜਿਹੇ ਮੰਤਰੀ (ਪ੍ਰਧਾਨ ਮੰਤਰੀ, ਮੁੱਖ ਮੰਤਰੀ ਸਮੇਤ) ਨੂੰ ਹਟਾਇਆ ਜਾ ਸਕਦਾ ਜੋ ਕਿਸੇ ਅਪਰਾਧਿਕ ਦੋਸ਼ ਵਿੱਚ ਗ੍ਰਿਫ਼ਤਾਰ ਹੋ ਜਾਏ ਅਤੇ ਜਿਸਦੇ ਲਈ ਉਸਨੂੰ ਪੰਜ ਸਾਲ ਜਾਂ ਉਸ ਤੋਂ ਵੱਧ ਕੈਦ ਹੋ ਸਕਦੀ ਹੈ ਜਾਂ ਜਿਹੜਾ ਤੀਹ ਦਿਨ ਜੇਲ੍ਹ 'ਚ ਰਿਹਾ ਹੋਵੇ।

ਉਪਰੋਕਤ 30 ਦਿਨਾਂ ਦੀ ਜੇਲ੍ਹ ਸ਼ਰਤ ਅਧੀਨ ਨਿਸ਼ਚਿਤ ਰੂਪ 'ਚ ਜਾਂਚ ਪੂਰੀ ਨਹੀਂ ਹੋਏਗੀ ਅਤੇ ਨਾ ਹੀ ਕੋਈ ਦੋਸ਼ ਪੱਤਰ, ਨਾ ਕੋਈ ਮੁੱਕਦਮਾ, ਅਤੇ ਨਾ ਹੀ ਕੋਈ ਦੋਸ਼ ਸਿੱਧ ਹੋ ਸਕੇਗਾ। ਫਿਰ ਵੀ 31ਵੇਂ ਦਿਨ ਸੰਬੰਧਿਤ ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਨੂੰ "ਅਪਰਾਧੀ" ਦੱਸਕੇ ਉਸਨੂੰ ਉਸਦੇ ਅਹੁਦੇ ਤੋਂ ਹਟਾ ਦਿੱਤਾ ਜਾਏਗਾ। ਪਰ ਇਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਕੋਈ ਪੁਲਿਸ ਅਧਿਕਾਰੀ ਗ੍ਰਿਫ਼ਤਾਰ ਕਰਨ ਦੀ ਹਿੰਮਤ ਕਰ ਸਕਦਾ ਹੈ? ਇਹ ਬਿੱਲ/ਕਾਨੂੰਨ ਵਿੱਚ ਪ੍ਰਧਾਨ ਮੰਤਰੀ ਨੂੰ ਸ਼ਾਮਲ ਕਰਨਾ ਕੀ ਹਾਸੋਹੀਣਾ ਨਹੀਂ?

ਭਾਰਤ ਦੇ ਸੰਵਿਧਾਨ ਦੀ ਧਾਰਾ 368 ਅਨੁਸਾਰ ਪਾਰਲੀਮੈਂਟ ਨੂੰ ਸੰਵਿਧਾਨਕ ਹੱਕ ਹੈ ਕਿ ਉਹ ਸੰਵਿਧਾਨ ਵਿੱਚ ਸੋਧ ਪਾਸ ਕਰ ਸਕਦਾ ਹੈ। ਧਾਰਾ 368 ਦੀ ਉਪ-ਨਿਯਮ 2 ਅਨੁਸਾਰ, ਸੋਧ ਦੀ ਪ੍ਰਕਿਰਿਆ ਬਿੱਲ ਪੇਸ਼ ਕਰਕੇ ਕੀਤੀ ਜਾਂਦੀ ਹੈ। ਫਿਰ ਇਹ ਬਿੱਲ ਦੋਹਾਂ ਸਦਨਾਂ ਲੋਕ ਸਭਾ ਅਤੇ ਰਾਜ ਸਭਾ ਵਿੱਚ ਕੁੱਲ ਮੈਂਬਰਾਂ ਦੇ ਬਹੁਮਤ ਨਾਲ ਜਾਂ ਉਸ ਸਦਨ ਵਿੱਚ ਹਾਜ਼ਰ ਮੈਂਬਰਾਂ ਵਿੱਚੋਂ ਘੱਟੋ-ਘੱਟ ਦੋ ਤਿਹਾਈ ਮੈਂਬਰਾਂ ਵਲੋਂ ਦਿੱਤੀ ਸਹਿਮਤੀ ਨਾਲ ਪਾਸ ਹੋ ਜਾਂਦਾ ਹੈ ਅਤੇ ਫਿਰ ਰਾਸ਼ਟਰਪਤੀ ਕੋਲ ਭੇਜਿਆ ਜਾਂਦਾ ਹੈ ਅਤੇ ਜੇਕਰ ਰਾਸ਼ਟਰਪਤੀ ਸਹਿਮਤੀ ਦੇ ਦਿੰਦੇ ਹਨ ਤਾਂ ਉਸਦੇ ਬਾਅਦ ਸੰਵਿਧਾਨ ਵਿਚਲੀ ਇਹ ਸੋਧ ਪਾਸ ਹੋ ਜਾਂਦੀ ਹੈ।

ਆਉ ਵੇਖੀਏ ਕਿ ਕੀ ਮੌਜੂਦਾ ਸਰਕਾਰ ਕੋਲ ਇਹ ਬਿੱਲ ਪਾਸ ਕਰਾਉਣ ਲਈ ਬਹੁਮਤ ਹੈ? ਮੌਜੂਦਾ ਹਾਕਮਾਂ ਭਾਜਪਾ ਅਤੇ ਸਹਿਯੋਗੀ ਪਾਰਟੀਆਂ ਕੋਲ ਇਸ ਸਮੇਂ ਇਹ ਬਿੱਲ ਪਾਸ ਕਰਾਉਣ ਲਈ ਪੂਰੀ ਸੰਖਿਆ ਨਹੀਂ ਹੈ। ਲੋਕ ਸਭਾ ਵਿੱਚ ਕੁੱਲ 543 ਵਿੱਚੋਂ ਰਾਜਗ ਦੇ 293 ਮੈਂਬਰ ਹਨ ਅਤੇ ਰਾਜ ਸਭਾ ਵਿੱਚ 245 ਮੈਂਬਰਾਂ ਵਿਚੋਂ 133 ਮੈਂਬਰ ਹਨ। ਜੇਕਰ ਦੋਹਾਂ ਸਦਨਾਂ ਦੇ ਸਾਰੇ ਮੈਂਬਰ ਸਦਨ 'ਚ ਹਾਜ਼ਰ ਹੋਣ ਅਤੇ ਵੋਟ ਪਾਉਣ ਤਾਂ ਵੀ ਇਹ ਸੰਖਿਆ ਦੋ ਤਿਹਾਈ ਨਹੀਂ ਹੋ ਸਕਦੀ।

ਭਾਰਤੀ ਜਨਤਾ ਪਾਰਟੀ ਇਸ ਬਿੱਲ ਨੂੰ ਸੰਵਿਧਾਨਕ ਅਤੇ ਸਿਆਸੀ ਨੈਤਿਕਤਾ ਦਾ ਪ੍ਰਤੀਕ ਬਣਾਕੇ ਪ੍ਰਚਾਰ ਕਰ ਰਹੀ ਹੈ, ਖ਼ਾਸ ਤੌਰ 'ਤੇ ਉਸ ਵੇਲੇ ਜਦੋਂ ਕਿ ਬਿਹਾਰ 'ਚ ਚੋਣਾਂ ਸਿਰ 'ਤੇ ਹਨ ਅਤੇ ਮਸ਼ੀਨਾਂ ਨਾਲ ਵੋਟਾਂ ਦੀ ਚੋਰੀ ਲਈ ਉਸ ਉਤੇ ਦੇਸ਼-ਵਿਆਪੀ ਦੋਸ਼ ਲੱਗ ਰਹੇ ਹਨ। ਭਾਜਪਾ ਕਹਿੰਦੀ ਹੈ ਕਿ ਕੀ ਕਿਸੇ ਭ੍ਰਿਸ਼ਟ ਮੰਤਰੀ ਨੂੰ ਹਟਾਉਣ ਤੋਂ ਵੱਡਾ ਕੋਈ ਹੋਰ ਚੰਗਾ ਕੰਮ ਹੋ ਸਕਦਾ ਹੈ? ਕੀ ਕੋਈ ਮੰਤਰੀ ਜਾਂ ਮੁੱਖ ਮੰਤਰੀ ਜੇਲ੍ਹ ਵਿੱਚੋਂ ਰਾਜ ਪ੍ਰਬੰਧ ਚਲਾ ਸਕਦਾ ਹੈ? ਜਿਵੇਂ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਸਰਕਾਰ ਚਲਾਉਣ ਦੀ ਕੋਸ਼ਿਸ਼ ਕਰਦਾ ਰਿਹਾ, ਹਾਲਾਂਕਿ ਉਸ ਉੱਤੇ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼ ਸਨ। ਭਾਜਪਾ ਦਾ ਕਹਿਣਾ ਹੈ ਕਿ ਜਿਹੜੇ ਲੋਕ ਇਸ ਬਿੱਲ ਲਈ ਹਾਮੀ ਭਰਦੇ ਹਨ, ਉਹ ਸੱਚੇ ਦੇਸ਼ ਭਗਤ ਹਨ ਅਤੇ ਰਾਸ਼ਟਰਵਾਦੀ ਹਨ। ਜੋ "ਨਾਂਹ" ਕਹਿੰਦੇ ਹਨ, ਉਹ ਰਾਸ਼ਟਰ ਵਿਰੋਧੀ ਜਾਣੀ ਸ਼ਹਿਰੀ ਨਕਸਲੀ ਜਾਂ ਪਾਕਿਸਤਾਨੀ ਏਜੰਟ ਹਨ।

ਨਰੇਂਦਰ ਮੋਦੀ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਸੰਘਰਸ਼ ਦੀ ਸ਼ੁਰੂਆਤ ਕਰ ਦਿੱਤੀ ਹੈ ਅਤੇ ਇਸ ਨੂੰ ਪੂਰੇ ਜੋਸ਼ ਨਾਲ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ। ਪਾਰਲੀਮੈਂਟਰੀ ਸਾਂਝੀ ਕਮੇਟੀ ਇਸ ਮੁੱਦੇ ਨੂੰ ਇੱਕ ਰਾਸ਼ਟਰ ਇੱਕ ਚੋਣ ਉਤੇ ਬਣੀ ਕਮੇਟੀ ਵਾਂਗਰ ਬਿਹਾਰ(2025) ਅਤੇ ਅਸਾਮ, ਕੇਰਲ, ਤਾਮਿਲਨਾਡੂ ਅਤੇ ਪੱਛਮੀ ਬੰਗਾਲ(2026) 'ਚ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਤੱਕ ਜੀਊਂਦਿਆਂ ਰੱਖ ਸਕਦੀ ਹੈ। ਇਸਦਾ ਹਾਕਮ ਧਿਰ ਨੂੰ ਫ਼ਾਇਦਾ ਹੋਏਗਾ?

ਅੰਗਰੇਜ਼ੀ ਦੇ ਪ੍ਰਸਿੱਧ ਅਖ਼ਬਾਰ ਇੰਡੀਅਨ ਐਕਸਪ੍ਰੈੱਸ ਨੇ 22 ਅਗਸਤ 2025 ਨੂੰ ਇੱਕ ਰਿਪੋਰਟ ਛਾਪੀ ਹੈ। ਅਖ਼ਬਾਰ ਨੇ ਲਿਖਿਆ ਹੈ ਕਿ 2014 ਤੋਂ ਹੁਣ ਤੱਕ 12 ਵਿਰੋਧੀ ਦਲ ਦੇ ਮੰਤਰੀਆਂ ਨੂੰ ਬਿਨ੍ਹਾਂ ਜ਼ਮਾਨਤ ਦੇ ਹਿਰਾਸਤ ਵਿੱਚ ਰੱਖਿਆ ਗਿਆ ਅਤੇ ਕਈਆਂ ਨੂੰ ਤਾਂ ਮਹੀਨਿਆਂ ਤੱਕ ਜੇਲ੍ਹ 'ਚ ਤੁੜਿਆ ਗਿਆ। ਇੱਕ ਹੋਰ ਰਿਪੋਰਟ ਇਹ ਵੀ ਦਸਦੀ ਹੈ ਕਿ 2014 ਤੋਂ ਬਾਅਦ ਤੋਂ ਹੁਣ ਤੱਕ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ 25 ਨੇਤਾ, ਜੋ ਵੱਖੋ-ਵੱਖਰੀਆਂ ਪਾਰਟੀਆਂ ਨਾਲ ਸੰਬੰਧਤ ਸਨ ਭਾਜਪਾ ਵਿੱਚ ਸ਼ਾਮਲ ਹੋਏ ਅਤੇ ਉਹਨਾ ਵਿੱਚੋਂ 23 ਨੂੰ ਦੋਸ਼ਾਂ ਤੋਂ ਵੀ ਮੁਕਤ ਕਰ ਦਿੱਤਾ ਗਿਆ। ਉਪਰੋਂ ਸੱਚਾਈ ਇਹ ਵੀ ਹੈ ਕਿ 2014 ਤੋਂ ਬਾਅਦ ਤੋਂ ਹੁਣ ਤੱਕ ਕਿਸੇ ਵੀ ਕੇਂਦਰ ਜਾਂ ਕਿਸੇ ਸੂਬੇ ਦੇ ਕਿਸੇ ਭਾਜਪਾ ਮੰਤਰੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

ਐਸੋਸੀਏਸ਼ਨ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਰਿਪੋਰਟ ਅਨੁਸਾਰ ਦੇਸ਼ ਭਰ ਵਿੱਚ 302 ਮੰਤਰੀ (ਲਗਭਗ 47%) ਆਪਣੇ ਵੱਲੋਂ ਦਿੱਤੇ ਹਲਫ਼ਨਾਮਿਆਂ ਵਿੱਚ ਆਪਣੇ ਆਪ ਉਤੇ ਅਪਰਾਧਿਕ ਕੇਸ ਹੋਣ ਦੀ ਗੱਲ ਮੰਨ ਚੁੱਕੇ ਹਨ। ਇਹਨਾ ਵਿਚੋਂ 174 ਮੰਤਰੀ ਇਹੋ ਜਿਹੇ ਹਨ, ਜਿਹਨਾ ਉਤੇ ਹੱਤਿਆ, ਬਲਾਤਕਾਰ ਅਤੇ ਅਗਵਾ ਜਿਹੇ ਗੰਭੀਰ ਦੋਸ਼ ਹਨ। ਕੇਂਦਰ ਸਰਕਾਰ ਦੇ 72 ਮੰਤਰੀਆਂ ਵਿਚੋਂ 29 (40%) ਨੇ ਅਪਰਾਧਿਕ ਕੇਸ ਹੋਣ ਦੀ ਗੱਲ ਮੰਨੀ ਹੈ। ਏ.ਡੀ.ਆਰ. ਨੇ 27 ਰਾਜਾਂ 3 ਕੇਂਦਰ ਸ਼ਾਸ਼ਤ ਪ੍ਰਦੇਸ਼ ਅਤੇ ਕੇਂਦਰ ਸਰਕਾਰ ਦੇ ਕੁੱਲ 643 ਮੰਤਰੀਆਂ ਦੇ ਹਲਫੀਆ ਬਿਆਨਾਂ ਦਾ ਵਿਸ਼ਲੇਸ਼ਣ ਕੀਤਾ ਹੈ। ਇਹ ਰਿਪੋਰਟ 2020 ਤੋਂ 2025 ਦੇ ਦੌਰਾਨ ਹੋਈਆਂ ਚੋਣਾਂ ਦੇ ਦੌਰਾਨ ਦਾਖ਼ਲ ਕੀਤੇ ਗਏ ਹਲਫ ਨਾਮਿਆਂ ਤੋਂ ਹਾਸਲ ਕੀਤੀ ਹੈ।

ਰਿਪੋਰਟ ਦਸਦੀ ਹੈ ਕਿ ਭਾਜਪਾ ਦੇ 336 ਮੰਤਰੀਆਂ ਵਿਚੋਂ 136 ਉਤੇ, ਅਪਰਾਧਿਕ ਕੇਸ ਹਨ, ਜਿਹਨਾ ਵਿਚੋਂ 88 ਤੇ ਗੰਭੀਰ (ਬਲਾਤਕਾਰ ਅਤੇ ਅਗਵਾ ਜਿਹੇ) ਦੋਸ਼ ਹਨ। ਕਾਂਗਰਸ ਦੇ 61 ਵਿਚੋਂ 45 'ਤੇ ਕੇਸ ਹਨ ਅਤੇ 18 ਤੇ ਗੰਭੀਰ ਦੋਸ਼ ਹਨ। ਡੀ.ਐਮ.ਕੇ. ਦੇ 31 ਵਿਚੋਂ 27 ਮੰਤਰੀ ਆਰੋਪੀ ਹਨ ਜਿਸਦੇ 14 ਮੰਤਰੀਆਂ 'ਤੇ ਗੰਭੀਰ ਦੋਸ਼ ਹਨ। ਟੀ.ਐਮ.ਸੀ. ਦੇ 40 ਵਿੱਚੋਂ 13 'ਤੇ ਕੇਸ ਹਨ ਤੇ 8 'ਤੇ ਗੰਭੀਰ ਕੇਸ ਹਨ। ਤੇਲਗੂ ਦੇਸ਼ਮ ਪਾਰਟੀ ਦੇ 23 ਵਿਚੋਂ 22 'ਤੇ ਦੋਸ਼ ਹਨ, ਜਿਹਨਾ ਵਿਚੋਂ 22 ਮੰਤਰੀ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਆਮ ਆਦਮੀ ਪਾਰਟੀ ਦੇ 16 ਵਿਚੋਂ 11 ਮੰਤਰੀ ਆਰੋਪੀ ਹਨ ਜਿਹਨਾ ਵਿਚੋਂ 5 'ਤੇ ਗੰਭੀਰ ਦੋਸ਼ ਹਨ। ਹੁਣ ਜਦੋਂ ਕੇਂਦਰ ਸਰਕਾਰ 130 ਵੀਂ ਸੋਧ ਲਿਆ ਰਹੀ ਹੈ ਤਾਂ ਕੀ ਉਹ ਇਹਨਾ ਮੰਤਰੀਆਂ ਜਾਂ ਮੁੱਖ ਮੰਤਰੀਆਂ ਖਿਲਾਫ਼ ਕਾਰਵਾਈ ਕਰੇਗੀ? ਉਹਨਾ ਨੂੰ ਜੇਲ੍ਹ ਭੇਜੇਗੀ ਆਪਣਿਆਂ ਸਮੇਤ।

ਦੇਸ਼ ਵਿੱਚ ਭਾਜਪਾ ਦਾ ਗ੍ਰਾਫ਼ ਪਿਛਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਲਗਾਤਾਰ ਘੱਟ ਰਿਹਾ ਹੈ। ਦੇਸ਼ ਭਰ 'ਚ ਕਿਸਾਨ, ਖੇਤ ਮਜ਼ਦੂਰ, ਬੇਰੁਜ਼ਗਾਰ, ਇੱਕ ਮੁੱਠ ਹੋਕੇ ਉਸ ਵਿਰੁੱਧ ਮੁਹਿੰਮ ਚਲਾ ਰਹੇ ਹਨ। ਹਾਕਮ ਦੀਆਂ ਨਿੱਜੀਕਰਨ, ਨੀਤੀਆਂ ਨੂੰ ਭੰਡ ਰਹੇ ਹਨ। ਲੋਕ ਹਿਤੈਸ਼ੀ ਯੋਜਨਾਵਾਂ ਨੂੰ ਗੁੱਠੇ ਲਗਾਇਆ ਜਾ ਰਿਹਾ ਹੈ ਤਾਂ ਲੋਕਾਂ 'ਚ ਗੁੱਸਾ ਹੈ। ਹਾਕਮ ਇਸ ਗੁੱਸੇ ਨੂੰ ਭਾਂਪ ਰਿਹਾ ਹੈ ਅਤੇ ਹਰ ਹੀਲਾ ਵਰਤਕੇ ਦੇਸ਼ ਦੀ ਗੱਦੀ ਹੱਥੋਂ ਨਹੀਂ ਜਾਣ ਦੇਣਾ ਚਾਹੁੰਦਾ।

ਦੇਸ਼ ਵਿੱਚ 21 ਰਾਜਾਂ 'ਚ ਭਾਜਪਾ ਤੇ ਉਸਦੇ ਹਿਮਾਇਤੀ ਕਾਬਜ਼ ਹਨ ਅਤੇ ਕਾਂਗਰਸ ਸਿਰਫ਼ ਤਿੰਨਾਂ ਸੂਬਿਆਂ ਝਾਰਖੰਡ, ਕਰਨਾਟਕ ਅਤੇ ਹਿਮਾਚਲ 'ਚ ਕਾਬਜ਼ ਹੈ ਅਤੇ ਜੰਮੂ-ਕਸ਼ਮੀਰ 'ਚ ਉਮਰ ਅਬਦੁੱਲਾ, ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਅਤੇ ਪੰਜਾਬ 'ਚ ਆਮ ਆਦਮੀ ਪਾਰਟੀ ਦਾ ਸ਼ਾਸ਼ਨ ਹੈ। ਪਰ ਭਾਜਪਾ ਉਪਰ, ਬੱਲੇ ਸਾਰੇ ਸੂਬਿਆਂ 'ਚ ਆਪ ਸ਼ਾਸ਼ਨ ਚਾਹੁੰਦੀ ਹੈ ਅਤੇ ਦੇਸ਼ 'ਚ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਅਜੰਡਾ ਲਾਗੂ ਕਰਨ ਲਈ ਯਤਨਸ਼ੀਲ ਹੈ।

ਇਸੇ ਕਰਕੇ "ਇੱਕ ਦੇਸ਼ ਇੱਕ ਚੋਣ" ਦਾ ਨਾਹਰਾ ਉਸ ਵੱਲੋਂ ਲਗਾਇਆ ਜਾ ਰਿਹਾ ਹੈ ਅਤੇ ਇਸੇ ਕਰਕੇ ਪੂਰੇ ਦੇਸ਼ ਵਿੱਚੋਂ ਵਿਰੋਧੀ ਧਿਰ ਦਾ ਨਾਮੋ-ਨਿਸ਼ਾਨ ਮਿਟਾਉਣ ਦਾ ਉਸਨੇ ਟੀਚਾ ਮਿਥਿਆ ਹੈ। ਇਸੇ ਕਰਕੇ ਸੰਵਿਧਾਨਿਕ ਸੋਧਾਂ ਨਾਲ ਸੰਵਿਧਾਨ ਬਦਲਕੇ, ਸਮੁੱਚੀ ਤਾਕਤ ਆਪਣੇ ਹੱਥ ਕਰਨਾ ਉਪਰਲੇ ਹਾਕਮਾਂ ਦਾ ਵੱਡਾ ਸੁਪਨਾ ਹੈ।

ਕੇਂਦਰ ਸਰਕਾਰ ਵੱਲੋਂ ਆਪਣੇ 11 ਸਾਲ ਦੇ ਕਾਰਜਕਾਲ 'ਚ ਸਾਰੇ ਕਾਨੂੰਨਾਂ ਜਿਹਨਾ 'ਚ ਤਿੰਨ ਫੌਜਦਾਰੀ ਕਾਨੂੰਨ, ਚਾਰ ਕਿਰਤ ਕੋਡ, ਯੂ.ਏ.ਪੀ.ਏ. ਅਫਸਪਾ, ਪਬਲਿਕ ਸਕਿਉਰਿਟੀ ਐਕਟ ਅਤੇ ਅਜਿਹੇ ਹੋਰ ਕਾਨੂੰਨਾਂ ਨੂੰ ਹਥਿਆਰ ਦੀ ਤਰ੍ਹਾਂ ਵਰਤਿਆ ਗਿਆ ਹੈ, ਇਥੋਂ ਤੱਕ ਕਿ ਜੀ. ਐੱਸ. ਟੀ. ਘਟਾਕੇ ਉਸਦੀਆਂ ਦਰਾਂ ਦੋ ਹੀ ਰਹਿਣ ਦਿੱਤੀਆਂ ਗਈਆਂ ਹਨ ਤਾਂ ਕਿ ਲੋਕਾਂ ਨੂੰ ਖੁਸ਼ ਕੀਤਾ ਜਾ ਸਕੇ ਤੇ ਵੋਟਾਂ ਪ੍ਰਾਪਤ ਕੀਤੀਆਂ ਜਾ ਸਕਣ। ਨਵੇਂ ਅਪਰਾਧਿਕ ਕਾਨੂੰਨ ਅਧੀਨ ਕੋਈ ਵੀ ਪੁਲਿਸ ਅਧਿਕਾਰੀ ਕਿਸੇ ਵੀ ਵਿਅਕਤੀ ਨੂੰ ਵਰੰਟ ਦੇ ਨਾਲ ਜਾਂ ਵਰੰਟ ਦੇ ਬਿਨ੍ਹਾਂ ਹੀ ਗ੍ਰਿਫ਼ਤਾਰ ਕਰ ਸਕਦਾ ਹੈ। ਜੇਕਰ ਉਸਦੇ ਖਿਲਾਫ਼ ਇਹ ਉਚਿਤ ਸ਼ੱਕ ਹੋਵੇ ਕਿ ਉਸਨੇ ਕੋਈ ਅਪਰਾਧ ਕੀਤਾ ਹੈ।

ਦੇਸ਼ ਦੀ ਸੁਪਰੀਮ ਕੋਰਟ ਦੇ ਮਾਨਯੋਗ ਜੱਜ ਕ੍ਰਿਸ਼ਨ ਆਇਰ ਦੇ ਇਸ ਕਥਨ ਦੇ ਬਾਵਜੂਦ ਕਿ ਜ਼ਮਾਨਤ ਨਿਯਮ ਹੈ, ਜੇਲ੍ਹ ਬੁਰਾਈ ਹੈ, ਹੇਠਲੀਆਂ ਅਦਾਲਤਾਂ ਜ਼ਮਾਨਤ ਦੇਣ ਤੋਂ ਅਕਸਰ ਪਰਹੇਜ਼ ਕਰਦੀਆਂ ਹਨ। ਹਾਈ ਕੋਰਟਾਂ 'ਚ ਪਹਿਲੀ ਸੁਣਵਾਈ 'ਚ ਜ਼ਮਾਨਤ ਨਹੀਂ ਮਿਲਦੀ ਅਤੇ ਸਰਕਾਰ ਨੂੰ ਕਿਸੇ ਨਾ ਕਿਸੇ ਬਹਾਨੇ ਇਸ ਮਾਮਲੇ ਨੂੰ ਖਿਚਣ ਦਾ ਮੌਕਾ ਮਿਲ ਜਾਂਦਾ ਹੈ, ਇਹੋ ਜਿਹੇ ਹਾਲਤਾਂ 'ਚ 60 ਤੋਂ 90 ਦਿਨਾਂ ਬਾਅਦ ਜ਼ਮਾਨਤ ਮਿਲਦੀ ਹੈ। ਸਿੱਟਾ ਇਹ ਨਿਕਲਦਾ ਹੈ ਕਿ ਕਿਸੇ ਵੀ ਕੇਸ 'ਚ ਫਸੇ ਵਿਅਕਤੀ ਲਈ ਸੁਪਰੀਮ ਕੋਰਟ ਹੀ ਸਹਾਰਾ ਬਣਦੀ ਹੈ ਅਤੇ ਜ਼ਮਾਨਤ ਦਿੰਦੀ ਹੈ। ਇਸੇ ਕਰਕੇ ਵੱਡੀ ਗਿਣਤੀ 'ਚ ਕੇਸ ਉਥੇ ਹੀ ਜਾਂਦੇ ਹਨ।

ਸੁਪਰੀਮ ਕੋਰਟ ਤੱਕ ਜਦੋਂ ਤੱਕ ਮੰਤਰੀ, ਮੁੱਖ ਮੰਤਰੀ ਆਪਣੀਆਂ ਅਪੀਲਾਂ, ਦਲੀਲਾਂ ਲੈ ਕੇ ਪੁੱਜਣਗੇ, ਉਦੋਂ ਤੱਕ ਸੰਵਿਧਾਨ ਦੀ 130 ਵੀਂ ਸੋਧ ਅਧੀਨ ਹਾਕਮ, ਆਪਣੇ ਵਿਰੋਧੀਆਂ ਨੂੰ ਬਦਨਾਮ ਵੀ ਕਰ ਚੁੱਕੇ ਹੋਣਗੇ ਅਤੇ ਆਪਣੀ ਹੈਂਕੜ ਵੀ ਪੁਗਾ ਚੁੱਕੇ ਹੋਣਗੇ। ਸੋ ਸਪਸ਼ਟ ਹੈ ਕਿ ਇਹ ਬਿੱਲ ਵਿਰੋਧੀਆਂ 'ਚ ਇੱਕ ਵੱਡਾ ਡਰ ਪੈਦਾ ਕਰਨ ਦਾ ਹਥਿਆਰ ਬਣ ਗਿਆ ਹੈ।

'ਇੰਡੀਆ' ਗਠਜੋੜ ਅਤੇ ਤ੍ਰਿਮੂਲ ਕਾਂਗਰਸ ਉਤੇ ਇਹ ਹਥਿਆਰ ਵਰਤੇ ਜਾਣ ਦਾ ਡਰ ਹੈ, ਕਿਉਂਕਿ ਹਾਕਮ, ਹਿੰਦੋਸਤਾਨ ਨੂੰ ਕਾਂਗਰਸ ਮੁਕਤ ਕਰਨਾ ਚਾਹੁੰਦੇ ਹਨ ਅਤੇ ਤ੍ਰਿਮੂਲ ਕਾਂਗਰਸ ਦੀ ਸ਼ਕਤੀਸ਼ਾਲੀ ਮੁੱਖ ਮੰਤਰੀ ਨੂੰ ਹਰ ਹੀਲੇ ਖੂੰਜੇ ਲਾਉਣਾ ਚਾਹੁੰਦੇ ਹਨ। ਇੰਡੀਆ ਗੱਠਜੋੜ ਤੇ ਤ੍ਰਿਮੂਲ ਕਾਂਗਰਸ ਅਸਾਨੀ ਨਾਲ ਪਾਰਲੀਮੈਂਟ ਵਿੱਚ ਆਪਣੇ ਮੈਂਬਰਾਂ ਦੀ ਤਾਕਤ ਦਿਖਾਕੇ ਇਸ ਬਿੱਲ ਨੂੰ ਪਾਸ ਹੋਣ ਤੋਂ ਰੋਕ ਸਕਦੇ ਹਨ। ਹਾਲਾਂਕਿ ਰਾਜਗ (ਭਾਜਪਾ ਦੇ ਸਹਿਯੋਗੀ) ਸਰਕਾਰ ਨੂੰ ਭਰੋਸਾ ਹੈ ਕਿ ਉਹ ਬਿੱਲ ਨੂੰ ਪਾਸ ਕਰਵਾਉਣ ਲਈ ਕੋਈ ਨਾ ਕੋਈ ਹੱਲ ਕੱਢ ਹੀ ਲੈਣਗੇ।

ਹੋ ਸਕਦਾ ਹੈ ਕਿ ਉਸ ਕੋਲ ਦੋਨਾਂ ਸਦਨਾਂ ਵਿੱਚ ਕੁਝ ਵਿਰੋਧੀ ਦਲਾਂ ਜਾਂ ਸੰਸਦ ਮੈਂਬਰਾਂ ਨੂੰ ਆਪਣੇ ਪੱਖ 'ਚ ਕਰਨ ਦਾ ਕੋਈ ਢੰਗ ਹੋਵੇ। ਜਾਂ ਹੋ ਸਕਦਾ ਹੈ ਕਿ ਉਸਦੇ ਕੋਲ ਕੁਝ ਵਿਰੋਧੀ ਸੰਸਦ ਮੈਂਬਰਾਂ ਨੂੰ ਗਾਇਬ ਕਰਨ ਦੀ ਤਰਕੀਬ ਹੋਵੇ ਅਤੇ ਬਿੱਲ ਪਾਸ ਕਰਵਾਉਣ ਲਈ ਕੋਈ ਵੱਡੀ ਯੋਜਨਾ ਹੋਵੇ ਜਾਂ ਫਿਰ ਉਸਦੇ ਕੋਲ ਕੋਈ ਇਹੋ ਜਿਹੀ ਰਣਨੀਤੀ ਹੋਵੇ ਜੋ ਸਮਝ ਤੋਂ ਪਰ੍ਹੇ ਹੋਵੇ।

ਪਰ ਇਹੋ ਜਿਹਾ ਬਿੱਲ, ਕਾਨੂੰਨ ਬਣ ਜਾਣਾ ਰਾਸ਼ਟਰ ਹਿੱਤ ਵਿੱਚ ਨਹੀਂ ਹੈ। ਗੱਦੀ ਹਥਿਆਉਣ ਲਈ ਕਾਨੂੰਨਾਂ ਨੂੰ ਹਥਿਆਰ ਵਜੋਂ ਵਰਤਣਾ ਲੋਕਤੰਤਰ ਦੀਆਂ ਜੜ੍ਹਾਂ 'ਚ ਤੇਲ ਦੇਣ ਸਮਾਨ ਹੈ ਅਤੇ ਡਿਕਟੇਟਰਾਨਾ ਰੁਚੀਆਂ ਨੂੰ ਅੱਗੇ ਵਧਾਉਣ ਦੇ ਤੁਲ ਹੈ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਭਾਰਤ ਵੀ ਬੇਲਾਰੂਸ, ਬੰਗਲਾਦੇਸ਼, ਕੰਬੋਡੀਆ, ਕੈਮਰੂਨ, ਕਾਂਗੋ (ਡੀ. ਆਰ. ਸੀ), ਮਿਆਂਮਾਰ, ਨਿਕਾਰਾਗੁਆ, ਪਾਕਿਸਤਾਨ, ਰੂਸ, ਰਿਵਾਂਡਾ, ਯੁਗਾਂਡਾ, ਵੈਨਜ਼ੁਏਲਾ, ਜਾਂਬੀਆ ਅਤੇ ਜ਼ਿੰਬਾਬਵੇ ਦੀ ਕਤਾਰ ਵਿੱਚ ਹੋ ਜਾਏਗਾ, ਜੋ ਆਮ ਤੌਰ 'ਤੇ ਵਿਰੋਧੀ ਨੇਤਾਵਾਂ ਨੂੰ ਜੇਲ੍ਹ ਵਿੱਚ ਸੁੱਟ ਦਿੰਦੇ ਹਨ।

*******

# ਚੜ੍ਹਦੀ ਕਲਾਂ ਵਿੱਚ ਰਹਿਣ ਵਾਲੇ ਪੰਜਾਬੀਆਂ ਨੂੰ ਸਲਾਮ...

ਗੁਰਪ੍ਰੀਤ ਸਿੰਘ ਵਿੱਕੀ
ਮੋਬਾ: 8284888700

ਸਿੱਖ ਕੌਮ ਸਰਬੱਤ ਦਾ ਭਲਾ ਮੰਗਣ ਵਾਲਿਆਂ ਦੀ ਕੌਮ ਹੈ। ਪੰਜਾਬੀ ਸ਼ੁਰੂ ਤੋਂ ਹੀ ਹਰ ਮੁਸੀਬਤਾਂ ਦਾ ਮੁਕਾਬਲਾ ਕਰਦੇ ਰਹੇ ਹਨ । ਕਦੇ ਇਹਨਾਂ ਦੇ ਸਿਰਾਂ ਦੇ ਮੁੱਲ ਪਏ ਹਨ, ਕਦੇ ਝੂਠੇ ਪੁਲਿਸ ਮਕਾਬਲੇ ਬਣਾ ਕੇ, ਕਦੇ ਇਹਨਾਂ ਦੇ ਗਲਾਂ ਵਿੱਚ ਬਲਦੇ ਟਾਇਰ ਪਾ ਕੇ ਸਮੇਂ ਦੀਆਂ ਸਰਕਾਰਾਂ ਨੇ ਇਹਨਾਂ ਨੂੰ ਖਤਮ ਬਾਰੇ ਸੋਚਿਆ ਹੈ। ਇਸ ਕੌਮ ਨੇ ਹਰ ਮੁਸ਼ਕਿਲ ਦਾ ਡੱਟ ਕੇ ਸਾਹਮਣਾ ਕੀਤਾ ਹੈ। ਇਹ ਕੌਮ ਦੁਨੀਆਂ ਵਿੱਚ ਹਰ ਕੋਨੇ ਵਿੱਚ ਮਾਨਵਤਾ ਦੀ ਮੱਦਤ ਕਰਨ ਲਈ ਪਹੁੰਚਦੀ ਰਹੀ ਹੈ। ਇਹ ਅਲੱਗ ਗੱਲ ਹੈ ਕਿ ਹੁਣ ਜਦ ਇਸ ਕੌਮ ਤੇ ਮੁਸਕਿਲ ਆਈ ਹੈ ਤਾਂ ਦੇਸ਼ ਦੇ ਬਾਕੀ ਸੂਬਿਆਂ ਵਿੱਚੋਂ ਬਹੁਤ ਘੱਟ ਮੱਦਤ ਵਾਲੇ ਹੱਥ ਇਹਨਾਂ ਕੋਲ ਪਹੁੰਚੇ ਹਨ।

ਪੰਜਾਬ ਵਿੱਚ ਆਏ ਹੜ੍ਹ ਬਹੁਤ ਕੁਝ ਸਿਖਾ ਕੇ ਗਏ ਹਨ, ਪਾਣੀ ਨੇ ਜੋ ਨੁਕਸਾਨ ਕਰਨਾ ਸੀ ਕਰ ਦਿੱਤਾ ਹੈ, ਪਰ ਪੰਜਾਬੀਆਂ ਨੇ ਜਿਸ ਚੜਦੀ ਕਲਾਂ ਵਿੱਚ ਰਹਿ ਕੇ ਇਹਨਾਂ ਮੁਸੀਬਤਾਂ ਦਾ ਸਾਹਮਣਾ ਕੀਤਾ ਹੈ ਉਹ ਕਾਬਲੇ ਤਰੀਫ ਹੈ। ਇੱਥੇ ਹੜਾਂ ਵਿੱਚ ਵੀ ਪੰਜਾਬੀਆਂ ਨੂੰ ਜੈਕਾਰੇ ਲਾਉਂਦੇ ਵੇਖਿਆ ਗਿਆ ਹੈ, ਵੱਡੇ ਵੱਡੇ ਦਰਿਆਵਾਂ ਨੂੰ ਨੱਕੇ ਲਾਉਣਾ ਕੋਈ ਆਮ ਗੱਲ ਨਹੀਂ ਹੁੰਦੀ ਹੈ। ਹੁਣ ਸਮਝ ਆ ਗਿਆ ਹੈ ਕਿ ਬਾਬਾ ਦੀਪ ਸਿੰਘ ਜੀ ਉਸ ਟਾਇਮ ਕਿਵੇਂ ਬਿਨਾਂ ਸੀਸ਼ ਤੋਂ ਲੜ ਗਿਆ ਹੋਣਾ ਏ, ਹੁਣ ਪਤਾ ਲੱਗ ਰਿਹਾ ਕਿ ਆਪਣੇ ਟੋਟੇ ਕਰਵਾ ਵੇ ਇਹ ਕੌਮ ਦੁਸਮਣਾਂ ਸਾਹਮਣੇ ਕਿਉਂ ਨਹੀਂ ਝੁਕੀ ਸੀ। ਕਿਵੇਂ ਇਹ ਕੌਮ ਉਸ ਟਾਇਮ ਜੰਗਲਾਂ ਵਿੱਚ ਮਾੜੇ ਤੋਂ ਮਾੜੇ ਟਾਇਮ ਵਿੱਚ ਵੀ ਚੜਦੀ ਕਲਾਂ ਵਿੱਚ ਰਹੀ ਹੋਣੀ ਏ।

ਪੰਜਾਬ ਦੇ ਨੋਜਵਾਨਾਂ ਨੂੰ ਨਸ਼ਈ ਹੋਣ ਦਾ ਮਹਿਣਾ ਦੇ ਕੇ ਮੀਡੀਆ ਵਿੱਚ ਭੰਡਿਆ ਜਾ ਰਿਹਾ ਹੈ। ਮੰਨਿਆ ਕਿ ਕੁਝ ਨੌਜਵਾਨ ਗਲਤ ਰਸਤੇ ਤੇ ਜਾ ਪਏ ਹਨ, ਜਿਆਦਾਤਰ ਸਿੱਖੀ ਤੋਂ ਭਟਕ ਵੀ ਚੁੱਕੇ ਹਨ। ਫਿਰ ਵੀ ਇਹ ਨੋਜਵਾਨ ਹੀ ਹਨ ਜੋ ਅੱਜ ਪੰਜਾਬ ਦੇ ਹੜ੍ਹਾਂ ਨਾਲ ਪੀੜਤ ਪਿੰਡਾਂ ਵਿੱਚ ਜਾ ਕੇ ਆਪਣੀ ਜਾਨ ਨੂੰ ਜੋਖਮ ਵਿੱਚ ਪਾ ਕੇ ਹਰ ਧਰਮ-ਜਾਤ ਦੇ ਲੋਕਾਂ ਨੂੰ ਲੰਗਰ ਅਤੇ ਹੋਰ ਜਰੂਰੀ ਵਸਤਾਂ ਵੰਡ ਰਹੇ ਹਨ। ਸੋਸ਼ਲ ਮੀਡਿਆ ਤੇ ਇੱਕ ਵੀਡਿਉ ਵੇਖੀ, ਜਿਸ ਵਿੱਚ ਨੌਜਵਾਨ ਜੋ ਗਲ ਤੱਕ ਪਾਣੀ ਵਿੱਚ ਡੁੱਬੇ ਹੋਏ ਹਨ, ਪਰ ਉਹਨਾਂ ਨੇ ਫਿਰ ਵੀ ਆਪਣੇ ਮੋਢਿਆਂ ਉੱਤੇ ਸਬਜੀ ਦੀਆਂ ਬਾਲਟੀਆਂ, ਸਿਰ ਤੇ ਰੋਟੀ ਵਾਲੇ ਟੋਕਰੇ ਅਤੇ ਹੋਰ ਜਰੂਰਤ ਦਾ ਸਮਾਨ ਰੱਖਿਆ ਹੋਇਆ ਹੈ ,ਉਹ ਪਾਣੀ ਵਿੱਚ ਘਿਰੇ ਲੋਕਾਂ ਦੇ ਘਰ-ਘਰ ਜਾ ਕੇ ਲੰਗਰ ਵਰਤਾ ਰਹੇ ਹਨ। ਇੱਥੇ ਗੰਦੇ ਮੰਦੇ ਜਾਂ ਹਥਿਆਰਾਂ ਆਦਿ ਦੇ ਗੀਤ ਗਾਉਣ ਵਾਲੇ ਜਾਂ ਸੋਸਲ ਮੀਡੀਆਂ ਗਲਤ ਜਿਹੀਆਂ ਵੀਡੀਓ ਪਾਉਣ ਲਈ ਬਦਨਾਮ ਮੁੰਡੇ ਕੁੜੀਆਂ ਵੀ ਅੱਗੇ ਹੋ ਕੇ ਸੇਵਾ ਕਰਨ ਵਿੱਚ ਮਗਨ ਸਨ, ਹਰ ਕਿਸੇ ਕੋਲੋ ਜਿਨਾਂ ਵੀ ਹੋ ਸਕਿਆ ਉਹ ਆਪਣੇ ਪੰਜਾਬ ਨਾਲ ਖੜਿਆ ਹੈ।



ਇੱਕ ਹੋਰ ਵੀਡਿਉ ਵਿੱਚ ਨੋਜਵਾਨ ਰਾਤ ਨੂੰ ਟਰੈਕਟਰਾਂ ਦੀਆਂ ਲਾਇਟਾਂ ਬਾਲ ਕੇ ਲੋਕਾਂ ਦੇ ਭੁੱਖੇ ਪਿਆਸੇ ਬੇਜੁਆਨ ਡੰਗਰਾਂ ਲਈ ਚਾਰਾ ਤਿਆਰ ਕਰ ਰਹੇ ਹਨ ਅਤੇ ਹੜ ਪੀੜਤਾ ਤੱਕ ਪੁੱਜਦਾ ਵੀ ਕਰ ਰਹੇ ਸਨ। ਹਾਲਾਤ ਬਹੁਤ ਖਰਾਬ ਸਨ ਪਰ ਫਿਰ ਵੀ ਕਿਸੇ ਵੀ ਇਨਸਾਨ ਜਾਂ ਜਾਨਵਰ ਨੂੰ ਰੋਟੀ ਪਾਣੀ ਦੀ ਕਮੀ ਨਹੀਂ ਮਹਿਸੂਸ ਹੋਣ ਦਿੱਤੀ ਗਈ,ਜਿਸ ਮੰਡੀਰ ਨੂੰ ਮੀਡੀਆ ਦੁਆਰਾ ਬਦਨਾਮ ਕੀਤਾ ਜਾ ਰਿਹਾਂ ਸੀ, ਉਹੀ ਮੰਡੀਰ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਹੜ੍ਹ ਪੀੜਤਾਂ ਦੀ ਮੱਦਤ ਲਈ ਸਭ ਤੋਂ ਅੱਗੇ ਹੋਈ ਫਿਰ ਰਹੀ ਸੀ। ਟ੍ਰਰੈਕਟਰ ਹੁਣ ਖੇਤੀਬਾੜੀ ਕਰਨ ਲਈ ਨਹੀਂ ਜਾਨਾਂ ਬਚਾਉਣ ਦਾ ਕੰਮ ਦੇ ਰਹੇ ਸਨ, ਪੰਜਾਬੀ ਦਿਨ ਰਾਤ ਮਿਹਨਤ ਕਰਕੇ ਦਰਿਆਵਾਂ ਦੇ ਬੰਨ ਮਜਬੂਤ ਕਰ ਰਹੇ ਸਨ। ਕਈ ਨੌਜਵਾਨ ਇਹਨਾਂ ਪਿੰਡਾਂ ਵਿੱਚ ਮੁਫਤ ਵਿੱਚ ਡਾਕਟਰੀ ਮੱਦਤ ਵੀ ਪੁੱਜਦੀ ਕਰ ਰਹੇ ਹਨ। ਇਸ ਮੁਸਕਿਲ ਘੜੀ ਵਿੱਚ ਪੰਜਾਬ ਵਿੱਚ ਮਾਨਵਤਾ ਦੇ ਸੇਵਾਦਾਰਾਂ ਨੇ ਇਨਸਾਨ ਤਾਂ ਕੀ ਕੋਈ ਜਾਨਵਰ ਵੀ ਭੁੱਖੇ ਢਿੱਡ ਸੋਣ ਨਹੀ ਦਿੱਤਾ ਗਿਆ ਹੈ। ਇੱਕ ਬਜੁਰਗ ਭਾਵੁਕ ਜਿਹੀ ਵੀਡੀਓ ਬਣਾ ਕੇ ਦੱਸ ਰਿਹਾ ਸੀ ਕਿ ਇੱਕ ਸੱਪ ਪਾਣੀ ਤੋਂ ਬਚਣ ਲਈ ਉਹਨਾਂ ਦੇ ਘਰ ਦੇ ਵਿਹੜੇ ਵਿੱਚ ਆ ਕੇ ਬਹਿ ਗਿਆ ਹੈ, ਉਹ ਕਹਿ ਰਿਹਾ ਸੀ ਕਿ ਸਾਨੂੰ ਇਸ ਤੋਂ ਡਰ ਤਾਂ ਲੱਗ ਰਿਹਾ ਹੈ, ਪਰ ਅਸੀਂ ਹੁਣ ਇਸਨੂੰ ਮਾਰਨਾ ਨਹੀਂ ਹੈ ਕਿਉਕਿ ਇਸਨੇ ਬੁਰੇ ਟਾਇਮ ਵਿੱਚ ਸਾਡੀ ਸਰਨ ਲਈ ਹੈ। ਜਦੋਂ ਪਾਣੀ ਹਟ ਜਾਏਗਾ ਇਹ ਵਿਚਾਰਾ ਆਪ ਹੀ ਇੱਥੋਂ ਚਲੇ ਜਾਏਗਾ।

ਇਸ ਤੋਂ ਵੱਡੀ ਕੋਈ ਮਾਨਵਤਾ ਦੀ ਸੇਵਾ ਹੋ ਨਹੀ ਸਕਦੀ ।ਅਕਸਰ ਪਿੰਡਾਂ ਵਾਲਿਆਂ ਨੂੰ ਸ਼ਹਿਰੀ ਲੋਕ ਨੀਵਾਂ ਸਮਝਦੇ ਹਨ, ਉਹਨਾਂ ਨੂੰ ਅਨਪੜ੍ਹ , ਪੈਂਡੂ ਕਹਿ ਕੇ ਸੰਬੋਧਨ ਕਰਦੇ ਹਨ, ਪਰ ਜਦੋਂ ਹੁਣ ਕੁਝ ਸਹਿਰਾਂ ਵਿੱਚ ਵੀ ਹੜ ਦੇ ਪਾਣੀ ਨੇ ਕਹਿਰ ਢਾਹਿਆ ਹੈ ਇਹਨਾਂ ਪਿੰਡਾਂ ਵਾਲਿਆਂ ਨੇ ਆਪਣੇ ਸਾਰੇ ਕੰਮ ਧੰਦੇ ਛੱਡ ਕੇ ਸਹਿਰੀਆਂ ਦੀ ਜਾਨ ਬਚਾਈ ਹੈ। ਇਹਨਾਂ ਦੇ ਟਰੈਕਟਰ ਹਰ ਸਹਿਰ ਵਿੱਚ ਲੰਗਰ ਪਾਣੀ ਪਹੁੰਚਾ ਰਹੇ ਹਨ। ਜੋ ਹੋਰਾਂ ਲਈ ਆਪਣਾ ਸਭ ਕੁੱਝ ਦਾਅ ਤੇ ਲਾ ਕੇ ਭਾਈ ਘਨੇਈਆ ਜੀ ਵਾਗੂੰ ਨਿਰਸੁਆਰਥ ਸੇਵਾ ਕਰ ਰਹੇ ਹਨ। ਮੈਂਨੂੰ ਇਹ ਸਾਰੇ ਨੌਜਵਾਨ ਕਿਸੇ ਰੱਬੀ ਰੂਪ ਨਾਲੋ ਘੱਟ ਨਹੀ ਜਾਪ ਰਹੇ ਸਨ ।ਇਹਨਾਂ ਨੌਜਵਾਨਾਂ ਦੀ ਸੇਵਾ ਅੱਜ ਪੰਜਾਬ ਤੇ ਲੱਗੇ ਨੱਸ਼ੇ ਵਾਲੇ ਦਾਗ ਨੂੰ ਧੋ ਰਹੀ ਹੈ।

ਕੁੱਝ ਟਾਇਮ ਪਹਿਲਾਂ ਅਖਬਾਰਾਂ ਵਿੱਚ ਕਿਸਾਨ ਖੁਦਕੁਸੀਆਂ ਦੀ ਖਬਰ ਛਪ ਰਹੀਆਂ ਸਨ, ਭਾਵੇਂ ਸਾਡੇ ਕਿਸਾਨਾਂ ਨੂੰ ਬਹੁਤ ਮੁਸਕਿਲ ਜਿੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਇੱਥੇ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਹਨਾਂ ਹੀ ਕਿਸਾਨਾਂ ਨੇ ਅੱਜ ਕਿਸੇ ਵੀ ਹੜਾਂ ਦੀ ਮਾਰ ਝੱਲ ਰਹੇ ਪਰਿਵਾਰ ਨੂੰ ਭੱਖਾ ਨਹੀ ਸੋਣ ਦਿੱਤਾ ਹੈ, ਗਰੀਬ ਤੋਂ ਗਰੀਬ ਇਨਸਾਨ ਵੀ ਆਪਣੀ ਹੈਸੀਅਤ ਅਨਸਾਰ ਹੜ ਪੀੜਤਾਂ ਦੇ ਨਾਲ ਖੜਾ ਹੈ, ਇੱਕ ਵੀਡੀਓ ਸੋਸਲ ਮੀਡੀਆ ਤੇ ਵੇਖ ਕੇ ਅੱਖਾਂ ਵਿੱਚੋਂ ਪਾਣੀ ਭਰ ਆਇਆ ਕਿ ਕਿਸੇ ਪਿੰਡ ਵਿੱਚ ਹੜ ਪੀੜਤਾਂ ਲਈ ਰਸਦ ਇਕੱਠੀ ਕੀਤੀ ਜਾ ਰਹੀ ਸੀ ਤਾਂ ਉਸ ਪਿੰਡ ਦੇ ਗਰੀਬ ਤੋਂ ਗਰੀਬ ਲੋਕ ਵੀ ਆਪਣੀ ਹੈਸੀਅਤ ਅਨੁਸਾਰ ਦਾਨ ਕਰ ਰਹੇ ਸਨ, ਇੱਕ ਔਰਤ ਜੋ ਬਹੁਤ ਜਿਆਦਾ ਗਰੀਬ ਲੱਗ ਰਹੀ ਸੀ, ਉਹ ਵੀ ਵਿਚਾਰੀ ਕੁਝ ਦਾਣੇ ਦਾਨ ਕਰਕੇ ਜਾ ਰਹੀ ਸੀ ਅਤੇ ਕਹਿ ਰਹੀ ਸੀ "ਬਾਬੇ ਨਾਨਕ ਦੇ ਲੰਗਰ ਵਿੱਚ ਉਸਦਾ ਵੀ ਹਿੱਸਾ ਪਾ ਦਿਉ" ਇਸ ਤਰਾਂ ਦੀਆਂ ਮਹਾਨ ਰੂਹਾਂ ਸਿਰਫ ਪੰਜਾਬ ਵਿੱਚ ਹੀ ਮਿਲ ਸਕਦੀਆਂ ਹਨ । ਅਖਵਾਰਾਂ ਵਿੱਚ ਖਬਰਾਂ ਲੱਗ ਰਹੀਆਂ ਹਨ ਕਿ ਲੋਕਾਂ ਦੀ ਹੈਲਪ ਕਰਨ ਲਈ ਇੰਨੀ ਵੱਡੀ ਗਿਣਤੀ ਵਿੱਚ ਲੋਕ ਪਹੁੰਚ ਰਹੇ ਹਨ ਕਿ ਉਹਨਾਂ ਪਿੰਡਾ ਨੂੰ ਜਾਣ ਵਾਲੇ ਰਸਤਿਆਂ ਤੇ ਵੀ ਕਾਰ ਜਾਂ ਟਰੈਕਟਰ ਖੜਾਉਣ ਲਈ ਥਾਂ ਨਹੀ ਮਿਲ ਰਹੀ ਹੈ। ਦੂਜੇ ਪਾਸੇ ਪੰਜਾਬ ਤੋਂ ਬਾਹਰ ਜਦੋਂ ਵੀ ਅਜਿਹੀ ਆਫਤ ਆਉਦੀ ਹੈ ਤਾਂ ਇਸ ਆਫਤ ਵਿੱਚ ਫਸੇ ਸੈਲਾਨੀਆਂ ਨੂੰ ਹਿਮਾਚਲੀਆਂ ਵੱਲੋਂ ਲੁੱਟਿਆ ਜਾ ਹੈ, ਪਾਣੀ ਦੀ ਬੋਤਲ ਹਜਾਰ ਰੁਪਏ ਤੱਕ ਵੇਚੀ ਜਾ ਰਹੀ ਹੈ, ਪਰ ਪੰਜਾਬ ਦੀ ਧਰਤੀ ਤੇ ਬਿਨਾਂ ਜਾਤ ਪਾਤ ਜਾਂ ਧਰਮ ਪੁੱਛੇ ਹਰ ਕਿਸੇ ਦੀ ਨਿਸ਼ਕਾਮ ਸੇਵਾ ਕੀਤੀ ਜਾ ਰਹੀ ਹੁੰਦੀ ਹੈ।

ਕੁਝ ਸਾਲ ਪਹਿਲਾ ਜਦੋਂ ਨੋਟਬੰਦੀ ਦੇ ਕਾਰਨ ਪੈਸੇ ਦੀ ਕਮੀ ਹੋਣ ਕਾਰਨ ਸਾਰੇ

**ਅਖਵਾਰਾਂ ਵਿੱਚ ਖਬਰਾਂ ਲੱਗ ਰਹੀਆਂ ਹਨ ਕਿ ਲੋਕਾਂ ਦੀ ਹੈਲਪ ਕਰਨ ਲਈ ਇੰਨੀ ਵੱਡੀ ਗਿਣਤੀ ਵਿੱਚ ਲੋਕ ਪਹੁੰਚ ਰਹੇ ਹਨ ਕਿ ਉਹਨਾਂ ਪਿੰਡਾ ਨੂੰ ਜਾਣ ਵਾਲੇ ਰਸਤਿਆਂ ਤੇ ਵੀ ਕਾਰ ਜਾਂ ਟਰੈਕਟਰ ਖੜਾਉਣ ਲਈ ਥਾਂ ਨਹੀ ਮਿਲ ਰਹੀ ਹੈ। ਦੂਜੇ ਪਾਸੇ ਪੰਜਾਬ ਤੋਂ ਬਾਹਰ ਜਦੋਂ ਵੀ ਅਜਿਹੀ ਆਫਤ ਆਉਦੀ ਹੈ ਤਾਂ ਇਸ ਆਫਤ ਵਿੱਚ ਫਸੇ ਸੈਲਾਨੀਆਂ ਨੂੰ ਹਿਮਾਚਲੀਆਂ ਵੱਲੋਂ ਲੁੱਟਿਆ ਜਾ ਹੈ, ਪਾਣੀ ਦੀ ਬੋਤਲ ਹਜਾਰ ਰੁਪਏ ਤੱਕ ਵੇਚੀ ਜਾ ਰਹੀ ਹੈ, ਪਰ ਪੰਜਾਬ ਦੀ ਧਰਤੀ ਤੇ ਬਿਨਾਂ ਜਾਤ ਪਾਤ ਜਾਂ ਧਰਮ ਪੁੱਛੇ ਹਰ ਕਿਸੇ ਦੀ ਨਿਸ਼ਕਾਮ ਸੇਵਾ ਕੀਤੀ ਜਾ ਰਹੀ ਹੁੰਦੀ ਹੈ।**

ਦੇਸ਼ ਦਾ ਬੁਰਾ ਹਾਲ ਹੋਇਆ ਪਿਆ ਸੀ ਤਾਂ ਵੀ ਦਸੰਬਰ ਵਿੱਚ ਗੁਰੂ ਗੋਬਿੰਦ ਸਿੰਘ ਦੇ ਸਾਹਿਬਜਾਦਿਆ ਦੀ ਸ਼ਹਾਦਤ ਦੀ ਯਾਦ ਵਿੱਚ ਲੱਗੇ ਹੋਏ ਇਹਨਾਂ ਸੈਕੜੇਂ ਲੰਗਰਾ ਤੇ ਪੈਸੇ ਦੀ ਪ੍ਰਵਾਹ ਕੀਤੇ ਬਿਨਾਂ ਹਰ ਰੋਜ ਲੱਖਾਂ ਸੰਗਤਾਂ ਨੂੰ ਰੋਜ ਲੰਗਰ ਛਕਾਇਆ ਜਾ ਰਿਹਾ ਸੀ। ਇੱਥੇ ਮਹਿਸੂਸ ਹੀ ਨਹੀ ਹੋ ਰਿਹਾ ਸੀ ਕਿ ਪੰਜਾਬ ਵਿੱਚ ਕੋਈ ਨੋਟਬੰਦੀ ਦੀ ਸਮੱਸਿਆ ਹੈ। ਦਿੱਲੀ ਕਿਸਾਨ ਅੰਦੋਲਣ ਵੇਲੇ ਵੀ ਪੰਜਾਬੀਆਂ ਨੇ ਉੱਥੇ ਬੈਠੇ ਕਿਸਾਨਾਂ ਜਾਂ ਦਿੱਲੀ ਦੀਆਂ ਗਰੀਬ ਬਸਤੀਆਂ ਵਿੱਚ ਰਹਿਣ ਵਾਲਿਆਂ ਨੂੰ ਕਦੇ ਕਿਸੇ ਚੀਜ਼ ਦੀ ਤੋਟ ਨਹੀਂ ਆਉਣ ਦਿੱਤੀ ਸੀ। ਪੰਜਾਬ ਤੇ ਜਦੋਂ ਵੀ ਕੋਈ ਮੁਸੀਬਤ ਆਉਦੀ ਹੈ ਤਾਂ ਇਹ ਹਰ ਤਕੜਾਂ ਹੋ ਕੇ ਉੱਠ ਬਹਿ ਜਾਂਦਾ ਹੈ।

ਅੰਤ ਵਿੱਚ ਇਹ ਕਹਿਣਾ ਠੀਕ ਰਹੇਗਾ ਕਿ ਸਿੱਖ ਕੌਮ ਵਿੱਚ ਚਾਹੇ ਸਮੇਂ ਦੇ ਨਾਲ ਕੁਝ ਗਿਰਾਵਟ ਆਈ ਹੈ, ਪਰ ਪੰਜਾਬੀ ਆਪਣੇ ਗੁਰੂਆਂ ਦੇ ਸਿਧਾਂਤਾਂ ਨੂੰ ਨਹੀ ਭੁੱਲੇ ਹਨ, ਅੱਜ ਵੀ ਇਸ ਕੌਮ ਵਿੱਚ ਅਣਖ ਬਾਕੀ ਹੈ ।ਇਹਨਾਂ ਦੇ ਗੁਰੂ ਨੇ ਇਹਨਾਂ ਨੂੰ ਹਰ ਮੁਸਕਿਲ ਸਮੇਂ ਵਿੱਚ ਰਹਿਣਾ ਅਤੇ ਇੱਕ ਦੂਜੇ ਦੀ ਮੱਦਤ ਕਰਨ ਦਾ ਸਬਕ ਸਿਖਾਇਆ ਹੋਇਆ ਹੈ। ਸਾਡਾ ਏਕਾ ਜੀ ਸਾਡਾ ਹੌਸਲਾਂ ਹੈ। ਕੁਦਰਤ ਅਤੇ ਸਰਕਾਰਾਂ ਜਿੰਨੀਆਂ ਮਰਜੀ ਕੋਸ਼ਿਸ਼ਾ ਕਰ ਲੈਣ ਇਹ ਪੰਜਾਬ ਕਦੇ ਵੀ ਖਤਮ ਨਹੀ ਹੋ ਸਕਦਾ।

**ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ**

**ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖਬਰ/ਤਸਵੀਰ/ ਇਸ਼ਤਿਹਾਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :**

**07966 388 388**

**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**



**ਫੋਨ : 07853 317 891**

Email: jaggikussa@yahoo.de

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 40**

# ਇੱਕ ਮੇਰੀ ਅੱਖ ਕਾਸ਼ਣੀ...

**ਉਸ ਨੇ ਮਾਣੋਂ ਦੇ ਮੂੰਹ ਤੋਂ ਕੱਪੜਾ ਉਤਾਰਿਆ। ਉਸ ਦਾ ਚਿਹਰਾ ਪੀਲ਼ਾ ਭੁਕ ਹੋਇਆ ਪਿਆ ਸੀ। ਪਾਵੀ ਨੂੰ ਉਸ 'ਤੇ ਬੇਹੱਦ ਤਰਸ ਜਿਹਾ ਆਇਆ ਅਤੇ ਉਸ ਦਾ ਦਿਲ ਪਿਘਲ ਗਿਆ। ਉਸ ਨੇ ਹਮਦਰਦੀ ਅਤੇ ਮੋਹ ਵਜੋਂ ਉਸ ਨੂੰ ਪਈ ਨੂੰ ਹੀ ਘੁੱਟ ਲਿਆ। ਮਾਣੋਂ ਇੱਕ ਦਮ ਉਠੀ ਅਤੇ ਬਾਥਰੂਮ ਨੂੰ ਦੌੜ ਪਈ। ਬਾਥਰੂਮ ਜਾਣ ਸਾਰ ਉਸ ਨੇ ਉਲਟੀ ਕੀਤੀ ਅਤੇ ਕਾਫ਼ੀ ਦੇਰ ਅਵੱਤ ਜਿਹੇ ਲੈਂਦੀ ਰਹੀ। ਜ਼ੋਰ ਲੱਗਣ ਕਾਰਨ ਉਸ ਦਾ ਪਿਸ਼ਾਬ ਵੀ ਵਿੱਚ ਹੀ ਨਿਕਲ਼ ਗਿਆ ਸੀ। ਉਸ ਨੇ ਸਲਵਾਰ ਉਥੇ ਹੀ ਲਾਹ ਦਿੱਤੀ ਅਤੇ ਕਾਫ਼ੀ ਚਿਰ ਪੈਰਾਂ ਭਾਰ ਬੈਠੀ ਰਹੀ। ਉਸ ਨੂੰ ਘੁੰਮੇਰ ਆ ਰਹੀ ਸੀ। ਸਿਰ ਚਕਰਾ ਰਿਹਾ ਸੀ। ਕੋਲ਼ ਪਾਵੀ ਨਿੰਬੂ ਪਾਣੀ ਲਈ ਖੜ੍ਹਾ ਸੀ।**

**-"ਲੈ ਮਾਣੋਂ, ਨਿੰਬੂ ਪਾਣੀ ਪੀ, ਸਿਹਤ ਠੀਕ ਹੋਜੂ...!"**

**-"........!" ਮਾਣੋਂ ਮੱਥਾ ਫੜੀ ਬੈਠੀ ਸੀ।**

**-"ਜੋ ਗੰਦ ਪਿੱਲ ਸੀ, ਉਹ ਨਿਕਲ਼ ਗਿਆ, ਹੁਣ ਨਿੰਬੂ ਪਾਣੀ ਪੀ ਕੇ ਠੀਕ ਹੋਜੇਂਗੀ...!"**




## ਕਾਂਡ 20

ਸਵੇਰ ਹੋਈ।

ਸੰਸਾਰ ਇੱਕ ਦਮ ਹਰਕਤ ਵਿੱਚ ਆ ਗਿਆ ਸੀ।

ਪਾਵੀ ਨੇ ਉਠ ਕੇ ਬਰੱਸ਼ ਕੀਤਾ ਅਤੇ ਰੂਮ ਸਰਵਿਸ ਨੂੰ ਕੌਫ਼ੀ ਦਾ ਆਰਡਰ ਦੇ ਦਿੱਤਾ।

ਮਾਣੋਂ ਤੋਂ ਉਠਿਆ ਨਹੀਂ ਜਾ ਰਿਹਾ ਸੀ। ਉਸ ਦਾ ਸਿਰ ਫਟ ਰਿਹਾ ਸੀ ਅਤੇ ਉਲਟੀ ਆ ਰਹੀ ਸੀ। ਉਸ ਦਾ ਸਰੀਰ ਨਿਰਬਲ ਸੀ ਪਰ ਉਹ ਮੂੰਹ ਲਪੇਟ ਕੇ ਢੀਠ ਜਿਹੀ ਹੋਈ ਪਈ ਸੀ।

ਵੇਟਰ ਆ ਕੇ ਕੌਫ਼ੀ ਰੱਖ ਗਿਆ।

-"ਕੁਛ ਔਰ ਸਰ...?"

-"ਅਭੀ ਨਹੀਂ...!"

ਵੇਟਰ ਮੁੜ ਗਿਆ।

-"ਓਹ ਯਾਰ ਬਾਤ ਸੁਨ...!" ਉਸ ਨੇ ਆਵਾਜ਼ ਮਾਰ ਕੇ ਵੇਟਰ ਨੂੰ ਰੋਕ ਲਿਆ।

-"ਜੀ ਸਰ...?"

-"ਦੋ ਨਿੰਬੂ ਮਿਲੇਂਗੇ...?"

-"ਜ਼ਰੂਰ ਮਿਲੇਂਗੇ ਸਰ...!"

-"ਦੋ ਨਿੰਬੂ ਔਰ ਗਰਮ ਪਾਨੀ ਲੇਕਰ ਆਓ...!"

-"ਜੀ ਸਰ...!"

-"ਜਾਨੂੰ...!" ਉਸ ਨੇ ਮਾਣੋਂ ਦੇ ਮੂੰਹ ਤੋਂ ਕੱਪੜਾ ਉਤਾਰਿਆ। ਉਸ ਦਾ ਚਿਹਰਾ ਪੀਲ਼ਾ ਭੁਕ ਹੋਇਆ ਪਿਆ ਸੀ। ਪਾਵੀ ਨੂੰ ਉਸ 'ਤੇ ਬੇਹੱਦ ਤਰਸ ਜਿਹਾ ਆਇਆ ਅਤੇ ਉਸ ਦਾ ਦਿਲ ਪਿਘਲ ਗਿਆ। ਉਸ ਨੇ ਹਮਦਰਦੀ ਅਤੇ ਮੋਹ ਵਜੋਂ ਉਸ ਨੂੰ ਪਈ ਨੂੰ ਹੀ ਘੁੱਟ ਲਿਆ। ਮਾਣੋਂ ਇੱਕ ਦਮ ਉਠੀ ਅਤੇ ਬਾਥਰੂਮ ਨੂੰ ਦੌੜ ਪਈ। ਬਾਥਰੂਮ ਜਾਣ ਸਾਰ ਉਸ ਨੇ ਉਲਟੀ ਕੀਤੀ ਅਤੇ ਕਾਫ਼ੀ ਦੇਰ ਅਵੱਤ ਜਿਹੇ ਲੈਂਦੀ ਰਹੀ। ਜ਼ੋਰ ਲੱਗਣ ਕਾਰਨ ਉਸ ਦਾ ਪਿਸ਼ਾਬ ਵੀ ਵਿੱਚ ਹੀ ਨਿਕਲ਼ ਗਿਆ ਸੀ। ਉਸ ਨੇ ਸਲਵਾਰ ਉਥੇ ਹੀ ਲਾਹ ਦਿੱਤੀ ਅਤੇ ਕਾਫ਼ੀ ਚਿਰ ਪੈਰਾਂ ਭਾਰ ਬੈਠੀ ਰਹੀ। ਉਸ ਨੂੰ ਘੁੰਮੇਰ ਆ ਰਹੀ ਸੀ। ਸਿਰ ਚਕਰਾ ਰਿਹਾ ਸੀ। ਕੋਲ਼ ਪਾਵੀ ਨਿੰਬੂ ਪਾਣੀ ਲਈ ਖੜ੍ਹਾ ਸੀ।

-"ਲੈ ਮਾਣੋਂ, ਨਿੰਬੂ ਪਾਣੀ ਪੀ, ਸਿਹਤ ਠੀਕ ਹੋਜੂ...!"

-"........!" ਮਾਣੋਂ ਮੱਥਾ ਫੜੀ ਬੈਠੀ ਸੀ।

-"ਜੋ ਗੰਦ ਪਿੱਲ ਸੀ, ਉਹ ਨਿਕਲ਼ ਗਿਆ, ਹੁਣ ਨਿੰਬੂ ਪਾਣੀ ਪੀ ਕੇ ਠੀਕ ਹੋਜੇਂਗੀ...!" ਉਸ ਨੇ ਉਸ ਦੇ ਮੂੰਹ ਨੂੰ ਗਿਲਾਸ ਲਾ ਦਿੱਤਾ। ਮਾਣੋਂ ਨੂੰ ਧੁੜਧੜੀ ਆਈ। ਪਰ ਉਸ ਨੇ ਗਿਲਾਸ ਫੜ ਕੇ ਹੌਲ਼ੀ-ਹੌਲ਼ੀ ਪਾਣੀ ਪੀ ਲਿਆ। ਪਾਣੀ ਕੋਸਾ ਸੀ। ਨਿੰਬੂ ਵਾਲ਼ਾ ਕੋਸਾ ਪਾਣੀ ਅੰਦਰ ਜਾਣ ਕਾਰਨ ਉਸ ਦੇ ਅੰਦਰ ਕੁਝ ਨਿੰਘ ਜਿਹਾ ਹੋਇਆ। ਉਹ ਉਠ ਕੇ ਆ ਕੇ ਬੈੱਡ ਵਿੱਚ ਪੈ ਗਈ ਅਤੇ ਮੂੰਹ ਮੁੜ ਢਕ ਲਿਆ।

ਹੁਣ ਮਾਣੋਂ ਨੂੰ ਹੋਰ ਤੋੜਾ-ਖੋਹੀ ਲੱਗ ਗਈ। ਉਸ ਨੂੰ ਬਿਲਕੁਲ ਵੀ ਚੇਤੇ ਨਹੀਂ ਸੀ ਕਿ ਰਾਤ ਕੀ ਹੋਇਆ ਸੀ...? ਕੀ ਰਾਤ ਪਾਵੀ ਨੇ ਮੇਰੇ ਨਾਲ਼...? ਸੋਚ ਕੇ ਉਹ ਕੰਬ ਗਈ। ਉਸ ਨੇ ਆਪਣਾ ਸਰੀਰ ਟੋਹ ਕੇ ਦੇਖਿਆ। ਸਭ ਕੁਝ ਸਹੀ ਸਲਾਮਤ ਸੀ। ਉਸ ਦਾ ਦਿਲ ਕੁਝ ਟਿਕ-ਾਣੇ ਆਇਆ। ਉਸ ਨੂੰ ਪਾਵੀ ਦਾ ਵੀ ਮੋਹ ਜਿਹਾ ਆਇਆ, ਜਿਸ ਨੇ ਪੀਤੀ ਹੋਣ ਦੇ ਬਾਵਜੂਦ ਵੀ ਉਸ ਦੀ ਇੱਜ਼ਤ ਸਲਾਮਤ ਰੱਖੀ ਸੀ। ਕੋਈ ਦਾਗ ਨਹੀਂ ਲਾਇਆ ਸੀ। ਉਹ ਕੰਬਲ਼ ਥੱਲੇ ਪਈ ਵੀ ਉਸ ਦਾ ਸ਼ੁਕਰਾਨਾ ਕਰ ਰਹੀ ਸੀ।

-"ਮਾਣੋਂ, ਹੁਣ ਤੂੰ ਘੰਟਾ ਅਰਾਮ ਕਰ ਲੈ, ਫ਼ੇਰ ਆਪਾਂ ਕੁਛ ਖਾ ਕੇ ਬਾਹਰ ਬੀਚ 'ਤੇ ਚੱਲਾਂਗੇ, ਤੇਰਾ ਚਿੱਤ ਬਿਲਕੁਲ ਠੀਕ ਹੋ ਜਾਊ ਬਾਹਰਲੀ ਹਵਾ ਲੈ ਕੇ...!"

ਮਾਣੋਂ ਨੇ ਸਿਰ ਹਿਲਾ ਕੇ "ਹਾਂ" ਵਿੱਚ ਉੱਤਰ ਦਿੱਤਾ।

ਹੁਣ ਉਸ ਨੂੰ ਹੋਰ ਸੋਚਾਂ ਚਿੰਬੜ ਗਈਆਂ। ...ਰਾਤ ਪੀਤੀ ਹੋਣ ਦੇ ਬਾਵਜੂਦ ਵੀ ਮੇਰੇ ਨਾਲ਼ ਕੋਈ ਮਾੜੀ ਹਰਕਤ ਨਹੀਂ ਕੀਤੀ...। ਨਹੀਂ ਤਾਂ ਅਲੱਥ ਮੁੰਡੀਹਰ ਤਾਂ ਬੱਸ ਮੌਕਾ ਭਾਲ਼ਦੀ ਰਹਿੰਦੀ ਐ...। ਪਰ ਪਾਵੀ ਵਾਕਿਆ ਹੀ ਮੇਰਾ ਸੱਚਾ ਅਤੇ ਸੁੱਚਾ ਦੋਸਤ ਨਿਕਲ਼ਿਆ, ਮੈਨੂੰ ਢੁੱਲ ਦੀ ਨੀ ਲਾਈ...। ਇਹਦੀ ਜਗਾਹ ਕੋਈ ਹੋਰ ਹੁੰਦਾ, ਹੁਣ ਨੂੰ ਆਪਣਾ ਕੰਮ ਕੱਢ ਕੇ ਯਾਰਾਂ ਨੂੰ ਪਾਰਟੀਆਂ ਦੇਣ ਦੀਆਂ ਗੱਲਾਂ ਕਰਦਾ..। ਪਾਵੀ ਵਾਕਿਆ ਹੀ ਵਿਸ਼ਵਾਸਯੋਗ ਅਤੇ ਸੱਚੀ-ਸੁੱਚੀ ਮੁਹੱਬਤ ਕਰਨ ਵਾਲ਼ਾ ਫ਼ਰਿਸ਼ਤਾ ਸੀ...। ਨਹੀਂ ਰਾਤ ਉਹ ਕੁਝ ਵੀ ਕਰ ਸਕਦਾ ਸੀ...।

ਪਤਾ ਨਹੀਂ ਕਦੋਂ ਮਾਣੋਂ ਨੂੰ ਨੀਂਦ ਆ ਗਈ।

ਜਦ ਪਾਵੀ ਨੇ ਉਸ ਨੂੰ ਜਗਾਇਆ ਤਾਂ ਉਹ ਬਹੁਤ ਹੱਦ ਤੱਕ ਠੀਕ ਸੀ। ਹੁਣ ਉਸ ਨੂੰ ਅਵੱਤ ਜਾਂ ਉਲਟੀ ਵੀ ਨਹੀਂ ਆ ਰਹੀ ਸੀ। ਸਰੀਰ ਥੋੜ੍ਹਾ ਕਮਜ਼ੋਰ ਜਿਹਾ ਲੱਗਦਾ ਸੀ। ਪਰ ਵੈਸੇ ਹੁਣ ਉਸ ਦੀ ਸਿਹਤ ਠੀਕ ਸੀ।

-"ਮਾਣੋਂ, ਉਠ ਕੇ ਗਰਮ ਗਰਮ ਪਾਣੀ ਨਾਲ਼ ਨਹਾ ਲੈ, ਸਰੀਰ ਬਿਲਕੁਲ ਠੀਕ ਹੋਜੂਗਾ..! ਫ਼ੇਰ ਕੁਛ ਖਾ ਲਵੀਂ, ਤੇ ਫ਼ੇਰ ਆਪਾਂ ਬੀਚ 'ਤੇ ਚੱਲਾਂਗੇ...!"

ਮਾਣੋਂ ਉਠ ਕੇ ਨਹਾਉਣ ਚਲੀ ਗਈ।

ਪਾਵੀ ਅਟੈਚੀ ਵਿੱਚੋਂ ਉਸ ਦੇ ਕੱਪੜੇ ਕੱਢਣ ਲੱਗ ਪਿਆ।

ਮਾਣੋਂ ਗਰਮ-ਗਰਮ ਪਾਣੀ ਨਾਲ਼ ਨਹਾਤੀ। ਗਰਮ ਪਾਣੀ ਨਾਲ਼ ਉਸ ਦਾ ਸਰੀਰ ਖੁੱਲ੍ਹਦਾ ਜਾ ਰਿਹਾ ਸੀ। ਪਤਾ ਨਹੀਂ ਕਿੰਨਾਂ ਕੁ ਚਿਰ ਉਹ ਗਰਮ ਪਾਣੀ ਦੇ 'ਸ਼ਾਵਰ' ਹੇਠ ਖੜ੍ਹੀ ਆਪਣੇ ਆਪ ਨੂੰ ਧੋਂਦੀ ਰਹੀ।

ਜਦ ਉਹ ਬਾਥਰੂਮ ਵਿੱਚੋਂ ਨਹਾ ਕੇ ਨਿਕਲ਼ੀ ਤਾਂ ਉਹ ਹੌਲ਼ੀ ਫੁੱਲ ਵਰਗੀ ਸੀ।

-"ਰਾਤ ਪੀ ਕੇ ਗਲਤੀ ਕੀਤੀ...। ਜੇ ਪਾਵੀ ਦੀ ਜਗਾਹ ਕੋਈ ਹੋਰ ਹੁੰਦਾ...? ਫ਼ੇਰ ਮੇਰਾ ਕੀ ਬਣਦਾ...?" ਉਸ ਦਾ ਮਨ ਬੋਲ ਰਿਹਾ ਸੀ, "ਮਰਦ ਜ਼ਾਤ ਤਾਂ ਇੱਕ ਮੌਕਾ ਭਾਲ਼ਦੀ ਰਹਿੰਦੀ ਐ, ਕਿ ਕਦੋਂ ਕੋਈ ਕੁੜੀ ਜਾੜ੍ਹ ਹੇਠ ਆਵੇ, ਤੇ ਕਦੋਂ ਉਹ ਕੜਾਕਾ ਪਾਉਣ...। ਪਰ ਇੱਕ ਪਾਵੀ ਹੀ ਸੀ, ਜਿਸ ਨੇ ਮੈਨੂੰ ਬਖ਼ਸ਼ ਦਿੱਤਾ ਅਤੇ ਮੇਰੇ ਬਾਪ ਦੀ ਫ਼ਰਾਖ਼ਦਿਲੀ ਦੀ ਲਾਜ ਰੱਖ ਲਈ ਅਤੇ ਮੇਰੀ ਇੱਜ਼ਤ ਨੂੰ ਧੱਬਾ ਨਹੀਂ ਲੱਗਣ ਦਿੱਤਾ...।"

-"ਆਹ ਕੱਪੜੇ ਪਏ ਐ, ਪਾ ਲੈ...।" ਪਾਵੀ ਨੇ ਬੈੱਡ ਉਪਰ ਰੱਖੇ ਕੱਪੜਿਆਂ ਵੱਲ ਇਸ਼ਾਰਾ ਕਰ ਕੇ ਕਿਹਾ

-"..........।" ਮਾਣੋਂ ਨੂੰ ਪਾਵੀ ਦਾ ਬੇਹੱਦ ਮੋਹ ਆਇਆ। ਉਸ ਦਾ ਦਿਲ ਕੀਤਾ ਕਿ ਉਹ ਪਾਵੀ ਦੇ ਗਲ਼ ਹਾਰ ਬਣ ਕੇ ਪੈ ਜਾਵੇ। ਉਸ ਦਾ ਜੀਅ ਪਾਵੀ ਦੇ ਪੈਰ ਧੋ ਕੇ ਪੀਣ ਨੂੰ ਕਰਦਾ ਸੀ, ਜੋ ਉਸ ਦਾ ਇਤਨਾ ਖ਼ਿਆਲ ਰੱਖਦਾ ਸੀ। ਖ਼ਾਸ ਤੌਰ 'ਤੇ ਉਸ ਦੀ ਇੱਜ਼ਤ ਆਬਰੂ ਦਾ ਖ਼ਿਆਲ ਕਰਦਾ ਸੀ। ਜੇ ਕੋਈ ਹੋਰ ਲਗਾੜਾ ਹੁੰਦਾ, ਹੁਣ ਨੂੰ ਵਗਦੀ ਗੰਗਾ ਵਿੱਚ ਹੱਥ ਧੋ ਕੇ ਰਾਹ ਪੈਂਦਾ। ਰਾਤ ਵਾਲ਼ੇ ਸੀਨ ਦਾ ਉਸ ਨੂੰ ਕੁਝ ਕੁਝ ਯਾਦ ਆ ਰਿਹਾ ਸੀ ਕਿ ਕਿਵੇਂ ਉਹ ਪਾਵੀ ਦੇ ਸਾਹਮਣੇ ਨਿਰਵਸਤਰ ਪਈ ਸੀ, ਅਤੇ ਪਾਵੀ ਨੇ ਉਸ ਨੂੰ ਹੱਥ ਤੱਕ ਨਹੀਂ ਲਾਇਆ ਸੀ। ਇਸ ਦਾ ਕੀ ਕਾਰਨ ਹੋ ਸਕਦਾ ਸੀ...? ਕਿ ਪਾਵੀ ਨੇ ਐਡਾ ਵੱਡਾ ਮੌਕਾ ਹੱਥੋਂ ਗੁਆ ਦਿੱਤਾ...? ਕਿਤੇ ਪਾਵੀ ਵੈਸੇ ਹੀ ਗਿਆ ਗੁਜ਼ਰਿਆ ਤਾਂ ਨਹੀਂ...? ਕਿਤੇ ਇਸ ਦੇ ਸੱਤੂ ਤਾਂ ਨਹੀਂ ਮੁੱਕੇ ਹੋਏ...? ਕਿਤੇ ਉਹ ਨਾ ਹੋਵੇ ਕਿ ਕੱਲ੍ਹ ਨੂੰ ਇਸ ਪੱਖੋਂ ਉਹ "ਖਾਖੀ ਨੰਗ" ਹੀ ਨਿਕਲੇ....? ਪਤਾ ਨਹੀਂ ਉਹ ਕੀ-ਕੀ ਕੁਛ ਪਾਵੀ ਬਾਰੇ ਸੋਚ ਰਹੀ ਸੀ। ਪਰ ਫ਼ਿਰ ਉਸ ਨੇ ਆਪਣੇ ਆਪ ਨੂੰ ਦੁਰਕਾਰ ਜਿਹੀ ਪਾਈ ਅਤੇ "ਫ਼ਿੱਟੇ ਮੂੰਹ" ਕਿਹਾ। ...ਜੇ ਉਹ ਰਾਤ ਤੇਰੀ ਇੱਜ਼ਤ ਨਾਲ਼ ਖਿਲਵਾੜ ਕਰ ਕੇ ਡੰਡੀ ਪੈਂਦਾ, ਫ਼ੇਰ ਤੂੰ ਖ਼ੁਸ਼ ਰਹਿੰਦੀ...? ...ਜੇ ਉਸ ਨੇ ਤੇਰੇ ਨਾਲ਼ ਭਲੀ ਗੁਜ਼ਾਰੀ ਅਤੇ ਤੇਰੇ ਜਿਸਮ ਨਾਲ਼ ਨਹੀਂ ਖੇਡਿਆ, ਤਾਂ ਤੂੰ ਉਸ ਨੂੰ ਬਿਨਾ ਨਿਰਖੇ ਪਰਖੇ ਅਜਿਹੀਆਂ ਤੋਹਮਤਾਂ ਲਾਉਣ 'ਤੇ ਉਤਰ ਆਈ...? ਕਿੰਨੀ ਪਾਪਣ ਹੈਂ ਤੂੰ ਮਾਣੋਂ..! ਤੈਨੂੰ ਤਾਂ ਰੱਬ ਵੀ ਮੁਆਫ਼ ਨਹੀਂ ਕਰੂਗਾ ਚੰਦਰੀਏ...! ਇੱਕ ਸਾਧੂ ਬਿਰਤੀ ਬੰਦੇ ਬਾਰੇ ਤੂੰ ਕੀ-ਕੀ ਗਲਤ ਮਲਤ ਸੋਚ ਗਈ...? ਜੇ ਹਰ ਚਮਕਦੀ ਚੀਜ਼ ਸੋਨਾਂ ਨਹੀਂ ਹੁੰਦੀ, ਤਾਂ ਪਾਵੀ ਨੇ ਇਹ ਵੀ ਸਬੂਤ ਦੇ ਦਿੱਤਾ ਕਿ ਹਰ ਮਰਦ ਵੀ ਜਿਸਮ ਦਾ ਭੁੱਖਾ ਭੇੜ੍ਹੀਆ ਨਹੀਂ ਹੁੰਦਾ...! ਪਾਵੀ ਨੇ ਸਾਬਤ ਕਰ ਦਿੱਤਾ ਕਿ ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ...। ਹਰ ਮਰਦ ਵੀ ਭੁੱਖਾ ਬਘਿਆੜ ਨਹੀਂ ਹੁੰਦਾ।

-"ਕੱਪੜੇ ਆਹੀ ਪਾਉਣੇ ਆਂ ਕਿ ਕੋਈ ਹੋਰ ਕੱਢਾਂ...?" ਪਾਵੀ ਨੇ ਉਸ ਦੀ ਬਿਰਤੀ ਤੋੜੀ।

-".......।" ਮਾਣੋਂ ਦੀਆਂ ਅੱਖਾਂ ਛਲਕ ਪਈਆਂ। ਉਸ ਦੇ ਸਾਹਮਣੇ ਉਸ ਦਾ ਦੋਸਤ ਪਾਵੀ ਨਹੀਂ, ਕੋਈ ਫ਼ਰਿਸ਼ਤਾ, ਕੋਈ ਦੇਵਤਾ, ਕੋਈ ਸਤਿਯੁਗੀ ਮਹਾਂਪੁਰਖ ਖੜ੍ਹਾ ਸੀ।

-"ਕੀ ਗੱਲ ਹੋਗੀ...?" ਪਾਵੀ ਨੇ ਉਸ ਦੀਆਂ ਭਰੀਆਂ ਅੱਖਾਂ ਦੇਖ ਕੇ ਉਸ ਨੂੰ ਗਲਵਕੜੀ ਵਿੱਚ ਲੈ ਲਿਆ।

......ਤੇ ਹੁਣ ਪਾਵੀ ਮਾਣੋਂ ਨੂੰ ਟੋਕੀਓ ਏਅਰਪੋਰਟ ਉਪਰ ਗਲਵਕੜੀ ਵਿੱਚ ਘੁੱਟੀ ਖੜ੍ਹਾ ਸੀ।

ਮਾਣੋਂ ਦੀਆਂ ਅੱਖਾਂ ਹੁਣ ਵੀ ਛਲਕ ਰਹੀਆਂ ਸਨ।

-"ਉਸ ਦਿਨ ਗੋਆ ਹੋਟਲ਼ ਦੇ ਕਮਰੇ ਵਿੱਚ ਤਾਂ ਤੇਰਾ ਰੋਣਾ ਸਮਝ ਪੈਂਦਾ ਸੀ ਕਿ ਤੂੰ ਭਾਵੁਕ ਹੋਈ ਰੋ ਰਹੀ ਸੀ, ਪਰ ਅੱਜ...? ਅੱਜ ਤਾਂ ਰੋਣ ਦਾ ਕਾਰਨ ਨੀ ਮੈਨੂੰ ਸਮਝ ਆ ਰਿਹਾ...।"

-"ਉਸ ਦਿਨ ਤੂੰ ਮੈਨੂੰ ਸੁੱਕੀ ਜਿਉਂ ਛੱਡ ਦਿੱਤਾ ਸੀ...।" ਉਹ ਰੋਂਦੀ-ਰੋਂਦੀ ਹੱਸ ਪਈ।

-"ਤੇ ਜੇ ਸੁੱਕੀ ਨਾ ਛੱਡਦਾ, ਫ਼ੇਰ ਕੀ ਤੂੰ ਚੱਪਲੀਆਂ 'ਤੇ ਨਾਚ ਕਰਦੀ...? ਜਾਂ ਹਿੰਦੀ ਫ਼ਿਲਮਾਂ ਦੀਆਂ ਐਕਟਰਸਾਂ ਵਾਂਗੂੰ ਬੀਚ 'ਤੇ ਗਾਉਂਦੀ ਫ਼ਿਰਦੀ...?"

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

# ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਸੰਘਰਸ਼ਮਈ ਦਾਸਤਾਨ

**18 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਬਾਬਾ ਹਰਨਾਮ ਸਿੰਘ

ਅਸੀਂ ਸਾਰੇ ਇਸ ਗੱਲ ਤੋਂ ਭਲੀ ਭਾਂਤ ਜਾਣਦੇ ਹਾਂ ਕਿ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਨਿਜਾਤ ਦਿਵਾਉਣ ਲਈ ਅਨੇਕਾਂ ਸਿੱਖ ਅਣਖੀ ਯੋਧਿਆਂ ਨੇ ਆਪਣੀ ਚੜ੍ਹਦੀ ਉਮਰ ਦੇ ਬੇਸ਼ਕੀਮਤੀ ਵਰ੍ਹੇ ਦੇਸ਼ ਅਤੇ ਵਿਦੇਸ਼ ਦੀਆਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਬਤੀਤ ਕੀਤੇ। ਅਜਿਹੇ ਸੂਰਬੀਰ ਯੋਧਿਆਂ ਵਿੱਚੋਂ ਪੰਜਾਬ ਦੀ ਧਰਤੀ ਦੇ ਮਹਾਨ ਸਪੁੱਤਰ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਅੱਜ ਵੀ ਬੜੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਇਸ ਅਣਖੀਲੇ ਨੌਜਵਾਨ ਦਾ ਜਨਮ ਮਾਰਚ 1882 ਈ: ਵਿੱਚ ਪਿਤਾ ਸ. ਗੁਰਦਿੱਤ ਸਿੰਘ ਦੇ ਗ੍ਰਹਿ ਵਿਖੇ ਚੜ੍ਹਦੇ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਕੋਟਲਾ ਨੌਧ ਸਿੰਘ ਵਿਖੇ ਹੋਇਆ। ਪਿਤਾ ਜੀ ਕਿਸਾਨੀ ਦਾ ਧੰਦਾ ਕਰਦੇ ਸਨ।

ਬਾਬਾ ਹਰਨਾਮ ਸਿੰਘ ਨੇ ਮੁੱਢਲੀ ਸਿੱਖਿਆ ਉਸ ਸਮੇਂ ਪਰੰਪਰਾ ਮੁਤਾਬਿਕ ਪਿੰਡ ਦੀ ਧਰਮਸ਼ਾਲਾ ਤੋਂ ਹੀ ਪ੍ਰਾਪਤ ਕੀਤੀ। ਜਵਾਨੀ ਵਿੱਚ ਪੈਰ ਧਰਦਿਆਂ ਹੀ ਭਾਰਤੀ ਫੌਜ ਵਿੱਚ ਭਰਤੀ ਹੋ ਗਏ। ਘਰ ਦੇ ਗੁਜ਼ਾਰੇ ਲਈ ਜਵਾਨਾਂ ਨੂੰ ਫੌਜ ਤੋਂ ਬਿਨਾਂ ਕੋਈ ਹੋਰ ਕੰਮਕਾਰ ਵੀ ਨਹੀਂ ਸੀ। ਥੋੜ੍ਹਾ ਸਮਾਂ ਫੌਜ ਦੀ ਨੌਕਰੀ ਵਿੱਚ ਸੇਵਾ ਨਿਭਾਉਣ ਤੋਂ ਪਿੱਛੋਂ ਆਪ 24 ਕੁ ਸਾਲ ਦੀ ਉਮਰ ਵਿੱਚ 12 ਜੁਲਾਈ 1906 ਈ: ਨੂੰ ਕੈਨੇਡਾ ਚਲੇ ਗਏ। ਤਿੰਨ ਕੁ ਸਾਲ ਕੈਨੇਡਾ ਵਿੱਚ ਸਖ਼ਤ ਮਿਹਨਤ ਕੀਤੀ। ਉਥੋਂ 1909 ਈ: ਵਿੱਚ ਅਮਰੀਕਾ ਦੇ ਸੂਬਾ ਕੈਲੇਫੋਰਨੀਆ ਚਲੇ ਗਏ। ਤਿੰਨ ਸਾਲ ਅਮਰੀਕਾ ਵਿੱਚ ਰਹਿੰਦਿਆਂ ਆਪਣੇ ਦੇਸ਼ ਵਾਸੀਆਂ ਦੀ ਤੰਗੀ-ਤੁਰਸ਼ੀ ਅਤੇ ਗੁਲਾ-ਮੀ ਵਾਲੀ ਜ਼ਿੰਦਗੀ ਦੇ ਦਿਨਾਂ ਨੂੰ ਯਾਦ ਕਰਦਿਆਂ 1912 ਈ: ਵਿੱਚ ਦੇਸ਼-ਵਾਸੀਆਂ ਦੇ ਗਲੋਂ ਗੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ ਲਈ ਪੋਰਟਲੈਂਡ ਵਿੱਚ ਬਾਕੀ ਪ੍ਰਵਾਸੀ ਹਿੰਦੁਸਤਾਨੀਆਂ ਨਾਲ ਰਲ ਮਿਲ ਕੇ ਗ਼ਦਰ ਪਾਰਟੀ ਦੀ ਸਥਾਪਨਾ ਵਿੱਚ ਯੋਗਦਾਨ ਪਾਇਆ। ਇਹ ਫੈਸਲਾ ਇਨ੍ਹਾਂ ਦਾ ਹੀ ਸੀ ਕਿ ਗਦਰ ਨਾਂਅ ਦਾ ਹਫ਼ਤਾਵਾਰੀ ਅਖ਼ਬਾਰ ਉਰਦੂ, ਪੰਜਾਬੀ ਅਤੇ ਹਿੰਦੀ ਵਿੱਚ ਪ੍ਰਕਾਸ਼ਿਤ ਕੀਤਾ ਜਾਵੇ। ਗ਼ਦਰ ਅਖ਼ਬਾਰ ਦੇ ਸੰਪਾਦਕੀ ਬੋਰਡ ਨਾਲ ਸ. ਹਰਨਾਮ ਸਿੰਘ ਦਾ ਸਬੰਧ ਵੀ ਸੀ।

ਇਨ੍ਹਾਂ ਸਰਗਰਮੀਆਂ ਅਧੀਨ ਜਦੋਂ 5 ਜੁਲਾਈ, 1914 ਈ: ਨੂੰ ਹਰਨਾਮ ਸਿੰਘ ਵਰਗਾ ਅਣਖੀਲਾ ਗੱਭਰੂ ਬੰਬ ਬਣਾ ਰਿਹਾ ਸੀ ਤਾਂ ਇਸ ਬੰਬ ਨੂੰ ਬਨਾਉਣ ਸਮੇਂ ਇਸ ਬੰਬ ਦੇ ਫਟਣ ਨਾਲ ਉਸ ਦਾ ਖੱਬਾ ਹੱਥ ਉਡ ਗਿਆ। ਇਸ ਜ਼ਖ਼ਮ ਦੇ ਕਾਰਨ ਹੀ ਉਸ ਦੀ ਖੱਬੀ ਬਾਂਹ ਗੁੱਟ ਦੇ ਉੱਪਰੋਂ ਕੱਟਣੀ ਪਈ। ਇਸ ਤੋਂ ਪਿੱਛੋਂ ਉਸ ਦੇ ਨਾਂਅ ਦੇ ਨਾਲ ਟੁੰਡੀਲਾਟ ਪਿਛੇਤਰ ਪੱਕੇ ਤੌਰ 'ਤੇ ਜੁੜ ਗਿਆ। ਅਸਲ ਵਿੱਚ ਟੁੰਡੀਲਾਟ ਪੰਜਾਬੀਆਂ ਦੇ ਜ਼ਿਹਨ ਵਿੱਚ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਜੋ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਪਿੱਛੋਂ (1844 ਤੋਂ 1848) ਪੰਜਾਬੀਆਂ ਨੂੰ ਦਿੱਤੇ ਤਸੀਹਿਆਂ ਕਾਰਨ ਜੁੜਿਆ ਹੋਇਆ ਸੀ, ਜਿਸ ਦਾ ਜ਼ਿਕਰ ਸ਼ਾਹ ਮੁਹੰਮਦ ਦੇ ਜੰਗਨਾਮੇ ਵਿੱਚ ਕੀਤਾ ਮਿਲਦਾ ਹੈ। ਇਸ ਗਵਰਨਰ ਜਰਨਲ ਦੀ ਬਾਂਹ ਨੈਪੋਲੀਅਨ ਨਾਲ ਯੁੱਧ ਸਮੇਂ ਕੱਟੀ ਗਈ ਸੀ, ਜਿਸ ਨੂੰ ਪੰਜਾਬੀ ਟੁੰਡੀਲਾਟ ਕਰਕੇ ਹੁਣ ਤੱਕ ਯਾਦ ਕਰਦੇ ਹਨ। 25 ਜੁਲਾਈ, 1914 ਨੂੰ ਜਦੋਂ ਪਹਿਲਾ ਸੰਸਾਰ ਯੁੱਧ ਆਰੰਭ ਹੋ ਗਿਆ, ਗ਼ਦਰ ਪਾਰਟੀ ਦੇ ਸਾਰੇ ਅਣਖੀ ਯੋਧਿਆਂ ਨੂੰ ਵਾਪਸ ਆਪਣੇ ਦੇਸ਼ ਹਿੰਦੁਸਤਾਨ ਪਹੁੰਚਣ ਲਈ ਹੁਕਮ ਜਾਰੀ ਹੋ ਗਏ।

ਗਦਰੀ ਬਾਬਾ ਹਰਨਾਮ ਸਿੰਘ 24 ਦਸੰਬਰ, 1914 ਨੂੰ ਵਾਪਸ ਪੰਜਾਬ ਪਰਤ ਆਇਆ। ਇਨ੍ਹਾਂ ਪੰਜਾਬ ਪਹੁੰਚਦਿਆਂ ਹੀ ਰਮਤੇ ਸਾਧੂ ਦੇ ਰੂਪ ਵਿੱਚ ਹਰ ਪਿੰਡ ਅਤੇ ਸ਼ਹਿਰ ਵਿੱਚ ਗ਼ਦਰ ਪਾਰਟੀ ਦੇ ਪ੍ਰਚਾਰ ਲਈ ਅਲਖ ਜਗਾਈ। ਇਸ ਪ੍ਰਚਾਰ ਲਈ ਉਨ੍ਹਾਂ ਵਿਸ਼ੇਸ਼ ਕਰਕੇ ਦੁਆਬਾ ਖੇਤਰ ਦੇ ਲੋਕਾਂ ਨੂੰ ਜਾਗ੍ਰਿਤ ਕੀਤਾ। ਇਸ ਤੋਂ ਇਲਾਵਾ ਬਾਬਾ ਹਰਨਾਮ ਸਿੰਘ ਨੇ ਲਹਿੰਦੇ ਪੰਜਾਬ ਦੇ ਰਾਵਲਪਿੰਡੀ, ਨੌਸ਼ਹਿਰਾ, ਪਿਸ਼ਾਵਰ ਅਤੇ ਪੰਡੂ ਛਾਉਣੀਆਂ ਵਿੱਚ ਤਾਇਨਾਤ ਨੌਕਰੀ ਕਰ ਰਹੇ ਫੌਜੀਆਂ ਨਾਲ ਸੰਪਰਕ ਬਣਾ ਲਿਆ, ਤਾਂ ਜੋ ਬਗਾਵਤ ਦਾ ਝੰਡਾ ਬੁਲੰਦ ਕੀਤਾ ਜਾ ਸਕੇ। ਜਦੋਂ ਪੰਜਾਬ ਅਤੇ ਦੇਸ਼ ਦੀ ਅੰਗ੍ਰੇਜ਼ ਹਕੂਮਤ ਦੇ ਸੂਹੀਆ ਤੰਤਰ ਨੂੰ ਇਸ ਗੱਲ ਦੀ ਸੂਹ ਲੱਗੀ ਤਾਂ ਬਾਬਾ ਹਰਨਾਮ ਸਿੰਘ ਨੇ ਦੇਸ਼ ਦੀ ਸਰਹੱਦ ਨੂੰ ਟੱਪ ਕੇ ਅਫਗਾਨਿਸਤਾਨ ਵੱਲ ਜਾਣ ਵਿੱਚ ਸਫ਼ਲ ਹੋ ਗਿਆ। ਜਦੋਂ ਉਸ ਨੂੰ ਉਸ ਦੇਸ਼ ਵਿੱਚੋਂ ਕੋਈ ਸਹਾਇਤਾ ਆਦਿ ਦਾ ਹੁੰਗਾਰਾ ਨਾ ਮਿਲਿਆ ਤਾਂ ਆਪ 2 ਮਾਰਚ, 1915 ਈ: ਨੂੰ ਸ਼ਾਹਪੁਰ (ਸਰਗੋਧਾ) (ਲਹਿੰਦੇ ਪੰਜਾਬ) ਦੇ ਚੱਕ ਨੰਬਰ 5 ਵਿਖੇ ਕਿਸੇ ਜਾਣਕਾਰ ਦੇ ਘਰ ਵਿੱਚ ਕਿਸੇ ਹੋਰ ਗ਼ਦਰ ਪਾਰਟੀ ਦੇ ਸਰਗਰਮ ਸਾਥੀਆਂ ਨਾਲ ਠਹਿਰੇ ਹੋਏ ਸਨ ਤਾਂ ਸੂਹੀਏ ਤੰਤਰ ਦੀ ਖ਼ਬਰ ਨਾਲ ਸਾਰੇ ਸਾਥੀਆਂ ਸਮੇਤ ਬਾਬਾ ਹਰਨਾਮ ਸਿੰਘ ਫੜੇ ਗਏ। ਇਸ ਤੋਂ ਪਿੱਛੋਂ 13 ਦਸੰਬਰ, 1915 ਈ: ਲਾਹੌਰ ਸਾਜਿਸ਼ ਕੇਸ ਅਧੀਨ ਬਾਬਾ ਹਰਨਾਮ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਬਾਬਾ ਹਰਨਾਮ ਸਿੰਘ ਬਾਕੀ ਸਾਥੀਆਂ ਸਮੇਤ ਲਗਪਗ 30 ਸਾਲ ਅੰਡੇਮਾਨ, ਮਦਰਾਸ, ਪੂਨਾ, ਮੁੰਬਈ, ਮਿੰਟਗੁਮਰੀ ਆਦਿ ਬਹੁਤ ਸਾਰੀਆਂ ਜੇਲ੍ਹਾਂ ਵਿੱਚ ਤੰਗੀਆਂ-ਤੁਰਸ਼ੀਆਂ ਤੇ ਤਸੀਹੇ ਕੱਟ ਕੇ ਦੇਸ਼ ਦੀ ਅਜ਼ਾਦੀ ਤੇ ਪੰਜਾਬ ਬਟਵਾਰੇ ਤੋਂ ਪਹਿਲਾਂ 1945 ਈ: ਨੂੰ ਜੇਲ੍ਹ ਤੋਂ ਬਾਹਰ ਆਏ। ਇਹ ਅਣਖੀ ਯੋਧਾ 80 ਸਾਲ ਦੀ ਉਮਰ ਭੋਗ ਕੇ 18 ਸਤੰਬਰ, 1962 ਈ: ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਅੱਜ ਜਦੋਂ ਮੁੜ ਪੰਜਾਬ ਆਪਣੀ ਹੋਂਦ ਲਈ ਤਰਲੋ ਮੱਛੀ ਹੋ ਰਿਹਾ ਹੈ, ਉਸ ਸਮੇਂ ਇਸ ਸਮੇਂ ਆਪਣੇ ਇਸ ਅਣਖੀਲੇ ਸੂਰਬੀਰ ਨੂੰ ਵੀ ਯਾਦ ਕਰ ਰਿਹਾ ਹੈ।

# 2001 ਤੋਂ ਬਾਅਦ ਪਹਿਲੀ ਵਾਰ ਇਸ ਸਾਲ ਅਮਰੀਕਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਘਟੀ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੋਵਿਡ-19 ਮਹਾਮਾਰੀ ਦੇ ਸਾਲਾਂ ਨੂੰ ਛੱਡ ਕੇ 2001 ਤੋਂ ਬਾਅਦ ਪਹਿਲੀ ਵਾਰ ਅਮਰੀਕਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਘਟੀ ਹੈ। ਯੂ ਐਸ ਕਾਮਰਸ ਵਿਭਾਗ ਦੇ ਨੈਸ਼ਨਲ ਟਰੈਵਲ ਐਂਡ ਟੂਰਿਜਮ ਦਫਤਰ (ਐਨ ਟੀ ਟੀ ਓ) ਅਨੁਸਾਰ ਜੂਨ 2025 ਵਿੱਚ 2.1 ਲੱਖ ਭਾਰਤੀ ਅਮਰੀਕਾ ਆਏ ਜੋ ਕਿ ਪਿਛਲੇ ਸਾਲ ਦੇ ਇਸ ਮਹੀਨੇ ਦੀ ਤੁਲਨਾ ਵਿੱਚ 8% ਘੱਟ ਹਨ। ਜੂਨ 2024 ਵਿੱਚ 2.3 ਲੱਖ ਭਾਰਤੀ ਅਮਰੀਕਾ ਆਏ ਸਨ।**

ਅਗਲੇ ਮਹੀਨਿਆਂ ਵਿੱਚ ਵੀ ਇਹ ਹੀ ਰੁਝਾਨ ਜਾਰੀ ਰਹਿਣ ਦੀ ਸੰਭਾਵਨਾ ਹੈ। ਆਰਜੀ ਅੰਕੜਿਆਂ ਅਨੁਸਾਰ ਜੁਲਾਈ 2025 ਵਿੱਚ ਜੁਲਾਈ 2024 ਦੀ ਤੁਲਨਾ ਵਿੱਚ 5.5% ਭਾਰਤੀ ਅਮਰੀਕਾ ਘੱਟ ਆਏ ਹਨ। ਐਨ ਟੀ ਟੀ ਓ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਜੂਨ ਵਿੱਚ ਸਮੁੱਚੇ ਤੌਰ 'ਤੇ ਅਮਰੀਕਾ ਆਉਣ ਵਾਲੇ ਕੌਮਾਂਤਰੀ ਯਾਤਰੀਆਂ ਦੀ ਗਿਣਤੀ ਵਿੱਚ 6.2 ਫੀਸਦੀ ਕਮੀ ਆਈ ਹੈ। ਮਈ ਵਿੱਚ ਇਹ ਕਮੀ 7 ਫੀਸਦੀ ਦਰਜ ਹੋਈ ਹੈ ਜਦ ਕਿ ਫਰਵਰੀ ਤੇ ਮਾਰਚ ਵਿੱਚ ਅਮਰੀਕਾ ਆਉਣ ਵਾਲੇ ਯਾਤਰੀ ਕ੍ਰਮਵਾਰ 1.9 ਫੀਸਦੀ ਤੇ 8 ਫੀਸਦੀ ਘਟੇ ਹਨ। ਇਸ ਸਾਲ ਕੇਵਲ ਜਨਵਰੀ ਤੇ ਅਪ੍ਰੈਲ ਵਿੱਚ ਪਿਛਲੇ ਸਾਲ ਦੇ ਇਨਾਂ ਮਹੀਨਿਆਂ ਦੀ ਤੁਲਨਾ ਵਿੱਚ ਕ੍ਰਮਵਾਰ 4.7 ਤੇ 1.3 ਫੀਸਦੀ ਵਧ ਯਾਤਰੀ ਅਮਰੀਕਾ ਆਏ ਹਨ। ਅਮਰੀਕਾ ਲਈ ਭਾਰਤ ਕੌਮਾਂਤਰੀ ਸੈਲਾਨੀਆਂ ਦਾ ਚੌਥਾ ਸਭ ਤੋਂ ਵੱਡਾ ਸਾਧਨ ਹੈ। ਜੂਨ ਵਿੱਚ ਅਮਰੀਕਾ ਆਏ ਵਿਸ਼ਵ ਭਰ ਦੇ ਸੈਲਾਨੀਆਂ ਵਿੱਚੋਂ 60 ਫੀਸਦੀ ਸੈਲਾਨੀ 5 ਦੇਸ਼ਾਂ ਭਾਰਤ, ਕੈਨੇਡਾ, ਮੈਕਸੀਕੋ, ਇੰਗਲੈਂਡ ਤੇ ਬਰਾਜ਼ੀਲ ਤੋਂ ਆਏ ਹਨ। ਐਨ ਟੀ ਟੀ ਓ ਅਨੁਸਾਰ ਰਵਾਇਤੀ ਤੌਰ 'ਤੇ ਅਮਰੀਕਾ ਆਉਣ ਵਾਲੇ ਭਾਰਤੀਆਂ ਵਿੱਚ ਵਿਦਿਆਰਥੀ, ਕਾਰੋਬਾਰੀ, ਪੇਸ਼ਾਵਰ ਲੋਕ ਤੇ ਉਨਾਂ ਦੇ ਰਿਸ਼ਤੇਦਾਰ ਤੇ ਦੋਸਤ ਸ਼ਾਮਿਲ ਹਨ। ਮੌਜੂਦਾ ਕਮੀ ਮੁੱਖ ਤੌਰ 'ਤੇ ਵਿਦਿਆਰਥੀਆਂ ਕਾਰਨ ਆਈ ਹੈ ਜਿਨਾਂ ਉਪਰ ਟਰੰਪ ਪ੍ਰਸ਼ਾਸਨ ਦੁਆਰੀ ਕਈ ਤਰਾਂ ਦੀਆਂ ਰੋਕਾਂ ਲਾਈਆਂ ਹੋਈਆਂ ਹਨ। ਇਸ ਤੋਂ ਇਲਾਵਾ ਕਾਰੋਬਾਰੀ ਤੇ ਪਰਿਵਾਰਕ ਮੈਂਬਰ ਵੀ ਵੀਜ਼ਿਆਂ ਵਿੱਚ ਦੇਰੀ ਕਾਰਨ ਪ੍ਰਭਾਵਿਤ ਹੋਏ ਹਨ। ਸਭ ਤੋਂ ਵਧ ਸੈਲਾਨੀ ਯੂ ਏ ਈ ਜਾਂਦੇ ਹਨ। ਉਸ ਤੋਂ ਬਾਅਦ ਸਾਊਦੀ ਅਰਬ, ਥਾਈਲੈਂਡ, ਸਿੰਗਾਪੁਰ ਤੇ ਅਮਰੀਕਾ ਦਾ ਸਥਾਨ ਆਉਂਦਾ ਹੈ।

# ਬਜ਼ੁਰਗ ਸਿੱਖ ਤੇ ਹਮਲਾ ਕਰਨ ਦੇ ਮਾਮਲੇ ਵਿੱਚ ਦੋਸ਼ੀ ਵਿਰੁੱਧ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਉੱਤਰੀ ਹਾਲੀਵੁੱਡ ਵਿੱਚ 70 ਸਾਲਾ ਸਿੱਖ ਹਰਪਾਲ ਸਿੰਘ ਉੱਪਰ ਹਮਲਾ ਕਰਨ ਦੇ ਮਾਮਲੇ ਵਿੱਚ ਗ੍ਰਿਫਤਾਰ ਰਿਚਰਡ ਵਿਟਾਗਲੀਆਨੋ ਨੂੰ ਮੁੱਢਲੀ ਸੁਣਵਾਈ ਦੌਰਾਨ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿਥੇ ਜੱਜ ਨੇ ਉਸ ਵਿਰੁੱਧ ਹੱਤਿਆ ਦੀ ਕੋਸ਼ਿਸ਼ ਸਮੇਤ ਗੰਭੀਰ ਦੋਸ਼ਾਂ ਦੀ ਪੁਸ਼ਟੀ ਕੀਤੀ। ਪਿਛਲੇ ਮਹੀਨੇ ਹਰਪਾਲ ਸਿੰਘ ਉਪਰ ਗੋਲਫ ਸਟਿਕ ਨਾਲ ਹਮਲਾ ਕਰਕੇ ਉਸ ਨੂੰ ਬੁਰੀ ਤਰਾਂ ਜ਼ਖਮੀ ਕਰ ਦਿੱਤਾ ਗਿਆ ਸੀ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੇ ਅਜੇ ਦੋਸ਼ੀ ਵਿਰੁੱਧ ਨਫਰਤੀ ਅਪਰਾਧ ਦੇ ਦੋਸ਼ ਨਹੀ ਲਾਏ ਹਨ ਪਰੰਤੂ ਕਿਹਾ ਹੈ ਕਿ ਹੋਰ ਸਬੂਤ ਮਿਲਣ ਤੇ ਉਹ ਇਹ ਦੋਸ਼ ਲਾਉਣ ਦੀ ਸਥਿੱਤੀ ਵਿੱਚ ਹੋਵੇਗਾ। ਹਰਪਾਲ ਸਿੰਘ ਹਸਪਤਾਲ ਵਿੱਚ ਦਾਖਲ ਹੈ ਤੇ ਅਜੇ ਉਹ ਆਪਣੇ ਬਿਆਨ ਦਰਜ ਕਰਵਾਉਣ ਦੀ ਹਾਲਤ ਵਿੱਚ ਨਹੀਂ ਹੈ।

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




# ਗੁਰੂ ਬੈਠਾ ਅਮਰੁ ਸਰੂਪ ਹੋਇ



ਗੁਰੂ ਅਮਰਦਾਸ ਜੀ ਪਰਵਾਰ ਦਾ ਨਿਵਾਸ ਅਸਥਾਨ ਗੁ. ਚੁਬਾਰਾ ਸਾਹਿਬ ਗੋਇੰਦਵਾਲ



ਗੁਰੂ ਅਮਰਦਾਸ ਪਾਤਸ਼ਾਹ ਜੀ

## ਕਿਸ਼ਤ–6

## ਵਿਸ਼ੇਸ਼ ਨੋਟ

**ਇਸ ਤੋਂ ਅੱਗੇ ਸ੍ਰੀ ਅਮਰਦਾਸ ਜੀ ਦੀ ਬਾਸਰਕੇ ਤੋਂ ਵਾਪਸੀ, ਕੰਨ-ਪਾਟੇ ਜੋਗੀ ਦੀ ਘਟਨਾ, ਖ਼ਾਨ ਰਜ਼ਾਦੇ ਦੀ ਜੂਹ ਜਾਣਾ, ਫਿਰ ਖਡੂਰ ਵਾਪਸੀ, ਗੋਇੰਦਾ ਮਰਵਾਹੇ ਨਾਲ ਜਾ ਕੇ ਗੋਇੰਦਵਾਲ ਵਸਾਉਣਾ, ਗੁਰੂ ਸਾਹਿਬ ਜੀ ਦਾ ਏਥੇ ਮਿਲਣ ਆਉਣਾ, ਗੁਰੂ ਅੰਗਦ ਸਾਹਿਬ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਗੁਰਿਆਈ ਸੌਂਪਣੀ ਅਰ ਜੋਤੀ-ਜੋਤਿ ਸਮਾ ਜਾਣਾ ਆਦਿ ਸੰਖੇਪ ਇਤਿਹਾਸਕ ਵੇਰਵਾ ਪੰਜਾਬ ਟਾਈਮਜ਼ ਦੇ ਪਾਠਕ ਪਹਿਲਾਂ ਪੜ੍ਹ ਚੁੱਕੇ ਹਨ, ਇਸ ਲਈ ਅਸੀਂ ਉਸ ਤੋਂ ਅੱਗੇ ਹੁਣ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਪਵਿੱਤ੍ਰ ਇਤਿਹਾਸ ਤੋਂ ਜਾਣੂੰ ਹੋਣ ਦਾ ਯਤਨ ਕਰਾਂਗੇ।**

### ਇਕਾਂਤ ਨਿਵਾਸ

ਸਤਿਗੁਰੂ ਅੰਗਦ ਸਾਹਿਬ ਜੀ ਦੀ ਆਗਿਆ ਅਨੁਸਾਰ ਗੁਰੂ ਅਮਰਦਾਸ ਪਾਤਸ਼ਾਹ ਜੀ ਕੁਝ ਸੰਗਤਾਂ ਸਹਿਤ ਗੋਇੰਦਵਾਲ ਸਾਹਿਬ ਆ ਗਏ। ਖਡੂਰੋਂ ਤੁਰਨ ਤੋਂ ਪਹਿਲਾਂ ਇਨ੍ਹਾਂ ਵੇਖ ਲਿਆ ਸੀ ਕਿ ਦੂਜੇ ਪਾਤਸ਼ਾਹ ਜੀ ਦੇ ਸਮਝਾਉਣ ਦੇ ਬਾਵਜੂਦ ਵੀ ਵੱਡੇ ਸਾਹਿਬਜ਼ਾਦਾ ਦਾਸ ਆਪਣੀਆਂ ਭਾਵਨਾਵਾਂ ਨੂੰ ਕਾਬੂ ਵਿਚ ਨਹੀਂ ਰੱਖ ਰਹੇ ਸਨ। ਕੁਝ ਅਗਿਆਨੀ ਲੋਕਾਂ ਦੀ ਮਿੱਤ੍ਰ-ਮੰਡਲੀ ਜੋ ਇਨ੍ਹਾਂ ਭਾਵਨਾਵਾਂ ਨੂੰ ਉਤੇ-ਜਿਤ ਕਰਨ ਵਾਲੀ ਸੀ, ਉਸ ਨੇ ਅਖੀਰਲੇ ਇਕੱਠ ਵਿਚ ਦਾਸ ਨੂੰ ਮੱਲੋਮਲੀ ਗੁਰੂ ਸਿੰਘਾਸਣ 'ਤੇ ਬੈਠਾ ਕੇ ਦਸਤਾਰ ਸਜਾ ਦਿੱਤੀ। ਇਸ ਹਰਕਤ ਨੂੰ ਭਾਵੇਂ ਭਾਈ ਬੁੱਢਾ ਵਰਗੇ ਮੁਖੀ ਸਿੱਖਾਂ ਨੇ ਗੁਰੂ ਹੁਕਮ ਦੀ ਸਪਸ਼ਟ ਉਲੰਘਣਾ ਜਾਣਿਆ ਪਰ, ਦਾਸ ਦਾ ਆਪਣਾ ਵੀ ਅਜਿਹਾ ਝੁਕਾਅ ਜੋ ਉਹ ਪਹਿਲਾਂ ਹੀ ਵੇਖ ਰਹੇ ਸਨ, ਜਾਣ ਕੇ ਰੱਬੀ ਹੁਕਮ ਵਿਚ ਚੁੱਪ ਰਹੇ। ਸਭ ਜਾਣਦੇ ਸਨ ਕਿ ਦੂਜੇ ਪਾਤਸ਼ਾਹ ਜੀ ਗੁਰਿਆਈ ਸ੍ਰੀ ਅਮਰਦਾਸ ਜੀ ਨੂੰ ਸੌਂਪ ਗਏ ਹਨ, ਤੀਜੇ ਪਾਤਸ਼ਾਹ ਹੁਣ ਓਹੀ ਹਨ ਅਰ ਅੱਜ ਅਜਿਹੀਆਂ ਬਚਕਾਨਾ ਹਰਕਤਾਂ ਦਾ ਕੋਈ ਮਹੱਤਵ ਨਹੀਂ। ਇਸ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਆਪਣੇ ਚੁਬਾਰੇ ਵਿਚ ਇਕਾਂਤ ਹੋ ਬੈਠੇ। ਗੁਰੂ ਅੰਗਦ ਸਾਹਿਬ ਜੀ ਸਮੇਂ ਨਾਈ ਪਰਵਾਰਿਕ ਪਿਛੋਕੜ ਵਿਚੋਂ ਸਿੱਖੀ ਮੰਡਲ ਵਿਚ ਆਇਆ ਭਾਈ ਬੱਲੂ ਇਸ ਵੇਲੇ ਤੀਜੇ ਪਾਤਸ਼ਾਹ ਜੀ ਦੀ ਸੇਵਾ ਵਿਚ ਹਾਜ਼ਰ ਸੀ। ਹਜ਼ੂਰ ਨੇ ਉਸ ਨੂੰ ਕਿਹਾ ਕਿ ਉਹ ਚੁਬਾਰੇ ਵਿਚ ਹੋਰ ਕਿਸੇ ਨੂੰ ਨ ਆਉਣ ਦੇਵੇ ਅਰ ਇਕਾਂਤ ਬਣਾਈ ਰੱਖੇ।

ਸੰਗਤਾਂ ਦਰਸ਼ਨ ਕਰਨ ਆਉਦੀਆਂ ਪਰ, ਭਾਈ ਬੱਲੂ ਉਨ੍ਹਾਂ ਨੂੰ ਗੁਰੂ-ਹੁਕਮ ਦੱਸ ਕੇ ਥੱਲੇ ਹੀ ਰੋਕ ਦੇਂਦੇ। ਇਸੇ ਤਰਹ ਚਲਦਿਆਂ ਹੀ ਜਦੋਂ 7-8 ਦਿਨ ਬਤੀਤ ਹੋ ਗਏ। ਤਿੰਨ ਦਿਨਾਂ ਤੋਂ ਦੂਰੋਂ ਆਈਆਂ ਸੰਗਤਾਂ ਵੀ ਇਥੇ ਠਹਿਰੀਆਂ ਹੋਈਆਂ ਸਨ। ਅੱਜ ਸਵੇਰ ਦਾ ਸਮਾਂ ਸੀ, ਸਾਰੇ ਸਾਵਧਾਨ ਹੋ ਕੇ ਭਾਈ ਬੁੱਢਾ ਜੀ ਨੂੰ ਮਿਲੇ ਅਤੇ ਉਨ੍ਹਾਂ ਕੋਲ ਗੁਰਦੇਵ ਜੀ ਦੇ ਦਰਸ਼ਨ ਕਰਨ ਦੀ ਇੱਛਾ ਪਰਗਟ ਕੀਤੀ। ਬਾਬਾ ਜੀ ਸੁਣ ਕੇ ਵਿਚਾਰਨ ਲੱਗੇ। ਤਦ ਨੂੰ ਉਨ੍ਹਾਂ ਵੇਖਿਆ ਕਿ ਚੁਬਾਰੇ ਤੋਂ ਗੁਰ-ਦੇਵ ਦੀ ਸੇਵਾ ਕਰ ਕੇ ਭਾਈ ਬੱਲੂ ਆ ਰਹੇ ਸਨ। ਬਾਬਾ ਜੀ ਉਨ੍ਹਾਂ ਦੇ ਕੋਲ ਜਾ ਕੇ ਸੰਗਤਾਂ ਦੀ ਇੱਛਾ ਸਾਂਝੀ ਕਰ ਕੇ ਰਾਇ ਪੁੱਛੀ ਕਿ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ? ਵਿਚਾਰ ਕੇ ਬੱਲੂ ਕਹਿਣ ਲਗੇ,

'ਸਤਿਗੁਰੂ ਸਹਿਜ ਸੁਭਾਅ ਹੁਣ ਕਮਰੇ ਵਿਚ ਟਹਿਲਦੇ ਸ਼ਬਦ ਪੜ੍ਹ ਰਹੇ ਹਨ। ਆਪਾਂ ਉਨ੍ਹਾਂ ਨੂੰ ਬੇਨਤੀ ਕਰ ਵੇਖੀਏ, ਅੱਗੇ ਉਨ੍ਹਾਂ ਦੀ ਰਜ਼ਾ, ਜਾਂ ਜਿਵੇਂ ਤੁਸੀਂ ਠੀਕ ਸਮਝਦੇ ਹੋ'। ਬਾਬਾ ਜੀ ਨੇ ਸੰਮਤੀ ਪਰਗਟ ਕਰਦੇ ਕਿਹਾ,

'ਭਾਈ ਜੀ! ਤੁਸੀਂ ਠੀਕ ਆਖਿਆ ਹੈ। ਗੁਰੂ ਸਾਹਿਬ ਨੂੰ ਇਕਾਂਤ ਵਿਚ ਬੈਠਿਆਂ ਕਈ ਦਿਨ ਬੀਤ ਗਏ ਹਨ, ਇਸ ਤਰਹ ਚਲਦਿਆਂ ਸੰਗਤਾਂ ਦੀ ਸੰਭਾਲ ਕੌਣ ਕਰੇਗਾ? 3-4 ਦਿਨਾਂ ਦੀਆਂ ਆਈਆਂ ਇਹ ਸੰਗਤਾਂ ਦਰਸ਼ਨਾਂ ਲਈ ਉਤਾਵਲੀਆਂ ਹਨ, ਤੁਸੀਂ ਗੁਰੂ ਸਾਹਿਬ ਨੂੰ ਦੱਸੋ ਤੇ ਮੇਰੇ ਵੱਲੋਂ ਬੇਨਤੀ ਕਰੋ ਕਿ ਸੰਗਤਾਂ ਆਪ ਜੀ ਦੇ ਦਰਸ਼ਨ ਕਰਨ ਅਰ ਬਚਨ ਸੁਣਨ ਦੀ ਤਾਂਘ ਵਿਚ ਥੱਲੇ ਇਕੱਠੀਆਂ ਹੋਈਆਂ ਬੈਠੀਆਂ ਹਨ, ਆਪ ਜੀ ਕਿਰਪਾ ਕਰੋ'।

ਬੱਲੂ ਜੀ ਜੋ ਆਈ ਸੰਗਤ ਦੀ ਸੇਵਾ ਸੰਭਾਲ ਕਰਦੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਜਾਣਦੇ ਸਨ, ਨੇ ਭਾਈ ਬੁੱਢਾ ਜੀ ਨੂੰ 'ਸਤਿ ਬਚਨ' ਕਿਹਾ ਅਰ ਮੁੜ ਚੁਬਾਰੇ 'ਤੇ ਜਾ ਕੇ ਸੰਗਤਾਂ ਨੂੰ ਦਰਸ਼ਨ ਦੇਣ ਲਈ ਹਜ਼ੂਰ ਨੂੰ ਬੇਨਤੀ ਕੀਤੀ। ਗੁਰਦੇਵ ਜੀ ਨੇ ਕਿਹਾ,

'ਬੱਲੂਆ! ਸ਼ਮਿਆਨਾ ਲਾ ਕੇ ਵਿਛਾਈ ਕਰੋ ਅਰ ਰਬਾਬੀਆਂ ਨੂੰ ਬੁਲਾਉ, ਅਸੀਂ ਕੀਰਤਨ ਸੁਣਾਂਗੇ, ਕਈ ਦਿਨ ਬੀਤ ਗਏ ਹਨ'।

'ਜੀ! ਸਤਿ ਬਚਨ,'।

ਭਾਈ ਬੱਲੂ ਨੇ ਕਹਿ ਕੇ ਸੀਸ ਨਿਵਾਇਆ ਅਰ ਪ੍ਰਸੰਨਤਾ ਨਾਲ ਥੱਲੇ ਜਾ ਕੇ ਬੁੱਢਾ ਜੀ ਨੂੰ ਦੱਸਿਆ। ਗੁਰੂ ਕਾ ਹੁਕਮ ਸੁਣਦਿਆਂ ਸੰਗਤਾਂ ਨੂੰ ਚਾਅ ਚੜ੍ਹ ਗਿਆ।

ਤਬ ਹੁਕਮ ਹੋਆ ਦਿਵਾਨ ਕਾ। ਤਬ ਸਮਿਆਨਾ ਖੜਾ ਹੂਆ। ਸਾਹਿਬ ਸਿਘਾਸਨ ਪਰ ਆਇ ਬੈਠੇ। ਬਲੂ ਮੋਰਛਲ (ਮੋਰ ਖੰਭਾਂ ਦਾ ਚਉਰ) ਲਗਾ ਕਰਨੇ। ਤਬ ਸਤਾ ਬਲਵੰਡ ਆਨ ਕਰ ਭਜਨ ਲਗੇ ਕਰਨੇ।
ਸਾਖੀ 32, ਮਹਿਮਾ ਪ੍ਰਕਾਸ਼ ਵਾਰਤਕ

### ਗੁਰ ਤੇ ਗੁਰੁ ਹੋਇਆ

ਸ਼ਮਿਆਨਾ ਲਾ ਕੇ ਸੁੰਦਰ ਵਿਛਾਈ ਕੀਤੀ, ਚੰਦੋਆ ਲਾਇਆ ਅਰ ਹੇਠ ਸਿੰਘਾਸਣ ਸਜਾ ਦਿੱਤਾ। ਇਤਨੇ ਸਮੇਂ ਵਿਚ ਭਾਈ ਬਲਵੰਡ ਤੇ ਸੱਤਾ ਆ ਗਏ ਅਰ ਜੁੜੀਆਂ ਸੰਗਤਾਂ ਵਿਚ ਕੀਰਤਨ ਸ਼ੁਰੂ ਹੋ ਗਿਆ। ਸ਼ਬਦ ਸੰਪੂਰਨ ਹੋਇਆ ਤਾਂ ਸੰਗਤਾਂ ਵੇਖਿਆ ਕਿ ਹਜ਼ੂਰ ਪੌੜੀਆਂ ਉੱਤਰ ਰਹੇ ਹਨ ਤਾਂ ਸਾਰੇ ਸਾਵਧਾਨ ਹੋ ਗਏ। ਜਦੋਂ ਪਾਤਸ਼ਾਹ ਸਿੰਘਾਸਣ 'ਤੇ ਬਿਰਾਜ ਗਏ ਤਾਂ ਰਬਾਬੀਆਂ ਨੇ ਫਿਰ ਕੀਰਤਨ ਆਰੰਭ ਕਰ ਦਿੱਤਾ। ਆਈਆਂ ਸੰਗਤਾਂ ਨੇ ਬੜੇ ਪ੍ਰੇਮ-ਭੇਟਾ ਸਹਿਤ ਮੱਥਾ ਟੇਕਿਆ ਅਰ ਥਾਉਂ-ਥਾਈਂ ਬੈਠ ਕੇ ਕੀਰਤਨ ਸੁਣਨ ਲਗੀਆਂ। ਮਹਿਮਾ ਪ੍ਰਕਾਸ਼:

ਭਾਈ ਬੁਢੇ ਆਦਿ ਸਿਖ ਪਿਆਰੇ। ਗੁਰ ਚਰਨਨ ਮਸਤਕ ਸਭ ਧਾਰੇ।
ਪਰਸਤ ਚਰਨ ਮਨਿ ਭਇਓ ਬਿਗਾਸਾ।
ਸਤਿਗੁਰ ਦਰਸ ਜਗ ਪਰਮ ਬਿਲਾਸਾ। 18।
ਬਲਵੰਡ ਰਬਾਬੀ ਸਤਾ ਆਏ।
ਅਦਭੁਤ ਦਰਸਨ ਸਤਿਗੁਰ ਪਾਏ।
ਤਿਨ ਧੁਨਿ ਰਬਾਬ ਕਰਿ ਉਸਤਤ ਕਰੀ।...

ਰਬਾਬੀ ਬਹੁਤ ਟਿਕਾਅ ਨਾਲ ਗੂਜਰੀ ਰਾਗ ਵਿਚ ਗੁਰੂ-ਬਾਬਾ ਜੀ ਦੇ ਉਚਾਰਤ ਸ਼ਬਦ ਦੀਆਂ ਪਾਵਨ ਪੰਕਤੀਆਂ 'ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਨ ਅਧਾਰ॥ ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ' ਮੁੜ ਮੁੜ ਦੁਹਰਾਅ ਰਹੇ ਸਨ। ਫਿਰ ਪੂਰਾ ਸ਼ਬਦ ਗਾਇਆ:

ਨਾਭਿ ਕਮਲ ਤੇ ਬ੍ਰਹਮਾ ਉਪਜੇ
ਬੇਦ ਪੜਹਿ ਮੁਖਿ ਕੰਠਿ ਸਵਾਰਿ॥
ਤਾ ਕੋ ਅੰਤੁ ਨ ਜਾਈ ਲਖਣਾ
ਆਵਤ ਜਾਤ ਰਹੈ ਗੁਬਾਰਿ॥1॥
ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ॥
ਜਾ ਕੀ ਭਗਤਿ ਕਰਹਿ ਜਨ ਪੂਰੇ
ਮੁਨਿ ਜਨ ਸੇਵਹਿ ਗੁਰ ਵੀਚਾਰਿ॥1॥ ਰਹਾਉ॥
ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ
ਏਕਾ ਜੋਤਿ ਮੁਰਾਰਿ॥
ਗੁਰਮੁਖਿ ਹੋਇ ਸੁ ਅਹਿਨਿਸਿ
ਨਿਰਮਲੁ ਮਨਮੁਖਿ ਰੈਣਿ ਅੰਧਾਰਿ॥2॥
ਸਿਧ ਸਮਾਧਿ ਕਰਹਿ ਨਿਤ ਝਗਰਾ
ਦੁਹੁ ਲੋਚਨ ਕਿਆ ਹੇਰੈ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ
ਸਤਿਗੁਰੁ ਝਗਰੁ ਨਿਬੇਰੈ॥3॥
ਸੁਰਿ ਨਰ ਨਾਥ ਬੇਅੰਤ ਅਜੋਨੀ
ਸਾਚੈ ਮਹਲਿ ਅਪਾਰਾ॥
ਨਾਨਕ ਸਹਜਿ ਮਿਲੇ ਜਗਜੀਵਨ
ਨਦਰਿ ਕਰਹੁ ਨਿਸਤਾਰਾ॥4॥2॥

ਗੁ.ਗ੍ਰ.ਸਾ. ਪੰਨਾ 489

ਭਾਈ ਬੱਲੂ ਸੀਸ 'ਤੇ ਚੌਰ ਝੁਲਾ ਰਹੇ ਸਨ ਅਰ ਸਤਿਗੁਰੂ ਜੀ ਨੇਤ੍ਰ ਮੂੰਦ ਕੇ ਬੈਠੇ ਸ਼ਬਦ ਸੁਣ ਰਹੇ ਸਨ। ਸ਼ਬਦ ਸੰਪੂਰਨ ਹੋਣ 'ਤੇ ਗੁਰੂ ਪਾਤਸ਼ਾਹ ਜੀ ਇਸੇ ਧੁਨਿ ਵਿਚ ਆਪਣਾ ਰਚਿਤ ਸ਼ਬਦ ਗੁਨ-ਗੁਨਾਉਣ ਲੱਗ ਪਏ। ਸੁਣ ਕੇ ਰਬਾਬੀਆਂ ਨੇ ਧੁਨਿ ਉਠਾਈ:

ਜੁਗ ਮਹਿ ਨਾਮੁ ਦੁਲੰਭੁ ਹੈ
ਗੁਰਮੁਖਿ ਪਾਇਆ ਜਾਇ॥
ਬਿਨੁ ਨਾਵੈ ਮੁਕਤਿ ਨ ਹੋਵਈ
ਵੇਖਹੁ ਕੋ ਵਿਉਪਾਇ॥1॥
ਬਲਿਹਾਰੀ ਗੁਰ ਆਪਣੇ
ਸਦ ਬਲਿਹਾਰੈ ਜਾਉ॥
ਸਤਿਗੁਰ ਮਿਲਿਐ ਹਰਿ ਮਨਿ ਵਸੈ
ਸਹਜੇ ਰਹੈ ਸਮਾਇ॥1॥ ਰਹਾਉ॥
ਜਾ ਭਉ ਪਾਏ ਆਪਣਾ
ਬੈਰਾਗੁ ਉਪਜੈ ਮਨਿ ਆਇ॥
ਬੈਰਾਗੈ ਤੇ ਹਰਿ ਪਾਈਐ
ਹਰਿ ਸਿਉ ਰਹੈ ਸਮਾਇ॥2॥
ਸੇਇ ਮੁਕਤ ਜਿ ਮਨੁ ਜਿਣਹਿ
ਫਿਰਿ ਧਾਤੁ ਨ ਲਾਗੈ ਆਇ॥
ਦਸਵੈ ਦੁਆਰਿ ਰਹਤ ਕਰੇ
ਤ੍ਰਿਭਵਣ ਸੋਝੀ ਪਾਇ॥3॥
ਨਾਨਕ ਗੁਰ ਤੇ ਗੁਰੁ ਹੋਇਆ
ਵੇਖਹੁ ਤਿਸ ਕੀ ਰਜਾਇ॥
ਇਹੁ ਕਾਰਣੁ ਕਰਤਾ ਕਰੇ
ਜੋਤੀ ਜੋਤਿ ਸਮਾਇ॥4॥3॥5॥

ਗੁ.ਗ੍ਰ.ਸਾ. ਪੰਨਾ 490

ਸਤਿਗੁਰਾਂ ਕਿਹਾ, 'ਕਰਤਾਰ ਦੀ ਮੌਜ ਵੇਖੋ, ਉਸ ਨੇ ਆਪ ਹੀ ਕਿਰਪਾ ਕਰ ਕੇ ਗੁਰੂ ਚਰਨਾਂ ਵਿਚ ਲਿਆਂਦਾ, ਸਤਿਗੁਰਾਂ ਨੇ ਨਾਮ ਦੀ ਦਾਤ ਦੇ ਕੇ ਸੇਵਾ ਵਿਚ ਜੋੜਿਆ, ਆਪ ਹੀ ਕਰਤਾਰ ਨਾਲ ਅੰਦਰਲੀ ਸਾਂਝ ਬਖ਼ਸ਼ ਕੇ ਸਾਰੀਆਂ ਖਿੱਚਾਂ ਤੋਂ ਮੁਕਤ ਕਰ ਦਿੱਤਾ ਅਰ ਆਪ ਹੀ ਇਹ ਦਿਹਾੜਾ ਲੈ ਆਂਦਾ ਜਿਸ ਦੇ ਅਸੀਂ ਯੋਗ ਨਹੀਂ ਸਾਂ ਅਰ ਨਾ ਹੀ ਕਦੀ ਚਿਤਵਿਆ ਸੀ। ਅਸੀਂ ਸਤਿਗੁਰਾਂ ਦੇ ਕੌਤਕਾਂ ਤੋਂ ਸਦਾ ਬਲਿਹਾਰ ਜਾਂਦੇ ਹਾਂ! ਬਲਿਹਾਰ ਜਾਂਦੇ ਹਾਂ!!

ਸੰਗਤਾਂ ਹਜ਼ੂਰ ਦੇ ਦਰਸ਼ਨ ਉਪਰੰਤ ਪ੍ਰਤੀਤ ਕਰ ਰਹੀਆਂ ਸਨ ਕਿ ਗੁਰੂ ਅੰਗਦ ਸਾਹਿਬ ਅਰ ਇਨ੍ਹਾਂ ਵਿਚ ਕੋਈ ਫ਼ਰਕ ਨਹੀਂ, ਦੋਹਾਂ ਵਿਚ ਇਕੋ ਹੀ ਜੋਤਿ ਹੈ। ਇਉਂ ਲੱਗਦਾ ਹੈ ਜਿਵੇਂ ਦੂਜੇ ਪਾਤਸ਼ਾਹ ਜੀ ਜਾਮਾ ਬਦਲ ਕੇ ਆ ਗਏ ਹੋਣ, ਉਨ੍ਹਾਂ ਨੇ ਆਪਣੀ ਛੋਹ ਨਾਲ ਇਨ੍ਹਾਂ ਨੂੰ ਵੀ ਆਪਣੇ ਵਰਗਾ ਹੀ ਬਣਾ ਲਿਆ ਹੈ।

ਚਲਦਾ.....

# Reuniting Sikhs Across India: Returning to the Roots of Guru Nanak's Vision

**IQBAL SINGH LALPURA**
**9780003333**





Recently, I visited Uttar Pradesh and met a number of Pashde Jats or Sikhs whose forefathers had migrated and settled there in the late 18th century. Today, the majority of them have cut their hair, but their faith in Sri Guru Granth Sahib Ji remains strong. The village gurdwaras, still standing with dignity, are silent testimony to their unbroken spiritual bond with Sikhism. These families told me with emotion that although they live as prosperous farmers, businessmen, and even successful politicians in state and national politics, they still feel incomplete. They yearn for recognition as Sikhs and want to return to the faith of their ancestors. Yet, sadly, they often feel ignored by mainstream Sikh institutions and unrecognized by the wider Panth.

This moving encounter raises a question that touches the very soul of our community: how do we reconnect Sikhs living outside Punjab, and bring them back to the fold of Guru Nanak's universal message? The foundation of Sikhism was never confined to Punjab. From the very beginning, Guru Nanak Dev Ji proclaimed a simple yet profound truth: there is only one God, who lives within every human being. One needs to light the inner lamp through meditation and seva to find God inside. This was not a regional message, but a universal one. Guru Nanak travelled widely across India and beyond — from Assam to Sri Lanka, from Tibet to Baghdad — holding discourses with saints, sufis, yogis, and scholars. Many became his Sikhs, drawn by his message of divine oneness and human equality. The succeeding Gurus continued this mission. Guru Amar Das Ji established twenty-two manjis across India, creating centres of Sikh learning and practice. Guru Tegh Bahadur Ji travelled to Bihar, Assam, and Bengal, inspiring countless followers. Guru Gobind Singh Ji carried this vision further, but seeing the threat to dharma, he gave the Sikhs arms, transforming them into saint-soldiers — defenders of humanity. Thus, the Sikh was never meant to be confined to Punjab. He was to be an angel on earth, serving and protecting humanity everywhere.

After Guru Gobind Singh Ji, leadership passed to Banda Singh Bahadur. He conquered large parts of Punjab and struck at the very heart of Mughal power. But constant wars prevented him from keeping contact with Sikhs outside Punjab. The next generation of leaders — Nawab Kapur Singh, Jassa Singh Ahluwalia, and the Misls — fought guerilla battles against Mughals and invaders like Ahmad Shah Abdali. They were recognised as leaders of the Sikh Quam and carried titles like Nawab and Sultan-ul-Quam. Yet, the struggle for survival left little scope for preaching and outreach. Maharaja Ranjit Singh, the Lion of Punjab, made efforts to secure Sikh historical places outside Punjab, like Takht Sri Patna Sahib and Takht Hazur Sahib at Nanded. But even his empire was limited mostly to Punjab, stretching up to the Sutlej. The arrival of the British shifted the focus further. Many Sikhs in Punjab joined the British army, but they adopted European ways instead of spreading Sikh values. The wider Sikh population outside Punjab remained disconnected.

Today, the Sikh Gurdwara Parbandhak Committee (SGPC) is the custodian of Sikh shrines, but its influence is restricted mainly to Punjab, Haryana, and Himachal Pradesh. The Delhi and Haryana Gurdwara Parbandhak Committees also follow in the footsteps of SGPC, functioning more as management bodies than missionary institutions. While the Akal Takht Jathedars issue guidance for the global Panth, they are rarely seen visiting struggling Sikh communities across India — in UP, Bihar, Maharashtra, Madhya Pradesh, Bengal, or South India. Elections to Gurdwara Committees have become politicised. Preachers and employees are paid servants of committees, often serving political agendas rather than the spiritual mission of the Gurus. Meanwhile, many Sikh communities outside Punjab are gradually losing their external identity, even though their hearts remain devoted to Guru Granth Sahib Ji.

In Bihar, Sikhs around Takht Patna Sahib still carry deep reverence for Guru Gobind Singh Ji, who was born there, but the younger generation struggles with modern challenges. In Maharashtra, the sangat at Takht Hazur Sahib is strong, yet scattered Sikhs around the region feel disconnected. In Bengal, Madhya Pradesh, and South India, Sikhs often lack institutions and preachers to guide them. The million-dollar question remains: how do we reunite these Sikhs with the mainstream Panth?

If Sikhs across India are to be reunited, we must revive Guru Nanak's model of outreach and apply it in today's context. Just as the Gurus appointed manjis, today Sikh institutions must send trained preachers to regions like UP, Bihar, Bengal, and Maharashtra to teach Gurbani, inspire the youth, and reconnect families. Setting up Sikh schools and colleges in areas with historic Sikh presence will anchor the younger generation in faith, language, and culture. Sikhs outside Punjab who may not keep external symbols should still be recognised as members of the Panth if they bow before Guru Granth Sahib Ji. Embracing them first will inspire them to gradually return to the full Sikh way of life. Online platforms and Punjabi channels can connect scattered Sikhs with live kirtan, Gurbani vichaar, and Sikh history classes. The Jathedars of the Takhats and respected Sikh scholars should regularly tour Sikh villages across India to show solidarity and encouragement.

In recent years, one organisation has taken encouraging steps in this direction — the Global Punjabi Association (GPA). Founded to promote Hindu-Sikh unity and Punjabi culture, the GPA recognises that the future of Sikhism lies not in narrow politics but in reconnecting Punjabis and Sikhs worldwide with their shared roots. Through seminars, outreach, and dialogue, GPA is striving to create a platform where Sikhs from Punjab and Sikhs living across India and abroad can come together. This effort must be strengthened and recognised, for it aligns directly with Guru Nanak's universal vision.

The Sikh community has always been known for its courage, unity, and service. Yet today, divisions, politics, and neglect threaten to isolate Sikhs living outside Punjab. The yearning of the Pashde Jats of Uttar Pradesh is a reminder that Sikh roots are alive, but they need nourishment. It is time for our leadership to rise above politics and return to Guru Nanak's message — there is only one God, who lives within every human being. One needs to light the inner lamp through meditation and seva to find God inside. By reconnecting Sikhs across India through love, education, and recognition, we can revive their identity and strengthen the entire Panth. As Guru Nanak Dev Ji taught, true spirituality is not about division but about the welfare of all. The future of Sikh unity lies in living this prayer: Nanak Naam Chardi Kala, Tere Bhaane Sarbat Da Bhala.

**Former Chairman, National Commission for Minorities, Government of India**

# ਪਾਠਕਾਂ ਦੇ ਪੱਤਰ

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼

## ਕੀ ਸਾਨੂੰ ਏਨੇ ਅਵੇਸਲੇ ਹੋ ਜਾਣਾ ਚਾਹੀਦਾ ਹੈ ਕਿ ਅਸੀਂ ਇਕ ਅਖ਼ਬਾਰ ਨਹੀਂ ਸੰਭਾਲ ਸਕਦੇ?

ਸਤਿਕਾਰਯੋਗ ਸੰਪਾਦਕ ਜੀਓ,

ਗੁਰ ਫ਼ਤਿਹ ਪ੍ਰਵਾਨ ਹੋਵੇ ਜੀ।

ਪਿਛਲੇ ਹਫ਼ਤੇ ਦੇ ਅੰਕ ਵਿਚ 'ਪੰਜਾਬ ਟਾਈਮਜ਼' ਨੂੰ ਹਫ਼ਤਾਵਾਰੀ ਤੋਂ 'ਪੰਦਰਵਾੜਾ' ਕਰਨ ਬਾਰੇ ਪੜ੍ਹਿਆ ਜਿਸ ਦਾ ਕਾਰਨ ਆਰਥਕ ਮਜਬੂਰੀ ਦੱਸਿਆ ਗਿਆ। ਪੰਜਾਬੀ ਭਾਸ਼ਾ ਨੂੰ ਪਿਆਰ ਕਰਨ ਵਾਲ਼ੇ ਪਾਠਕਾਂ ਨੂੰ ਇਹ ਖ਼ਬਰ ਪੜ੍ਹ ਕੇ ਬਹੁਤ ਧੱਕਾ ਲ਼ੱਗਿਆ। ਸੱਠਵਿਆਂ ਤੋਂ ਇਹ ਪਰਚਾ ਮਾਤ-ਭਾਸ਼ਾ ਦੀ ਸੇਵਾ ਕਰਦਾ ਆ ਰਿਹਾ ਹੈ। ਜਦੋਂ ਦਾ ਇਹ ਪਰਚਾ ਪੁਰੇਵਾਲ ਹੋਰਾਂ ਕੋਲ ਆਇਆ ਹੈ ਇਸ ਨੇ ਸਿਰਦਾਰ ਰਾਜਿੰਦਰ ਸਿੰਘ ਪੁਰੇਵਾਲ ਅਤੇ ਸਿਰਦਾਰ ਹਰਜਿੰਦਰ ਸਿੰਘ ਮੰਡੇਰ ਦੀ ਅਗਵਾਈ ਵਿਚ ਬਹੁਤ ਤਰੱਕੀ ਕੀਤੀ ਹੈ। ਪਾਠਕਾਂ ਨੂੰ ਬਹੁਤ ਹੀ ਲਾਭਦਾਇਕ ਸਾਮੱਗਰੀ ਪੜ੍ਹਨ ਲਈ ਮਿਲਦੀ ਹੈ।

ਅਫ਼ਸੋਸ ਦੀ ਗੱਲ ਹੈ ਕਿ ਯੂ.ਕੇ. ਵਿਚ ਸੱਤ ਅੱਠ ਲੱਖ ਦੀ ਆਬਾਦੀ ਵਾਲ਼ਾ ਸਿੱਖ ਭਾਈਚਾਰਾ ਇਕ ਪਰਚੇ ਨੂੰ ਨਹੀਂ ਸੰਭਾਲ ਸਕਦਾ। ਦੂਸਰੇ ਪਾਸੇ ਜੇ ਅਸੀਂ ਸਿੱਖ ਭਾਈਚਾਰੇ ਦੇ ਫ਼ਜ਼ੂਲ ਖ਼ਰਚਿਆਂ ਵਲ ਨਜ਼ਰ ਮਾਰੀਏ ਤਾਂ ਹੈਰਾਨ ਹੋ ਜਾਈਦਾ ਹੈ। ਲੱਖਾਂ ਪੌਂਡ ਅਸੀਂ ਕੁਝ ਘੰਟਿਆਂ 'ਚ ਉਡਾ ਦਿੰਦੇ ਹਾਂ। ਆਪਣੀ ਮਾਤ-ਭਾਸ਼ਾ ਪ੍ਰਤੀ ਭਾਵਕ ਹੋ ਕੇ ਅਸੀਂ ਡੀਂਗਾਂ ਤਾਂ ਬਹੁਤ ਮਾਰਦੇ ਹਾਂ ਪਰ ਜਦੋਂ ਇਸ ਲਈ ਕੁਝ ਕਰਨ ਦੀ ਗੱਲ ਆਉਂਦੀ ਹੈ ਤਾਂ ਹੈ ਤਾਂ ਪਿਛਾਂਹ ਵਲ ਭੱਜਦੇ ਹਾਂ। ਯਾਦ ਰਹੇ ਕਿ ਅਖ਼ਬਾਰਾਂ ਅਤੇ ਰਿਸਾਲੇ ਕਿਸੇ ਵੀ ਮਾਤ-ਭਾਸ਼ਾ ਲਈ ਥੰਮ੍ਹ ਹੁੰਦੇ ਹਨ। ਇਹ ਠੀਕ ਹੈ ਕਿ ਨਵੀਂ ਤਕਨੀਕ ਨੇ ਜਿੱਥੇ ਹੋਰ ਕਾਰੋਬਰਾਂ 'ਚ ਬਹੁਤ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ ਉੱਥੇ ਇਸ ਖੇਤਰ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ। ਦੂਸਰੀਆਂ ਭਾਸ਼ਾਵਾਂ ਦੇ ਅਖ਼ਬਾਰਾਂ 'ਤੇ ਵੀ ਅਸਰ ਪਿਆ ਹੈ। ਇਹ ਵੀ ਸੱਚ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਵੀ ਆਪਣੀ ਭਾਸ਼ਾ ਨਾਲ ਇੰਜ ਨਹੀਂ ਜੁੜੀ ਜਿਵੇਂ ਜੁੜਨੀ ਚਾਹੀਦੀ ਸੀ। ਪਰ ਫੇਰ ਵੀ ਕੀ ਸਾਨੂੰ ਏਨੇ ਅਵੇਸਲੇ ਹੋ ਜਾਣਾ ਚਾਹੀਦਾ ਹੈ ਕਿ ਅਸੀਂ ਇਕ ਅਖ਼ਬਾਰ ਨਹੀਂ ਸੰਭਾਲ ਸਕਦੇ? ਸਾਡੇ ਕਾਰੋਬਾਰੀ ਅਦਾਰੇ ਇਸ ਵਿਚ ਆਪਣਾ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਨ।

ਪਿਆਰੇ ਪਾਠਕ ਜਨੋ! ਕੌਮਾਂ ਉਹੀ ਜਿਉਂਦੀਆਂ ਰਹਿੰਦੀਆਂ ਹਨ ਜਿਨ੍ਹਾਂ ਦੀ ਭਾਸ਼ਾ ਜਿਊਂਦੀ ਰਹਿੰਦੀ ਹੈ। ਕਿਸੇ ਕੌਮ ਦਾ ਸੱਭਿਆਚਾਰ ਉਸ ਦੀ ਭਾਸ਼ਾ 'ਤੇ ਹੀ ਟਿਕਿਆ ਹੋਇਆ ਹੁੰਦਾ ਹੈ। ਸੋ ਆਉ ਹੰਭਲਾ ਮਾਰੀਏ ਤੇ 'ਪੰਜਾਬ ਟਾਈਮਜ਼' ਦੀ ਸਹਾਇਤਾ ਕਰੀਏ ਤਾਂ ਕਿ ਇਹ ਅਦਾਰਾ ਇਸੇ ਤਰ੍ਹਾਂ ਮਾਤ-ਭਾਸ਼ਾ ਦਾ ਪਹਿਰੇਦਾਰ ਬਣ ਕੇ ਸੇਵਾ ਕਰਦਾ ਰਹੇ।



**ਦਾਸਰਾ:**
**ਨਿਰਮਲ ਸਿੰਘ ਕੰਧਾਲਵੀ**

## ਪੰਜਾਬ ਹੜ੍ਹ ਪੀੜਤਾਂ ਲਈ ਪ੍ਰੀਟੀ ਜ਼ਿੰਟਾ ਤੇ ਪੰਜਾਬ ਕਿੰਗਜ਼ ਵੱਲੋਂ 33.8 ਲੱਖ ਰੁਪਏ ਦੀ ਸਹਾਇਤਾ



ਚੰਡੀਗੜ੍ਹ - ਪੰਜਾਬ ਵਿੱਚ ਆਏ ਭਿਆਨਕ ਹੜ੍ਹ ਨਾਲ ਪੀੜਤ ਲੋਕਾਂ ਦੀ ਸਹਾਇਤਾ ਲਈ ਬਾਲੀਵੁੱਡ ਅਭਿਨੇਤਰੀ ਤੇ ਪੰਜਾਬ ਕਿੰਗਜ਼ ਦੀ ਮਾਲਕਾ ਪ੍ਰੀਟੀ ਜ਼ਿੰਟਾ ਅੱਗੇ ਆਈ ਹੈ। ਉਨ੍ਹਾਂ ਨੇ ਹੇਮਕੁੰਟ ਫਾਊਂਡੇਸ਼ਨ ਅਤੇ ਰਾਊਂਡ ਟੇਬਲ ਇੰਡੀਆ ਨਾਲ ਮਿਲ ਕੇ ਟੂਗੈਦਰ ਫਾਰ ਪੰਜਾਬ ਮੁਹਿੰਮ ਦੇ ਹਿੱਸੇ ਵਜੋਂ 33.8 ਲੱਖ ਰੁਪਏ ਦਾਨ ਕੀਤੇ ਹਨ।

ਇਸ ਤੋਂ ਇਲਾਵਾ, ਪੰਜਾਬ ਕਿੰਗਜ਼ ਫਰੈਂਚਾਇਜ਼ੀ ਨੇ ਕਰਾਊਡਫੰਡਿੰਗ ਰਾਹੀਂ 2 ਕਰੋੜ ਰੁਪਏ ਇਕੱਠੇ ਕਰਨ ਦਾ ਟੀਚਾ ਰੱਖਿਆ ਹੈ। ਇਹ ਫੰਡ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ ਤੇ ਲਿਜਾਣ, ਡਾਕਟਰੀ ਸਹਾਇਤਾ, ਰਾਹਤ ਸਮੱਗਰੀ, ਸਾਫ਼ ਪੀਣ ਵਾਲਾ ਪਾਣੀ ਤੇ ਬਚਾਅ ਕਿਸ਼ਤੀਆਂ ਪ੍ਰਦਾਨ ਕਰਨ ਲਈ ਵਰਤੇ ਜਾਣਗੇ। ਜਾਣਕਾਰੀ ਮੁਤਾ-ਬਕ, ਪੰਜਾਬ ਵਿੱਚ ਮੁਹੱਈਆ ਕਰਵਾਈਆਂ ਜਾ ਰਹੀਆਂ ਕਿਸ਼ਤੀਆਂ ਭਵਿੱਖ ਵਿੱਚ ਵੀ ਐਮਰਜੈਂਸੀ ਦੌਰਾਨ ਆਫ਼ਤ-ਪ੍ਰਤੀਕਿਰਿਆ ਸੰਪਤੀਆਂ ਵਜੋਂ ਵਰਤੀਆਂ ਜਾਣਗੀਆਂ।

## ਹੜ ਪੀੜਤ ਲੋਕਾਂ ਦੀ ਮਦਦ ਕਰਨੀ ਇਕ ਇਨਸਾਨੀ ਫਰਜ਼ ਹੈ, ਹਰ ਇਕ ਇਨਸਾਨ ਇਸ ਫਰਜ਼ ਨੂੰ ਪੂਰਾ ਕਰੇ

ਭਾਵੇਂ ਕੋਈ ਭੀ ਆਫ਼ਤ ਆਉਂਦੀ ਹੈ ਉਸ ਵਿੱਚ ਕੇਂਦਰ ਸਰਕਾਰ, ਫਿਰ ਪੰਜਾਬ ਸਰਕਾਰ ਦਾ ਫਰਜ਼ ਹੈ। ਉਸ ਆਫ਼ਤ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਵੇ। ਪਹਿਲਾਂ ਪੰਜਾਬ ਸਰਕਾਰ ਦੀ ਸਥਿਤੀ ਦੇਖੋ। ਹਾਲੀ ਹੜ੍ਹ ਪੀੜਤਾਂ ਲਈ ਕੀ ਕੁਝ ਕਰ ਰਹੇ ਹਨ, ਉਹ ਦੇਖੋ ਪਹਿਲਾਂ ਹੀ ਆਪਣੀ ਡਫਲੀ ਵਜਾਉਣੀ ਸ਼ੁਰੂ ਕਰ ਦਿੱਤੀ ਹੈ ਕਿ 60 ਹਜ਼ਾਰ ਕਰੋੜ ਰੁਪਏ ਕੇਂਦਰ ਦੇ ਦੇਵੇ, ਕੀ ਇਹ 60 ਹਜ਼ਾਰ ਕਰੋੜ ਹੜ੍ਹਾਂ ਦੀ ਆਫ਼ਤ ਲਈ ਕੇਂਦਰ ਸਰਕਾਰ ਪਾਸ ਪੰਜਾਬ ਸਰਕਾਰ ਦਾ ਸੀ। ਪਹਿਲਾਂ ਜੋ ਹੋ ਸਕਦਾ ਹੈ ਪੰਜਾਬ ਸਰਕਾਰ ਦੇਵੇ, ਜਦੋਂ ਉਨ੍ਹਾਂ ਪਾਸ ਫੰਡ ਮੁੱਕ ਜਾਣ ਫਿਰ ਕੇਂਦਰ ਸਰਕਾਰ ਕੋਲ ਜਾਵੋ। ਆਪਣੀ ਸਥਿਤੀ ਕੇਂਦਰ ਸਰਕਾਰ ਨੂੰ ਦੱਸੋ ਕਿ ਇਤਨੇ ਕਰੋੜ ਰੁਪਏ ਅਸੀਂ ਫੰਡ ਦੇ ਚੁੱਕੇ ਹਾਂ, ਹੁਣ ਇਤਨੇ ਪੈਸੇ ਹੋਰ ਦਵਾਈਆਂ ਵਗੈਰਾ ਚਾਹੀਦੀਆਂ ਹਨ ਸਾਨੂੰ ਦੇਵੋ ਸਾਡੀ ਸਹਾਇਤਾ ਕਰੋ। ਹਰ ਪਾਸੇ ਇਹੋ ਅਵਾਜ਼ ਆ ਰਹੀ ਹੈ ਕਿ ਸਰਕਾਰ ਕਹਿੰਦੀ ਕਈ ਕੁਝ ਹੈ ਜੋ ਕਰ ਰਹੀ ਸਾਰਿਆਂ ਦੇ ਸਾਹਮਣੇ ਹੈ। ਪਹਿਲਾਂ ਦੀ ਤਰ੍ਹਾਂ ਹੀ ਹੋ ਰਿਹਾ ਹੈ, ਸਰਕਾਰ ਆਪਣੀ ਪਾਰਟੀ ਦੇ ਬੰਦਿਆਂ ਦੀ ਮਦਦ ਜ਼ਿਆਦਾ ਕਰਦੀ ਹੈ ਜਿਵੇਂ ਬਿਆਨ ਦਿੱਤਾ ਹੈ ਕਿ 10 ਬੋਰੀਆਂ ਅਨਾਜ ਉਹ ਪਿੰਡ ਵਿੱਚ ਝਾੜੂ ਦੇ ਲੀਡਰ ਨੂੰ ਦੇ ਆਏ। ਇਹ ਹੁੰਦੀ ਆਈ ਹੁੰਦੀ ਰਹਿਣੀ ਹੈ, ਫਿਰ ਬਾਅਦ ਵਿੱਚ ਇਹ ਭੀ ਫਿਰ ਸਵਾਲ ਖੜ੍ਹੇ ਹੋਣੇ ਹਨ ਕਿ ਇਤਨਾ ਪੈਸਾ ਵਗੈਰਾ ਹੜਪ ਕਰ ਲਿਆ। ਇਨ੍ਹਾਂ ਸਾਰੇ ਵਿਸ਼ਿਆਂ ਨੂੰ ਛੱਡ ਕੇ ਸਾਨੂੰ ਹਰ ਇਕ ਨੂੰ ਜੋ ਹੋ ਸਕਦਾ ਹੈ ਪੈਸਾ, ਹੱਥੀਂ ਸੇਵਾ, ਕੱਪੜੇ-ਦਵਾਈਆਂ ਜੋ ਦੇ ਸਕਦੇ ਹੋ। ਸਾਡੇ ਘਰ ਵਿੱਚ ਆਮ ਹੁੰਦਾ ਹੈ ਦਵਾਈਆਂ ਘਰ ਵਿੱਚ ਫਾਲਤੂ ਹੁੰਦੀਆਂ ਹਨ। ਉਹ ਖ਼ਾਸ ਬੰਦੋਬਸਤ ਕਰਕੇ ਪੰਜਾਬ ਭੇਜੋ। ਕੱਪੜੇ ਆਸ ਪਾਸ ਫਾਲਤੂ ਹੁੰਦੇ ਹਨ ਅਸੀਂ ਇਥੇ ਚੈਰਿਟੀਆਂ ਨੂੰ ਦੇਂਦੇ ਹਾਂ ਉਹ ਪੰਜਾਬ ਭੇਜੋ। ਬਹੁਤ ਜਥੇਬੰਦੀਆਂ ਜੋ ਸੇਵਾ ਕਰ ਰਹੀਆਂ ਹਨ। ਆਪਣੇ ਆਪਣੇ ਪਿੰਡ ਦੇ ਲਾਗੇ ਜੋ ਹੜ੍ਹ ਪੀੜਤ ਹਨ ਜਿਥੇ ਕੈਂਪ ਹਨ ਉਨ੍ਹਾਂ ਨਾਲ ਰਾਬਤਾ ਕਰੋ। ਕਈ ਏਸੇ ਪੁਰਖ ਹਨ ਜੋ ਹਮੇਸ਼ਾ Good cause ਲਈ ਸੇਵਾ ਕਰਦੇ ਹਨ ਖ਼ਾਸ ਕਰਕੇ ਸ: ਇਕਬਾਲ ਸਿੰਘ ਲਾਲਪੁਰਾ ਅਤੇ ਉਨ੍ਹਾਂ ਦੇ ਸਪੁੱਤਰ ਜੋ ਕੈਂਸਰ ਕਮੇਟੀ ਦੇ ਖ਼ਾਸ ਅਹੁਦੇਦਾਰ ਹਨ। ਉਹ ਹਮੇਸ਼ਾ ਹੀ ਕੈਂਪ ਲੱਗਵਾ ਰਹੇ ਹਨ, ਹੋਰ ਸੇਵਾ ਕਰਦੇ ਹਨ, ਉਨ੍ਹਾਂ ਨਾਲ ਰਾਬਤਾ ਕਾਇਮ ਕਰਕੇ ਜੋ ਸੇਵਾ ਕਰ ਸਕਦੇ ਹੋ ਕਰੋ। ਉਨ੍ਹਾਂ ਦਾ ਟੈਲੀਫੂਨ ਤਕਰੀਬਨ ਹਰ ਹਫ਼ਤੇ ਪੰਜਾਬ ਟਾਈਮਜ਼ ਵਿੱਚ ਛਪਦਾ ਹੈ ਤੁਸੀਂ ਉਥੋਂ ਲੈ ਸਕਦੇ ਹੋ, ਨਹੀਂ ਤਾਂ ਪੰਜਾਬ ਟਾਈਮਜ਼ ਦੇ ਸਟਾਫ ਨਾਲ ਰਾਬਤਾ ਕਰਕੇ ਮਦਦ ਦੇ ਸਕਦੇ, ਹੋਰ ਭੀ ਕਈ ਸੱਜਣ ਹਨ ਜਿਨ੍ਹਾਂ ਦਾ ਧਿਆਨ ਸੇਵਾ ਵੱਲ ਹੁੰਦਾ ਹੈ। ਕਰੋ ਆਪ ਜਾ ਸਕਦੇ ਹੋ ਆਪਣੇ ਹੱਥਾਂ ਨਾਲ ਸੇਵਾ ਕਰੋ, ਨਾਲ ਬਾਕੀ ਦੀ ਸੰਗਤ ਭੈਣ-ਭਰਾਵਾਂ ਨੂੰ ਸਹੀ ਹਾਲਤ ਦੱਸੋ ਕਿ ਉਥੇ ਕਿਹੜੀ ਕਿਹੜੀ ਵਸਤੂ ਜਰੂਰੀ ਹੈ। ਉਸ ਵਿੱਚ ਮਦਦ ਕਰੋ। ਕਈ ਸਾਡੇ ਵਰਗੇ ਜਿਨ੍ਹਾਂ ਨੇ ਫੋਟੋ ਖਿੱਚਵਾ ਕੇ ਆਪਣੇ ਵਿਚਾਰ ਪੇਸ਼ ਕਰਨੇ ਹਨ। ਥੋੜੇ % ਸਿਰਫ਼ ਆਪਣਾ ਨਾਮ ਰੋਸ਼ਨ ਕਰਨ ਲਈ ਅੱਗੇ ਗੱਲ ਕਰਨਗੇ। ਉਨ੍ਹਾਂ ਦਾ ਭੀ ਸਾਥ ਦੇਵੋ। ਨਾਲ ਮਿਲ ਕੇ ਕੰਮ ਕਰੋ ਤੁਹਾਨੂੰ ਆਪ ਪਤਾ ਚੱਲੇਗਾ ਕਿ ਕਿਸ ਤਰ੍ਹਾਂ ਹੱਥ ਦੀ ਸਫ਼ਾਈ ਪੇਸ਼ ਕਰਦੇ ਹਨ। ਆਪਣੇ ਲੋਕਾਂ ਦਾ ਦਿੱਤਾ ਪੈਸਾ ਪੂਰਾ ਖਰਚ ਨਹੀਂ ਕਰਨਗੇ ਨਾਲ ਆਪਣੇ ਖਰਚ ਦਾ ਭੀ ਕਲੇਮ ਕਰਨਗੇ। ਜਿਸ ਤਰ੍ਹਾਂ ਹੋ ਸਕਦਾ ਹੈ ਮਦਦ ਜਰੂਰ ਕਰੋ। ਪੰਜਾਬ ਵਿੱਚ ਭਾਰਤ ਵਿੱਚ ਆਪਣੇ ਰਿਸ਼ਤੇਦਾਰਾਂ ਨੂੰ ਦੋਸਤਾਂ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਨੂੰ ਪੁੱਛੋ ਕਿ ਕਿਹੜੀ ਜਰੂਰੀ ਵਸਤੂ ਚਾਹੀਦੀ ਪੈਸੇ ਭੇਜ ਕੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰੋ। ਅਗਰ ਤੁਹਾਡੇ ਘਰ ਖਾਲੀ ਹਨ ਕੋਠੀ ਖਾਲੀ ਪਈ ਹੈ ਜਰੂਰ ਕੁਝ ਦਿਨ ਲਈ ਰਹਿਣ ਲਈ free ਦੇ ਦੇਵੋ। ਪਿੰਡ ਦਾ ਸਰਪੰਚ ਜਾਂ ਹੋਰ ਆਦਮੀ ਰਾਹੀਂ ਉਨ੍ਹਾਂ ਨੂੰ ਕੁਝ ਚਿਰ ਰਹਿਣ ਵਸੇਰਾ ਕਰ ਦੇਵੋ। ਤਾਂ ਕਿ ਉਹ ਜ਼ਿੰਮੇਵਾਰੀ ਲੈ ਲਵੇਗਾ ਜਦੋਂ ਤੁਹਾਨੂੰ ਜਰੂਰਤ ਹੈ ਉਹ ਉਸੇ ਹਾਲਤ ਵਿੱਚ ਤੁਹਾਨੂੰ ਵਾਪਸ ਕਰ ਦੇਵੇ। ਡੰਗਰ ਦੇ ਰੱਖਣ ਲਈ ਥਾਂ ਹੈ ਉਹ ਦੇ ਦੇਵੋ। ਪਾਣੀ ਦਾ ਬੰਦੋਬਸਤ ਕਰ ਦੇਵੋ। ਜਿਸ ਤਰੀਕੇ ਨਾਲ ਮਦਦ ਕਰ ਸਕਦੇ ਹੋ ਕਰੋ। ਨਾਲੇ ਪੁੰਨ ਨਾਲ ਫਲੀਆਂ ਦੋਵੇਂ ਕਾਰਜ ਵਾਹਿਗੁਰੂ ਪੂਰੇ ਕਰੇਗਾ।



**ਆਪ ਦਾ ਸਹਿਜੋਗੀ-ਕੇ ਐਸ ਜੋਗੀ**

## ਦਿੱਲੀ ਦੀ ਮੁੱਖ ਮੰਤਰੀ ਵੱਲੋਂ ਹੜ੍ਹ ਪ੍ਰਭਾਵਿਤ ਪੰਜਾਬ ਲਈ 5 ਕਰੋੜ ਦੀ ਵਿੱਤੀ ਮਦਦ ਦਾ ਐਲਾਨ



ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ ਪੰਜਾਬ ਨੂੰ ਪੰਜ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਰਕਾਰ ਹੜ੍ਹ ਪ੍ਰਭਾਵਿਤ ਸੂਬੇ ਨੂੰ ਲੋੜੀਂਦੀ ਕੋਈ ਵੀ ਹੋਰ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਹੈ। ਗੁਪਤਾ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਪੰਜਾਬ ਦੇ ਹਮਰੁਤਬਾ ਭਗਵੰਤ ਮਾਨ ਨਾਲ ਗੱਲ ਕੀਤੀ ਹੈ ਅਤੇ ਉਨ੍ਹਾਂ ਨੂੰ ਦੱਸਿਆ ਕਿ ਦਿੱਲੀ, ਸੂਬੇ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਲਈ ਲੋੜੀਂਦੀ ਕਿਸੇ ਵੀ ਮਦਦ ਲਈ ਤਿਆਰ ਹੈ।

# SUPREME SIKH COUNCIL UK ANNOUNCES SUCCESSFUL COMPLETION OF PRESIDENTIAL ELECTION AT SIRI GURU NANAK DARBAR GURDWARA, GRAVESEND



The Supreme Sikh Council UK is pleased to officially announce the successful, peaceful, and historic completion of the Presidential Election at Siri Guru Nanak Darbar Gurdwara, Gravesend.

This landmark democratic process — conducted with full transparency, fairness, and adherence to Sikh principles — stands as a shining example of how the Sikh community can come together to resolve leadership matters with grace, dignity, and unity.

We extend our heartfelt congratulations to both contesting parties for their exemplary conduct, tireless hard work, and unwavering commitment to ensuring the election remained respectful, orderly, and truly democratic. Their maturity and devotion to the sangat have set a powerful precedent for Gurdwaras across the UK and beyond.

We offer our warmest congratulations to the victorious Baaj Group on their well-earned mandate. We also extend our sincere commiserations to the other side — your dedication, vision, and service remain invaluable to the sangat, and we hope you continue to contribute your wisdom and strength in the spirit of Sarbat da Bhala.

A special and profound thank you goes to the Sangat of Gravesend and surrounding areas. Your patience, cooperation, and unwavering faith — even while waiting for hours to cast your sacred vote — were nothing short of inspirational. The sight of such a massive, peaceful turnout, with not a single unpleasant incident, brought tears to our eyes and pride to our hearts. You have shown the world what a united, disciplined, and spiritually grounded sangat can achieve.

To the Baaj Group: As you assume leadership, we wish you every success, divine guidance, and boundless strength in your mission to make Siri Guru Nanak Darbar Gurdwara a true lighthouse of Sikhi — a beacon of Sikh tradition, culture, values, and seva for generations to come.

We also wish to offer our Sevadars of the election team for their free and Nishkam seva and saving the Gurdwara huge sums of Sadh-Sangat money.

Issued by the Supreme Sikh Council UK — Upholding Sikh Values, Unity, and Democratic Tradition.

## *Tail Piece*

## Members from adjoining constituencies must bring problems for solution

We shall be acting upon Act One Nation One Elections and still the concept of electing representatives of the people is kept away. There should be a way out. All members elected from adjoining constituencies must sit together and identify common problems of those areas and if possible they must discuss those prolems and suggest solution of those problems. Members from Parliament may bring those problems before the Parliament and members from the State Legislative Assemblies must bring the problem before the house there. Till date members are not allowed to represent the people because of under certain obligations of the contesting groups and in these groups, they must be from any of the contesting groups, must sit and only take up problems of the area and must come up for solution and let the House where they represent solve the problem. We elect Public Servants and all must work and this is the first duty they must perform sitting separately as a group and for the time being they must forget through which contesting groups they had come.

We are fighting elections through contesting groups, but the house is House of the people and not House of the contesting groups. Let us start working for the people through these adjoining area shaving similar problems. For the time being they must concentrate on problems of the people and forget their group. Let it be a step forward working as representatives of the people. - Advocate Dalip Singh Wasan

## * ਚੂੰਢਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਧਾਰਮਕ ਕੰਮਾਂ ਤੋਂ ਸਿਆਸਤਦਾਨਾਂ ਨੂੰ ਦੂਰ ਰੱਖੋ- ਨਿਤਿਨ ਗਡਕਰੀ**

-ਕਹੀਂ ਪੇ ਨਿਗਾਹੇਂ, ਕਹੀਂ ਪੇ ਨਿਸ਼ਾਨਾ।



***ਟਰੰਪ ਦਾ ਜਾਪਾਨ ਉੱਪਰ ਅਮਰੀਕੀ ਚੌਲ ਖ਼ਰੀਦਣ ਲਈ ਦਬਾਅ- ਇਕ ਖ਼ਬਰ**

-ਜੋਰੀ ਮੰਗੇ ਦਾਨ ਵੇ ਲਾਲੋ।



***ਕਾਂਗਰਸ ਬੱਚਿਆਂ ਦੀਆਂ ਟਾਫ਼ੀਆਂ ਉੱਤੇ ਵੀ ਟੈਕਸ ਲਗਾਉਂਦੀ ਸੀ- ਮੋਦੀ**

-ਤੇ ਤੁਸੀਂ ਜੀ.ਐੱਸ.ਟੀ. ਰਾਹੀਂ ਗ਼ਰੀਬਾਂ ਦਾ ਜੋ ਲਹੂ ਪੀਤਾ, ਉਸ ਦਾ ਹਿਸਾਬ ਕੌਣ ਦੇਵੇਗਾ?

***37 ਸਾਲਾਂ 'ਚ 22 ਕਿੱਲੋਮੀਟਰ ਧੁੱਸੀ ਬੰਨ੍ਹ ਵੀ ਨਹੀਂ ਬਣਾ ਸਕੀਆਂ ਸਮੇਂ ਦੀਆਂ ਸਰਕਾਰਾਂ- ਕੁੱਲ ਹਿੰਦ ਕਿਸਾਨ ਸਭਾ**

-ਕਾਗਜ਼ਾਂ ਵਿਚ ਤਾਂ ਕਈ ਵਾਰੀ ਬਣ ਗਿਆ ਹੋਣਾ ਬਈ!



***ਭਾਰਤ ਅਮਰੀਕਾ ਨਾਲ ਦੁਵੱਲੇ ਵਪਾਰ ਸਮਝੌਤੇ ਉੱਤੇ ਗੱਲਬਾਤ ਕਰ ਰਿਹਾ ਹੈ- ਪਿਊਸ਼ ਗੋਇਲ**

-ਉਹ ਕਹੇ ਘੱਟ ਨਾ ਤੋਲੀਂ, ਉਹ ਕਹੇ ਥੜ੍ਹੇ 'ਤੇ ਨਾ ਚੜ੍ਹੀਂ।



***ਭਾਰਤ ਤੇ ਚੀਨ ਨੂੰ ਧਮਕਾਉਣਾ ਬੰਦ ਕਰੇ ਟਰੰਪ- ਇਕ ਖ਼ਬਰ**

-ਗੱਲ ਸੋਚ ਕੇ ਕਰੀਂ ਠਾਣੇਦਾਰਾ, ਅਸਾਂ ਨਹੀਂ ਕਨੌੜ ਝੱਲਣੀ।



***ਗਾਜ਼ਾ ਉੱਤੇ ਕਬਜ਼ਾ ਕਰ ਕੇ ਇਮਾਰਤਾਂ ਵੇਚਣਗੇ ਟਰੰਪ- ਇਕ ਖ਼ਬਰ**

-ਉੱਜੜੇ ਬਾਗ਼ਾਂ ਦੇ ਗਾਲੜ੍ਹ ਪਟਵਾਰੀ।



***ਨਰਮ ਪਏ ਟਰੰਪ ਦੇ ਤੇਵਰ, ਮੋਦੀ ਮੇਰੇ ਹਮੇਸ਼ਾ ਦੋਸਤ ਰਹਿਣਗੇ- ਇਕ ਖ਼ਬਰ**

-ਅਜੇ ਮਿਹਰ ਮੁਹੱਬਤਾਂ ਲੋੜਨਾ ਏਂ, ਮੇਰੇ ਮਾਰ ਕੇ ਜਿਗਰ ਕਟਾਰ ਵੈਰੀ।



***ਅਸੀਂ ਭਾਰਤ ਅਤੇ ਰੂਸ ਨੂੰ ਚੀਨ ਦੇ ਹੱਥੋਂ ਗੁਆ ਦਿਤੈ- ਟਰੰਪ**

-ਜੂੜੇ ਖੋਲ੍ਹ ਹੁਣ ਰੋਂਦੀਆਂ, ਸੂਹੇ ਚੂੜੇ ਵਾਲ਼ੀਆਂ।



***ਹੜ੍ਹ ਪੀੜਤਾਂ ਦੇ ਦੁੱਖ ਦੇਖ ਕੇ ਵੀ ਮੋਦੀ ਸਰਕਾਰ ਚੁੱਪ- ਸਾਬਕਾ ਕੈਬਨਿਟ ਮੰਤਰੀ ਧਾਲੀਵਾਲ**

-ਤੇਰਾ ਕੱਖ ਨਹੀਂ ਬਚਨੀਏਂ ਰਹਿਣਾ, ਛੜਿਆਂ ਦਾ ਹੱਕ ਮਾਰ ਕੇ।



***'ਵੋਟ ਚੋਰੀ' ਉੱਤੇ ਖ਼ੁਲਾਸਿਆਂ ਦਾ 'ਹਾਈਡ੍ਰੋਜਨ ਬੰਬ' ਤਿਆਰ- ਰਾਹੁਲ ਗਾਂਧੀ**

-ਕੰਧਾਂ ਕਾਲ਼ੀਆਂ ਸ਼ਹਿਰ ਹੜਤਾਲ ਹੋਈ, ਧੁੰਦੂਕਾਰ ਜ਼ਿਮੀਂ ਆਸਮਾਨ ਹੋਇਆ।



***ਹੜ੍ਹਾਂ ਬਾਰੇ ਆਪਣੀ ਅਸਫ਼ਲਤਾ ਲੁਕਾਉਣ ਲਈ ਮਾਨ ਸਰਕਾਰ ਅਧਿਕਾਰੀਆਂ ਸਿਰ ਭਾਂਡਾ ਭੰਨਣ ਲੱਗੀ- ਇਕ ਖ਼ਬਰ**

-ਡਿਗੀ ਖੋਤੇ ਤੋਂ, ਗੁੱਸਾ ਘੁਮਿਆਰ 'ਤੇ।

**ਦੇਸ਼ ਦੇ ਲੱਗਭਗ 47% ਮੰਤਰੀਆਂ ਉੱਪਰ ਅਪਰਾਧਕ ਮਾਮਲੇ ਦਰਜ- ਇਕ ਖ਼ਬਰ**

-ਸੀਟੀ ਵਿਚ ਆਂਦਰਾਂ ਦੇ ਵੱਜਦੀ, ਕੰਨ ਲਾ ਕੇ ਸੁਣ ਅੜੀਏ।



***ਟਰੰਪ ਨੂੰ ਝਟਕਾ, ਜੱਜ ਨੇ ਹਾਰਵਰਡ ਯੂਨੀਵਰਸਿਟੀ ਦੇ ਫੰਡਾਂ ਦੀ ਕਟੌਤੀ ਦਾ ਫ਼ੈਸਲਾ ਉਲਟਾਇਆ- ਇਕ ਖ਼ਬਰ**

-ਜ਼ਰਾ ਸਮਝ ਨਾ ਆਉਂਦੀ ਮੂਲ਼ ਤੈਨੂੰ, ਸਿਰ ਕੂੜ ਦੀ ਪੰਡ ਉਠਾਵਨਾ ਏਂ।



***ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਸੇਵਾ-ਭਾਵਨਾ ਦੀਆਂ ਘਰ-ਘਰ ਚੱਲੀਆਂ ਗੱਲਾਂ- ਇਕ ਖ਼ਬਰ**

-ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ।

* * * * * * *

# ਹਰਜਿੰਦਰ ਸਿੰਘ ਟਰੱਕ ਹਾਦਸਾ- ਨਿਰਪੱਖ ਜਾਂਚ ਅਤੇ ਮਨੁੱਖੀ ਵਿਚਾਰਾਂ ਦੀ ਲੋੜ

ਸੰਦੀਪ ਕੁਮਾਰ
7009807121



ਹਾਲ ਹੀ ਵਿੱਚ ਅਮਰੀਕਾ ਦੇ ਫਲੋਰੀਡਾ ਰਾਜ ਵਿੱਚ ਅਗਸਤ ਮਹੀਨੇ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਨੇ ਨਾ ਸਿਰਫ਼ ਤਿੰਨ ਅਮਰੀਕੀ ਨਾਗਰਿਕਾਂ ਦੀ ਜਾਨ ਲਈ ਹੈ ਬਲਕਿ ਇੱਕ ਵੱਡੇ ਵਿਵਾਦ ਨੂੰ ਵੀ ਜਨਮ ਦਿੱਤਾ ਹੈ। ਇਹ ਹਾਦਸਾ ਇੱਕ ਟਰੱਕ ਡਰਾਈਵਰ ਵੱਲੋਂ ਗਲਤ ਯੂ-ਟਰਨ ਲੈਣ ਕਾਰਨ ਵਾਪਰਿਆ ਮੰਨਿਆ ਜਾ ਰਿਹਾ ਹੈ, ਜਿਸ ਵਿੱਚ ਭਾਰਤੀ ਮੂਲ ਦੇ ਇੱਕ ਸਿੱਖ ਡਰਾਈਵਰ ਹਰਜਿੰਦਰ ਸਿੰਘ ਨੂੰ ਮੁੱਖ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਹਰਜਿੰਦਰ ਸਿੰਘ, ਜੋ ਕਿ 28 ਸਾਲਾਂ ਦਾ ਨੌਜਵਾਨ ਹੈ ਅਤੇ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧ ਰੱਖਦਾ ਹੈ, ਨੂੰ ਵਾਹਨੀ ਹੱਤਿਆ ਦੇ ਤਿੰਨ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਸ ਨੂੰ 45 ਸਾਲਾਂ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸ ਘਟਨਾ ਨੇ ਨਾ ਸਿਰਫ਼ ਸੜਕੀ ਸੁਰੱਖਿਆ ਦੇ ਮੁੱਦੇ ਨੂੰ ਉਭਾਰਿਆ ਹੈ ਬਲਕਿ ਪ੍ਰਵਾਸੀ ਡਰਾਈਵਰਾਂ ਦੀ ਸਥਿਤੀ, ਨਿਆਂ ਵਿਵਸਥਾ ਅਤੇ ਮਨੁੱਖੀ ਵਿਚਾਰਾਂ ਨੂੰ ਵੀ ਚਰਚਾ ਵਿੱਚ ਲਿਆਂਦਾ ਹੈ। ਪਰ ਇਸ ਸਭ ਵਿੱਚ ਇੱਕ ਅਹਿਮ ਸਵਾਲ ਉੱਠਦਾ ਹੈ ਕਿ ਕੀ ਇਸ ਹਾਦਸੇ ਵਿੱਚ ਸਿਰਫ਼ ਇੱਕ ਪੱਖ ਨੂੰ ਹੀ ਕਸੂਰਵਾਰ ਠਹਿਰਾਉਣਾ ਉਚਿਤ ਹੈ ਜਾਂ ਇਸ ਨੂੰ ਵਧੇਰੇ ਗਹਿਰਾਈ ਨਾਲ ਵੇਖਣ ਦੀ ਲੋੜ ਹੈ?

ਘਟਨਾ ਦੇ ਵੇਰਵੇ ਵੱਲ ਵੇਖੀਏ ਤਾਂ ਫਲੋਰੀਡਾ ਟਰਨਪਾਈਕ ਤੇ ਵਾਪਰੇ ਇਸ ਹਾਦਸੇ ਵਿੱਚ ਹਰਜਿੰਦਰ ਸਿੰਘ ਇੱਕ ਵੱਡੇ ਟਰੱਕ ਨੂੰ ਚਲਾ ਰਿਹਾ ਸੀ। ਪੁਲਿਸ ਅਤੇ ਗਵਾਹਾਂ ਅਨੁਸਾਰ, ਉਸ ਨੇ ਇੱਕ ਅਣਅਧਿਕਾਰਤ ਜਗ੍ਹਾ ਤੇ ਯੂ-ਟਰਨ ਲੈਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਟਰੱਕ ਜੈਕਨਾਈਫ ਹੋ ਗਿਆ ਅਤੇ ਸੜਕ ਨੂੰ ਬੰਦ ਕਰ ਦਿੱਤਾ। ਉਸ ਸਮੇਂ ਪਿੱਛੇ ਤੋਂ ਆ ਰਹੀ ਇੱਕ ਮਿਨੀਵੈਨ ਇਸ ਨਾਲ ਟਕਰਾ ਗਈ, ਜਿਸ ਵਿੱਚ ਸਵਾਰ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਇਹ ਤਿੰਨੇ ਅਮਰੀਕੀ ਨਾਗਰਿਕ ਸਨ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਨਾਲ ਅਥਾਹ ਦੁੱਖ ਪਹੁੰਚਿਆ ਹੈ। ਵੀਡੀਓ ਫੁਟੇਜ ਵਿੱਚ ਵੀ ਇਹ ਯੂ-ਟਰਨ ਸਾਫ਼ ਦਿਖਾਈ ਦਿੰਦਾ ਹੈ, ਜਿਸ ਨੇ ਅਧਿਕਾਰੀਆਂ ਨੂੰ ਹਰਜਿੰਦਰ ਨੂੰ ਗ੍ਰਿਫ਼ਤਾਰ ਕਰਨ ਲਈ ਬਹੁਤ ਜਲਦੀ ਪ੍ਰੇਰਿਤ ਕੀਤਾ। ਹਰਜਿੰਦਰ ਨੂੰ ਅਮਰੀਕਾ ਵਿੱਚ ਗੈਰਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲਾ ਵੀ ਮੰਨਿਆ ਜਾ ਰਿਹਾ ਹੈ, ਜਿਸ ਨੇ ਇਸ ਮਾਮਲੇ ਨੂੰ ਸਿਆਸੀ ਰੰਗ ਵੀ ਦੇ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਨੂੰ ਕੈਲੀਫੋਰਨੀਆ ਦੀ ਨੀਤੀਆਂ ਨਾਲ ਜੋੜ ਕੇ ਆਲੋਚਨਾ ਕੀਤੀ ਹੈ, ਜਿੱਥੋਂ ਹਰਜਿੰਦਰ ਨੇ ਆਪਣਾ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਹਾਸਲ ਕੀਤਾ ਸੀ। ਉਸ ਨੇ ਅੰਗਰੇਜ਼ੀ ਅਤੇ ਰੋਡ ਸਾਈਨ ਟੈਸਟ ਵਿੱਚ ਵੀ ਕਈ ਵਾਰ ਫੇਲ੍ਹ ਹੋਣ ਤੋਂ ਬਾਅਦ ਇਹ ਲਾਇਸੈਂਸ ਪ੍ਰਾਪਤ ਕੀਤਾ ਸੀ, ਜਿਸ ਨੇ ਸੜਕੀ ਸੁਰੱਖਿਆ ਦੇ ਮਾਪਦੰਡਾਂ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ।

ਪਰ ਇਸ ਸਭ ਵਿੱਚ ਇੱਕ ਅਹਿਮ ਪਹਿਲੂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕੀ ਇਸ ਹਾਦਸੇ ਵਿੱਚ ਸਿਰਫ਼ ਟਰੱਕ ਡਰਾਈਵਰ ਹੀ ਕਸੂਰਵਾਰ ਹੈ ਜਾਂ ਮ੍ਰਿਤਕਾਂ ਨੂੰ ਲੈ ਕੇ ਜਾ ਰਹੀ ਮਿਨੀਵੈਨ ਦੇ ਡਰਾਈਵਰ ਦੀ ਵੀ ਕੋਈ ਜ਼ਿੰਮੇਵਾਰੀ ਬਣਦੀ ਹੈ? ਵੱਡੇ ਟਰੱਕ ਵਰਗੇ ਵਾਹਨਾਂ ਦੇ ਯੂ-ਟਰਨ ਲੈਣ ਨੂੰ ਦੂਰੋਂ ਹੀ ਵੇਖਿਆ ਜਾ ਸਕਦਾ ਹੈ। ਅਜਿਹੇ ਵਿੱਚ, ਜੇਕਰ ਮਿਨੀਵੈਨ ਦੇ ਡਰਾਈਵਰ ਨੇ ਸਮੇਂ ਸਿਰ ਬ੍ਰੇਕ ਲਗਾਉਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਸ਼ਾਇਦ ਇਹ ਦੁਰਘਟਨਾ ਟਲ ਸਕਦੀ ਸੀ। ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿ ਕੀ ਮ੍ਰਿਤਕ ਡਰਾਈਵਰ ਮਾਨਸਿਕ ਤੌਰ ਤੇ ਪੂਰੀ ਤਰ੍ਹਾਂ ਸੁਚੇਤ ਸੀ ਜਾਂ ਉਹ ਆਪਣੇ ਸੁਭਾਅ ਵਿੱਚ ਲਾਪਰਵਾਹੀ ਵਾਲਾ ਵਿਹਾਰ ਰੱਖਦਾ ਸੀ? ਸੜਕਾਂ ਤੇ ਡਰਾਈਵਿੰਗ ਕਰਦੇ ਸਮੇਂ ਹਰ ਡਰਾਈਵਰ ਨੂੰ ਪੂਰੀ ਇਕਾਗਰਤਾ ਅਤੇ ਸਤਰਕਤਾ ਵਰਤਣੀ ਚਾਹੀਦੀ ਹੈ। ਜੇਕਰ ਦੂਰੋਂ ਵੱਡੇ ਵਾਹਨ ਦੀ ਅਸਧਾਰਨ ਹਰਕਤ ਵੇਖ ਕੇ ਵੀ ਬ੍ਰੇਕ ਨਹੀਂ ਲਗਾਏ ਗਏ ਤਾਂ ਇਹ ਵੀ ਇੱਕ ਵੱਡੀ ਗਲਤੀ ਹੈ। ਗਲਤ ਡਰਾਈਵਿੰਗ ਨਾਲ ਅਮਰੀਕਾ ਦੇ ਸੜਕੀ ਨਿਯਮਾਂ ਤਹਿਤ ਜੁਰਮਾਨਾ ਹੁੰਦਾ ਹੈ। ਪਰ ਰੋਡ 'ਤੇ ਗੱਡੀ ਚਲਾਉਂਦੇ ਹੋਏ ਸੁਚੇਤ ਨਾ ਰਹਿਣਾ, ਲੋੜ ਪੈਣ ਤੇ ਬਰੇਕਾਂ ਦਾ ਇਸਤੇਮਾਲ ਨਾ ਕਰਨਾ ਵੱਡੀ ਲਾਪਰਵਾਹੀ ਅਤੇ ਜਾਨ-ਮਾਲ ਦਾ ਨੁਕਸਾਨ ਕਰਨ ਵੱਲ ਪਹਿਲਾਂ ਕਦਮ ਹੈ। ਅਮਰੀਕੀ ਸੜਕਾਂ ਤੇ ਹਾਈਵੇਅਾਂ ਤੇ ਅਜਿਹੇ ਹਾਦਸੇ ਅਕਸਰ ਵਾਪਰਦੇ ਹਨ ਜਿੱਥੇ ਇੱਕ ਪੱਖ ਦੀ ਗਲਤੀ ਨੂੰ ਦੂਜੇ ਪੱਖ ਦੀ ਅਣਗਹਿਲੀ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ ਲਈ, ਇਸ ਮਾਮਲੇ ਵਿੱਚ ਵੀ ਇੱਕ ਨਿਰਪੱਖ ਜਾਂਚ ਦੀ ਲੋੜ ਹੈ ਜੋ ਦੋਵਾਂ ਪੱਖਾਂ ਨੂੰ ਬਰਾਬਰ ਤੱਕੜੀ ਵਿੱਚ ਰੱਖ ਕੇ ਵੇਖੇ।

ਸੜਕੀ ਹਾਦਸੇ ਅਕਸਰ ਇੱਕ ਨਹੀਂ ਬਲਕਿ ਕਈ ਕਾਰਨਾਂ ਦੇ ਮਿਲਣ ਨਾਲ ਵਾਪਰਦੇ ਹਨ। ਇਸ ਘਟਨਾ ਵਿੱਚ ਵੀ ਟਰੱਕ ਡਰਾਈਵਰ ਵੱਲੋਂ ਗਲਤ ਯੂ-ਟਰਨ ਲੈਣਾ ਨਿਸ਼ਚਿਤ ਤੌਰ ਤੇ ਇੱਕ ਵੱਡੀ ਗਲਤੀ ਸੀ। ਪਰ ਇਸ ਨੂੰ ਹੀ ਸਾਰੇ ਦੋਸ਼ਾਂ ਦਾ ਕੇਂਦਰ ਬਣਾ ਕੇ ਮਾਮਲੇ ਨੂੰ ਬੰਦ ਕਰਨਾ ਜਾਂ ਇੱਕ-ਪਾਸੜ ਫੈਸਲਾ ਲੈਣਾ ਗਲਤ ਹੋਵੇਗਾ। ਮਿਨੀਵੈਨ ਦੇ ਡਰਾਈਵਰ ਨੂੰ ਵੀ ਸੜਕ ਤੇ ਪੂਰੀ ਨਿਗਰਾਨੀ ਰੱਖਣੀ ਚਾਹੀਦੀ ਸੀ। ਅਮਰੀਕੀ ਨਿਯਮਾਂ ਅਨੁਸਾਰ, ਹਾਈਵੇਅਾਂ ਤੇ ਡਰਾਈਵਿੰਗ ਕਰਦੇ ਸਮੇਂ ਇੱਕ ਨਿਸ਼ਚਿਤ ਦੂਰੀ ਰੱਖਣੀ ਅਤੇ ਅਚਾਨਕ ਵਾਪਰਨ ਵਾਲੀਆਂ ਘਟਨਾਵਾਂ ਲਈ ਤਿਆਰ ਰਹਿਣਾ ਜ਼ਰੂਰੀ ਹੈ। ਜੇਕਰ ਵੀਡੀਓ ਫੁਟੇਜ ਨੂੰ ਧਿਆਨ ਨਾਲ ਵੇਖਿਆ ਜਾਵੇ ਤਾਂ ਇਹ ਸਪੱਸ਼ਟ ਹੈ ਕਿ ਟਰੱਕ ਦੀ ਹਰਕਤ ਦੂਰੋਂ ਵਿਖਾਈ ਦੇ ਰਹੀ ਸੀ। ਫਿਰ ਵੀ ਟੱਕਰ ਵਾਪਰਨ ਨਾਲ ਇਹ ਸੰਕੇਤ ਮਿਲਦਾ ਹੈ ਕਿ ਮਿਨੀਵੈਨ ਦੀ ਗਤੀ ਬਹੁਤ ਤੇਜ਼ ਸੀ ਜਾਂ ਡਰਾਈਵਰ ਗੱਡੀ ਚਲਾਉਂਦੇ ਸਮੇਂ ਸੁਚੇਤ ਨਹੀਂ ਸੀ। ਅਜਿਹੇ ਵਿੱਚ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਹ ਦੁਰਘਟਨਾ ਦੋ ਗਲਤੀਆਂ ਦੇ ਮੇਲ ਨਾਲ ਵਾਪਰੀ ਹੈ। ਇੱਕ ਪਾਸੇ ਗਲਤ ਯੂ-ਟਰਨ ਅਤੇ ਦੂਜੇ ਪਾਸੇ ਸੜਕ ਤੇ ਗੱਡੀ ਚਲਾਉਂਦੇ ਸਮੇਂ ਅਣਗਹਿਲੀ ਵਰਤਣਾ। ਇਸ ਲਈ, ਅਦਾਲਤ ਨੂੰ ਇਸ ਪੂਰੇ ਹਾਦਸੇ ਨੂੰ ਵੱਖਰੇ ਤੌਰ ਤੇ ਵੇਖਣ ਦੀ ਬਜਾਏ ਸਮੁੱਚੇ ਤੌਰ ਤੇ ਹਾਦਸੇ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ।

ਹਰਜਿੰਦਰ ਸਿੰਘ ਦੇ ਪਰਿਵਾਰ ਨੇ ਵੀ ਇਸ ਮਾਮਲੇ ਵਿੱਚ ਨਰਮੀ ਦੀ ਅਪੀਲ ਕੀਤੀ ਹੈ। ਉਨ੍ਹਾਂ ਅਨੁਸਾਰ, ਹਰਜਿੰਦਰ ਇੱਕ ਨੌਜਵਾਨ ਹੈ ਅਤੇ ਇਹ ਉਸ ਦੀ ਬਦਕਿਸਮਤੀ ਸੀ। ਉਹ ਅਮਰੀਕਾ ਵਿੱਚ ਬਿਹਤਰ ਜੀਵਨ ਲਈ ਆਇਆ ਸੀ ਅਤੇ ਟਰੱਕ ਡਰਾਈਵਿੰਗ ਨਾਲ ਆਪਣੇ ਪਰਿਵਾਰ ਨੂੰ ਸਹਾਇਤਾ ਕਰ ਰਿਹਾ ਸੀ। ਚੇਂਜ ਡਾਟ ਓਆਰਜੀ ਤੇ ਇੱਕ ਪਟੀਸ਼ਨ ਵੀ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਲੱਖਾਂ ਲੋਕਾਂ ਨੇ ਹਸਤਾਖਰ ਕੀਤੇ ਹਨ ਅਤੇ ਨਰਮੀ ਦੀ ਮੰਗ ਕੀਤੀ ਗਈ ਹੈ। ਇਹ ਪਟੀਸ਼ਨ ਇਹ ਵੀ ਕਹਿੰਦੀ ਹੈ ਕਿ ਹਰਜਿੰਦਰ ਨੂੰ ਅਚਨਚੇਤ ਹੋਈ ਗਲਤੀ ਲਈ ਇੰਨੀ ਸਖਤ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। ਇਸ ਸਥਿਤੀ ਵਿੱਚ, ਨਿਆਂ ਵਿਵਸਥਾ ਨੂੰ ਨਿਰਪੱਖ ਰਹਿਣਾ ਚਾਹੀਦਾ ਹੈ ਅਤੇ ਫੈਸਲਾ ਮਨੁੱਖੀ ਵਿਚਾਰਾਂ ਨੂੰ ਆਧਾਰ ਬਣਾ ਕੇ ਕਰਨਾ ਚਾਹੀਦਾ ਹੈ। ਕੀ ਗਲਤ ਯੂ-ਟਰਨ ਲੈਣ ਦੀ ਸਜ਼ਾ ਇੰਨੀ ਸਖਤ ਹੋਣੀ ਚਾਹੀਦੀ ਹੈ ਜਾਂ ਇਸ ਵਿੱਚ ਹੋਰ ਕਾਰਕ ਵੀ ਸ਼ਾਮਲ ਹਨ?

ਸੜਕੀ ਸੁਰੱਖਿਆ ਦੇ ਨਜ਼ਰੀਏ ਤੋਂ ਵੇਖੀਏ ਤਾਂ ਅਮਰੀਕਾ ਵਿੱਚ ਹਰ ਸਾਲ ਹਜ਼ਾਰਾਂ ਹਾਦਸੇ ਵਾਪਰਦੇ ਹਨ ਜਿੱਥੇ ਵੱਡੇ ਵਾਹਨ ਸ਼ਾਮਲ ਹੁੰਦੇ ਹਨ। ਇਨ੍ਹਾਂ ਵਿੱਚੋਂ ਬਹੁਤੇ ਕੇਸਾਂ ਵਿੱਚ ਡਰਾਈਵਰਾਂ ਦੀ ਅਣਗਹਿਲੀ ਜਾਂ ਨਿਯਮਾਂ ਦੀ ਉਲੰਘਣਾ ਹੀ ਮੁੱਖ ਕਾਰਨ ਹੁੰਦੀ ਹੈ। ਪਰ ਪ੍ਰਵਾਸੀ ਡਰਾਈਵਰਾਂ ਦੇ ਮਾਮਲੇ ਵਿੱਚ ਇਹ ਵਧੇਰੇ ਜਟਿਲ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਅਕਸਰ ਭਾਸ਼ਾ, ਨਿਯਮਾਂ ਅਤੇ ਸਥਾਨਕ ਸੜਕਾਂ ਦੀ ਜਾਣਕਾਰੀ ਦੀ ਕਮੀ ਹੁੰਦੀ ਹੈ। ਹਰਜਿੰਦਰ ਨੇ ਵੀ ਅੰਗਰੇਜ਼ੀ ਟੈਸਟ ਵਿੱਚ ਫੇਲ੍ਹ ਹੋਣ ਤੋਂ ਬਾਅਦ ਲਾਇਸੈਂਸ ਪ੍ਰਾਪਤ ਕੀਤਾ, ਜਿਸ ਨੇ ਸਿਸਟਮ ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਕੈਲੀਫੋਰਨੀਆ ਵਰਗੇ ਰਾਜਾਂ ਵਿੱਚ ਪ੍ਰਵਾਸੀਆਂ ਨੂੰ ਲਾਇਸੈਂਸ ਦੇਣ ਦੀ ਨੀਤੀ ਨੂੰ ਵੀ ਆਲੋਚਨਾ ਮਿਲ ਰਹੀ ਹੈ। ਪਰ ਇਸ ਨਾਲ ਇਹ ਵੀ ਸਾਬਤ ਨਹੀਂ ਹੁੰਦਾ ਕਿ ਸਿਰਫ਼ ਪ੍ਰਵਾਸੀ ਹੀ ਗਲਤ ਹੁੰਦੇ ਹਨ। ਅਮਰੀਕੀ ਡਰਾਈਵਰ ਵੀ ਅਕਸਰ ਤੇਜ਼ ਰਫ਼ਤਾਰ ਜਾਂ ਫ਼ੋਨ ਵਰਤਣ ਕਾਰਨ ਹਾਦਸੇ ਵਰਤਾਉਂਦੇ ਹਨ। ਇਸ ਲਈ, ਇਸ ਘਟਨਾ ਨੂੰ ਨਸਲੀ ਜਾਂ ਪ੍ਰਵਾਸੀ ਵਿਰੋਧੀ ਰੰਗ ਨਾ ਦੇ ਕੇ ਸੜਕੀ ਸੁਰੱਖਿਆ ਨੂੰ ਮਜ਼ਬੂਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

ਇੱਕ ਵੱਡੇ ਪੱਧਰ ਤੇ ਵੇਖੀਏ ਤਾਂ ਅਜਿਹੇ ਹਾਦਸੇ ਸਾਨੂੰ ਡਰਾਈਵਿੰਗ ਦੇ ਨਿਯਮਾਂ ਅਤੇ ਜਾਗਰੂਕਤਾ ਬਾਰੇ ਸੋਚਣ ਲਈ ਮਜਬੂਰ ਕਰਦੇ ਹਨ। ਭਾਰਤ ਵਿੱਚ ਡਰਾਈਵਿੰਗ ਸਿੱਖਣ ਵਾਲੇ ਲੋਕ ਅਕਸਰ ਅਮਰੀਕੀ ਨਿਯਮਾਂ ਨਾਲ ਤਾਲਮੇਲ ਨਹੀਂ ਬਿਠਾ ਪਾਉਂਦੇ। ਭਾਰਤੀ ਸੜਕਾਂ ਤੇ ਯੂ-ਟਰਨ ਅਤੇ ਅਚਾਨਕ ਮੋੜ ਆਮ ਹਨ, ਪਰ ਅਮਰੀਕਾ ਵਿੱਚ ਇਹ ਸਖਤ ਨਿਯਮਾਂ ਅਧੀਨ ਹਨ। ਹਰਜਿੰਦਰ ਵਰਗੇ ਡਰਾਈਵਰਾਂ ਲਈ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਚਲਾਉਣੇ ਚਾਹੀਦੇ ਹਨ ਤਾਂ ਜੋ ਅਜਿਹੇ ਹਾਦਸੇ ਰੋਕੇ ਜਾ ਸਕਣ। ਨਾਲ ਹੀ, ਸਾਰੇ ਡਰਾਈਵਰਾਂ ਲਈ ਬ੍ਰੇਕਿੰਗ ਅਤੇ ਐਮਰਜੈਂਸੀ ਹੈਂਡਲਿੰਗ ਦੀ ਸਿਖਲਾਈ ਨੂੰ ਲਾਜ਼ਮੀ ਬਣਾਉਣਾ ਚਾਹੀਦਾ ਹੈ। ਜੇਕਰ ਮਿਨੀਵੈਨ ਡਰਾਈਵਰ ਨੇ ਸਮੇਂ ਸਿਰ ਪ੍ਰਤੀਕਿਰਿਆ ਕੀਤੀ ਹੁੰਦੀ ਤਾਂ ਤਿੰਨ ਜਾਨਾਂ ਬਚ ਸਕਦੀਆਂ ਸਨ। ਇਹ ਵੀ ਸੱਚ ਹੈ ਕਿ ਵੱਡੇ ਵਾਹਨਾਂ ਨੂੰ ਵੇਖ ਕੇ ਛੋਟੇ ਵਾਹਨਾਂ ਨੂੰ ਵਧੇਰੇ ਸਾਵਧਾਨ ਰਹਿਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀ ਬ੍ਰੇਕਿੰਗ ਦੂਰੀ ਵੱਧ ਹੁੰਦੀ ਹੈ। ਇਸ ਘਟਨਾ ਨੇ ਸਿਆਸੀ ਵਿਵਾਦ ਵੀ ਪੈਦਾ ਕੀਤਾ ਹੈ। ਟਰੰਪ ਨੇ ਇਸ ਨੂੰ ਗੈਰਕਾਨੂੰਨੀ ਪ੍ਰਵਾਸ ਨਾਲ ਜੋੜ ਕੇ ਬਾਈਡਨ ਪ੍ਰਸ਼ਾਸਨ ਤੇ ਨਿਸ਼ਾਨਾ ਸਾਧਿਆ ਹੈ। ਹਰਜਿੰਦਰ ਨੂੰ ਬਾਈਡਨ ਵੱਲੋਂ ਵਰਕ ਪਰਮਿਟ ਮਿਲਣ ਨੂੰ ਵੀ ਆਲੋਚਨਾ ਮਿਲ ਰਹੀ ਹੈ। ਪਰ ਇਹ ਸਿਆਸੀ ਨੁਕਤੇ ਤੋਂ ਪਰ੍ਹੇ ਮਨੁੱਖੀ ਜਾਨਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ ਪਰ ਹਰਜਿੰਦਰ ਨੂੰ ਵੀ ਨਿਰਪੱਖ ਅਦਾਲਤੀ ਪ੍ਰਕਿਰਿਆ ਮਿਲਣੀ ਚਾਹੀਦੀ ਹੈ। ਉਸ ਨੂੰ ਬਾਂਡ ਤੇ ਰਿਹਾ ਨਾ ਕਰਨ ਦੇ ਫੈਸਲੇ ਨੇ ਉਸ ਦੇ ਪਰਿਵਾਰ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਇਸ ਲਈ, ਜਾਂਚ ਅਧਿਕਾਰੀਆਂ ਨੂੰ ਸਾਰੇ ਵੀਡੀਓ, ਗਵਾਹਾਂ ਅਤੇ ਵਾਹਨਾਂ ਦੇ ਡਾਟਾ ਨੂੰ ਵੇਖ ਕੇ ਫੈਸਲਾ ਕਰਨਾ ਚਾਹੀਦਾ ਹੈ। ਕੀ ਮਿਨੀਵੈਨ ਦੀ ਗਤੀ ਨਿਯਮਾਂ ਅਨੁਸਾਰ ਸੀ? ਕੀ ਡਰਾਈਵਰ ਫ਼ੋਨ ਵਰਤ ਰਿਹਾ ਸੀ ਜਾਂ ਥੱਕਿਆ ਹੋਇਆ ਸੀ? ਇਹ ਸਵਾਲ ਵੀ ਜਾਂਚ ਵਿੱਚ ਸ਼ਾਮਲ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ ਪੇਸ਼ੀ ਸਮੇਂ ਸਿੱਖ ਵਿਅਕਤੀ ਨੂੰ ਬਿਨ੍ਹਾਂ ਦਸਤਾਰ ਜਾਂ ਪਰਨੇ ਤੋਂ ਲਿਆਉਣਾ ਕਿਤੇ ਨਾ ਕਿਤੇ ਪ੍ਰਵਾਸੀ ਵਿਤਕਰੇ ਦੇ ਨਾਲ-ਨਾਲ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਉਣ ਵਾਲਾ ਸੀ।

ਅੰਤ ਵਿੱਚ, ਇਹ ਘਟਨਾ ਸਾਨੂੰ ਸਿਖਾਉਂਦੀ ਹੈ ਕਿ ਸੜਕਾਂ ਤੇ ਜੀਵਨ ਅਤੇ ਮੌਤ ਵਿਚਕਾਰ ਬਹੁਤ ਪਤਲੀ ਲਕੀਰ ਹੁੰਦੀ ਹੈ। ਇੱਕ ਛੋਟੀ ਗਲਤੀ ਵੱਡਾ ਨੁਕਸਾਨ ਕਰ ਸਕਦੀ ਹੈ। ਪਰ ਫੈਸਲੇ ਕਰਦੇ ਸਮੇਂ ਮਨੁੱਖੀਅਤ ਨੂੰ ਭੁੱਲ ਨਹੀਂ ਜਾਣਾ ਚਾਹੀਦਾ। ਹਰਜਿੰਦਰ ਨੂੰ ਗਲਤੀ ਦੀ ਸਜ਼ਾ ਮਿਲਣੀ ਚਾਹੀਦੀ ਹੈ ਪਰ ਇਹ ਵੀ ਵੇਖਣਾ ਚਾਹੀਦਾ ਹੈ ਕਿ ਕੀ ਉਹ ਇੱਕਲਾ ਕਸੂਰਵਾਰ ਹੈ। ਨਿਰਪੱਖ ਜਾਂਚ ਨਾਲ ਹੀ ਇਨਸਾਫ਼ ਹੋ ਸਕਦਾ ਹੈ ਅਤੇ ਅਜਿਹੇ ਹਾਦਸੇ ਰੋਕੇ ਜਾ ਸਕਦੇ ਹਨ। ਸਾਰੇ ਡਰਾਈਵਰਾਂ ਨੂੰ ਇਸ ਹਾਦਸੇ ਤੋਂ ਸਿੱਖਣਾ ਚਾਹੀਦਾ ਹੈ ਕਿ ਸੜਕ ਤੇ ਸਤਰਕਤਾ ਜੀਵਨ ਬਚਾ ਸਕਦੀ ਹੈ। ਇਸ ਘਟਨਾ ਨੂੰ ਇੱਕ ਸਬਕ ਵਜੋਂ ਲੈ ਕੇ ਅੱਗੇ ਵਧਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਅਜਿਹੇ ਦੁਖਦਾਈ ਹਾਦਸੇ ਨਾ ਵਾਪਰਨ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਭਗਤੀ ਮਤ ਵਿੱਚੋਂ ਨਿਕਲੀ ਦੇਵਦਾਸੀ ਪ੍ਰਥਾ ਦੀ ਰੀਤ ਕਿਤਨੀ ਨਖਿੱਧ ਹੈ, ਇਸ ਦਾ ਪ੍ਰਮਾਣ ਸੰਬੰਧਿਤ ਪ੍ਰਾਂਤਾਂ ਦੀਆਂ ਸਰਕਾਰਾਂ ਵੱਲੋਂ ਆਚਰਣਹੀਣਤਾ ਦੂਰ ਕਰਨ ਲਈ ਕਰੜੇ ਕਾਨੂੰਨ ਬਣਾਏ ਜਾ ਰਹੇ ਹਨ, ਫਿਰ ਉਨ੍ਹਾਂ ਉੱਤੇ ਸਖ਼ਤੀ ਨਾਲ ਪਾਲਣਾ ਦੇ ਹੁਕਮ ਕੀਤੇ ਜਾਂਦੇ ਹਨ। ਬੰਬਈ, ਮਦਰਾਸ, ਕਰਨਾਟਕਾ, ਕੇਰਲਾ ਦੇ ਵੇਸ਼ਿਆਲਯ ਵਿੱਚ ਦੇਵਦਾਸੀਆਂ ਦੀ ਵੱਧ ਰਹੀ ਗਿਣਤੀ, ਮੰਦਿਰਾਂ ਵਿੱਚ ਹੋ ਰਹੀਆਂ ਵਿਭਚਾਰ ਦੀਆਂ ਦੁਰਘਟਨਾਵਾਂ ਕੌਮੀ ਸਿਰਦਰਦੀ ਬਣੀਆਂ ਹੋਈਆਂ ਹਨ। ਫਰਵਰੀ 1990 ਦੇ ਇਕ ਹਿੰਦੀ ਮਾਸਕ ਪੱਤਰ, ਸੰਚੇਤਨਾ ਦਾ ਲੇਖ ਹੈ, ਖ਼ੂਬ ਬੜ੍ਹ ਫੂਲ ਰਹੀ ਹੈ ਦੇਵਦਾਸੀਉਂ ਕੀ ਪ੍ਰਥਾ। ਇਹ ਫਲ ਹੈ ਸਰਗੁਣ ਭਗਤੀ ਧਾਰਾ ਦੀ ਮਧੁਰਤਾ, ਸੀਤਾ ਰਾਮ, ਰਾਧਾ ਕ੍ਰਿਸ਼ਨ ਦੇ ਨਾਮ ਹੇਠਾਂ ਪ੍ਰਚੱਲਤ ਕੀਤਾ, ਰੰਗਸ਼ਾਲਾ, ਜਾਂ ਰਾਸ ਲੀਲਾ, ਰਾਮ ਲੀਲਾ ਆਦਿ ਦਾ।**




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–10**

ਪੰਡਿਤ ਗੋਬਿੰਦ ਤ੍ਰਿਗੁਣਾਇਤ ਦਾ ਦੇਵਦਾਸੀਆਂ ਬਾਰੇ (ਨਿਰਗੁਣ ਕਾਵ ਧਾਰਾ ਸਫ਼ਾ 75) ਲੇਖ ਹੈ। ਮੱਧ ਯੁੱਗ ਮੇਂ ਮੰਦਰ ਕੇਵਲ ਵੈਭਵ ਹੀ ਨਹੀਂ ਵਿਲਾਸ ਕੇ ਭੀ ਕੇਂਦਰ ਬਨ ਰਹੇ ਥੇ। ਇਸ ਵਿਲਾਸ ਕੀ ਉਤਰਦਾਈ ਭਾਰਤ ਕੀ ਦੇਵਦਾਸੀ ਪ੍ਰਥਾ ਕਹੀ ਜਾ ਸਕਤੀ ਹੈ। ਇਸ ਪ੍ਰਥਾ ਕਾ ਜਨਮ ਤੋ ਦਖਸ਼ਣ ਮੇਂ ਹੂਆ ਥਾ, ਕਿੰਤੂ ਸਨੈ ਸਨੈ ਸਮਸਤ ਭਾਰਤ ਮੇਂ ਵਿਅੱਕਤ ਹੋ ਗਈ ਥੀ। ਏਕ ਏਕ ਮੰਦਿਰ ਮੇਂ ਸੈਂਕੜੋਂ ਦੇਵਦਾਸੀਆਂ ਰਹਿਤੀ ਥੀਂ। ਉਨ ਕਾ ਲਕਸ਼ ਭਗਵਾਨ ਕੋ ਗੀਤ ਔਰ ਨ੍ਰਿਤ ਸੇ ਪ੍ਰਸੰਨ ਕਰਨਾ ਹੋਤਾ ਥਾ। ਸੋਮਨਾਥ ਦੇ ਮੰਦਰ ਦੇ ਸਬੰਧ ਵਿੱਚ ਇਕ ਤਤਕਾਲੀਨ ਮੁਸਲਮਾਨ ਇਤਿਹਾਸ ਕਾਰ ਨੇ ਲਿਖਿਆ ਹੈ ਕਿ ਉਸ ਮੇਂ ਸਦੈਵ ਹੀ ਪਾਂਚ ਸੌ ਨਰਤਕੀਆਂ, ਤਿੰਨ ਸੌ ਗਾਨੇ ਬਜਾਨੇ ਵਾਲੇ ਨ੍ਰਿਤਕ, ਗਾਯਨ ਔਰ ਵਾਦਨ ਕਰਤੇ ਰਹਿਤੇ ਥੇ। ਇਸ ਪ੍ਰਕਾਰ ਪ੍ਰਾਚੀਨ ਸ਼ਿਲਾ ਲੇਖੋਂ ਸੇ ਪਤਾ ਚਲਾ ਹੈ ਤੰਜ਼ੋਰ ਕੇ ਏਕ ਚੋਲਵੰਸ਼ੀਯ ਰਾਜਾ ਕੇ ਮੰਦਰ ਮੇਂ ਚਾਰ ਸੌ ਦੇਵਦਾਸੀਆਂ ਲਗੀ ਹੁਈ ਥੀ। ਇਨ ਦੇਵਦਾਸੀਉਂ ਕੋ ਰਹਨੇ ਕੇ ਲੀਏ ਮਕਾਨ ਮੰਦਿਰੋਂ ਕੇ ਪਾਸ ਹੀ ਬਨੇ ਹੂਏ ਹੋਤੇ ਥੇ। ਇਨਕੇ ਜੀਵਨ ਕੀ ਸਾਰੀ ਵਿਵਸਥਾ ਮੰਦਿਰੋਂ ਸੇਂ ਹੀ ਹੋਤੀ ਥੀ।

ਵਿਸ਼੍ਵ ਹਿੰਦੀ ਕੋਸ਼ ਦਾ ਲੇਖ ਹੈ :–

**ਦੇਵਦਾਸੀ :–** ਹਿੰਦੂ ਮੰਦਿਰੋਂ ਮੇਂ ਵਿਭਿੰਨ ਸੇਵਾਯੋਂ ਕੇ ਲੀਏ (ਪ੍ਰਾਯ ਨ੍ਰਿਤ ਕੇ ਲੀਏ) ਅਰਪਿਤ ਕੀ ਗਈ ਯੁਵਤੀਆਂ ਦੇਵਦਾਸੀ ਕਹਲਾਤੀ ਹੈਂ। ਇਨ ਯੁਵਤੀਯੋਂ ਕੋ ਮੰਦਿਰ ਕੀ ਸਫਾਈ ਕਰਨਾ, ਦੀਪ ਜਲਾਨਾ ਤਥਾ ਦੇਵ ਮੂਰਤੀਯੋਂ ਕੇ ਸਨਮੁੱਖ ਭਕਤੀ ਪੂਰਵਕ ਗਾਇਨ ਔਰ ਨ੍ਰਿਤ ਕਰਨਾ ਆਦਿ ਨਿਸ਼ਚਤ ਕਾਰਯ ਕਰਨੇ ਪੜ੍ਹਤੇ ਥੇ। ਯਹ ਪ੍ਰਥਾ ਪ੍ਰਾਚੀਨ ਹੈ, ਔਰ ਕਭੀ ਸੰਭਵਤ ਪੂਰੇ ਭਾਰਤ ਮੇਂ ਪ੍ਰਚੱਲਤ ਥੀ। ਸੰਸਾਰ ਕੇ ਅਨਯ ਭਾਗੋਂ (ਪ੍ਰਾਚੀਨ ਬੇਬੀਲੋਨੀਯਾ ਸਾਈਪ੍ਰਸ, ਫੋਨੀਸ਼ਿਯਾ, ਗਰੀਸ, ਮੈਸੋਪੋਟਾਮਿਆ, ਔਰ ਦਖਸ਼ਣ ਪੂਰਵੀ ਏਸ਼ਿਆਈ ਦੇਸ਼ੋਂ) ਮੇਂ ਭੀ ਇਨਕਾ ਪ੍ਰਚਲਨ ਥਾ। ਕਿੰਤੂ ਉਤਰ ਭਾਰਤ ਮੇਂ ਇਸ ਕੇ ਪ੍ਰਚਲਨ ਕਾ ਵਿਵਰਨ ਯਾ ਪ੍ਰਮਾਣ ਇਤਿਹਾਸ ਮੇਂ ਕੰਮ ਮਿਲਤਾ ਹੈ। ਦਖਸ਼ਣ ਭਾਰਤ ਮੇਂ ਵਿਸ਼ੇਸ਼ਤਾ ਤਾਮਿਲਨਾਡ ਔਰ ਕਰਨਾਟਕ ਮੇਂ ਯਹ ਪ੍ਰਥਾ ਅਬ ਭੀ ਚੱਲ ਰਹੀ ਹੈ। ਯਦਪਿ 1630 ਕੇ ਬਾਦ ਇਸਕਾ ਪ੍ਰਚਾਰ ਘਟ ਗਿਆ ਹੈ। ਆਂਧਰਾ ਮੇਂ ਕੇਵਲ ਬਿਯਿਰਾਪਟਮ ਕੇ ਏਕ ਮੰਦਰ ਮੇਂ ਹੀ ਦੇਵਦਾਸੀਆਂ ਰਹਿਤੀ ਹੈਂ। ਉੜੀਸਾ ਮੇਂ ਬਹੁਤ ਸਮੇਂ ਪਹਿਲੇ ਹੀ ਯਹ ਪ੍ਰਥਾ ਸਮਾਪਤ ਹੋ ਗਈ ਥੀ। ਕਿੰਤੂ ਏਕ ਫਰਾਂਸਿਸੀ ਯਾਤਰੀ ਬਰਨੀਯਰ ਕੇ ਲਿਖਿਤ ਵਿਵਰਨ ਮੇਂ ਗਿਆਤ ਹੋਤਾ ਹੈ ਕਿ ਪੁਰੀ ਮੇਂ ਯਹ ਕਿਸੀ ਸਮਯ ਪ੍ਰਚਲਿਤ ਥੀ। ਤੈਲੰਗ ਦੇਸ਼ ਮੇਂ ਦੇਵਦਾਸੀ ਬਨਣੇ ਵਾਲੀ ਕੁਮਾਰਿਯਾ ਬਸਵਾ ਔਰ ਮਹਾਂਰਾਸ਼ਟਰ ਮੁਰਲੀ ਕਹਿਲਤੀ ਥੀਂ। ਭਗਤੀ ਕਾਲ ਮੇਂ ਦੇਵੀ ਦੇਵਤਾਯੋਂ ਕੀ ਬੰਦਨਾ ਔਰ ਪੂਜਾ ਮੇਂ ਅਮੋਦ ਪ੍ਰਮੋਦ ਕੋ ਭੀ ਸਥਾਨ ਦਿਯਾ ਜਾਨੇ ਲਗਾ। ਸੰਭਵਤ ਇਸੀ ਕਾਲ ਸੇ ਮੰਦਿਰੋਂ ਮੇਂ ਨਰਤਕੀਉਂ ਕਾ ਅਰਪਿਤ ਹੋਨਾ ਆਰੰਭ ਹੂਆ।

ਪ੍ਰਾਚੀਨ ਹਿੰਦੂ ਗ੍ਰੰਥੋਂ ਮੇਂ ਸਾਤ ਪ੍ਰਕਾਰ ਕੀ ਦੇਵਦਾਸੀਯੋਂ ਕਾ ਉਲੇਖ ਮਿਲਤਾ ਹੈ। ਯਥਾ 1. ਦਤਾ, ਜੋ ਸਵਯੇ ਹੀ ਅਪਨੇ ਕੋ ਕਿਸੀ ਮੰਦਰ ਕੋ ਅਰਪਿਤ ਕਰ ਦੇਤੀ ਹੈ। 2. ਵਿਕ੍ਰੀਤਾ, ਜੋ ਮੰਦਿਰ ਕੀ ਸੇਵਾਉਂ ਕੇ ਲੀਯੇ ਸਵਯੰ ਕੋ ਬੇਚ ਦੇਤੀ ਹੈ। 3. ਭ੍ਰਤਯਾ, ਜੋ ਅਪਨੇ ਪਰਿਵਾਰ ਕੇ ਪੋਸ਼ਨ ਕੇ ਲਿਯੇ ਦਾਸੀ ਕਾ ਕਾਰਯ ਕਰਤੀ ਹੈਂ। 4. ਭਕਤਾ, ਜੋ ਕੇਵਲ ਭਗਤੀਭਾਵ ਸੇ ਮੰਦਿਰ ਮੇਂ ਪ੍ਰਵੇਸ਼ ਕਰਤੀ ਹੈ। 5. ਜਿਸਕੋ ਹਰਨ ਕਰਕੇ ਮੰਦਿਰ ਮੇਂ ਭੇਂਟ ਕਰ ਦੀਆ ਜਾਤਾ ਹੈ। 6. ਅਲੰਕਾਂਰਾ, ਰਾਜਾ ਔਰ ਸਾਮੰਤ ਜਿਸ ਯੁਵਤੀ ਕੋ ਯੋਗਯ ਔਰ ਅਪੇਖਿਸ਼ਤ ਪ੍ਰੰਪਰਾ ਮੇਂ ਪੂਰਨ ਦੀਖਸ਼ਤ ਸਮਝਤੇ ਥੇ ਉਸੇ ਅਲੰਕ੍ਰਿਤ ਕਰ ਮੰਦਿਰ ਮੇਂ ਅਰਪਤ ਕਰ ਦੇਤੇ ਥੇ। 7. ਰਦੂਗਨਿਕਾ ਜਾਂ ਗੋਪਿਕਾ, ਜੋ ਨਿਯਮਿਤ ਵਰਿਤ ਯਾਂ ਵੇਤਨ ਪਰ ਨਾਚਨੇ ਗਾਨੇ ਕਾ ਕਾਮ ਕਰਤੀ ਥੀ।

ਭਗਤੀ ਮਤ ਵਿੱਚੋਂ ਨਿਕਲੀ ਦੇਵਦਾਸੀ ਪ੍ਰਥਾ ਦੀ ਰੀਤ ਕਿਤਨੀ ਨਖਿੱਧ ਹੈ, ਇਸ ਦਾ ਪ੍ਰਮਾਣ ਸੰਬੰਧਿਤ ਪ੍ਰਾਂਤਾਂ ਦੀਆਂ ਸਰਕਾਰਾਂ ਵੱਲੋਂ ਆਚਰਣਹੀਣਤਾ ਦੂਰ ਕਰਨ ਲਈ ਕਰੜੇ ਕਾਨੂੰਨ ਬਣਾਏ ਜਾ ਰਹੇ ਹਨ, ਫਿਰ ਉਨ੍ਹਾਂ ਉੱਤੇ ਸਖ਼ਤੀ ਨਾਲ ਪਾਲਣਾ ਦੇ ਹੁਕਮ ਕੀਤੇ ਜਾਂਦੇ ਹਨ। ਬੰਬਈ, ਮਦਰਾਸ, ਕਰਨਾਟਕਾ, ਕੇਰਲਾ ਦੇ ਵੇਸ਼ਿਆਲਯ ਵਿੱਚ ਦੇਵਦਾਸੀਆਂ ਦੀ ਵੱਧ ਰਹੀ ਗਿਣਤੀ, ਮੰਦਿਰਾਂ ਵਿੱਚ ਹੋ ਰਹੀਆਂ ਵਿਭਚਾਰ ਦੀਆਂ ਦੁਰਘਟਨਾਵਾਂ ਕੌਮੀ ਸਿਰਦਰਦੀ ਬਣੀਆਂ ਹੋਈਆਂ ਹਨ।

ਫਰਵਰੀ 1990 ਦੇ ਇਕ ਹਿੰਦੀ ਮਾਸਕ ਪੱਤਰ, ਸੰਚੇਤਨਾ ਦਾ ਲੇਖ ਹੈ, ਖ਼ੂਬ ਬੜ੍ਹ ਫੁੱਲ ਰਹੀ ਹੈ ਦੇਵਦਾਸੀਉਂ ਕੀ ਪ੍ਰਥਾ। ਇਹ ਫਲ ਹੈ ਸਰਗੁਣ ਭਗਤੀ ਧਾਰਾ ਦੀ ਮਧੁਰਤਾ, ਸੀਤਾ ਰਾਮ, ਰਾਧਾ ਕ੍ਰਿਸ਼ਨ ਦੇ ਨਾਮ ਹੇਠਾਂ ਪ੍ਰਚੱਲਤ ਕੀਤਾ, ਰੰਗਸ਼ਾਲਾ, ਜਾਂ ਰਾਸ ਲੀਲਾ, ਰਾਮ ਲੀਲਾ ਆਦਿ ਦਾ।

ਕਬੀਰ ਰਵਿਦਾਸ ਸੰਬਾਦ, ਭਗਤ ਸੈਣ ਜੀ ਲਿਖਤ ਪੋਥੀ ਵਿੱਚ, ਕਬੀਰ ਜੀ ਨੇ ਸਰਗੁਣਵਾਦ ਬਾਰੇ ਕਿਹਾ ਹੈ :–

ਸਰਗੁਣਵਾਦ ਮਿੱਠੀ ਜ਼ਹਿਰ ਹੈ। ਸ਼ਕਰ ਦਾ ਰੋਗ ਹੈ। ਜੋ ਧਰਮ ਦੇ ਸਰੀਰ ਨੂੰ ਜ਼ਹਿਮਤਾਂ ਵਿੱਚ ਫਸਾਉਂਦਾ ਹੈ। ਇਸ ਦੇ ਰੋਗਾਂ ਨੂੰ ਦੂਰ ਕਰਨ ਲਈ ਨਿਰਗੁਣਵਾਦ ਦੇ ਨਿੰਮ ਦੀ ਵਰਤੋਂ ਜਰੂਰੀ ਹੈ। ਤਾਂ ਜੁ ਵਿਖਾਧੀ ਰੋਗ ਨਾ ਵਧਣ।

ਸਰਗੁਣਵਾਦ ਦਾ ਉਪਰਾਲਾ ਪਤਨ ਦੇਖਕੇ ਕਬੀਰ ਜੀ ਦੇ ਬਚਨਾਂ ਦੀ ਸੱਚੀ ਸਾਰਥਕਤਾ ਪ੍ਰਗਟ ਹੁੰਦੀ ਹੈ।

ਰਵਿਦਾਸ, ਬ੍ਰਹਮ ਗਿਆਨ ਬਿਨ, ਬ੍ਰਹਮ ਧਿਆਨ ਬਿਨ ਹਿਰਦਾ ਸ਼ੁੱਧ ਨ ਹੋਈ॥
ਏਕੋ ਬ੍ਰਹਮ ਸਗਲ ਮਹਿ ਵਰਤੈ
ਦੂਜਾ ਅਵਰ ਨਾ ਕੋਈ॥
ਜੋ ਠਾਕਰ ਤੁਮ ਹੀ ਕਰ ਜਾਨਿਆ
ਤਿਨ ਭੀ ਬ੍ਰਹਮ ਨਾ ਚਾਖਿਆ॥
ਸ਼ਬਦ ਅਤੀਤ ਏਕੋ ਹੈ ਬਿਨ
ਗੁਰ ਕਿੰਨੇ ਨ ਲਖਿਆ॥

**ਗੁਰਮਤਿ ਅਤੇ ਭਗਤੀ ਮਤ :–** ਜਿਸ ਵੇਲੇ ਚੇਤੰਨ ਪ੍ਰਭੂ ਜਗਨ ਨਾਥ ਵਿੱਚ ਭਗਤੀ ਮਤ ਵਿੱਚ ਸਖੀ ਭਾਵ ਦੀ ਮਾਧੁਰਤਾ ਦਾ ਰਸ ਘੋਲ ਰਹੇ ਸੀ, ਰਾਧਾ ਰਾਧਾ ਗਾਉਂਦੇ ਮੂਰਛਤ ਹੋ ਹੋ ਢਹਿੰਦੇ ਸੀ, ਮਹਾਂਪ੍ਰਭੂ ਵਲਭਚਾਰਿਆ ਗੋਵਰਧਨ ਪਰਬਤ ਉੱਪਰ ਗੋਪੀਆਂ ਨਾਲ ਰਾਸ ਰਚਾਉਣ ਵਾਲੀ ਭਗਤੀ ਦੇ ਕੇਂਦਰੀ ਧਾਮ, ਨਾਥ ਦੁਆਰੇ ਦੀ ਰਚਨਾ ਕਰ ਰਹੇ ਸੀ, ਅਤੇ ਜੀਵ ਦੀ ਮੁਕਤੀ, ਰਾਧਾ ਦੇ ਗੁਣਗਾਨ ਕਰਨ ਤੋਂ ਹੋਣੀ ਪ੍ਰਚਾਰ ਰਹੇ ਸੀ, ਗੁਰੂ ਨਾਨਕ ਜੀ ਉਸ ਸਮੇਂ ਭਾਰਤ ਭਰਮਣ ਕਰਕੇ ਇਨ੍ਹਾਂ ਅੰਧ ਵਿਸ਼ਵਾਸ਼ਾਂ ਦੇ ਭਰਮਜਾਲ ਕੱਟ ਰਹੇ ਸੀ।

ਗੁਰੂ ਨਾਨਕ ਜੀ ਦੱਖਣ ਵਿੱਚ ਭੀ ਗਏ। ਹਰ ਤਰ੍ਹਾਂ ਦੇ ਸਮਾਜਿਕ ਪਤਨ ਦੀ ਹਾਲਤ ਦੇਖੀ ਸੀ। ਉਨ੍ਹਾਂ ਨੇ ਰਾਸ ਮੰਡਲੀਆਂ ਵਾਲੀ ਭਗਤੀ ਭੀ ਚੰਗੀ ਤਰ੍ਹਾਂ ਨਿਰਖੀ ਪਰਖੀ ਸੀ।

ਬ੍ਰਿੰਦਾਬਨ ਮਹਿ ਰੰਗ ਕੀਆ ਅਤੇ ਘੜੀਆਂ ਸਭੇ ਗੋਪੀਆਂ ਪਹਿਰੇ ਕੰਨ ਗੋਪਾਲ, ਇਕ ਨਚਿ ਨਚਿ ਪੂਰਹ ਤਾਲ, ਕ੍ਰਿਸ਼ਨ ਭਗਤੀ ਅਤੇ ਰਾਮ ਭਗਤੀ ਉੱਤੇ ਕੀਤੇ ਕਟਾਖਸ਼ਾਂ ਤੋਂ ਇਹ ਪ੍ਰਗਟ ਹੈ, ਉਸ ਸਮੇਂ ਰਾਮ ਭਗਤੀ ਸ਼ਖਾ, ਭੀ ਰਾਮ ਲੀਲਾ ਦੇ ਰੂਪ ਵਿੱਚ ਆਪਣੇ ਰੰਗ ਖਿੜਾ ਰਹੀ ਸੀ। ਰਾਧਾ ਕ੍ਰਿਸ਼ਨ ਵਾਂਗ ਸੀਤਾ ਰਾਮ ਦਾ ਜਾਪ, ਜੋ ਹੁਣ ਭੀ ਜਨਤਕ ਜਾਪ ਹੈ, ਕੀਤਾ ਜਾਂਦਾ ਸੀ। ਦੋਵਾਂ ਅਵਤਾਰਾਂ ਦੇ ਨਾਮ ਉੱਤੇ ਲੀਲ੍ਹਾ ਰਚਾਈਆਂ ਜਾਂਦੀਆਂ ਸੀ। ਨੱਚ ਟੱਪਕੇ ਮਨ ਦੇ ਚਾਊ ਪੂਰੇ ਕੀਤੇ ਜਾਂਦੇ ਸਨ। ਗੁਰੂ ਜੀ ਨੇ ਇਸ ਕਿਸਮ ਦੀ ਭਗਤੀ ਦਾ ਚਿਤ੍ਰ ਇਉਂ ਖਿੱਚਿਆ ਹੈ :–

ਸਚਾ ਅਲਖ ਅਭੇਉ ਹਠਿ ਨ ਪਤੀਜਈ॥
ਇਕਿ ਗਾਵਹਿ ਰਾਗ ਪਰੀਆ
ਰਾਗਿ ਨ ਭੀਜਈ॥
ਇਕਿ ਨਚਿ ਨਚਿ ਪੂਰਹਿ ਤਾਲ
ਭਗਤਿ ਨ ਕੀਜਈ॥
ਇਕਿ ਅੰਨੁ ਨ ਖਾਹਿ ਮੂਰਖ
ਤਿਨਾ ਕਿਆ ਕੀਜਈ॥
ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ॥
ਕਰਮ ਵਧਹਿ ਕੈ ਲੋਅ ਖਪਿ ਮਰੀਜਈ॥
ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ॥
ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ॥
(ਵਾਰ ਮਲਾਰ 1–1285)

ਕੁਝ ਬਚਨਾਂ ਰਾਹੀਂ ਇਸ ਕਿਸਮ ਦੀ ਭਗਤੀ ਨੂੰ ਮਨੋਰੰਜਨ ਮਾਤਰ ਭੀ ਦੱਸਿਆ ਹੈ। ਭਗਤੀ ਦੇ ਇਹ ਰੰਗ ਢੰਗ ਗੁਰੂ ਨਾਨਕ ਜੀ ਦੀ ਨਿਗਾਹ ਵਿੱਚ ਮਨ ਦੇ ਚਾਊ ਪੂਰੇ ਕਰਨ ਤੋਂ ਵਧੀਕ ਕੁਝ ਨਹੀਂ ਸਨ।

ਜਗਤ ਗੁਰੂ ਨਾਨਕ ਜੀ ਨੇ ਭਗਤੀ ਮਤ ਦੇ ਮੁੱਢਲੇ ਸਿਧਾਂਤ, ਅਵਤਾਰਵਾਦ, ਸਰਗੁਣਵਾਦ ਭਗਤੀ ਦੇ ਪਿਛੋਕੜ ਅਤੇ ਉਸ ਦੇ ਨਿਕਲਣ ਵਾਲੇ ਦੂਸਰੇ ਸਿੱਟਿਆਂ ਨੂੰ ਜਾਣਕੇ, ਇਸ ਤਰ੍ਹਾਂ ਦੀ ਭਗਤੀ ਭਾਵਨਾ ਦਾ ਸਖ਼ਤ ਵਿਰੋਧ ਕੀਤਾ। ਰਾਧਾ ਕ੍ਰਿਸ਼ਨ, ਸੀਤਾ ਰਾਮ, ਜਪਣ ਤੇ ਜਪਾਉਣ ਵਾਲੇ ਵਿਚਾਰਾਂ ਨੂੰ ਰੱਦ ਕਰਕੇ ਇਕ ਨਿਰੰਕਾਰ ਦੀ ਭਗਤੀ ਦਿਰੜਾਈ, ਜੋ ਮਰਨ ਜੰਮਣ ਵਿੱਚ ਨਹੀ ਆਉਂਦਾ, ਨਿਰਮਲ ਨਿਰੰਕਾਰ ਹੈ। ਅਵਤਾਰਾਂ ਨੂੰ ਜੁਗਹ ਜੁਗਹ ਕੇ ਰਾਜੇ ਮੰਨਿਆਂ। ਰਾਜਿਆਂ ਨੂੰ ਅਵਤਾਰ ਜਾਣਕੇ, ਗਾਉਣ ਅਤੇ ਪੂਜਣ ਵਾਲਿਆਂ ਨੂੰ ਸਮਝਾਇਆ, ਇਹ ਭਗਤੀ ਨਹੀਂ ਰੋਟੀਆਂ ਕਾਰਨ ਤਾਲ ਪੂਰਨ ਵਾਲਾ ਧੰਦਾ ਹੈ। ਜਾਂ, ਜਜ਼ਬਿਆਂ ਨੂੰ ਤ੍ਰਿਪਤ ਕਰਨ ਵਾਲਾ ਮਨੋਰੰਜਨ। ਜਾਂ ਫਿਰ ਭਗਤੀ ਦੇ ਨਾਮ ਹੇਠਾਂ ਕਾਮ ਵਿਰਤੀ ਤ੍ਰਿਪਤਾਉਣ ਦੀ ਕਿਰਿਆ :–

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

# ਇਕਬਾਲ ਸਿੰਘ ਲਾਲਪੁਰਾ: ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਸਿੱਖ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਯੋਗਦਾਨ

ਰਜਿੰਦਰ ਕੌਰ
9888136620



ਭਾਰਤ ਵਿੱਚ ਘੱਟ ਗਿਣਤੀ ਭਾਈਚਾਰਿਆਂ ਦੇ ਹਿੱਤਾਂ ਦੀ ਰੱਖਿਆ ਕਰਨ ਵਾਲੀ ਸੰਸਥਾ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਸਿੱਖ ਭਾਈਚਾਰੇ ਦੇ ਮਸਲਿਆਂ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਹਨਾਂ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਤੋਂ ਲੈ ਕੇ ਸਿੱਖ ਧਾਰਮਿਕ ਅਤੇ ਸਮਾਜਿਕ ਅਧਿਕਾਰਾਂ ਨੂੰ ਮਜ਼ਬੂਤ ਕਰਨ ਤੱਕ ਕਈ ਅਹਿਮ ਕਦਮ ਚੁੱਕੇ ਹਨ। ਲਾਲਪੁਰਾ, ਜੋ ਇੱਕ ਸਾਬਕਾ ਆਈਪੀਐੱਸ ਅਫਸਰ ਅਤੇ ਸਿੱਖ ਵਿਦਵਾਨ ਹਨ, ਨੇ ਆਪਣੇ ਕਾਰਜਕਾਲ ਦੌਰਾਨ ਸਿੱਖ ਪੰਥ ਨੂੰ ਨਵੀਂ ਦਿਸ਼ਾ ਦੇਣ ਵਿੱਚ ਯੋਗਦਾਨ ਪਾਇਆ ਹੈ।

ਇਕਬਾਲ ਸਿੰਘ ਲਾਲਪੁਰਾ ਦਾ ਜਨਮ 1953 ਵਿੱਚ ਪੰਜਾਬ ਦੇ ਰੂਪਨਗਰ ਜ਼ਿਲ੍ਹੇ ਵਿੱਚ ਹੋਇਆ ਸੀ। ਉਹ ਇੱਕ ਪ੍ਰਸਿੱਧ ਸਿੱਖ ਵਿਦਵਾਨ ਹਨ ਅਤੇ 20 ਕਿਤਾਬਾਂ ਦੇ ਲੇਖਕ ਵੀ ਹਨ। ਉਹਨਾਂ ਨੂੰ 2006 ਵਿੱਚ ਸ਼ਿਰੋਮਣੀ ਸਾਹਿਤਕਾਰ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤਾ ਜਾਂਦਾ ਹੈ। ਉਹਨਾਂ ਨੇ ਆਪਣੇ ਪੁਲਿਸ ਕੈਰੀਅਰ ਦੌਰਾਨ ਕਈ ਅਹਿਮ ਅਹੁਦੇ ਸੰਭਾਲੇ। 2021 ਵਿੱਚ ਉਹਨਾਂ ਨੂੰ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਨਿਯੁਕਤ ਕੀਤਾ ਗਿਆ, ਜੋ ਭਾਰਤ ਵਿੱਚ ਘੱਟ ਗਿਣਤੀਆਂ ਲਈ ਇੱਕ ਮਹੱਤਵਪੂਰਨ ਅਹੁਦਾ ਹੈ। ਇਹ ਨਿਯੁਕਤੀ ਭਾਰਤੀ ਜਨਤਾ ਪਾਰਟੀ (ਬੀਜੇਪੀ) ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੀ ਗਈ ਸੀ। ਲਾਲਪੁਰਾ ਨੂੰ ਰਾਸ਼ਟਰਪਤੀ ਪੁਲਿਸ ਮੈਡਲ ਅਤੇ ਮੈਰੀਟੋਰੀਅਸ ਸਰਵਿਸਿਜ਼ ਲਈ ਪੁਲਿਸ ਮੈਡਲ ਵੀ ਮਿਲ ਚੁੱਕੇ ਹਨ।

ਉਹਨਾਂ ਦੇ ਕਾਰਜਕਾਲ ਦੀ ਸਭ ਤੋਂ ਵੱਡੀ ਪ੍ਰਾਪਤੀ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਅਤੇ ਸਹਾਇਤਾ ਪ੍ਰਦਾਨ ਕਰਨਾ ਰਹੀ ਹੈ। 1984 ਵਿੱਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਅਤੇ ਹੋਰ ਰਾਜਾਂ ਵਿੱਚ ਹੋਏ ਕਤਲੇਆਮ ਵਿੱਚ ਹਜ਼ਾਰਾਂ ਸਿੱਖ ਮਾਰੇ ਗਏ ਅਤੇ ਅਨੇਕਾਂ ਪਰਿਵਾਰ ਬੇਘਰ ਹੋ ਗਏ। ਇਸ ਨੂੰ ਇੱਕ ਯੋਜਨਾਬੱਧ ਕਤਲੇਆਮ ਮੰਨਿਆ ਜਾਂਦਾ ਹੈ। ਲਾਲਪੁਰਾ ਨੇ ਕਮਿਸ਼ਨ ਦੀ ਅਗਵਾਈ ਵਿੱਚ 11 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਪੀੜਤਾਂ ਬਾਰੇ ਵਿਸਤ੍ਰਿਤ ਜਾਣਕਾਰੀ ਇਕੱਠੀ ਕੀਤੀ। ਉਹਨਾਂ ਨੇ ਸੂਬਾ ਮੁੱਖ ਸਕੱਤਰਾਂ ਨੂੰ ਪੱਤਰ ਲਿਖ ਕੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦੇਣ ਦੀ ਸਿਫਾਰਸ਼ ਕੀਤੀ। ਇਸ ਤੋਂ ਇਲਾਵਾ, ਉਹਨਾਂ ਨੇ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਨਿੱਜੀ ਪੱਤਰ ਲਿਖੇ ਅਤੇ ਪੀੜਤਾਂ ਨੂੰ ਨੌਕਰੀਆਂ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਦੀ ਅਪੀਲ ਕੀਤੀ। ਇਸ ਦੇ ਨਤੀਜੇ ਵਜੋਂ, ਹਰਿਆਣਾ ਸਰਕਾਰ ਨੇ 121 ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀਆਂ ਦੇਣ ਦਾ ਐਲਾਨ ਕੀਤਾ ਅਤੇ ਦਿੱਲੀ ਵਿੱਚ ਵੀ ਅਜਿਹੇ ਕਦਮ ਚੁੱਕੇ ਗਏ।

ਇਕਬਾਲ ਸਿੰਘ ਲਾਲਪੁਰਾ ਨੇ ਪੀੜਤਾਂ ਨਾਲ ਸਿੱਧੀਆਂ ਮੀਟਿੰਗਾਂ ਵੀ ਕੀਤੀਆਂ। 2021 ਵਿੱਚ ਉਹਨਾਂ ਨੇ ਦਿੱਲੀ ਦੇ ਤਿਲਕ ਨਗਰ ਵਿੱਚ



ਅਫਗਾਨ ਸਿੱਖ ਸ਼ਰਨਾਰਥੀਆਂ ਅਤੇ ਕਤਲੇਆਮ ਪੀੜਤਾਂ ਨਾਲ ਗੱਲਬਾਤ ਕੀਤੀ। 2024 ਵਿੱਚ ਵੀ ਅਜਿਹੀਆਂ ਮੀਟਿੰਗਾਂ ਜਾਰੀ ਰੱਖੀਆਂ ਗਈਆਂ ਅਤੇ ਪੀੜਤਾਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਇਆ ਗਿਆ। ਉਹਨਾਂ ਨੇ ਕਿਹਾ ਕਿ ਮੋਦੀ ਸਰਕਾਰ ਦੇ ਯਤਨਾਂ ਸਦਕਾ ਪੀੜਤ ਪਰਿਵਾਰਾਂ ਨੂੰ ਨਿਆਂ ਮਿਲ ਰਿਹਾ ਹੈ। ਇਸ ਤੋਂ ਇਲਾਵਾ, ਉਹਨਾਂ ਨੇ ਕਤਲੇਆਮ ਦੇ ਦੋਸ਼ੀਆਂ ਲਈ ਮੌਤ ਦੀ ਸਜ਼ਾ ਦੀ ਵਕਾਲਤ ਕੀਤੀ। 2025 ਵਿੱਚ ਉਹਨਾਂ ਨੇ ਪੀੜਤਾਂ ਲਈ ਸਥਾਈ ਘਰਾਂ ਦੀ ਸਿਫਾਰਸ਼ ਕੀਤੀ ਅਤੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਨੂੰ ਇਸ ਬਾਰੇ ਨਿਰਦੇਸ਼ ਦਿੱਤੇ।

ਸਿੱਖ ਪੰਥ ਲਈ ਉਹਨਾਂ ਦੀਆਂ ਹੋਰ ਪ੍ਰਾਪਤੀਆਂ ਵੀ ਧਿਆਨਯੋਗ ਹਨ। ਉਹਨਾਂ ਨੇ ਅਫਗਾਨ ਸਿੱਖਾਂ ਦੀਆਂ ਮੁਸ਼ਕਲਾਂ ਨੂੰ ਸਮਝਿਆ ਅਤੇ ਉਹਨਾਂ ਨੂੰ ਸਹਾਇਤਾ ਪ੍ਰਦਾਨ ਕੀਤੀ। 2021 ਵਿੱਚ ਤਿਲਕ ਨਗਰ ਵਿੱਚ ਅਫਗਾਨ ਸਿੱਖਾਂ ਨਾਲ ਮੀਟਿੰਗ ਕੀਤੀ ਗਈ। ਉਹਨਾਂ ਨੇ ਸਿੱਖ ਫੌਜੀਆਂ ਲਈ ਸੁਰੱਖਿਆ ਹੈੱਡਗੇਅਰ ਦੇ ਮਸਲੇ 'ਤੇ ਮੀਟਿੰਗ ਕੀਤੀ ਅਤੇ ਇਸ ਨੂੰ ਹੱਲ ਕਰਨ ਵਿੱਚ ਯੋਗਦਾਨ ਪਾਇਆ।

ਇਕਬਾਲ ਸਿੰਘ ਲਾਲਪੁਰਾ ਨੇ ਆਨੰਦ ਮੈਰਿਜ ਐਕਟ ਨੂੰ 18 ਸੂਬਿਆਂ ਵਿੱਚ ਲਾਗੂ ਕਰਵਾਉਣ ਵਿੱਚ ਮਦਦ ਕੀਤੀ ਅਤੇ ਬਾਕੀ ਥਾਵਾਂ 'ਤੇ ਯਤਨ ਜਾਰੀ ਰੱਖੇ। ਉਹਨਾਂ ਨੇ ਸਿੱਖ ਕੈਦੀਆਂ ਦੀ ਰਿਹਾਈ ਲਈ ਵੀ ਯਤਨ ਕੀਤੇ ਅਤੇ 1980-90 ਦੇ ਦਹਾਕੇ ਦੇ ਖਾੜਕੂਵਾਦ ਨਾਲ ਜੁੜੇ ਮਾਮਲਿਆਂ ਵਿੱਚ ਬੰਦ ਨੌਂ ਕੈਦੀਆਂ ਨੂੰ ਰਿਹਾਅ ਕਰਵਾਇਆ। ਖਾਲਿਸਤਾਨ ਅੰਦੋਲਨ ਨਾਲ ਜੁੜੇ 312 ਸਿੱਖਾਂ ਨੂੰ ਕਾਲੀ ਸੂਚੀ ਵਿੱਚੋਂ ਹਟਾਉਣ ਵਿੱਚ ਵੀ ਭੂਮਿਕਾ ਨਿਭਾਈ। ਉਹਨਾਂ ਨੇ ਵਿਦੇਸ਼ਾਂ ਵਿੱਚ ਫਸੇ 8 ਭਾਰਤੀਆਂ ਨੂੰ ਵਾਪਸ ਲਿਆਉਣ ਵਿੱਚ ਮਦਦ ਕੀਤੀ।

ਸਿੱਖ ਬੱਚਿਆਂ ਨੂੰ ਪ੍ਰੀਖਿਆਵਾਂ ਵਿੱਚ ਰੋਕੇ ਜਾਣ ਅਤੇ ਲਾਲ ਕਿਲ੍ਹੇ 'ਤੇ ਕਕਾਰਾਂ ਨਾਲ ਅੰਦਰ ਜਾਣ ਤੋਂ ਰੋਕਣ ਵਾਲੇ ਮਾਮਲਿਆਂ ਵਿੱਚ ਤੁਰੰਤ ਦਖਲ ਦਿੱਤਾ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਫਿਲਮਾਂ ਵਿੱਚ ਸਿੱਖ ਕਿਰਦਾਰਾਂ ਨੂੰ ਸਹੀ ਢੰਗ ਨਾਲ ਪੇਸ਼ ਕਰਨ ਲਈ ਸੈਂਸਰ ਬੋਰਡ ਵਿੱਚ ਸਿੱਖ ਬੁੱਧੀਜੀਵੀ ਨੂੰ ਮੈਂਬਰ ਬਣਾਉਣ ਦੀ ਸਿਫਾਰਸ਼ ਕੀਤੀ। ਕਰਤਾਰਪੁਰ ਕੋਰੀਡੋਰ ਵਰਗੇ ਪ੍ਰੋਜੈਕਟਾਂ ਵਿੱਚ ਵੀ ਉਹਨਾਂ ਦੀ ਭੂਮਿਕਾ ਰਹੀ ਹੈ। ਸਿੱਖ ਭਾਈਚਾਰੇ ਵਿੱਚ ਉਹਨਾਂ ਦੇ ਯਤਨਾਂ ਨੇ ਨਿਆਂ ਅਤੇ ਸੁਰੱਖਿਆ ਦੀ ਉਮੀਦ ਜਗਾਈ ਹੈ।

## ★ ਮਿੰਨੀ ਕਹਾਣੀਆਂ ★

### ਸਮਝੌਤਾ

ਪਿੰਡ ਵਿਚ ਚੋਣਾਂ ਆ ਗਈਆਂ। ਸਰਪੈਂਚੀ ਲਈ ਪਿੰਡ ਦੇ ਦੋ ਚੌਧਰੀ ਆਤਾ ਸਿਹੁੰ ਤੇ ਮਾਘਾ ਸਿਹੁੰ ਮੈਦਾਨ ਵਿਚ ਨਿੱਤਰੇ। ਦੋਵੇਂ ਚੰਗੇ ਸਰਦੇ-ਪੁੱਜਦੇ ਘਰਾਂ ਦੇ ਮਾਲਕ ਸਨ ਦੋਹਾਂ ਦਾ ਪਿੰਡ ਵਿਚ ਪਹਿਲਾਂ ਹੀ ਚੰਗਾ ਰੋਹਬ ਦਾਅਬ ਸੀ। ਫੱਤਾ, ਤੇਲੂ, ਬਿਸ਼ਨਾ, ਫੀਲਾ, ਮੱਘਰ ਸਿਹੁੰ ਇਕ ਧੜੇ ਨਾਲ ਅਤੇ ਰਾਹੂ, ਮੇਲੂ, ਹੁਕਮਾ, ਚੰਨਣ ਦੂਜੇ ਧੜੇ ਨਾਲ ਹੋ ਤੁਰੇ। ਪੰਦਰਾਂ ਵੀਹ ਦਿਨ ਪਿੰਡ ਵਿਚ ਗਹਿਮਾ-ਗਹਿਮੀ ਰਹੀ। ਕਦੇ ਇਕ ਪਾਰਟੀ ਵਾਲੇ ਅਤੇ ਕਦੇ ਦੂਜੀ ਪਾਰਟੀ ਵਾਲੇ ਵੋਟਾਂ ਲਈ ਘਰੋ-ਘਰੀ ਕਹਿਣ ਤੁਰੇ ਫਿਰਦੇ। ਲੋਕਾਂ ਨੂੰ ਨਵੇਂ-ਨਵੇਂ ਲਾਲਚ ਦੇਕੇ ਵੋਟਾਂ ਪੱਕੀਆਂ ਕਰਦੇ ਰਹੇ। ਚੋਣਾਂ ਦੇ ਇਨ੍ਹਾਂ ਦਿਨਾਂ 'ਚ ਸ਼ਰਾਬਾਂ ਉੱਡ ਰਹੀਆਂ ਸਨ। ਜਿਨ੍ਹਾਂ ਕਦੇ ਵਰ੍ਹੇ ਛਿਮਾਹੀ ਹੀ ਸੁਆਦ ਚੱਖਿਆ ਸੀ, ਉਹਨੂੰ ਵੀ ਰੋਜ਼ ਅਧੀਆ ਪਊਆ ਥਿਆ ਜਾਂਦਾ ਤੇ ਮੁਫ਼ਤ ਦੀ ਤਾਂ ਕਾਜ਼ੀ ਨੇ ਵੀ ਨਹੀਂ ਸੀ ਛੱਡੀ, ਆਖ ਉਹ ਸੁਆਦ ਲੈ ਪੀ ਜਾਂਦਾ। ਇਨ੍ਹਾਂ ਦਿਨਾਂ 'ਚ ਪਿੰਡ ਦੀਆਂ ਡੇਓੜ੍ਹੀਆਂ, ਚੋਕਾਂ, ਬੋਹੜਾਂ, ਪਿਪਲਾਂ ਥੱਲੇ ਲੋਕਾਂ ਦਾ ਚੰਗਾ ਝੁਰਮੁਟ ਬੱਝ ਜਾਂਦਾ। ਨਿੱਤ ਨਵੀਆਂ ਅਫਵਾਹਾਂ ਇਕ-ਦੂਜੇ ਵਿਰੁੱਧ ਫੈਲਦੀਆਂ ਰਹਿੰਦੀਆਂ। ਇਕ ਦੂਜੇ ਧੜੇ ਵਿਰੁਧ ਨਿੱਤ ਨਵੇਂ ਦੂਸ਼ਨ ਸੁਣਨ ਨੂੰ ਮਿਲਦੇ।

ਘੁੱਗ ਵਸਦਾ ਚੁੱਪਚਾਪ ਪਿੰਡ, ਦੋ ਹਿੱਸਿਆਂ 'ਚ ਵੰਡਿਆਂ ਗਿਆ। ਕੋਈ ਚੌਧਰੀ ਆਤਾ ਸਿਹੁੰ ਦੀਆਂ ਸ਼ਿਫ਼ਤਾਂ ਕਰਦਾ ਤੇ ਦੂਜਾ ਮਾਘਾ ਸਿਹੁੰ ਚੌਧਰੀ ਦੇ ਸੋਹਲੇ ਗਾਉਂਦਾ। ਇਕ-ਦੂਜੇ ਧੜੇ ਦੇ ਲੋਕ,ਇਕ ਦੂਜੇ ਵੱਲ ਕਹਿਰ ਭਰੀਆਂ ਨਜ਼ਰਾਂ ਨਾਲ ਵੇਖਦੇ। ਪਿਛਲੀਆਂ ਦੁਸ਼ਮਣੀਆਂ, ਲੜਾਈਆਂ ਤੇ ਖੈਹਾਂ ਦੀ ਯਾਦ ਚੋਣਾਂ ਨੇ ਮੁੜ ਤਾਜ਼ੀ ਕਰ ਦਿੱਤੀ। ਰਤਾ ਭਰ ਗੱਲ ਕਿਸੇ ਨੂੰ ਦੂਜੇ ਧੜੇ ਦੀ ਪਤਾ ਲਗਦੀ ਉਹ ਝੱਟ ਦੇਣੀ ਆਪਣੀ ਵਫਾਦਾਰੀ ਦਿਖਾਉਣ ਲਈ ਆਪਣੇ ਚੌਧਰੀ ਨੂੰ ਜਾ ਦਸਦੇ। ਦੋਹਾਂ ਚੌਧਰੀਆਂ ਦੀ ਚੌਧਰ ਦੀ ਭੁੱਖ ਨੇ ਲੋਕਾਂ ਦੇ ਮਨਾਂ ਚ ਇਕ-ਦੂਜੇ ਪ੍ਰਤੀ ਨਫ਼ਰਤ ਦੀ ਅੱਗ ਭਰ ਦਿੱਤੀ।

ਮਸਾਂ-ਮਸਾਂ ਕਰਕੇ ਚੋਣਾਂ ਦਾ ਦਿਨ ਆਇਆ। ਚੋਣਾਂ ਵਾਲੇ ਦਿਨ ਤੋਂ ਪਹਿਲੀ ਰਾਤੇ ਅੰਦਰ ਖਾਤੇ ਦੋਹਾਂ ਚੌਧਰੀਆਂ ਦਾ ਆਪਸ 'ਚ ਕੋਈ ਸਮਝੌਤਾ ਹੋ ਗਿਆ। ਲੋਕਾਂ ਨੂੰ ਇਸ ਦਾ ਕੋਈ ਇਲਮ ਨਹੀਂ ਸੀ। ਦੋਹਾਂ ਗਰੁਪਾਂ ਨੇ ਜਾਨ ਦੀ ਬਾਜ਼ੀ ਲਾ ਕੇ ਚੋਣਾਂ ਲੜੀਆਂ। ਪਿੰਡ ਦੇ ਬੁੱਢੇ, ਠੇਰੇ, ਬੀਮਾਰ, ਫੱਟੜ ਤੱਕ ਦੀ ਵੋਟ ਵੀ ਭੁਗਤਾ ਦਿੱਤੀ ਗਈ। ਨਤੀਜਾ ਨਿਕਲਿਆ। ਆਤਾ ਸਿਹੁੰ ਦੀ ਪਾਰਟੀ ਦੇ ਜ਼ਿਆਦਾ ਪੰਚ ਚੁਣੇ ਗਏ ਸਨ। ਉਨ੍ਹਾਂ ਆਤਾ ਸਿਹੁੰ ਨੂੰ ਸਰਪੰਚ ਚੁਣ ਲਿਆ। ਉਹਦੇ ਧੜੇ ਦੇ ਲੋਕਾਂ ਉਸ ਰਾਤ ਬੱਕਰੇ ਬੁਲਾਏ, ਸ਼ਰਾਬਾਂ ਪੀਤੀਆਂ ਤੇ ਹੁੱਲੜ ਮਚਾਇਆ। ਮਾਘਾ ਸਿਹੁੰ ਦੇ ਬੰਦੇ ਅਣਖ ਵਿਚ ਆ ਗਏ। ਦੋਹਾਂ ਧੜਿਆਂ ਦੀ ਬੱਝਵੀਂ ਲੜਾਈ ਹੋਈ, ਟਕੂਏ, ਬਰਛੇ ਚਲੇ। ਚੰਗੀ ਵੱਢ ਟੁੱਕ ਹੋਈ। ਲੜਨ ਵਾਲਿਆਂ 'ਚ ਨਾ ਚੌਧਰੀ ਆਤਾ ਸਿਹੁੰ ਸੀ, ਨਾ ਮਾਘਾ ਸਿਹੁੰ ਅਤੇ ਨਾ ਹੀ ਉਹਨਾਂ ਦਾ ਟੱਬਰ-ਟੀਹਰ। ਉਹ ਦੋਵੇਂ ਚੌਧਰੀ ਆਤਾ ਸਿਹੁੰ ਦੀ ਹਵੇਲੀ ਬੈਠੇ ਪੀ ਰਹੇ ਸਨ। ਦੋਹਾਂ ਧੜਿਆਂ ਦੇ ਲੋਕਾਂ ਨੇ ਉਮਰ ਭਰ ਦੇ ਵੈਰ ਸਹੇੜ ਲਏ ਸਨ। ਗਰੀਬ ਲੋਕਾਂ ਦਾ ਪਿੰਡ 'ਚ ਜੀਊਣਾ ਦੁਭਰ ਹੋ ਗਿਆ ਸੀ। ਉਨ੍ਹਾਂ ਨੂੰ ਬੋਲ-ਕਬੋਲ ਬੋਲੇ ਜਾਂਦੇ। ਉਹ ਚੁੱਪ-ਚਾਪ ਆਪਣੀਆਂ ਘੜੀਆਂ ਲੰਘਾਈ ਜਾਂਦੇ। ਇਕ ਦਿਨ ਤੁਰੇ ਜਾਂਦੇ ਬਖਸ਼ਾ ਸਿਹੁ ਨੇ ਸੀਬੂ ਨੂੰ ਬੋਲੀ ਮਾਰੀ, ਇਹਨੇ ਸਾਨੂੰ ਨੀ ਪਾਈ ਵੋਟ,ਇਹਨੇ ਦੂਜੇ ਧੜੇ ਨੂੰ ਪਾਈ ਆ, ਸਾਰੀ ਉਮਰ ਘਾਹ ਪੱਠਾ ਸਾਡੇ ਖੇਤਾਂ ਚੋਂ ਖੋਤਦਾ ਰਿਹਾ ਆ। ਤੇ ਜਦੋਂ ਸੀਬੂ ਨੇ ਅਗਿਓਂ ਕੁਝ ਬੋਲਣਾ ਚਾਹਿਆ ਤਾਂ ਓਹਦੇ ਕੜਕਵੇਂ ਬੋਲ 'ਕੋਈ ਨੀ ਪੁੱਤ ਬਣਾਊਂ ਬੰਦਾਂ ਤੈਨੂੰ ਕਿਸੇ ਵੇਲੇ, ਨਿਕਲੀ ਹੁਣ ਸਾਡੇ ਖੇਤਾਂ ਵੱਲ ਨੂੰ ਜੰਗਲ ਪਾਣੀ ਵੀ। ਹੱਡ ਸੇਕੂੰ ਤੇਰੇ ਚੰਗੀ ਤਰ੍ਹਾਂ। ਇਹ ਬੋਲ ਉਹਦੇ ਕੰਨਾਂ 'ਚ ਕਈ ਦਿਨ ਗੂੰਜਦੇ ਰਹੇ। ਉਹ ਬੇਬਸੀ ਕਾਰਨ ਕੁਝ ਵੀ ਨਹੀਂ ਸੀ ਬੋਲ ਸਕਿਆ।

ਪਿੰਡ ਦੇ ਚੜ੍ਹਦੇ ਪਾਸਿਓਂ ਹੱਡਾ-ਰੋੜੀ ਚੋਂ ਡੱਬੂ ਕੁੱਤੇ ਦੇ ਭੋਕਣ ਦੀ ਆਵਾਜ਼ ਸੁਣ ਕੇ ਪਲਾਂ ਚ ਹੀ ਕਾਲੂ, ਰੰਮੀ ਅਤੇ ਡੱਬੂ ਤੇ ਹੋਰ ਕੁਤੀੜ ਹੱਡਾ-ਰੋੜੀ 'ਚ ਇਕੱਠੀ ਹੋ ਗਈ ਅਤੇ ਫਿਰ ਘੁੰ-ਘੁੰ, ਬਊਂ ਬਊਂ ਕਰਦਿਆਂ ਮਾਸ ਚੂੰਡਣ ਲਈ ਚਾਰ ਕੁੱਤੇ ਇੱਕ ਪਾਸੇ ਹੋ ਲੜਨ ਲੱਗ ਪਏ। ਇੰਜ ਲੱਗਦਾ ਸੀ ਉਹ ਇਕ-ਦੂਜੇ ਨੂੰ ਮਾਰ ਸੁੱਟਣਗੇ। ਅਚਾਨਕ ਉਨ੍ਹਾਂ ਦੀ ਨਜ਼ਰ ਹੱਡਾ ਰੋੜੀ ਚ ਆਏ ਨਵੇਂ ਸ਼ਿਕਾਰ ਤੇ ਪਈ, ਜਿਨ੍ਹਾਂ ਨੂੰ ਗਿਰਝਾਂ ਚੂੰਡ ਰਹੀਆਂ ਸਨ। ਉਨ੍ਹਾਂ ਇਕ ਦੂਜੇ ਵੱਲ ਵੇਖਿਆ। ਫਿਰ ਅੱਖੋ- ਅੱਖੀਂ ਜਿਵੇਂ ਕੋਈ ਸਮਝੌਤਾ ਕਰ ਲਿਆ ਹੋਵੇ, ਉਹ ਗਿਰਝਾਂ ਨੂੰ ਦੂਰ ਭਜਾ ਸ਼ਿਕਾਰ ਤੇ ਟੁੱਟ ਪਏ। ਉਹ ਪੂਰਾ ਰੱਜ ਕਰਕੇ ਵਾਪਿਸ ਪਿੰਡ ਪਰਤ ਆਏ। ਉਨ੍ਹਾਂ ਨੂੰ ਹੁਣ ਆਪਸ ਵਿਚ ਕੋਈ ਗਿਲਾ ਸ਼ਿਕਵਾ ਨਹੀ ਸੀ। ਸੀਬੂ ਜਿਹੜਾ ਇਹ ਸਭ ਕੁੱਝ ਵੇਖ ਰਿਹਾ ਸੀ ਦੇ ਮਨ ਚ ਬਖਸ਼ਾ ਸਿਹੁੰ ਦੇ ਬੋਲ ਤੇ ਪਿਛਲੇ ਦਿਨੀਂ ਆਪਣੇ ਪਿੰਡ ਚ ਵਾਪਰੀਆਂ ਘਟਨਾਵਾਂ ਚੱਕਰ ਕੱਟ ਗਈਆਂ। ਉਸ ਸੋਚਿਆ ਇਕ ਦੂਜੇ ਨੂੰ ਜਾਨੋਂ ਮਾਰਨ ਵਾਲੇ



ਕੁੱਤੇ ਆਪਸ ਚ ਮਾਲ ਦੀ ਬੋਟੀ ਤੇ ਸਮਝੌਤਾ ਕਰੀ ਬੈਠੇ ਸਨ ਅਤੇ ਪਿੰਡ ਦੇ ਦੋਵੇਂ ਚੌਧਰੀ ਵੀ। ਪਰ ਲੋਕ ਕਦੋਂ ਮਿਲ ਬੈਠਣਗੇ ਦਾ ਉਸ ਦੀ ਸੋਚ ਕੋਈ ਉੱਤਰ ਨਹੀਂ ਸੀ ਦੇ ਸਕੀ।

ਗੁਰਮੀਤ ਸਿੰਘ ਪਲਾਹੀ

# ਅਮਰੀਕਾ ’ਤੇ ਸੰਕਟ ਦਾ ਪਰਛਾਂਵਾ: ਇਤਿਹਾਸ ਵਿਚ ਪਹਿਲੀ ਵਾਰ ਅਬਾਦੀ ਵਿਚ ਗਿਰਾਵਟ

## ✪ ਜਿਨਸੀ ਸਬੰਧਾਂ ਤੋਂ ਭੱਜਣ ਦਾ ਵਧ ਰਿਹਾ ਰੁਝਾਨ, ਕੌਣ ਹੈ ਜ਼ਿੰਮੇਵਾਰ ?



ਅਮਰੀਕਾ, ਜੋ 250 ਸਾਲਾਂ ਦੇ ਆਪਣੇ ਇਤਿਹਾਸ ਵਿਚ ਹਮੇਸ਼ਾ ਅਬਾਦੀ ਵਿਚ ਵਾਧੇ ਦਾ ਗਵਾਹ ਰਿਹਾ ਹੈ, ਹੁਣ ਇਕ ਅਜਿਹੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜੋ ਪਹਿਲਾਂ ਕਦੇ ਨਹੀਂ ਵੇਖਿਆ ਗਿਆ। ਅਮਰੀਕਨ ਐਂਟਰਪ੍ਰਾਈਜ਼ ਇੰਸਟੀਟਿਊਟ ਦੀ ਇਕ ਰਿਪੋਰਟ ਮੁਤਾਬਕ, 2025 ਵਿਚ ਅਮਰੀਕਾ ਦੀ ਅਬਾਦੀ ਪਹਿਲੀ ਵਾਰ ਘਟਣ ਦੀ ਸੰਭਾਵਨਾ ਹੈ। ਇਸ ਦੇ ਮੁੱਖ ਕਾਰਨਾਂ ਵਿਚ ਪ੍ਰਵਾਸੀਆਂ ਦੀ ਗਿਣਤੀ ਵਿਚ ਭਾਰੀ ਕਮੀ ਅਤੇ ਜਨਮ ਦਰ ਦਾ ਲਗਾਤਾਰ ਡਿੱਗਣਾ ਸ਼ਾਮਲ ਹੈ। ਰਿਪੋਰਟ ਅਨੁਸਾਰ, ਇਸ ਸਾਲ ਅਮਰੀਕਾ ਵਿਚ ਸ਼ੁੱਧ ਪ੍ਰਵਾਸ 28 ਲੱਖ ਤੋਂ ਘਟ ਕੇ 11,500 ਤੋਂ -5,25,000 ਦੇ ਵਿਚਕਾਰ ਰਹਿ ਸਕਦਾ ਹੈ, ਜੋ ਅੰਤਰਰਾਸ਼ਟਰੀ ਪ੍ਰਵਾਸ ਵਿਚ 96 ਪ੍ਰਤੀਸ਼ਤ ਦੀ ਗਿਰਾਵਟ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਹੀ, ਪਿਛਲੇ ਸਾਲ ਅਮਰੀਕੀ ਜਨਗਣਨਾ ਵਿਚ ਜਨਮੇ ਬੱਚਿਆਂ ਦੀ ਗਿਣਤੀ ਸਿਰਫ 5,19,000 ਸੀ, ਜੋ ਅਬਾਦੀ ਨੂੰ ਸਥਿਰ ਰੱਖਣ ਲਈ ਕਾਫੀ ਨਹੀਂ ਹੈ। ਨਤੀਜੇ ਵਜੋਂ, 2025 ਵਿਚ ਅਮਰੀਕੀ ਅਬਾਦੀ ਵਿਚ 6,000 ਲੋਕਾਂ ਦੀ ਕਮੀ ਹੋ ਸਕਦੀ ਹੈ, ਜੋ ਇਤਿਹਾਸ ਵਿਚ ਪਹਿਲੀ ਵਾਰ ਹੋਵੇਗਾ।

ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ, 1776 ਵਿਚ ਅਮਰੀਕਾ ਦੀ ਸਥਾਪਨਾ ਤੋਂ ਬਾਅਦ, ਨਾ ਤਾਂ ਅਮਰੀਕੀ ਸਿਵਲ ਵਾਰ (1861-1865) ਦੌਰਾਨ, ਜਦੋਂ 7 ਲੱਖ ਅਮਰੀਕੀ ਮਾਰੇ ਗਏ ਸਨ, ਅਤੇ ਨਾ ਹੀ ਹਾਲੀਆ ਕੋਵਿਡ-19 ਮਹਾਮਾਰੀ ਦੌਰਾਨ ਅਬਾਦੀ ਵਿਚ ਕੋਈ ਗਿਰਾਵਟ ਦਰਜ ਕੀਤੀ ਗਈ। ਪਰ ਹੁਣ, ਸਖਤ ਪ੍ਰਵਾਸ ਨੀਤੀਆਂ ਅਤੇ ਸਮਾਜਿਕ-ਸਭਿਆਚਾਰਕ ਬਦਲਾਅ ਕਾਰਨ ਅਮਰੀਕਾ ਇਸ ਅਣਦੇਖੇ ਸੰਕਟ ਦੀ ਲਪੇਟ ਵਿਚ ਹੈ।

ਅਮਰੀਕਾ ਵਿਚ ਅਬਾਦੀ ਦੀ ਗਿਰਾਵਟ ਦਾ ਇਕ ਵੱਡਾ ਕਾਰਨ ਪ੍ਰਜਨਨ ਦਰ ਵਿਚ ਲਗਾਤਾਰ ਕਮੀ ਹੈ। ਇੰਸਟੀਟਿਊਟ ਫਾਰ ਫੈਮਿਲੀ ਸਟੱਡੀਜ਼ ਦੀ ਰਿਪੋਰਟ ਅਨੁਸਾਰ, ਅਮਰੀਕਾ ਦੀ ਪ੍ਰਜਨਨ ਦਰ ਅਗਲੇ 30 ਸਾਲਾਂ ਵਿਚ ਔਸਤਨ 1.6 ਜਨਮ ਪ੍ਰਤੀ ਮਹਿਲਾ ਰਹਿਣ ਦਾ ਅਨੁਮਾਨ ਹੈ, ਜਦਕਿ ਅਬਾਦੀ ਨੂੰ ਸਥਿਰ ਰੱਖਣ ਲਈ 2.1 ਜਨਮ ਪ੍ਰਤੀ ਮਹਿਲਾ ਜ਼ਰੂਰੀ ਹੈ। ਇਹ ਗਿਰਾਵਟ ਸਿਰਫ ਸੰਖਿਆਤਮਕ ਨਹੀਂ, ਸਗੋਂ ਸਮਾਜ ਵਿਚ ਆ ਰਹੇ ਵਿਆਪਕ ਸਭਿਆਚਾਰਕ ਬਦਲਾਵਾਂ ਦਾ ਨਤੀਜਾ ਹੈ। ਆਈਐਫਐਸ ਦੇ ਸਰਵੇ ਵਿਚ ਪਾਇਆ ਗਿਆ ਕਿ 1990 ਵਿਚ 55 ਪ੍ਰਤੀਸ਼ਤ ਅਮਰੀਕੀ ਜੋੜੇ ਹਫਤੇ ਵਿਚ ਇਕ ਵਾਰ ਸੈਕਸ ਸਬੰਧ ਬਣਾਉਂਦੇ ਸਨ, ਪਰ 2025 ਵਿਚ ਇਹ ਅੰਕੜਾ ਘਟ ਕੇ 37 ਪ੍ਰਤੀਸ਼ਤ ਰਹਿ ਗਿਆ ਹੈ।

ਇਸ ਦੇ ਪਿੱਛੇ ਕਈ ਕਾਰਨ ਸਾਹਮਣੇ ਆਏ ਹਨ। ਪਹਿਲਾ, ਅਮਰੀਕੀ ਸਮਾਜ ਵਿਚ ਵਿਆਹ ਦੀ ਉਮਰ ਵਧਣੀ ਅਤੇ ਵਿਆਹ ਨੂੰ ਟਾਲਣ ਦਾ ਰੁਝਾਨ ਵਧਿਆ ਹੈ। ਨੌਜਵਾਨ ਪੀੜ੍ਹੀ ਕਰੀਅਰ, ਵਿੱਤੀ ਸਥਿਰਤਾ ਅਤੇ ਨਿੱਜੀ ਆਜ਼ਾਦੀ ਨੂੰ ਤਰਜੀਹ ਦੇ ਰਹੀ ਹੈ, ਜਿਸ ਕਾਰਨ ਪਰਿਵਾਰ ਸ਼ੁਰੂ ਕਰਨ ਵਿਚ ਦੇਰੀ ਹੋ ਰਹੀ ਹੈ। ਦੂਜਾ, ਆਰਥਿਕ ਅਸਥਿਰਤਾ ਅਤੇ ਜੀਵਨ-ਯਾਪਨ ਦੀ ਵਧਦੀ ਲਾਗਤ ਨੇ ਨੌਜਵਾਨਾਂ ’ਤੇ ਬੱਚੇ ਪੈਦਾ ਕਰਨ ਦਾ ਦਬਾਅ ਘਟਾਇਆ ਹੈ। ਤੀਜਾ, ਸਮਾਰਟਫੋਨ ਅਤੇ ਸੋਸ਼ਲ ਮੀਡੀਆ ਦੀ ਵਧਦੀ ਵਰਤੋਂ ਨੇ ਵਿਅਕਤੀਗਤ ਸਬੰਧਾਂ ’ਤੇ ਅਸਰ ਪਾਇਆ ਹੈ, ਜਿਸ ਨਾਲ ਜੋੜਿਆਂ ਵਿਚ ਨਜ਼ਦੀਕੀਆਂ ਘਟੀਆਂ ਹਨ।

ਇਸ ਤੋਂ ਇਲਾਵਾ, ਮਹਿਲਾਵਾਂ ਵਿਚ ਵਧਦੀ ਖੁਦਮੁਖਤਿਆਰੀ ਅਤੇ ਰਵਾਇਤੀ ਲਿੰਗ ਭੂਮਿਕਾਵਾਂ ਨੂੰ ਚੁਣੌਤੀ ਦੇਣ ਦਾ ਰੁਝਾਨ ਵੀ ਇਕ ਵੱਡਾ ਕਾਰਨ ਹੈ। ਬੀਬੀਸੀ ਦੀ ਇਕ ਰਿਪੋਰਟ ਮੁਤਾਬਕ, ਅਮਰੀਕੀ ਮਹਿਲਾਵਾਂ ਵਿਚ 4ਬੀ ਅੰਦੋਲਨ No Sex, No Dating, No Marriage, No Children) ਦਾ ਪ੍ਰਭਾਵ ਵਧ ਰਿਹਾ ਹੈ, ਜੋ ਖਾਸ ਤੌਰ ’ਤੇ ਟਰੰਪ ਦੀਆਂ ਸਖਤ ਸਿਆਸੀ ਨੀਤੀਆਂ, ਖਾਸ ਕਰਕੇ ਗਰਭਪਾਤ ’ਤੇ ਪਾਬੰਦੀਆਂ ਦੇ ਵਿਰੋਧ ਵਿਚ ਸਾਹਮਣੇ ਆਇਆ ਹੈ।

ਸਮਾਜਿਕ ਤਬਦੀਲੀਆਂ ਦਾ ਪ੍ਰਤੀਕ-ਅਮਰੀਕੀ ਸਮਾਜ ਵਿਚ ਸੈਕਸ ਸਬੰਧਾਂ ਤੋਂ ਪਰਹੇਜ਼ ਦਾ ਵਧਦਾ ਰੁਝਾਨ ਸਿਰਫ ਪ੍ਰਜਨਨ ਦਰ ’ਤੇ ਹੀ ਨਹੀਂ, ਸਗੋਂ ਸਮਾਜਿਕ ਢਾਂਚੇ ’ਤੇ ਵੀ ਡੂੰਘਾ ਅਸਰ ਪਾ ਰਿਹਾ ਹੈ। ਆਈਐਫਐਸ ਦੀ ਰਿਪੋਰਟ ਅਨੁਸਾਰ, ਜੋੜਿਆਂ ਵਿਚ ਸੈਕਸ ਸਬੰਧਾਂ ਦੀ ਘਟਦੀ ਬਾਰੰਬਾਰਤਾ ਦੇ ਪਿੱਛੇ ਮਾਨਸਿਕ ਸਿਹਤ, ਤਣਾਅ, ਅਤੇ ਸਮਾਜਿਕ ਅਲੱਗ-ਥਲੱਗਤਾ ਵਰਗੇ ਮੁੱਦੇ ਵੀ ਜ਼ਿੰਮੇਵਾਰ ਹਨ। ਅਮਰੀਕੀ ਅਖਬਾਰਾਂ, ਜਿਵੇਂ ਕਿ ਨਿਊਯਾਰਕ ਟਾਈਮਜ਼ ਅਤੇ ਵਾਸ਼ਿੰਗਟਨ ਪੋਸਟ, ਨੇ ਇਸ ਮੁੱਦੇ ’ਤੇ ਵਿਸਤ੍ਰਿਤ ਚਰਚਾ ਕੀਤੀ ਹੈ। ਉਨ੍ਹਾਂ ਦੀਆਂ ਰਿਪੋਰਟਾਂ ਮੁਤਾਬਕ, ਨੌਜਵਾਨ ਪੀੜ੍ਹੀ ਵਿਚ ਸੈਕਸ ਅਤੇ ਵਿਆਹ ਨੂੰ ਲੈ ਕੇ ਬਦਲਦੀ ਸੋਚ, ਡਿਜੀਟਲ ਜੀਵਨਸ਼ੈਲੀ, ਅਤੇ ਮਹਿਲਾਵਾਂ ਦੀ ਵਧਦੀ ਸੁਤੰਤਰਤਾ ਨੇ ਇਸ ਰੁਝਾਨ ਨੂੰ ਹੋਰ ਤੇਜ਼ ਕੀਤਾ ਹੈ।

ਇਸ ਤੋਂ ਇਲਾਵਾ, ਔਰਤਾਂ ਦੀ ਸੁਰੱਖਿਆ ਅਤੇ ਸਿਹਤ ਸਬੰਧੀ ਮੁੱਦਿਆਂ ਨੇ ਵੀ ਸੈਕਸ ਸਬੰਧਾਂ ’ਤੇ ਅਸਰ ਪਾਇਆ ਹੈ। ਗਰਭਪਾਤ ’ਤੇ ਵਧਦੀਆਂ ਪਾਬੰਦੀਆਂ ਅਤੇ ਸਿਆਸੀ ਅਸਥਿਰਤਾ ਨੇ ਕਈ ਮਹਿਲਾਵਾਂ ਨੂੰ ਪਰਿਵਾਰ ਸ਼ੁਰੂ ਕਰਨ ਤੋਂ ਪਰਹੇਜ਼ ਕਰਨ ਲਈ ਮਜਬੂਰ ਕੀਤਾ ਹੈ। ਬੀਬੀਸੀ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਟਰੰਪ ਦੀਆਂ ਨੀਤੀਆਂ, ਖਾਸ ਕਰਕੇ ਗਰਭਪਾਤ ਅਤੇ ਜਿਨਸੀ ਸ਼ੋਸ਼ਣ ਦੇ ਮੁੱਦਿਆਂ ’ਤੇ ਸਖਤ ਰੁਖ, ਨੇ ਔਰਤਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ, ਜਿਸ ਨੇ 4ਬੀ ਅੰਦੋਲਨ ਨੂੰ ਹੋਰ ਹਵਾ ਦਿੱਤੀ।

ਅਮਰੀਕੀ ਅਬਾਦੀ ਵਿਚ ਗਿਰਾਵਟ ਦੇ ਸੰਦਰਭ ਵਿਚ ਟਰੰਪ ਪ੍ਰਸ਼ਾਸਨ ਦੀਆਂ ਸਖਤ ਪ੍ਰਵਾਸ ਨੀਤੀਆਂ ’ਤੇ ਸਵਾਲ ਉੱਠ ਰਹੇ ਹਨ। ਅਮਰੀਕਨ ਐਂਟਰਪ੍ਰਾਈਜ਼ ਇੰਸਟੀਟਿਊਟ ਦੀ ਰਿਪੋਰਟ ਮੁਤਾਬਕ, ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ, ਜਿਵੇਂ ਕਿ ਸਰਹੱਦੀ ਸੁਰੱਖਿਆ ਨੂੰ ਸਖਤ ਕਰਨਾ, ਵੀਜ਼ਾ ਪ੍ਰਕਿਰਿਆਵਾਂ ਨੂੰ ਜਟਿਲ ਕਰਨਾ, ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀਆਂ ਮੁਹਿੰਮਾਂ, ਨੇ ਪ੍ਰਵਾਸੀਆਂ ਦੀ ਗਿਣਤੀ ਵਿਚ ਭਾਰੀ ਕਮੀ ਕੀਤੀ ਹੈ। ਮੀਡੀਆ ਰਿਪੋਰਟ ਅਨੁਸਾਰ, 2025 ਵਿਚ ਅਮਰੀਕਾ ਤੋਂ 104 ਭਾਰਤੀ ਨੌਜਵਾਨਾਂ ਨੂੰ ਡਿਪੋਰਟ ਕੀਤਾ ਗਿਆ, ਜਿਸ ਨੇ ਪੰਜਾਬ ਸਮੇਤ ਕਈ ਖੇਤਰਾਂ ਵਿਚ ਚਰਚਾ ਛੇੜ ਦਿੱਤੀ।

ਟਰੰਪ ਦੀਆਂ ਨੀਤੀਆਂ ਨੇ ਨਾ ਸਿਰਫ ਪ੍ਰਵਾਸੀਆਂ ਦੀ ਗਿਣਤੀ ਘਟਾਈ, ਸਗੋਂ ਅਮਰੀਕੀ ਸਮਾਜ ਵਿਚ ਸਿਆਸੀ ਅਤੇ ਸਮਾਜਿਕ ਵੰਡ ਨੂੰ ਵੀ ਵਧਾਇਆ ਹੈ। ਅਮਰੀਕੀ ਅਖਬਾਰਾਂ, ਜਿਵੇਂ ਕਿ ਵਾਸ਼ਿੰਗਟਨ ਪੋਸਟ ਅਤੇ ਨਿਊਯਾਰਕ ਟਾਈਮਜ਼, ਨੇ ਲਿਖਿਆ ਹੈ ਕਿ ਟਰੰਪ ਦੀਆਂ ਸਖਤ ਨੀਤੀਆਂ ਨੇ ਅਮਰੀਕੀ ਸਮਾਜ ਵਿਚ ਅਸੁਰੱਖਿਆ ਅਤੇ ਅਸਥਿਰਤਾ ਦੀ ਭਾਵਨਾ ਪੈਦਾ ਕੀਤੀ ਹੈ, ਜਿਸ ਨੇ ਪ੍ਰਜਨਨ ਦਰ ਅਤੇ ਪਰਿਵਾਰਕ ਜੀਵਨ ’ਤੇ ਵੀ ਅਸਰ ਪਾਇਆ ਹੈ।

ਅਮਰੀਕਾ ਵਿਚ ਅਬਾਦੀ ਦੀ ਗਿਰਾਵਟ ਅਤੇ ਪ੍ਰਜਨਨ ਦਰ ਵਿਚ ਕਮੀ ਸਿਰਫ ਸੰਖਿਆਤਮਕ ਮੁੱਦਾ ਨਹੀਂ, ਸਗੋਂ ਸਮਾਜਿਕ, ਆਰਥਿਕ ਅਤੇ ਸਿਆਸੀ ਬਦਲਾਵਾਂ ਦਾ ਨਤੀਜਾ ਹੈ। ਸਖਤ ਪ੍ਰਵਾਸ ਨੀਤੀਆਂ, ਸਮਾਜਿਕ ਤਬਦੀਲੀਆਂ, ਅਤੇ ਜੀਵਨਸ਼ੈਲੀ ਵਿਚ ਆਏ ਬਦਲਾਅ ਨੇ ਅਮਰੀਕੀ ਸਮਾਜ ਨੂੰ ਇਕ ਨਵੇਂ ਮੋੜ ’ਤੇ ਲਿਆ ਖੜ੍ਹਾ ਕੀਤਾ ਹੈ। ਜੇਕਰ ਇਹ ਰੁਝਾਨ ਜਾਰੀ ਰਿਹਾ, ਤਾਂ ਅਮਰੀਕਾ ਨੂੰ ਨਾ ਸਿਰਫ ਆਰਥਿਕ, ਸਗੋਂ ਸਮਾਜਿਕ ਸੰਕਟ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ।

# ਮੁੰਬਈ ਵਿਚ 14 ਅੱਤਵਾਦੀ, 400 ਕਿਲੋ ਆਰਡੀਐਕਸ ਲੈਕੇ ਵੜ ਗਏ...

## ✪ ਲਸ਼ਕਰ-ਏ-ਜੇਹਾਦੀ ਨੇ 34 ਵਾਹਨਾਂ ’ਚ ਬੰਬ ਰੱਖਣ ਦੀ ਦਿੱਤੀ ਧਮਕੀ

## ✪ ਪੁਲਿਸ ਨੂੰ ਇੱਕ ਧਮਕੀ ਭਰਿਆ ਸੁਨੇਹਾ ਮਿਲਿਆ

ਨਵੀਂ ਦਿੱਲੀ-ਮੁੰਬਈ ਪੁਲਿਸ ਨੂੰ ਬੀਤੇ ਵੀਰਵਾਰ ਨੂੰ ਟ੍ਰੈਫਿਕ ਕੰਟਰੋਲ ਰੂਮ ਦੀ ਵਟਸਐਪ ਹੈਲਪਲਾਈਨ ’ਤੇ ਇੱਕ ਧਮਕੀ ਭਰਿਆ ਸੁਨੇਹਾ ਮਿਲਿਆ। ਇਹ ਸੁਨੇਹਾ ਮਿਲਦੇ ਹੀ ਪੁਲਿਸ ਵਿਭਾਗ ਵਿੱਚ ਹੜਕੰਪ ਮਚ ਗਿਆ ਅਤੇ ਅਧਿਕਾਰੀ ਘਬਰਾ ਗਏ। ਇਸ ਧਮਕੀ ਭਰੇ ਸੁਨੇਹੇ ਵਿੱਚ ਦਾਅਵਾ ਕੀਤਾ ਗਿਆ ਸੀ ਕਿ 14 ਅੱਤਵਾਦੀ ਮੁੰਬਈ ਵਿੱਚ ਦਾਖਲ ਹੋ ਗਏ ਹਨ ਅਤੇ ਆਤਮਘਾਤੀ ਹਮਲਾ ਕਰਨ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਨੇ 400 ਕਿਲੋ ਆਰਡੀਐਕਸ ਦੇ ਨਾਲ 34 ਵਾਹਨਾਂ ਵਿੱਚ ਬੰਬ ਰੱਖੇ ਹਨ।

ਕ੍ਰਾਈਮ ਬ੍ਰਾਂਚ ਤੋਂ ਲੈ ਕੇ ਏਟੀਐਸ ਤੱਕ ਜਾਂਚ ਵਿੱਚ ਜੁਟਿਆ-ਇਸ ਸੁਨੇਹੇ ਨੇ ਪੁਲਿਸ ਨੂੰ ਹਾਈ ਅਲਰਟ ’ਤੇ ਰੱਖ ਦਿੱਤਾ ਹੈ, ਖਾਸ ਕਰਕੇ ਅਜਿਹੇ ਸਮੇਂ ਜਦੋਂ ਮਾਇਆਨਗਰੀ ਗਣੇਸ਼ ਉਤਸਵ ਦੀ ਸ਼ਾਨ ਵਿੱਚ ਡੁੱਬੀ ਹੋਈ ਹੈ। ਪੁਲਿਸ ਨੇ ਤੁਰੰਤ ਇਸ ਧਮਕੀ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕ੍ਰਾਈਮ ਬ੍ਰਾਂਚ ਤੋਂ ਲੈ ਕੇ ਅੱਤਵਾਦ ਵਿਰੋਧੀ ਦਸਤੇ (ਏਟੀਐਸ) ਤੱਕ, ਸਾਰੀਆਂ ਏਜੰਸੀਆਂ ਇਸ ਮਾਮਲੇ ਦੀ ਤਹਿ ਤੱਕ ਜਾਣ ਵਿੱਚ ਰੁੱਝੀਆਂ ਹੋਈਆਂ ਹਨ। ਸੁਨੇਹੇ ਵਿੱਚ ਇੱਕ ਸੰਗਠਨ ਦਾ ਨਾਮ ਵੀ ਆਇਆ ਹੈ - ‘ਲਸ਼ਕਰ-ਏ-ਜੇਹਾਦੀ’। ਪੁਲਿਸ ਇਸ ਸੰਗਠਨ ਅਤੇ ਸੁਨੇਹਾ ਭੇਜਣ ਵਾਲੇ ਵਿਅਕਤੀ ਦੀ ਸੱਚਾਈ ਦੀ ਭਾਲ ਕਰ ਰਹੀ ਹੈ।

ਪੁਲਿਸ ਨੇ ਕਿਹੜੀ ਜਾਣਕਾਰੀ ਦਿੱਤੀ ?-ਮੁੰਬਈ ਪੁਲਿਸ ਨੇ ਕਿਹਾ ਕਿ ਜੇਕਰ ਇਹ ਕਥਿਤ ਬੰਬ ਧਮਾਕਾ ਹੁੰਦਾ ਹੈ, ਤਾਂ ਇਹ ਪੂਰੇ ਸ਼ਹਿਰ ਨੂੰ ਹਿਲਾ ਦੇਵੇਗਾ। ਇਹ ਧਮਕੀ ਭਰਿਆ ਕਾਲ ਟ੍ਰੈਫਿਕ ਪੁਲਿਸ ਹੈਲਪਲਾਈਨ ’ਤੇ ਆਇਆ ਸੀ। ਪੁਲਿਸ ਨੇ ਕਿਹਾ ਕਿ ਧਮਕੀ ਭਰੇ ਸੰਦੇਸ਼ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਮਨੁੱਖੀ ਬੰਬਾਂ ਨਾਲ ਭਰੀਆਂ 34 ਕਾਰਾਂ ਦੀ ਵਰਤੋਂ 400 ਕਿਲੋਗ੍ਰਾਮ ਆਰਡੀਐਕਸ ਨੂੰ ਵਿਸਫੋਟ ਕਰਨ ਲਈ ਕੀਤੀ ਜਾਵੇਗੀ, ਜਿਸ ਨਾਲ ਇੱਕ ਕਰੋੜ ਲੋਕ ਮਾਰੇ ਜਾਣਗੇ। ਸ਼ਹਿਰ ਦੇ ਮੰਦਰਾਂ, ਬਾਜ਼ਾਰਾਂ ਤੇ ਭੀੜ-ਭੜੱਕੇ ਵਾਲੀਆਂ ਥਾਵਾਂ ’ਤੇ ਨਜ਼ਰ ਰੱਖੀ ਜਾ ਰਹੀ ਹੈ।

# ਸਿੱਖ ਸਿਧਾਂਤ 'ਦਸਵੰਧ' ਪੰਜਾਬ ਦੀਆਂ ਹੜ੍ਹਾਂ ਨਾਲੋਂ ਮਜ਼ਬੂਤ

## ✪ ਪੰਜਾਬ ਦੀਆਂ ਹੜ੍ਹਾਂ ਦੌਰਾਨ ਸਿੱਖ ਸਿਧਾਂਤ ਦੀ ਤਾਕਤ ਨੇ ਚਮਤਕਾਰ ਦਿਖਾਇਆ ✪ ਸਿਖ ਜੁਟੇ ਹਨ ਸਰਬਤ ਦੇ ਭਲੇ ਦੇ ਹਿਤ ਵਿਚ

ਖਾਸ ਖਬਰ

ਪੰਜਾਬ, ਜਿਥੇ ਹਰ ਸਾਲ ਮੌਨਸੂਨ ਦੀ ਤਬਾਹੀ ਨਵੇਂ ਰਿਕਾਰਡ ਬਣਾਉਂਦੀ ਹੈ, ਇਸ ਵਾਰ ਵੀ ਭਿਆਨਕ ਹੜ੍ਹਾਂ ਨੇ ਸੂਬੇ ਨੂੰ ਤਬਾਹ ਕਰ ਦਿੱਤਾ। ਹਜ਼ਾਰਾਂ ਘਰ ਪਾਣੀ ਵਿਚ ਡੁੱਬ ਗਏ, ਫ਼ਸਲਾਂ ਬਰਬਾਦ ਹੋਈਆਂ, ਪਸ਼ੂ ਮਰ ਗਏ ਅਤੇ ਲੱਖਾਂ ਪਰਿਵਾਰ ਬੇਘਰ ਹੋ ਗਏ। ਪਰ ਇਸ ਤਬਾਹੀ ਦੇ ਵਿਚਕਾਰ ਸਿੱਖ ਸਿਧਾਂਤ 'ਦਸਵੰਧ' ਦੀ ਚਮਕ ਨੇ ਪੰਜਾਬ ਦੇ ਲੋਕਾਂ ਦੀ ਹਿੰਮਤ ਨੂੰ ਜਿਉਂਦਾ ਰੱਖਿਆ ਹੈ। 'ਦਸਵੰਧ', ਜਿਸ ਅਨੁਸਾਰ ਸਿੱਖ ਆਪਣੀ ਕਮਾਈ ਦਾ ਘੱਟੋ-ਘੱਟ ਦਸਵਾਂ ਹਿੱਸਾ ਗੁਰੂ ਦੇ ਨਾਂ 'ਤੇ ਸੇਵਾ ਲਈ ਦਿੰਦੇ ਹਨ, ਅੱਜ ਪੰਜਾਬ ਦੀ ਮੁੜ ਉਸਾਰੀ ਦਾ ਮੁੱਖ ਆਧਾਰ ਬਣਿਆ ਹੈ। ਇਹ ਸਿੱਖੀ ਦਾ ਉਹ ਸਿਧਾਂਤ ਹੈ ਜੋ ਸਮਾਜ ਸੇਵਾ, ਇਨਸਾਨੀਅਤ ਅਤੇ ਬੇਘਰਿਆਂ ਦੀ ਮਦਦ ਦੀ ਨੀਂਹ ਰੱਖਦਾ ਹੈ।



ਪੰਜਾਬ ਦੇ ਲੋਕ, ਜਿਨ੍ਹਾਂ ਦਾ ਸਭ ਕੁਝ ਹੜ੍ਹਾਂ ਨੇ ਖੋਹ ਲਿਆ, ਫਿਰ ਵੀ ਆਪਣੀ ਹਿੰਮਤ ਅਤੇ ਸੇਵਾ ਦੀ ਭਾਵਨਾ ਨਾਲ ਦੂਜਿਆਂ ਦੀ ਮਦਦ ਕਰ ਰਹੇ ਹਨ। ਸਰਕਾਰੀ ਏਜੰਸੀਆਂ, ਗੈਰ-ਸਰਕਾਰੀ ਸੰਸਥਾਵਾਂ, ਮਸ਼ਹੂਰ ਹਸਤੀਆਂ, ਨੌਜਵਾਨ ਅਤੇ ਇੱਥੋਂ ਤਕ ਕਿ ਪੀੜਤ ਵੀ ਹੁਣ ਬਚਾਅ ਕਾਰਜਾਂ ਵਿਚ ਸ਼ਾਮਲ ਹੋ ਗਏ ਹਨ। ਇਹ ਸਾਰੇ ਮਿਲ ਕੇ ਭੋਜਨ, ਸਾਫ਼ ਪਾਣੀ, ਦਵਾਈਆਂ ਅਤੇ ਅਸਥਾਈ ਰਿਹਾਇਸ਼ ਦਾ ਪ੍ਰਬੰਧ ਕਰ ਰਹੇ ਹਨ। ਨਾਲ ਹੀ, ਆਉਣ ਵਾਲੇ ਮਹੀਨਿਆਂ ਵਿਚ ਘਰਾਂ ਦੀ ਮੁੜ ਉਸਾਰੀ, ਖੇਤੀ ਨੂੰ ਮੁੜ ਸੁਰਜੀਤ ਕਰਨ ਅਤੇ ਜੀਵਨ ਨੂੰ ਪਹਿਲਾਂ ਵਾਂਗ ਚਲਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਚੁੱਕੀਆਂ ਹਨ।

### ਸੇਵਾ ਦੀ ਮਿਸਾਲ - ਸਕਸ਼ੀ ਸਾਹਨੀ ਦੀ ਅਗਵਾਈ

ਅੰਮ੍ਰਿਤਸਰ ਦੀ ਪਹਿਲੀ ਮਹਿਲਾ ਡਿਪਟੀ ਕਮਿਸ਼ਨਰ ਸਕਸ਼ੀ ਸਾਹਨੀ ਇਸ ਸੰਕਟ ਵਿਚ ਇਕ ਮਿਸਾਲ ਬਣ ਕੇ ਸਾਹਮਣੇ ਆਈ ਹੈ। ਉਹ ਨਿੱਜੀ ਤੌਰ 'ਤੇ ਹੜ੍ਹ ਪੀੜਤ ਖੇਤਰਾਂ ਵਿਚ ਪਹੁੰਚ ਕੇ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਜਾਣ ਲਈ ਪ੍ਰੇਰਿਤ ਕਰ ਰਹੀ ਹੈ। ਰਾਹਤ ਕੈਂਪਾਂ ਵਿਚ ਦਿਨ-ਰਾਤ ਕੰਮ ਕਰਦਿਆਂ, ਉਹ ਹਜ਼ਾਰਾਂ ਲੋਕਾਂ ਨੂੰ ਬਚਾਉਣ ਵਿਚ ਸਹਾਇਤਾ ਕਰ ਰਹੀ ਹੈ। ਸਕਸ਼ੀ ਸਾਹਨੀ ਨੇ ਦੱਸਿਆ ਕਿ ਪੀੜਤਾਂ ਦੀ ਹਿੰਮਤ ਅਤੇ ਸਹਿਣਸ਼ੀਲਤਾ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ।

"ਜਦੋਂ ਅਸੀਂ ਪੀੜਤਾਂ ਦੇ ਘਰਾਂ ਵਿਚ ਪਹੁੰਚਦੇ ਹਾਂ ਅਤੇ ਉਨ੍ਹਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਜਾਣ ਲਈ ਕਹਿੰਦੇ ਹਾਂ, ਤਾਂ ਉਹ ਸਭ ਤੋਂ ਪਹਿਲਾਂ ਸਾਡੀ ਖ਼ੈਰ ਪੁੱਛਦੇ ਹਨ ਅਤੇ ਸਾਨੂੰ ਚਾਹ ਦੀ ਪੇਸ਼ਕਸ਼ ਕਰਦੇ ਹਨ। ਉਨ੍ਹਾਂ ਦੇ ਘਰ ਪਾਣੀ ਨਾਲ ਭਰੇ ਹੋਏ ਹਨ, ਫਰਸ਼ 'ਤੇ ਗਾਰ ਪਈ ਹੈ, ਖਾਣ-ਪੀਣ ਦਾ ਕੋਈ ਸਾਧਨ ਨਹੀਂ, ਪਰ ਫਿਰ ਵੀ ਉਨ੍ਹਾਂ ਦੀ ਜੀਵਨ ਪ੍ਰਤੀ ਉਮੀਦ ਅਤੇ ਹਿੰਮਤ ਕਮਾਲ ਦੀ ਹੈ।"

### ਮਸ਼ਹੂਰ ਹਸਤੀਆਂ ਦਾ ਯੋਗਦਾਨ - ਪੰਜਾਬ ਦੀ ਮੁੜ ਉਸਾਰੀ

ਹੜ੍ਹਾਂ ਦੀ ਤਬਾਹੀ ਨੇ ਜਿੱਥੇ ਪੰਜਾਬ ਦੇ ਲੋਕਾਂ ਨੂੰ ਝੰਜੋੜਿਆ, ਉੱਥੇ ਸੂਬੇ ਨਾਲ ਜੁੜੀਆਂ ਮਸ਼ਹੂਰ ਹਸਤੀਆਂ ਨੇ ਵੀ ਆਪਣਾ ਫ਼ਰਜ਼ ਨਿਭਾਉਣ ਵਿਚ ਕੋਈ ਕਸਰ ਨਹੀਂ ਛੱਡੀ। ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ 10 ਪਿੰਡਾਂ ਨੂੰ ਗੋਦ ਲੈ ਕੇ ਉਨ੍ਹਾਂ ਦੀ ਮੁੜ ਉਸਾਰੀ ਦਾ ਜ਼ਿੰਮਾ ਲਿਆ ਹੈ। ਉਸ ਨੇ ਵਾਅਦਾ ਕੀਤਾ ਹੈ ਕਿ ਜਦੋਂ ਤਕ ਇਨ੍ਹਾਂ ਪਿੰਡਾਂ ਦੇ ਲੋਕਾਂ ਦਾ ਜੀਵਨ ਪਹਿਲਾਂ ਵਾਂਗ ਨਹੀਂ ਹੋ ਜਾਂਦਾ, ਉਹ ਸਹਾਇਤਾ ਜਾਰੀ ਰੱਖੇਗਾ।

ਮਨਕੀਰਤ ਔਲਖ ਨੇ 50 ਟਰੈਕਟਰ ਪੰਜਾਬ ਦੇ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਦਿੱਤੇ। ਹੋਰ ਮਸ਼ਹੂਰ ਹਸਤੀਆਂ ਜਿਵੇਂ ਸੋਨੂੰ ਸੂਦ, ਗਿੱਪੀ ਗਰੇਵਾਲ, ਰੇਸ਼ਮ ਸਿੰਘ ਅਨਮੋਲ, ਅੰਮੀ ਵਿਰਕ, ਇੰਦਰਜੀਤ ਸਿੰਘ ਨਿੱਕੂ ਤੇ ਜੱਸ ਬਾਜਵਾ ਵੀ ਸਿਖ ਸੰਸਥਾਵਾਂ, ਖਾਲਸਾ ਏਡ ਅਤੇ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਲੰਬੇ ਸਮੇਂ ਦੀ ਮੁੜ ਵਸੇਬਾ ਲਈ ਕੰਮ ਕਰ ਰਹੇ ਹਨ।

### ਵਿਸ਼ਵ ਭਰ ਦੀ ਸੰਗਤ ਅਤੇ ਸੰਸਥਾਵਾਂ ਦੀ ਸੇਵਾ

ਪੰਜਾਬ ਦੀਆਂ ਹੜ੍ਹਾਂ ਦੀ ਖ਼ਬਰ ਸੁਣਦਿਆਂ ਹੀ ਵਿਸ਼ਵ ਭਰ ਦੀ ਸਿੱਖ ਸੰਗਤ ਅਤੇ ਸੰਸਥਾਵਾਂ ਨੇ ਸੇਵਾ ਦੀ ਮਿਸਾਲ ਪੇਸ਼ ਕੀਤੀ। ਖ਼ਾਲਸਾ ਏਡ ਅਤੇ ਗਲੋਬਲ ਸਿੱਖਸ ਵਰਗੀਆਂ ਵਿਸ਼ਵ ਪੱਧਰੀ ਸੰਸਥਾਵਾਂ ਸਰਹੱਦਾਂ ਪਾਰ ਸੇਵਾ ਵਿਚ ਜੁਟੀਆਂ ਹਨ। ਬਰਤਾਨੀਆ ਵਿਚ ਜਨਮੇ ਵਿਰਜਿਨ ਅਟਲਾਂਟਿਕ ਦੇ ਪਹਿਲੇ ਸਿੱਖ ਕਪਤਾਨ ਜਸਪਾਲ ਸਿੰਘ ਨੇ ਇਕ ਹਫ਼ਤੇ ਦੀ ਛੁੱਟੀ ਲੈ ਕੇ ਪੰਜਾਬ ਵਿਚ ਸੇਵਾ ਸ਼ੁਰੂ ਕੀਤੀ। ਇਕ ਇੰਟਰਵਿਊ ਵਿਚ ਉਸ ਨੇ ਕਿਹਾ, "ਮੈਂ ਆਪਣੇ ਮੈਨੇਜਰ ਨੂੰ ਕਿਹਾ ਕਿ ਮੇਰਾ ਪੰਜਾਬ ਖ਼ੂਨ ਦੇ ਅੱਥਰੂ ਵਹਾ ਰਿਹਾ ਹੈ, ਮੈਨੂੰ ਛੁੱਟੀ ਚਾਹੀਦੀ ਹੈ। ਪੰਜਾਬ ਦੀ ਤਬਾਹੀ ਵੇਖ ਕੇ ਮੈਂ ਭਾਵੁਕ ਹੋ ਗਿਆ, ਪਰ ਸਮਾਜ ਸੇਵੀ ਸੰਸਥਾਵਾਂ ਅਤੇ ਮਨੁੱਖਤਾ ਦੀ ਤਾਕਤ ਵੇਖ ਕੇ ਮੈਨੂੰ ਅੰਦਰੂਨੀ ਹਿੰਮਤ ਮਿਲੀ।"

ਕੋਵਿਡ-19 ਸਮੇਂ ਵੀ ਜਸਪਾਲ ਸਿੰਘ ਨੇ 200 ਆਕਸੀਜਨ ਕੰਸੈਂਟਰੇਟਰ ਭਾਰਤ ਲਿਆਂਦੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਪੀੜਤ ਪਿੰਡਾਂ ਵਿਚ ਨਕਦ ਅਤੇ ਡੀਜ਼ਲ ਵੰਡਿਆ ਅਤੇ 20,000 ਕਰੋੜ ਰੁਪਏ ਦੇ ਰਾਹਤ ਪੈਕੇਜ ਦੀ ਮੰਗ ਕੀਤੀ। ਉਨ੍ਹਾਂ ਨੇ ਖੇਤਾਂ ਵਿਚ ਜਮ੍ਹਾਂ ਹੋਈ ਰੇਤ ਹਟਾਉਣ ਲਈ ਵੱਡੀਆਂ ਮਸ਼ੀਨਾਂ ਅਤੇ ਵਲੰਟੀਅਰਾਂ ਦੀ ਟੀਮ ਤਿਆਰ ਕਰਨ ਦਾ ਐਲਾਨ ਵੀ ਕੀਤਾ।

ਕੈਨੇਡਾ ਦੀ ਪੰਜਾਬੀ ਡਾਇਸਪੋਰਾ ਨੇ ਉਧ ਢੰ ਦੀ ਅਪੀਲ 'ਤੇ ਦੋ ਦਿਨਾਂ ਵਿਚ 2 ਮਿਲੀਅਨ ਡਾਲਰ ਇਕੱਠੇ ਕੀਤੇ। ਖ਼ਾਲਸਾ ਏਡ ਨੇ ਐਕਸ 'ਤੇ ਲਿਖਿਆ, "ਅਸੀਂ ਆਸਟ੍ਰੇਲੀਆ ਅਤੇ ਵਿਸ਼ਵ ਭਰ ਦੀ ਸੰਗਤ ਦੇ ਖੁੱਲ੍ਹੇ ਦਿਲ ਨਾਲ ਸਹਿਯੋਗ ਲਈ ਧੰਨਵਾਦੀ ਹਾਂ। ਤੁਹਾਡੀ ਉਦਾਰਤਾ ਨਾਲ ਪੀੜਤਾਂ ਤਕ ਸਿੱਧੀ ਮਦਦ ਪਹੁੰਚ ਰਹੀ ਹੈ।"

ਬਾਲੀਵੁੱਡ ਅਦਾਕਾਰ ਸੋਨੂੰ ਸੂਦ ਨੇ ਭਾਵੁਕ ਅਪੀਲ ਕਰਦਿਆਂ ਕਿਹਾ, "ਪੰਜਾਬ ਮੇਰੀ ਰੂਹ ਹੈ। ਭਾਵੇਂ ਸਭ ਕੁਝ ਲੱਗ ਜਾਵੇ, ਮੈਂ ਪਿੱਛੇ ਨਹੀਂ ਹਟਾਂਗਾ। ਅਸੀਂ ਪੰਜਾਬੀ ਹਾਂ, ਅਸੀਂ ਹਾਰ ਨਹੀਂ ਮੰਨਦੇ।"

### ਸਿੱਟਾ:

ਪੰਜਾਬ ਦੀਆਂ ਹੜ੍ਹਾਂ ਨੇ ਸੂਬੇ ਨੂੰ ਵੱਡਾ ਨੁਕਸਾਨ ਪਹੁੰਚਾਇਆ, ਪਰ ਸਿੱਖ ਸਿਧਾਂਤ 'ਦਸਵੰਧ' ਅਤੇ ਸੇਵਾ ਦੀ ਭਾਵਨਾ ਨੇ ਸਾਬਤ ਕਰ ਦਿੱਤਾ ਕਿ ਪੰਜਾਬੀਆਂ ਦੀ ਹਿੰਮਤ ਅਤੇ ਇਨਸਾਨੀਅਤ ਕਿਸੇ ਵੀ ਮੁਸੀਬਤ ਨਾਲੋਂ ਵੱਡੀ ਹੈ। ਸਰਕਾਰ, ਸਮਾਜ ਸੇਵੀ ਸੰਸਥਾਵਾਂ, ਮਸ਼ਹੂਰ ਹਸਤੀਆਂ ਅਤੇ ਸੰਗਤ ਦੇ ਸਾਂਝੇ ਯਤਨਾਂ ਨਾਲ ਪੰਜਾਬ ਮੁੜ ਉੱਭਰ ਰਿਹਾ ਹੈ। "ਅਸਾਂ ਮਿਲ ਕੇ ਮੁੜ ਉਸਾਰੀ ਕਰਨੀ ਹੈ," ਇਹ ਸੁਨੇਹਾ ਹਰ ਪੰਜਾਬੀ ਹਰ ਸਿੱਖ ਦੇ ਦਿਲ ਵਿਚ ਗੂੰਜ ਰਿਹਾ।





# ਹੜ੍ਹ ਪੀੜਤ ਪਰਿਵਾਰਾਂ ਦੀ ਮੱਦਦ ਲਈ ਅੱਗੇ ਆਏ ਬਾਲੀਵੁੱਡ ਅਦਾਕਰ ਸੋਨੂੰ ਸੂਦ



ਹੜ੍ਹ ਪੀੜਤ ਪਰਿਵਾਰਾਂ ਦੀ ਮੱਦਦ ਲਈ ਅੱਗੇ ਆਏ ਬਾਲੀਵੁੱਡ ਅਦਾਕਰ ਸੋਨੂੰ ਸੂਦ ਬਾਲੀਵੁੱਡ ਅਦਾਕਾਰ ਸੋਨੂੰ ਸੂਦ ਨੇ ਕੋਰੋਨਾ ਦੌਰ ਚ ਜਿਵੇਂ ਇਨਸਾਨੀਅਤ ਦੀ ਸੇਵਾ ਕੀਤੀ ਅਤੇ ਕੋਰੋਨਾ ਨਾਲ ਪੀੜਤ ਲੋਕਾਂ ਦੀ ਮਦਦ ਕਰ ਕੇ ਨਾਮਣਾ ਖੱਟਿਆ ਅਤੇ ਹੁਣ ਉਹ ਪੰਜਾਬ ਵਿੱਚ ਹੜ੍ਹ ਪੀੜਤ ਪਰਿਵਾਰਾਂ ਲਈ ਅੱਗੇ ਆਏ ਹਨ। ਉਨਾਂ ਨੇ ਆਪਣੇ ਜੱਦੀ ਗ੍ਰਹਿ ਮੋਗਾ ਵਿਖੇ ਪ੍ਰੈਸ ਕਾਨਫਰੰਸ ਚ ਕਿਹਾ ਕਿ ਉਹ ਇਸ ਦੁੱਖ ਦੀ ਘੜੀ ਵਿਚ ਪੰਜਾਬ ਦੇ ਲੋਕਾਂ ਨਾਲ ਖੜ੍ਹੇ ਹਨ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੀ ਭੈਣ ਕਾਂਗਰਸ ਦੀ ਹਲਕਾ ਇੰਚਾਰਜ਼ ਮਾਲਵਿਕਾ ਸੂਦ ਤੇ ਜੀਜਾ ਗੌਤਮ ਸੱਚਰ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਉਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਕੇ ਆਏ ਹਨ, ਜਿੱਥੇ ਲੋਕ ਬਹੁਤ ਮੁਸੀਬਤਾਂ ਵਿੱਚ ਘਿਰੇ ਹਨ। ਸੂਦ ਚੈਰਿਟੀ ਫਾਊਂਡੇਸਨ ਹਮੇਸ਼ਾ ਹੀ ਲੋੜਵੰਦਾਂ ਦੀ ਮਦਦ ਲਈ ਅੱਗੇ ਰਹਿੰਦੀ ਹੈ। ਉਹ ਉਚੇਚੇ ਤੌਰ ਤੇ ਪੀੜਤ ਲੋਕਾਂ ਦੀ ਮੱਦਦ ਲਈ ਮੁੰਬਈ ਤੋਂ ਪੰਜਾਬ ਪਰਤੇ ਹਨ। ਅੱਜ ਉਹ ਆਪਣੇ ਘਰ ਤੋਂ ਹੜ੍ਹ ਪੀੜਤਾਂ ਲਈ ਕੰਬਲ, ਗੱਦੇ, ਪਸ਼ੂਆਂ ਲਈ ਚਾਰਾਂ ਤੇ ਦਵਾਈਆਂ ਤੋਂ ਇਲਾਵਾ ਮਹਿਲਾਵਾਂ ਲਈ ਜ਼ਰੂਰੀ ਸਮਾਨ ਦੀਆਂ ਟਰਾਲੀਆਂ ਭੇਜੀਆਂ ਜਾ ਰਹੀਆਂ ਹਨ ਅਤੇ ਉਹ ਖੁਦ ਯੋਗ ਪ੍ਰਭਾਵਿਤ ਲੋਕਾਂ ਨੂੰ ਵੰਡਣਗੇ।

# ਰੂਸ ਵਿਰੁੱਧ 'ਦੂਜੇ ਗੇੜ' ਦੀਆਂ ਪਾਬੰਦੀਆਂ ਲਾਉਣ ਲਈ ਤਿਆਰ: ਡੋਨਲਡ ਟਰੰਪ

**ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਨੂੰ ਕਿਹਾ ਕਿ ਉਹ ਰੂਸ ਵਿਰੁੱਧ ਦੂਜੇ ਗੇੜ ਦੀਆਂ ਪਾਬੰਦੀਆਂ ਲਾਉਣ ਲਈ ਤਿਆਰ ਹਨ। ਟਰੰਪ ਨੇ ਵ੍ਹਾਈਟ ਹਾਊਸ ਦੇ ਬਾਹਰ ਪੱਤਰਕਾਰਾਂ ਦੇ ਇੱਕ ਸਵਾਲ ਕਿ ਕੀ ਉਹ ਰੂਸ ਤੇ ਵਾਧੂ ਪਾਬੰਦੀਆਂ ਲਾਉਣ ਲਈ ਤਿਆਰ ਹਨ, ਦੇ ਜਵਾਬ ਵਿੱਚ ਕਿਹਾ, ਹਾਂ, ਮੈਂ ਤਿਆਰ ਹਾਂ।ਟਰੰਪ ਦੀ ਇਹ ਟਿੱਪਣੀ ਅਮਰੀਕੀ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਵੱਲੋਂ ਰੂਸ ਅਰਥਚਾਰੇ ਬਾਰੇ ਬਿਆਨ ਤੋਂ ਬਾਅਦ ਆਈ ਹੈ। Scott Bessent ਨੇ ਕਿਹਾ ਹੈ ਕਿ ਜੇਕਰ ਵਾਸ਼ਿੰਗਟਨ ਅਤੇ ਯੂਰੋਪੀਅਨ ਯੂਨੀਅਨ ਵੱਲੋਂ ਮਾਸਕੋ ਤੋਂ ਕੱਚਾ ਤੇਲ ਖਰੀਦਣ ਵਾਲੇ ਦੇਸ਼ਾਂ ਤੇ ਹੋਰ ਪਾਬੰਦੀਆਂ ਲਾਈਆਂ ਜਾਂਦੀਆਂ ਹਨ ਤਾ ਰੂਸੀ ਅਰਥਚਾਰਾ ਡਗਮਗਾ ਜਾਵੇਗਾ।**

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com

ਸਰ! ਇਹ ਇੱਕ ਉੱਘੇ ਸਮਾਜ ਸੇਵੀ ਹਨ,ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਫਸੇ ਸ਼ਰਾਬੀ ਭਰਾਵਾਂ ਲਈ ਦਾਰੂ ਅਤੇ ਭੁਜੀਆ ਵੰਡਣਾ ਚਾਹੁੰਦੇ ਹਨ,ਪਰ ਇਹਨਾਂ ਦੀ ਇੱਛਾ ਹੈ, 'ਕਿ ਇਹ ਨੇਕ ਕਾਰਜ ਤੁਹਾਡੇ ਹੱਥੋਂ ਕਰਵਾਇਆ ਜਾਏ!!




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਉਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388


## ਆਓ ਦੋ ਅੱਖਰੀ ਸ਼ਬਦਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

### ਪਾਠ 17

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

To make a word, you need minimum two letters as we see in the above words. Today we make two letter words (ਦੋ ਅੱਖਰੀ ਸ਼ਬਦ) with letters ੳ, ਸ, ਹ

*"ੳ" ਅਤੇ "ੲ" ਨਾਲ ਮੁਕਤਾ ਸ਼ਬਦ ਨਹੀਂ ਬਣਦੇ।*

| | | | | |
|---|---|---|---|---|
| ਅਜ | ਅਤ | ਅਕ | ਅਸ | ਅਖ |
| ਸਜ | ਸਚ | ਸਟ | ਸਣ | ਸਤ |
| ਹਸ | ਹਕ | ਹਜ | ਹਲ | ਹਨ |

Class Exercise : Make two letter words which at least use one of the letters - ਅ, ਸ, ਹ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ Page 34 Level I

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

## ਅੰਮ੍ਰਿਤਸਰ

ਅੰਮ੍ਰਿਤਸਰ ਸਿੱਖਾਂ ਦਾ ਪਵਿੱਤਰ ਸ਼ਹਿਰ ਅਤੇ ਪੰਜਾਬ ਦਾ ਹੈਡਕੁਵਾਟਰ ਹੈ। ਇਸ ਦਾ ਅਕਸ਼ਸ਼ 310-38 ਅਤੇ ਰੇਖਸ਼ ਦੇਸ਼ਾਤਰ 740-53 ਹੈ। ਇਸ ਸ਼ਹਿਰ ਦੀ ਸੰਗੇ ਬੁਨਿਆਦ ਗੁਰੂ ਰਾਮਦਾਸ ਸਾਹਿਬ ਨੇ 1577 ਵਿੱਚ ਰੱਖੀ ਜਦੋਂ ਗੁਰੂ ਸਾਹਿਬ ਨੇ ਪਵਿੱਤਰ ਸਰੋਵਰ ਅੰਮ੍ਰਿਤਸਰ ਦੀ ਸ਼ੁਰੂਆਤ ਇਕ ਜ਼ਮੀਨ ਦੇ ਟੁੱਕੜੇ 'ਤੇ ਰੱਖੀ। ਇਕ ਸੋਮੇ ਅਨੁਸਾਰ ਇਹ ਜ਼ਮੀਨ ਨੇੜਲੇ ਪਿੰਡ ਤੁੰਗ ਦੇ ਵਸਨੀਕਾਂ ਪਾਸੋਂ ਗੁਰੂ ਅਮਰਦਾਸ ਸਾਹਿਬ ਨੇ ਖਰੀਦੀ ਸੀ। ਪਰ ਦੂਜੇ ਸੋਮੇ ਅਨੁਸਾਰ ਮੁਗਲ ਬਾਦਸ਼ਾਹ ਅਕਬਰ (1542-1605) ਨੇ ਗੁਰੂ ਅਮਰਦਾਸ ਸਾਹਿਬ ਦੀ ਬੇਟੀ ਬੀਬੀ ਬਾਨੀ (ਜਿਸ ਦਾ ਗੁਰੂ ਰਾਮਦਾਸ ਸਾਹਿਬ ਨਾਲ ਵਿਆਹ ਹੋਇਆ ਸੀ) ਨੂੰ ਤੋਹਫੇ ਵਜੋਂ ਭੇਟਾ ਕੀਤੀ ਸੀ। ਇਸ ਸਰੋਵਰ ਦੇ ਆਸ-ਪਾਸ ਰਹਿਣ ਵਾਲੀ ਆਬਾਦੀ ਨੂੰ ਪਹਿਲਾਂ ਰਾਮਦਾਸਪੁਰ ਜਾਂ ਚੱਕ ਰਾਮਦਾਸ ਜਾਂ ਚੱਕ ਗੁਰੂ ਆਖਿਆ ਜਾਂਦਾ ਸੀ।

ਗੁਰੂ ਰਾਮਦਾਸ ਸਾਹਿਬ ਨੇ ਵੱਖ-ਵੱਖ ਕਾਰਵਿਹਾਰੀ, ਤਜਾਰਤੀ ਲੋਕਾਂ ਨੂੰ ਹੱਲਾ-ਸ਼ੇਰੀ ਦੇ ਕੇ ਇਥੇ ਵਸਾਇਆ। ਇਸ ਦਾ ਵਿਸਥਾਰ ਉਨ੍ਹਾਂ ਦੇ ਸਪੁੱਤਰ ਗੁਰੂ ਅਰਜਨ ਸਾਹਿਬ (1563-1606) ਨੇ ਕੀਤਾ ਜਿਨ੍ਹਾਂ ਕੇਵਲ ਸਰੋਵਰ ਹੀ ਮੁਕੰਮਲ ਨਹੀਂ ਕੀਤਾ ਸਗੋਂ ਸਰੋਵਰ ਦੇ ਵਿੱਚਕਾਰ ਪਵਿੱਤਰ ਹਰਿਮੰਦਰ ਸਾਹਿਬ ਬਣਾਇਆ। ਇਸ ਤੋਂ ਛੁੱਟ ਦੋ ਹੋਰ ਸਰੋਵਰ ਸੰਤੋਖਸਰ ਅਤੇ ਰਾਮਸਰ ਬਣਾਏ। ਰਾਮਸਰ ਦੇ ਕੰਢੇ ਹੀ ਗੁਰੂ ਅਰਜਨ ਸਾਹਿਬ ਨੇ ਆਦਿ ਗ੍ਰੰਥ (ਬਾਅਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਕੀਤੀ। 16 ਅਗਸਤ 1604 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿੱਚ ਕਰਕੇ ਸਰੋਵਰ ਅਤੇ ਹਰਿਮੰਦਰ ਸਾਹਿਬ ਸਿੱਖਾਂ ਲਈ ਕੇਂਦਰੀ ਦੀਦਾਰ ਅਸਥਾਨ ਦਾ ਮੁੱਖ ਕਾਰਨ ਬਣੇ। ਯਾਤਰੂ ਨੇੜੇ-ਦੂਰੋਂ ਵਹੀਰਾਂ ਘੱਤ ਕੇ ਆਉਣ ਲੱਗੇ ਅਤੇ ਇੰਜ ਸਮੇਂ ਦੇ ਗੁਜ਼ਰਨ ਨਾਲ ਇਹ ਨਗਰ ਅੰਮ੍ਰਿਤਸਰ ਦੇ ਨਾਂ ਨਾਲ ਮਸ਼ਹੂਰ ਹੋ ਗਿਆ।

ਗੁਰੂ ਹਰਿਗੋਬਿੰਦ ਸਾਹਿਬ (1590-1644) ਨੇ ਸਰੋਵਰ ਦੇ ਕੰਢੇ ਅਤੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਪ੍ਰਗਟ ਕੀਤਾ ਜਿਸ ਦੀ ਵਿਸਥਾਰ ਨਾਲ ਤਫ਼ਸੀਲ ਅੰਦਰਾਜ ਅਕਾਲ ਤਖ਼ਤ ਸਾਹਿਬ ਵਿੱਚ ਵੇਖੋ। ਗੁਰੂ ਸਾਹਿਬ ਨੇ ਇਸ ਸ਼ਹਿਰ ਵਿੱਚ ਦੋ ਹੋਰ ਸਰੋਵਰ ਬਣਾਏ ਜੋ ਕੌਲਸਰ ਅਤੇ ਬਿਬੇਕਸਰ ਦੇ ਨਾਂ ਨਾਲ ਮਸ਼ਹੂਰ ਹਨ। ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਕਿਲ੍ਹਾ ਲੋਹਗੜ੍ਹ ਸ਼ਹਿਰ ਦੇ ਇਕ ਪਾਸੇ ਬਣਾਇਆ। ਗੁਰੂ ਸਾਹਿਬ ਦੀਆਂ ਮੁਗਲ ਫੌਜਾਂ ਨਾਲ ਛੋਟੀਆਂ-ਮੋਟੀਆਂ ਲੜਾਈਆਂ ਵੀ ਸ਼ਹਿਰ ਦੇ ਆਸ-ਪਾਸ ਹੋਈਆਂ। ਗੁਰੂ ਸਾਹਿਬ ਨੇ 1635 ਵਿੱਚ ਅੰਮ੍ਰਿਤਸਰ ਛੱਡ ਕੇ ਕੀਰਤਪੁਰ (ਸ਼ਿਵਾਲਕ ਪਹਾੜੀਆਂ ਦੇ ਦਾਮਨ ਵਿੱਚ ਇਕ ਨਗਰ ਜੋ ਉਨ੍ਹਾਂ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੇ ਉਸਾਰਿਆ ਸੀ) ਵੱਸਣ ਦਾ ਨਿਸ਼ਚਾ ਕਰ ਲਿਆ। ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਸਾਰੇ ਗੁਰੂ ਸਾਹਿਬਾਨ ਨੇ ਅੰਮ੍ਰਿਤ-ਸਰ ਵਿੱਚ ਨਿਵਾਸ ਨਾ ਕੀਤਾ ਕਿਉਂਕਿ ਸਤਾਰ੍ਹਵੀਂ ਸਦੀ ਵਿੱਚ ਮਿਹਰਵਾਨ ਅਤੇ ਉਸ ਦੇ ਬੇਟੇ ਹਰਿ ਜੀ ਨੇ ਅੰਮ੍ਰਿਤਸਰ ਦਾ ਪ੍ਰਬੰਧ ਸੰਭਾਲ ਲਿਆ ਸੀ ਜੋ ਮੀਣਾ ਸੰਪਰਦਾ ਦਾ ਮੁਖੀ ਸੀ। ਖ਼ਾਲਸਾ ਪੰਥ ਸਾਜਣ ਮਗਰੋਂ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮ ਨਾਲ ਭਾਈ ਮਨੀ ਸਿੰਘ ਆਦਿ ਗੁਰਸਿੱਖਾਂ ਨੂੰ ਅੰਮ੍ਰਿਤਸਰ ਲਈ ਰਵਾਨਾ ਕੀਤਾ ਗਿਆ ਤਾਂ ਜੋ ਖ਼ਾਲਸਾ ਪੰਥ ਸ਼ਹਿਰ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਅਤੇ ਦੇਖਭਾਲ ਕਰ ਸਕੇ ਜੋ ਪ੍ਰਬੰਧ ਸੰਭਾਲਣ ਵਿੱਚ ਕਾਮਯਾਬ ਹੋਏ।


ਅਕਾਲ ਤਖ਼ਤ ਸਾਹਿਬ

ਅਠਾਰ੍ਹਵੀਂ ਸਦੀ ਵਿੱਚ ਅੰਮ੍ਰਿਤਸਰ ਨੇ ਸਿੱਖ ਕੌਮ ਦੇ ਰੂਪ ਵਿੱਚ ਅਨੇਕਾਂ ਪੜਾਅ ਦੇਖੇ। ਇਸ ਸ਼ਹਿਰ ਨੂੰ ਹਮਲਾਵਰਾਂ ਨੇ ਕਈ ਵਾਰ ਬਰਬਾਦ ਕੀਤਾ। 1765 ਵਿੱਚ ਸਿੱਖ ਮਿਸਲਾਂ ਦਾ ਬੋਲਬਾਲਾ ਪੰਜਾਬ ਵਿੱਚ ਹੋਇਆ ਤਾਂ ਇਹ ਸ਼ਹਿਰ ਕਈ ਮਿਸਲਾਂ ਦੇ ਮੁਖੀਆਂ ਦੇ ਪ੍ਰਬੰਧ ਹੇਠ ਆਇਆ। ਇਸ ਦੇ ਆਸ-ਪਾਸ ਦਾ ਇਲਾਕਾ ਸ. ਹਰੀ ਸਿੰਘ ਹੇਠ ਆ ਗਿਆ। ਬਹੁਤ ਸਾਰੇ ਸਰਦਾਰਾਂ ਅਤੇ ਮੁਖੀਆਂ ਨੇ ਪ੍ਰਮੁੱਖ ਸਰੋਵਰ ਹਰਿਮੰਦਰ ਸਾਹਿਬ ਦੇ ਆਸ-ਪਾਸ ਬੁੰਗੇ ਤਾਮੀਰ ਕੀਤੇ ਅਤੇ ਇਸੇ ਤਰ੍ਹਾਂ ਕਟੜੇ ਬਣਾਏ ਤਾਂ ਜੋ ਲੋਕੀਂ ਵਪਾਰ ਅਤੇ ਕਾਰੀਗਰੀ ਵਿੱਚ ਨਿਪੁੰਨ ਹੋ ਸਕਣ। ਗੁਰਦੁਆਰਿਆਂ ਦਾ ਪ੍ਰਬੰਧ ਚੁਣੀ ਹੋਈ ਕਮੇਟੀ ਕਰਦੀ ਸੀ। ਇਨ੍ਹਾਂ ਸਮਿਆਂ ਵਿੱਚ ਹੀ ਸਿੱਖ ਇਕੱਠੇ ਹੋ ਕੇ ਸਰਬੱਤ ਖ਼ਾਲਸਾ ਕਰਦੇ ਸਨ। ਸਾਰੇ ਮਿਸਲਾਂ ਦੇ ਬੁੰਗੇ ਅੰਮ੍ਰਿਤਸਰ ਹੋਣ ਕਾਰਨ, ਇਹ ਖ਼ਾਲਸਾ ਪੰਥ ਦੀ ਮਕਬੂਲ ਰਾਜਧਾਨੀ ਅਖਵਾਉਣ ਲੱਗ ਪਿਆ।

ਹੁਣ ਅੰਮ੍ਰਿਤਸਰ ਪਵਿੱਤਰ ਦਰਬਾਰ ਸਾਹਿਬ ਵੱਲ ਦੂਰੋਂ-ਨੇੜਿਉਂ ਯਾਤਰੀ ਆਉਣ ਲੱਗੇ ਜੋ ਛੇ ਦਹਾਕਿਆਂ ਦੇ ਜ਼ੁਲਮ ਸਹਿੰਦੀ ਗੁਰੂ ਕੀ ਨਗਰੀ ਵੱਲ ਨਹੀਂ ਸੀ ਆਏ। ਇਸੇ ਤਰ੍ਹਾਂ ਸ਼ਹਿਰ ਵਿੱਚ ਤਜਾਰਤੀ ਲੋਕਾਂ ਅਤੇ ਸੌਦਾਗਰਾਂ ਦੀ ਗਿਣਤੀ ਵੱਧ ਗਈ ਅਤੇ ਇੰਝ ਵੱਖੋ-ਵੱਖਰੇ ਕਟੜਿਆਂ ਵਿੱਚ ਤਜਾਰਤ, ਕਾਰ-ਵਿਹਾਰ ਅਤੇ ਫੈਕਟਰੀਆਂ ਵਿੱਚ ਵਾਧਾ ਹੋਇਆ। 18ਵੀਂ ਸਦੀ ਦੇ ਅਖ਼ੀਰ 'ਤੇ ਤਾਂ ਅੰਮ੍ਰਿਤਸਰ ਪੰਜਾਬਦਾ ਪ੍ਰਮੁੱਖ ਤਜਾਰਤੀ ਕੇਂਦਰ ਬਣ ਚੁੱਕਾ ਸੀ।

ਸ਼ੁਕਰਚੱਕੀਆ ਮਿਸਲ ਦਾ ਮੁਖੀ, ਰਣਜੀਤ ਸਿੰਘ ਜਿਸ ਨੇ ਲਾਹੌਰ, 1799 ਵਿੱਚ ਫ਼ਤਹਿ ਕੀਤਾ, ਉਸ ਨੇ 1801 ਵਿੱਚ ਮਹਾਰਾਜਾ ਹੋਣ ਦਾ ਐਲਾਨ ਕੀਤਾ। ਰਣਜੀਤ ਸਿੰਘ ਨੇ 1805 ਵਿੱਚ ਆਪਣੀ ਨਾਇਕਤਾ ਦਾ ਵਿਸਥਾਰ ਕੀਤਾ ਅਤੇ ਆਪਣੇ ਵਿਰੋਧੀ ਭੰਗੀ ਮਿਸਲ ਦੇ ਮੁਖੀ ਤੋਂ ਉਸ ਦੇ ਕਿਲ੍ਹੇ ਅਤੇ ਨਾਨਕਸ਼ਾਹੀ ਰੁਪਏ ਦੀ ਟਕਸਾਲ (ਮਿਟ) ਅਤੇ ਮਸ਼ਹੂਰ ਜਮ-ਜਮਾ ਬੰਦੂਕ ਵੀ ਖੋਹ ਲਏ। ਰਾਮਗੜ੍ਹੀਆ ਮਿਸਲ ਦਾ ਕਿਲ੍ਹਾ 1815 ਵਿੱਚ, ਰਾਣੀ ਸਦਾ ਕੌਰ ਅਤੇ ਕਨ੍ਹਈਆ ਮਿਸਲ ਤੋਂ ਅਤੇ ਫ਼ਤਹਿ ਸਿੰਘ ਆਹਲੂਵਾਲੀਆ ਤੋਂ 1820 ਦੇ ਸ਼ੁਰੂ ਵਿੱਚ ਖੋਹ ਕੇ ਰਣਜੀਤ ਸਿੰਘ ਨੇ ਸਾਰੇ ਅੰਮ੍ਰਿਤਸਰ ਦਾ ਸੰਪੂਰਨ ਪ੍ਰਬੰਧ ਸੰਭਾਲ ਲਿਆ। ਉਸ ਨੇ ਫਿਰ ਅੰਮ੍ਰਿਤਸਰ ਦੇ ਆਸ-ਪਾਸ ਦੂਹਰੀ ਦੀਵਾਰ ਅਤੇ ਖੰਦਕ ਬਣਾਈ ਅਤੇ ਦਰਜਨ ਡਿਉੜੀਆਂ ਬਣਾਈਆਂ। ਇਨ੍ਹਾਂ ਖੰਦਕਾਂ ਦੇ ਉਪਰ ਪੁੱਲ ਵੀ ਬਣਾਏ। 1809 ਵਿੱਚ ਉਸ ਨੇ ਗੋਬਿੰਦਗੜ੍ਹ ਕਿਲ੍ਹਾ ਲਾਹੌਰੀ ਗੇਟ ਦੇ ਬਾਹਰਵਾਰ ਬਣਾਇਆ। ਇੰਝ ਅੰਮ੍ਰਿਤਸਰ ਮਹਾਰਾਜਾ ਰਣਜੀਤ ਸਿੰਘ ਦੀ ਦੂਸਰੀ ਰਾਜਧਾਨੀ ਬਣੀ। ਸ਼ਾਹੀ ਤੋਸ਼ਾਖਾਨਾ ਗੋਬਿੰਦਗੜ੍ਹ ਕਿਲ੍ਹੇ ਵਿੱਚ ਰੱਖਿਆ ਗਿਆ ਜਿਸ ਨੂੰ ਮਹਾਰਾਜਾ ਨਿਵਾਸ ਅਸਥਾਨ ਵਜੋਂ ਵੀ ਵਰਤਦੇ ਸਨ। ਰਾਮ ਬਾਗ ਪੈਲਸ 1831 ਵਿੱਚ ਸੰਪੂਰਨ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਦਰਬਾਰੀਆਂ ਆਦਿ ਦੇ ਵੀ ਕਈ ਘਰ ਬਣਵਾਏ ਅਤੇ ਖ਼ੂਬਸੂਰਤ ਬਾਗ ਸ਼ਹਿਰ ਦੇ ਅੰਦਰ ਅਤੇ ਆਸ-ਪਾਸ ਲਗਵਾਏ। ਮਹਾਰਾਜਾ ਨੇ ਪਵਿੱਤਰ ਹਰਿਮੰਦਰ ਸਾਹਿਬ ਦੇ ਉਪਰ ਸੋਨੇ ਦਾ ਕੰਮ, ਨਕਾਸ਼ੀ ਅਤੇ ਰੰਗਦਾਰ ਪੱਥਰਾਂ ਲਈ ਖ਼ੂਬ ਧਨ-ਦੌਲਤ ਮੁਹੱਈਆ ਕੀਤੀ। ਸ. ਦੇਸਾ ਸਿੰਘ ਮਜੀਠੀਆ ਨੇ (ਦੇਹਾਂਤ 1832) ਜਿਸ ਨੂੰ ਦਰਬਾਰ ਸਾਹਿਬ ਦਾ ਮੈਨੇਜਰ ਥਾਪਿਆ ਗਿਆ ਸੀ, ਅੰਮ੍ਰਿਤਸਰ ਰਣਜੀਤ ਸਿੰਘ ਦੇ ਪ੍ਰਬੰਧ ਹੇਠ ਆਉਣ ਸਮੇਂ, ਬਾਬਾ ਅਟੱਲ ਸਾਹਿਬ ਦੇ ਗੁੰਬਦ ਵਾਸਤੇ ਸੋਨੇ ਦੀ ਸੇਵਾ ਕੀਤੀ।

ਸਿੱਖ ਰਾਜ ਸਮੇਂ ਅੰਮ੍ਰਿਤਸਰ ਪ੍ਰਮੁੱਖ ਵਿਉਪਾਰਕ ਅਤੇ ਫ਼ੈਕਟਰੀਆਂ ਦਾ ਸ਼ਹਿਰ ਬਣ ਚੁੱਕਾ ਸੀ। ਸਭ ਤੋਂ ਵੱਧ ਉਦਯੋਗ ਕੱਪੜਿਆਂ, ਸ਼ਾਲਾਂ ਅਤੇ ਵਧੀਆ ਸੂਤੀ ਕੱਪੜਾ (ਸੂਸੀ) ਦਾ ਹੋਣ ਲੱਗ ਪਿਆ ਸੀ। ਇਸ ਸਨਅਤ ਨੂੰ ਹੋਰ ਬੜਾਵਾ ਉਦੋਂ ਮਿਲਿਆ ਜਦੋਂ 1833 ਵਿੱਚ ਕਸ਼ਮੀਰ ਦੇ ਕਹਿਰ ਕਾਰਨ, ਬਹੁਤ ਸਾਰੇ ਕਸ਼ਮੀਰੀ ਕਾਰੀਗਰ ਅੰਮ੍ਰਿਤਸਰ ਵੱਲ ਪ੍ਰਵਾਸ ਕਰ ਗਏ। ਪਸ਼ਮੀਨਾ ਰੋਹੀ ਤਾਂ ਅਰਧ-ਹਿਮਾਲਿਆ ਦੇ ਖਿੱਤੇ ਲੱਦਾਖ, ਤਿੱਬਤ ਅਤੇ ਕੇਂਦਰੀ ਏਸ਼ੀਆ ਤੋਂ ਆਉਂਦਾ ਸੀ।

ਅੰਮ੍ਰਿਤਸਰ ਸਿੱਖਾਂ ਦੇ ਪਵਿੱਤਰ ਅਸਥਾਨਾਂ ਵਿੱਚੋਂ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ। ਅੰਮ੍ਰਿਤਸਰ ਵਿੱਦਿਆ ਦਾ ਵੀ ਪ੍ਰਮੁੱਖ ਕੇਂਦਰ ਰਿਹਾ ਹੈ। 1852 ਦੀ ਸੈਟਲਮੈਂਟ ਰੀਪੋਰਟ ਅਨੁਸਾਰ ਅੰਮ੍ਰਿਤਸਰ ਵਿੱਚ 18 ਸਕੂਲ ਸਨ ਜਿਨ੍ਹਾਂ ਵਿੱਚ 6 ਮੁਸਲਮਾਨ ਅਤੇ 12 ਬ੍ਰਾਹਮਣ ਉਸਤਾਦ ਲੱਗੇ ਹੋਏ ਸਨ। ਇਨ੍ਹਾਂ ਸਕੂਲਾਂ ਵਿੱਚ ਵਿੱਦਿਆਰਥੀਆਂ ਦੀ ਗਿਣਤੀ 1,050 ਸੀ। ਇਹ ਸਕੂਲ; ਮਦਰੱਸੇ ਉਨ੍ਹਾਂ ਤੋਂ ਵੱਖਰੇ ਸਨ ਜੋ ਵੱਖ-ਵੱਖ ਬੁੰਗਿਆਂ ਅਤੇ ਡੇਰਿਆਂ ਵਿੱਚ ਚੱਲਦੇ ਸਨ। 1882 ਵਿੱਚ ਸ਼ਹਿਰ ਵਿੱਚ 132 ਮੱਕਤਬੇ ਅਤੇ ਮਦਰੱਸੇ, 65 ਪਾਠਸ਼ਾਲਾਂ, 63 ਗੁਰਮੁਖੀ ਸਕੂਲ ਅਤੇ 24 ਮਹਾਜਨੀ ਸਕੂਲ ਚੱਲਦੇ ਸਨ। ਜਿਨ੍ਹਾਂ ਵਿੱਚ 4,860 ਵਿੱਦਿਆਰਥੀ ਪੜ੍ਹਦੇ ਸਨ। ਪਹਿਲਾ ਅੰਗ੍ਰੇਜ਼ੀ ਸਕੂਲ ਅੰਮ੍ਰਿਤਸਰ ਵਿੱਚ 1851 ਵਿੱਚ ਖੁੱਲ੍ਹਿਆ ਜਿਸ ਦਾ ਹੈੱਡਮਾਸਟਰ ਯੂਰਪ ਦਾ ਅੰਗ੍ਰੇਜ਼ ਸੀ। ਈਸਾਈਆਂ ਨੇ ਦੂਸਰੇ ਸਕੂਲ ਵੀ ਖੋਲ੍ਹੇ ਜਿਨ੍ਹਾਂ ਵਿੱਚ ਪਹਿਲਾ ਸਕੂਲ 1853 ਵਿੱਚ ਖੁੱਲ੍ਹਿਆ। ਅੰਮ੍ਰਿਤਸਰ ਵਿੱਚ ਹੀ ਮਿਸ਼ਨ ਸਕੂਲ ਵਿੱਚ ਪੜ੍ਹਦੇ ਚਾਰ ਸਿੱਖ ਵਿੱਦਿਆਰਥੀਆਂ ਵੱਲੋਂ 1873 ਨੂੰ ਈਸਾਈ ਧਰਮ ਗ੍ਰਹਿਣ ਕਰਨ ਦੀ ਮਨਸ਼ਾ ਪ੍ਰਗਟ ਕਰਨ ਕਾਰਨ ਇਕ ਜ਼ਬਰਦਸਤ ਸਿੱਖ ਲਹਿਰ ਦਾ ਮੁੱਢ ਬੰਨ੍ਹਿਆ ਗਿਆ ਜੋ ਪਹਿਲਾਂ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਵਿੱਚ 1 ਅਕਤੂਬਰ 1873 ਵਿੱਚ ਹੋਂਦ ਵਿੱਚ ਆਈ। ਸਿੰਘ ਸਭਾ ਦੇ ਨੇਤਾਵਾਂ ਕਾਰਨ ਹੀ 1892 ਵਿੱਚ ਪਹਿਲਾਂ ਵਿੱਦਿ-ਆ ਕੇਂਦਰ ਖ਼ਾਲਸਾ ਕਾਲਜ ਹੋਂਦ ਵਿੱਚ ਆਇਆ। ਅਜੋਕੇ ਸਮੇਂ ਦਰਜਨਾਂ ਕਾਲਜ ਸ਼ਹਿਰ ਵਿੱਚ ਹਨ, ਜਿਨ੍ਹਾਂ ਵਿੱਚੋਂ ਮੈਡੀਕਲ ਕਾਲਜ ਅਤੇ 1969 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੋਂਦ ਵਿੱਚ ਆਈ। ਇਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਸਿੱਖ ਸ਼ਹੀਦ ਮਿਸ਼ਨਰੀ ਕਾਲਜ ਵੀ ਚੱਲਦਾ ਹੈ, ਜਿਥੇ ਸਿੱਖ ਧਰਮ ਅਤੇ ਇਤਿਹਾਸ ਬਾਰੇ ਵਿੱਦਿਆ ਦਿੱਤੀ ਜਾਂਦੀ ਹੈ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ

1 . ਸ਼ਬਦ ਨਾਲ ਨਿਰੰਕਾਰ ,ਆਕਾਰ ਕੀਤੇ
ਇਹਦੇ ਨਾਲ ਹੀ ਰਚਿਆ ਜਹਾਨ ਸਾਡਾ।
ਗੁਪਤ ਨਾਮ ਪ੍ਰਗਟ ਹੋਵੇ ਸ਼ਬਦ ਵਿਚੋਂ,
ਖੰਡਾਂ ਅਤੇ ਬ੍ਰਹਿਮੰਡਾਂ ਦਾ ਗਿਆਨ ਸਾਡਾ।
ਚੰਚਲ  ਮਨ ਦੀ ਭਟਕਣਾ ਮੁੱਕ ਜਾਵੇ,
ਸ਼ਬਦ ਵਿੱਚ ਲੱਗੇ ਕੇਰਾਂ ਧਿਆਨ ਸਾਡਾ।
ਅੰਤਰ-ਆਤਮੇ ਸ਼ਬਦ ਦੀ ਧੁਨ ਗੂੰਜੇ,
ਹੋਵੇ ਬੰਦ ਸਭ ਬਾਹਰੀ ਬਿਖਿਆਨ ਸਾਡਾ।

ਸੋਮਾ ਸ਼ਬਦ ਦਾ ਨੇ ਗੁਰੂ ਗ੍ਰੰਥ ਸਾਹਿਬ
ਇਹੀ ਦੀਨ ਹੈ ਇਹੀ ਈਮਾਨ ਸਾਡਾ।
ਚਰਨੀਂ ਏਸ ਦੇ ਸੀਸ ਝੁਕਾ ਲਈਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

2. ਜਗਤ-ਜਲ਼ਦਾ ਤੱਕਿਆ ਜਦ ਗੁਰੂ ਨਾਨਕ,
ਬਾਬਾ ਨਿਕਲਿਆ ਇਹਨੂੰ ਉਧਾਰਨੇ ਲਈ।
ਸੋਹਣੇ ਸ਼ਬਦ ਰਚੇ ਪ੍ਰਭੂ-ਪ੍ਰੇਮ ਵਾਲੇ
ਏਸ ਬਾਣ ਨਾਲ ਜ਼ੁਲਮ ਨੂੰ ਮਾਰਨੇ ਲਈ।
ਚਹੁੰ ਦਿਸ਼ਾਵਾਂ ਚ ਕਰੀਆਂ ਉਦਾਸੀਆਂ ਜਾਂ,
ਸੀਨੇ ਤਪਦੇ ਲੁੱਛਦੇ ਠਾਰਨੇ ਲਈ।
ਜਿਥੋਂ ਕਿਤੋਂ ਵੀ ਮਿਲੀ ਸੀ ਭਗਤ ਬਾਣੀ,
'ਕੱਠੀ ਕਰੀ ਸੀ ਜਗਤ ਦੇ ਤਾਰਨੇ ਲਈ।

ਗੱਦੀ ਦਿੰਦਿਆਂ ਲਹਿਣੇ ਨੂੰ ਦੇ ਪੋਥੀ,
ਕਿਹਾ ਸ਼ਬਦ ਹੈ ਗੁਣਾਂ ਦੀ ਖਾਨ ਸਾਡਾ।
ਚਹੰ ਪਾਸੇ ਨੇ ਗੂੰਜਦੇ ਬੋਲ ਤਾਹੀਂ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

3. ਨਾਨਕ ਜੋਤ ਦੂਜੀ ਵਾਗ ਸ਼ਬਦ ਵਾਲੀ,
ਅਮਰਦਾਸ ਜੀ ਤਾਈਂ ਸੰਭਾਲ ਦਿੱਤੀ।
ਕਰਨਾ ਸਿੱਖੀ ਦਾ ਸਦਾ ਪ੍ਰਚਾਰ ਰਹਿਣਾ,
ਪੋਥੀ ਸ਼ਬਦ ਵਾਲੀ ਓਹੀ ਨਾਲ ਦਿੱਤੀ।
ਬਾਣੀ ਰਚੀ ਤੀਜੇ ਚੌਥੇ ਗੁਰੂ ਸਾਹਿਬ,
ਪੰਜਵੇਂ ਪਾਤਸ਼ਾਹ ਘਾਲਣਾ ਘਾਲ ਦਿੱਤੀ।
ਉਹਨੂੰ ਦੇ ਕੇ ਤਰਤੀਬ ਗ੍ਰੰਥ ਰਚਿਆ
ਇਸ ਸੰਪਾਦਕ ਨੇ ਕਰ ਕਮਾਲ ਦਿੱਤੀ।

ਹਰੀਮੰਦਰ ਵਿੱਚ ਜਦੋ ਪ੍ਰਕਾਸ਼ ਹੋਇਆ,
ਧਰਤ ਮਉਲੀ ਤੇ ਟਹਿਕੇ ਅਸਮਾਨ ਸਾਡਾ।
ਏਸ ਸੂਰਜ ਨੇ ਚਾਨਣ ਖਿਲਾਰਿਆ ਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

4. ਸਿੱਖਾਂ ਤਾਈਂ ਸੀ ਗੁਰੂ ਗੋਬਿੰਦ ਜੀ ਨੇ,
ਪੜ੍ਹਨ ਲਿਖਣ ਦੀ ਆਦਤ ਬਣਾਈ ਸੋਹਣੀ।
ਸੁਬਹ ਸ਼ਾਮ ਵਿਚਾਰ ਦਰਬਾਰ ਸੋਹੰਦੇ,,
ਬਾਣੀ ਉਹਨਾਂ ਨੂੰ ਯਾਦ ਕਰਾਈ ਸੋਹਣੀ।
ਨੌਂਵੇਂ ਪਾਤਸ਼ਾਹ ਨੇ ਜੋ ਸੀ ਰਚੀ ਬਾਣੀ,
ਆਦਿ ਗ੍ਰੰਥ ਵਿੱਚ ਗੁਰਾਂ ਚੜ੍ਹਾਈ ਸੋਹਣੀ।
ਜੀਹਦੇ ਨਾਲ ਸੰਪੂਰਨ ਗ੍ਰੰਥ ਹੋਇਆ,
ਮਨੀ ਸਿੰਘ ਤੋਂ ਬੀੜ ਲਿਖਵਾਈ ਸੋਹਣੀ।

ਕਿਹਾ ਏਸ ਨੂੰ ਸੀਸ ਨਿਵਾਇ ਕੇ ਤੇ,
"ਸ਼ਬਦ ਗੁਰੂ ਹੀ ਸਦਾ ਪ੍ਰਧਾਨ ਸਾਡਾ"
ਇਹਦੀ ਜੋਤ ਤੋਂ ਜੋਤ ਜਗਾਓ ਸਾਰੇ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

5. ਏਸ ਗ੍ਰੰਥ ਅੰਦਰ ਬਾਣੀਕਾਰ ਪੈਂਤੀ,
ਐਪਰ ਸਭ ਨੇ ਦਿੱਤਾ ਸੰਦੇਸ਼ ਇੱਕੋ।
ਜਾਤ ,ਧਰਮ ਇਲਾਕੇ ਸਭ ਵੱਖਰੇ ਨੇ,
ਮਿੱਠੇ ਬੋਲ ਜਿਉਂ ਬੋਲੇ ਦਰਵੇਸ਼ ਇੱਕੋ।
ਦੁਆਰ ਸੱਚ ਦੇ ਆਣ ਸਭ ਹੋਏ ਕਠੇ
ਇੱਕ ਮੰਦਰ ਤੇ ਉਹਦਾ ਪ੍ਰਵੇਸ਼ ਇੱਕੋ।
ਇੱਥੇ ਅੱਲ੍ਹਾ ਵੀ ਉਹੀ ਤੇ ਰਾਮ ਓਹੀ,
ਠਾਕੁਰ, ਬੀਠੁਲ, ਖੁਦਾ ਹਮੇਸ਼ ਇੱਕੋ।

ਅਸੀਂ ਇੱਕੋ ਅਕਾਲ ਦੀ ਜੋਤ ਸਾਰੇ,
ਇੱਕੋ ਸ਼ਬਦ ਹੀ ਪੁਰਾਣ ਕੁਰਾਨ ਸਾਡਾ।
ਇਹਨੂੰ ਖੋਜ ਕੇ ਬ੍ਰਹਮ ਨੂੰ ਪਾ ਲਈਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

6. ਜੀਵਨ ਜਿਊਣ ਦੀ ਜਾਚ ਗ੍ਰੰਥ ਦੱਸੇ,,
ਸੇਵਾ, ਨਿਮਰਤਾ, ਸੂਝ ਸਿਖਾਏ ਸਾਨੂੰ।
ਕਰਮ ਕਾਂਡ ਪਾਖੰਡ ਤੋਂ ਕਰ ਉੱਚਾ,
ਇੱਕੋ ਨੂਰ ਦੇ ਪ੍ਰੇਮੀ ਬਣਾਏ ਸਾਨੂੰ।
ਦਿਲ ਚੋਂ ਮੈਲ ਵਿਕਾਰਾਂ ਦੀ ਕੱਢਕੇ ਤੇ,
ਕੁੰਦਨ ਵਾਂਗਰਾਂ ਪਿਆ ਲਿਸ਼ਕਾਏ ਸਾਨੂੰ।
ਝੂਠੇ ਜੱਗ ਦੇ ਨਸ਼ੇ ਤਿਆਗ ਕੇ ਤੇ,
ਲੜ ਨਾਮ ਦਾ ਇੱਕੋ ਫੜਾਏ ਸਾਨੂੰ।
ਹੁਕਮਨਾਮੇ ਤੋਂ ਦਿਨ ਆਰੰਭ ਹੋਵੇ,
ਪੂਰਾ ਹੋਏ ਹਰ ਦਿਲੀ ਅਰਮਾਨ ਸਾਡਾ।
ਦੇਹ ਧਾਰੀਆਂ ਨੂੰ ਮੱਥਾ ਟੇਕਣਾ ਨਹੀਂ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

7. ਸਿਦਕ ਧਾਰ ਕੇ ਗ੍ਰੰਥ ਨੂੰ ਪੜ੍ਹੇ ਜਿਹੜਾ,
ਰੱਬੀ ਧੁਨ ਉਹਦੇ ਦਿਲ ਵਿੱਚ ਵੱਜਦੀ ਏ।
ਸੁਰਤ ਜਾਏ ਖਿੱਚੀ ਨੈਣ ਬੰਦ ਹੋਵਣ,
ਮਾੜੀ ਬਿਰਤੀ ਫਿਰ ਆਪ ਹੀ ਭੱਜਦੀ ਏ।
ਮਿੱਠੀ ਜਿਹੀ ਆਨੰਦ ਦੀ ਹੋਏ ਬਾਰਸ਼,
ਪਿਆਸੀ ਜੁੱਗਾਂ ਦੀ ਰੂਹ ਹੁਣ ਰੱਜਦੀ ਏ।
ਸਹਿਜ ਵਿਚ ਵਿਸਮਾਦ ਦੀ ਬਣੀ ਚਾਦਰ,
ਪਾਪ- ਕਰਮ ਲੱਖਾਂ ਸਾਡੇ ਕੱਜਦੀ ਏ।

ਬਚਨ ਗੁਰਾਂ ਦੇ ਜਦੋਂ ਕਮਾਣ ਲੱਗੇ,
ਉਹਦੇ ਘਰ ਵਿਚ ਨਾਂ ਪ੍ਰਵਾਨ ਸਾਡਾ।
ਇਹਦੇ ਬਿਨਾਂ ਨਾ ਪਲ ਵੀ ਜੀਅ ਸਕੀਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

8 .ਸ਼ਬਦ ਆਖਦਾ ਸੱਚ ਨੂੰ ਜਾਣ ਪਹਿਲਾਂ,
ਜੀਵਨ ਵਿਚ ਬਣਾ ਲੈ ਆਚਾਰ ਸੱਚਾ।
ਝੂਠੇ ਡਰ ਨੇ ਦਿਲੋਂ ਕਾਫ਼ੂਰ ਹੁੰਦੇ,
ਅੰਦਰ ਵੱਸ ਜਾਏ ਜਦੋਂ ਕਰਤਾਰ ਸੱਚਾ।
ਕਿਸੇ ਰਾਜ ਤੇ ਮੁਕਤੀ ਦੀ ਲੋੜ ਨਾਹੀ,
ਕਰਨਾ ਮਾਹੀ ਨਾਲ ਇਕੋ ਪਿਆਰ ਸੱਚਾ।
ਉਹਦੇ ਰੰਗ ਵਿੱਚ ਰੰਗਿਆ ਜਾਏ ਜੇਕਰ,
ਕੋਟ ਜਨਮ ਫਿਰ ਦਿੰਦਾ ਸਵਾਰ ਸੱਚਾ।
ਆਓ ਨਾਮ ਦੇ ਬੀਜੀਏ ਬੀਜ ਸਾਰੇ,
ਫੇਰ ਹੋਵੇਗਾ ਹਰ ਇੱਕ ਮੈਦਾਨ ਸਾਡਾ।
ਸਦਾ ਬਖਸ਼ਿਸ਼ਾਂ ਕਰਦਾਏ, ਕਰੇਗਾਵੀ,
ਗ੍ਰੰਥ ਗੁਰੂ ਹੈ ਗੁਰੂ ਮਹਾਨ ਸਾਡਾ।

9.ਗੁਰੂ ਬਣ ਕੇ ਉਦੋਂ ਤੋਂ ਅੱਜ ਤੀਕਰ,
ਇਹਨੇ ਕੀਤੀ ਹੈ ਰਹਿਨੁਮਾਈ ਸਾਡੀ।
ਸਦਾ ਕਿਰਤ ਕਰੀਏ ਕੁਝ ਵੰਡੀਏ ਵੀ,
ਹੋਈ ਜੱਗ ਵਿੱਚ ਖ਼ੂਬ ਵਡਿਆਈ ਸਾਡੀ।
ਸਾਦਾ ਰਹਿ ਕੇ ਹੋਰਾਂ ਦੇ ਕੰਮ ਆਉਣਾ,
ਸਤਿਗੁਰ ਬਚਨ ਦੀ ਇਹੋ ਕਮਾਈ ਸਾਡੀ।
ਬਾਣੀ ਧੁਰੋਂ ਅਕਾਲ ਨੇ ਆਪ ਭੇਜੀ,
ਚਿੰਤਾ ਜੜ੍ਹ ਤੋਂ ਇਸ ਨੇ ਮਿਟਾਈ ਸਾਡੀ।

ਸਦਾ ਮੰਗੀਏ ਭਲਾ ਸਰਬੱਤ ਵਾਲਾ,
ਤਦੇ ਹੌਂਸਲਾ ਬੜਾ ਬਲਵਾਨ ਸਾਡਾ।
ਰੋਮ ਰੋਮ ਤੋਂ ਇੱਕੋ ਪੁਕਾਰ ਉਠੇ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

10. ਜਿੱਥੇ ਜਿੱਥੇ ਵੀ ਹੋਵੇ ਪ੍ਰਕਾਸ਼ ਇਹਦਾ,
ਲੱਗਦੀ ਸ਼ਬਦ ਦੀ ਸਦਾ ਬਹਾਰ ਉੱਥੇ।
ਓਥੇ ਕਰਤੇ ਦੀ ਸਿਫਤ ਸਲਾਹ ਹੁੰਦੀ,
ਸੋਹਣੇ ਸਾਜਾਂ ਦੀ ਰਹੇ ਟੁਣਕਾਰ ਉੱਥੇ।
ਲੰਗਰ ਸਦਾ ਲਈ ਉੱਥੇ ਅਟੁੱਟ ਚੱਲਣ,
ਹਰ ਇੱਕ ਆਏ ਨੂੰ ਮਿਲੇ ਸਤਿਕਾਰ ਉੱਥੇ।
ਲੋੜਵੰਦ ਦੀ ਲੋੜ ਹਰ ਹੋਏ ਪੂਰੀ,
ਕਾਇਮ ਗੁਰੂ ਦੇ ਦੱਸੇ ਮਿਆਰ ਉੱਥੇ।

ਜਿੱਥੇ ਗ੍ਰੰਥ ਹੈ ਦੇਸ਼ ਵਿਦੇਸ਼ ਅੰਦਰ,
ਝੂਲੇ ਕੇਸਰੀ ਉੱਥੇ ਨਿਸ਼ਾਨ ਸਾਡਾ।
ਮਾਣ ਨਾਲ "ਰੁਪਾਲ" ਤੂੰ ਆਖ ਉੱਚੀ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।



**ਜਸਵਿੰਦਰ ਸਿੰਘ ਰੁਪਾਲ**

## ਕਵਿਤਾ

***ਸਵ: ਅਧਿਆਪਕ ਸ: ਗੁਰਦੇਵ ਸਿੰਘ ਢਿਲੋਂ ਲਲੌਂਡੇ ਵਾਲੇ ਜੀ ਨੂੰ ਸਮਰਪਿਤ***

ਤੇਰਾ ਸ਼ੌਕ ਹੈ ਜੋ ਮੇਰਾ ਇਸ਼ਕ ਹੈ ਉਹ,
ਤੇਰੀ ਇੱਕ ਚਿਣਗ ਮਿਲੇ ਮੈਨੂੰ,
ਮੈਂ ਵੀ ਭਾਂਬੜ ਬਾਲ ਵਿਖਾਵਾਂ।

ਜਦੋਂ ਮੁਸਕਿਲ ਕਦੀ ਮੇਰੇ
ਕਦਮਾਂ 'ਚ ਆ ਜਾਂਦੀ,
ਤੇਰਾ ਖਿਆਲ ਕਰਕੇ
ਇੱਕ ਪੈਰ ਹੋਰ ਵਧਾਵਾਂ।

ਛੱਡ ਰਿਹਾਂ ਏ ਪੈੜਾਂ
ਜਿੰਦਗੀ ਦੀ ਰੇਤ 'ਤੇ,
ਤੇਰੀ ਪੈੜ 'ਤੇ ਪੈਰ ਰੱਖਦਾ
ਤੇਰੇ ਸੰਸਾਰ ਤੋਂ ਜਾਵਾਂ।

ਮੇਰੀ ਕਲਮ ਤੇਰੇ ਅਹਿਸਾਨਾਂ ਨੂੰ,
ਹਰ ਪਲ ਯਾਦ ਰੱਖੇਗੀ,
ਤੇਰੇ ਮਿੱਠੜੇ ਬੋਲਾਂ ਦੇ,
ਮਰਦੇ ਦਮ ਤੱਕ ਗੁਣ ਗਾਵਾਂ।

ਰੌਸ਼ਨੀ ਦੇ ਤੂੰ ਮੈਨੂੰ ਵੀ,
ਮੈਂ ਵੀ ਰੌਸ਼ਨ ਹੋ ਜਾਵਾਂ,
ਤੇਰੇ ਤੋਂ ਗਿਆਨ ਮੈਂ ਲੈ ਕੇ
ਇੱਕ ਜੋਤ ਹੋਰ ਜਗਾਵਾਂ।

ਕਰੀਏ ਖੁਦ ਜਲਕੇ ਰੌਸ਼ਨ
ਇਸ ਸੰਸਾਰ ਨੂੰ,
ਸ.ਫਲ ਹੋ ਜਾਏ ਮੇਰਾ ਵੀ
ਇਸ ਸੰਸਾਰ 'ਤੇ ਆਉਣਾ।

''ਅਧਿਆਪਕ ਇੱਕ ਅਜਿਹਾ ਮੂਰਤੀਕਾਰ ਹੈ
ਜੋ ਬੇਜਾਨ ਮਿੱਟੀ ਵਿੱਚ ਵੀ ਜਾਨ ਪਾ ਦਿੰਦਾ''

**ਰਛਪਾਲ ਸਿੰਘ ਰੈਸਲ, ਨਾਭਾ**

## ਕਾਵਿ-ਕਿਆਰੀ



## ਪ੍ਰਾਣੀ 'ਤੇ ਪਾਣੀ

ਵਰ ਤੇ ਸਰਾਪ, ਹੋ ਨਿੱਬੜੇ ਨੇ ਪਾਣੀ,
ਕਿੰਨੀ ਅਨੋਖੀ ਹੈ, ਇਹ ਵੀ ਕਹਾਣੀ।

ਬਬੀਹੇ ਦੀ ਤਰ੍ਹਾਂ, ਹਰ ਬੂੰਦ ਨੂੰ ਤਰਸਦੇ,
ਕਦੀ ਕਦੀ ਨੇ, ਹਰ ਪੌਦੇ 'ਤੇ ਪ੍ਰਾਣੀ।

ਤੇ ਕਦੀ ਕੁੱਝ ਕਹਿਰ ਵੀ, ਐਸੇ ਨੇ ਟੁੱਟਦੇ,
ਜਿਸ ਦੀ ਕਹਾਣੀ, ਦੱਸੀ ਵੀ ਨਾ ਜਾਣੀ।

ਹੈ ਹੋਇਆ ਕਰੋਪ, ਇਹ ਜੀਵਨ ਦਾ ਦਾਨੀ,
ਮੰਗ ਰਿਹੈ ਜ਼ਿੰਦਗੀ ਦੀ, ਭਾਰੀ ਕੁਰਬਾਨੀ।

ਥਲ ਵੀ ਜਲ ਬਣਿਆ, 'ਤੇ ਜਲ ਤਾਂ ਹੈ ਜਲ ਹੀ,
ਇਹ ਆਈ ਹੈ ਆਫ਼ਤ, ਜਨ ਜੀਵਨ ਖਾਣੀ।

ਪਰਵਾਹ ਨਹੀਂ ਕੀਤੀ, ਕੀਤੇ ਪਰਵਾਹਾਂ ਦੀ,
ਖਵਾਜਾ ਡਕਾਰ ਗਿਆ, ਹਰ ਦਿੱਤੀ ਨਿਸ਼ਾਨੀ।

ਰੁੱਸ ਗਈ ਹੈ ਕੁਦਰਤ, ਆਪਣੀ ਹੀ ਦੁਨੀਆ ਤੋਂ,
ਮਿਟਾ ਰਹੀ ਐ ਆਪਣੀ, ਹਰ ਅਦਭੁੱਤ ਨਿਸ਼ਾਨੀ।

ਕੀ ਹੈ ਇਹ ਕ੍ਰਿਸ਼ਮਾ ਜਾਂ, ਹੈ ਇਹ ਕਰੋਪੀ ?
ਕਿਉਂ ਕਰਦੀ ਹੈ ਕੁਦਰਤ, ਆਪਣੀ ਮਨ ਮਾਨੀ ?

ਉੱਠ ਰਹੇ ਨੇ ਹੱਥ, ਤੋਬਾ ਤੋਬਾ ਜੋ ਕਰਦੇ,
ਲੱਭ ਰਹੇ ਸਹਾਰੇ ਲਈ, ਹਰ ਤਿਣਕਾ ਹਰ ਕਾੱਨੀ।

ਪਲਾਂ ਵਿੱਚ ਬਦਲ ਜਾਂਦੈ, ਸਵਰਗ ਨਰਕਾਂ ਵਿੱਚ,
ਹੈ ਅਜੀਬ ਗੋਰਖਧੰਦਾ, ਇਹ ਦੁਨੀਆ ਹੈ ਫਾੱਨੀ।

ਵਰ ਤੇ ਸਰਾਪ, ਹੋ ਨਿੱਬੜੇ ਨੇ ਪਾਣੀ,
ਕਿੰਨੀ ਅਨੋਖੀ ਹੈ, ਇਹ ਵੀ ਕਹਾਣੀ।



**ਰਵਿੰਦਰ ਸਿੰਘ ਕੁੰਦਰਾ**
**ਕੌਵੈਂਟਰੀ ਯੂ ਕੇ**

* * * * *

# ਮੌਸਮ ਵਿਭਾਗ ਦੀ ਭਵਿੱਖਬਾਣੀ 'ਤੇ ਪੰਜਾਬ ਸਰਕਾਰ ਨੇ ਚੁੱਕੇ ਸਵਾਲ

### ✪ ਸਰਕਾਰ ਦੇ ਬੁਲੇਟਿਨ ਅਨੁਸਾਰ, ਹੁਣ ਤੱਕ ਹੜ੍ਹਾਂ ਕਾਰਨ 52 ਮੌਤਾਂ ਹੋਈਆਂ

ਚੰਡੀਗੜ੍ਹ-ਪੰਜਾਬ ਸਰਕਾਰ ਨੇ ਸੂਬੇ ਵਿੱਚ ਆਏ ਹੜ੍ਹਾਂ ਦੇ ਮੱਦੇਨਜ਼ਰ ਭਾਰਤੀ ਮੌਸਮ ਵਿਭਾਗ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕੀਤੇ ਹਨ। ਜਲ ਸਰੋਤ ਵਿਭਾਗ ਨੇ ਮੌਸਮ ਵਿਭਾਗ ਦੇ ਡਾਇਰੈਕਟਰ ਜਨਰਲ ਨੂੰ ਪੱਤਰ ਲਿਖ ਕੇ ਦੱਸਿਆ ਕਿ ਮੌਸਮ ਵਿਭਾਗ ਦੀਆਂ ਹਫ਼ਤਾਵਾਰੀ ਭਵਿੱਖਬਾਣੀਆਂ ਸਹੀ ਨਹੀਂ ਸਨ, ਜਿਸ ਕਾਰਨ ਡੈਮਾਂ ਦੇ ਪ੍ਰਬੰਧਨ ਵਿੱਚ ਮੁਸ਼ਕਲਾਂ ਆਈਆਂ।

ਵਿਭਾਗ ਨੇ ਕਿਹਾ ਕਿ ਡੈਮਾਂ ਤੋਂ ਪਾਣੀ ਛੱਡਣ ਦੀ ਯੋਜਨਾ ਮੌਸਮ ਦੀ ਭਵਿੱਖਬਾਣੀ 'ਤੇ ਹੀ ਅਧਾਰਿਤ ਹੁੰਦੀ ਹੈ, ਪਰ ਮੌਸਮ ਵਿਭਾਗ ਵੱਲੋਂ ਮੀਂਹ ਦੇ ਅਸਲ ਅੰਕੜਿਆਂ ਨਾਲੋਂ ਬਹੁਤ ਘੱਟ ਭਵਿੱਖਬਾਣੀ ਕੀਤੀ ਗਈ ਸੀ। ਜਿਵੇਂ ਕਿ, 17 ਅਗਸਤ ਨੂੰ ਰਣਜੀਤ ਸਾਗਰ ਡੈਮ ਖੇਤਰ ਵਿੱਚ 185.5 ਮਿਲੀਮੀਟਰ ਮੀਂਹ ਪਿਆ ਸੀ, ਜਦੋਂਕਿ ਮੌਸਮ ਵਿਭਾਗ ਨੇ ਸਿਰਫ 9 ਮਿਲੀਮੀਟਰ ਦੀ ਭਵਿੱਖਬਾਣੀ ਕੀਤੀ ਸੀ। ਇਸੇ ਤਰ੍ਹਾਂ, 24 ਅਗਸਤ ਨੂੰ ਅਸਲ ਵਿੱਚ 163 ਮਿਲੀਮੀਟਰ ਮੀਂਹ ਪਿਆ, ਜਦੋਂਕਿ



ਭਵਿੱਖਬਾਣੀ ਸਿਰਫ 21 ਮਿਲੀਮੀਟਰ ਦੀ ਸੀ। ਪੰਜਾਬ ਸਰਕਾਰ ਨੇ ਮੌਸਮ ਵਿਭਾਗ ਨੂੰ ਡੈਮ ਖੇਤਰਾਂ ਲਈ ਆਪਣੀ ਭਵਿੱਖਬਾਣੀ ਪ੍ਰਣਾਲੀ ਨੂੰ ਸੁਧਾਰਨ ਲਈ ਕਿਹਾ ਹੈ।

ਹੜ੍ਹਾਂ ਨਾਲ ਹੋਇਆ ਵੱਡਾ ਨੁਕਸਾਨ-ਪੰਜਾਬ ਵਿੱਚ ਇਸ ਵਾਰ ਆਏ ਹੜ੍ਹਾਂ ਨੇ ਵੱਡਾ ਨੁਕਸਾਨ ਪਹੁੰਚਾਇਆ ਹੈ। ਸਰਕਾਰ ਦੇ ਬੁਲੇਟਿਨ ਅਨੁਸਾਰ, ਹੁਣ ਤੱਕ ਹੜ੍ਹਾਂ ਕਾਰਨ 52 ਮੌਤਾਂ ਹੋ ਚੁੱਕੀਆਂ ਹਨ ਅਤੇ ਸੂਬੇ ਦੇ 2097 ਪਿੰਡ ਪ੍ਰਭਾਵਿਤ ਹੋਏ ਹਨ। ਹੜ੍ਹਾਂ ਦੀ ਲਪੇਟ ਵਿੱਚ ਲਗਭਗ 3.88 ਲੱਖ ਲੋਕ ਆਏ, ਜਿਨ੍ਹਾਂ ਵਿੱਚੋਂ 23,206 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ। ਖੇਤੀਬਾੜੀ ਖੇਤਰ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਹੜ੍ਹ ਦੇ ਪਾਣੀ ਨਾਲ ਸੂਬੇ ਵਿੱਚ 4.77 ਲੱਖ ਏਕੜ ਫਸਲ ਪ੍ਰਭਾਵਿਤ ਹੋਈ ਹੈ। ਹੁਣ ਜਦੋਂ ਪਾਣੀ ਘਟਣ ਲੱਗਾ ਹੈ, ਤਾਂ ਲੋਕਾਂ ਲਈ ਸਿਹਤ ਸਮੱਸਿਆਵਾਂ ਅਤੇ ਫਸਲਾਂ ਨੂੰ ਮੁੜ ਤਿਆਰ ਕਰਨ ਦੀ ਚੁਣੌਤੀ ਸਾਹਮਣੇ ਆ ਰਹੀ ਹੈ।

## ਪੰਜਾਬ ਦੇ ਦਰਿਆਵਾਂ 'ਚ ਪਾਣੀ ਦਾ ਪੱਧਰ ਘਟਣਾ ਸ਼ੁਰੂ

ਕੁਝ ਦਿਨਾਂ ਦੀ ਰਾਹਤ ਤੋਂ ਬਾਅਦ, ਪੰਜਾਬ ਦੇ ਡੈਮਾਂ ਅਤੇ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਹੁਣ ਹੇਠਾਂ ਆ ਰਿਹਾ ਹੈ। ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ 10,000 ਕਿਊਸਿਕ ਘਟਾ ਦਿੱਤਾ ਗਿਆ ਹੈ, ਅਤੇ ਹੁਣ ਇੱਥੇ 50,000 ਕਿਊਸਿਕ ਪਾਣੀ ਵਹਿ ਰਿਹਾ ਹੈ। ਭਾਖੜਾ ਡੈਮ ਦਾ ਪੱਧਰ ਵੀ 1677.10 ਫੁੱਟ ਤੱਕ ਹੇਠਾਂ ਆ ਗਿਆ ਹੈ। ਪੌਂਗ ਡੈਮ ਵਿੱਚ ਵੀ 15,000 ਕਿਊਸਿਕ ਪਾਣੀ ਘਟਾ ਦਿੱਤਾ ਗਿਆ ਹੈ ਅਤੇ ਇਸਦਾ ਪੱਧਰ 1390.33 ਫੁੱਟ ਹੈ। ਰਣਜੀਤ ਸਾਗਰ ਡੈਮ ਵਿੱਚੋਂ ਵੀ ਛੇ ਹਜ਼ਾਰ ਕਿਊਸਿਕ ਪਾਣੀ ਘਟਾਇਆ ਗਿਆ ਹੈ। ਹਰੀਕੇ ਹੈੱਡਵਰਕਸ ਵਿਖੇ ਵੀ ਪਾਣੀ 3.25 ਲੱਖ ਕਿਊਸਿਕ ਤੋਂ ਘਟ ਕੇ 2.17 ਲੱਖ ਕਿਊਸਿਕ ਰਹਿ ਗਿਆ ਹੈ।

## ਗੁਰਦੁਆਰੇ ਦੇ ਲੰਗਰ ਹਾਲ ਵਿਚ ਬੰਬ ਹੋਣ ਦੀ ਮਿਲੀ ਈਮੇਲ

### ✪ ਮਚੀ ਹਫੜਾ-ਦਫੜੀ, ਐਕਸ਼ਨ ਵਿਚ ਆਈ ਪਟਨਾ ਪੁਲਿਸ



ਪਟਨਾ ਸਿਟੀ-ਬੀਤੇ ਦਿਨੀਂ ਪਟਨਾ ਸਿਟੀ ਸਥਿਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਫ਼ਤਰ ਵਿਚ ਦੁਪਹਿਰ ਆਈ ਇਕ ਈ-ਮੇਲ ਨਾਲ ਹੜਕੰਪ ਮਚ ਗਿਆ। ਮੇਲ ਵਿਚ ਲਿਖਿਆ ਸੀ ਕਿ ਗੁਰਦੁਆਰੇ ਦੇ ਲੰਗਰ ਹਾਲ ਵਿਚ ਚਾਰ ਆਰਡੀਐਕਸ ਆਧਾਰਿਤ ਆਈਈਡੀ ਮੌਜੂਦ ਹਨ। ਧਮਾਕੇ ਤੋਂ ਪਹਿਲਾਂ ਵੀਵੀਆਈਪੀ ਤੇ ਮੁਲਾਜ਼ਮਾਂ ਨੂੰ ਤੁਰੰਤ ਬਾਹਰ ਕੱਢੋ। ਤਖ਼ਤ ਸ੍ਰੀ ਹਰਿਮੰਦਰ ਜੀ ਪ੍ਰਬੰਧਕ ਕਮੇਟੀ ਪਟਨਾ ਸਾਹਿਬ ਦੇ ਪ੍ਰਧਾਨ ਸਰਦਾਰ ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਈ ਮੇਲ ਦੇ ਸਬੰਧ 'ਚ ਪੁਲਿਸ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ। ਮੇਲ ਭੇਜਣ ਵਾਲੇ ਨੇ ਪਾਕਿਸਤਾਨ ਆਈਐੱਸਆਈ ਜ਼ਿੰਦਾਬਾਦ ਤੋਂ ਬਾਅਦ ਵਾਨਿਯਾਰ ਪੁਨਡੇ ਰਾਮਾਦੌਸ ਲਿਖਿਆ ਹੈ। ਮੇਲ 'ਚ ਕਈ ਹੋਰ ਗੱਲਾਂ ਵੀ ਲਿਖੀਆਂ ਗਈਆਂ ਹਨ। ਪਟਨਾ ਸਿਟੀ ਦੇ ਡੀਐੱਸਪੀ-2 ਗੌਰਵ ਕੁਮਾਰ ਨੇ ਕਿਹਾ ਕਿ ਸ਼ੱਕੀ ਮੇਲ ਦੀ ਜਾਂਚ ਸਾਈਬਰ ਸੈੱਲ ਤੋਂ ਕਰਵਾਈ ਜਾ ਰਹੀ ਹੈ।

## ਪੁਲਿਸ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਮੌੜ ਮੰਡੀ ਵਿਚ ਲੁੱਟ ਹੋਈ

### ✪ ਦੁਕਾਨਦਾਰ ਤੋਂ ਨਕਦੀ ਖੋਹ ਕੇ ਫਰਾਰ ਹੋਏ ਲੁਟੇਰੇ

ਮੌੜ ਮੰਡੀ-ਥਾਣਾ ਮੌੜ ਦੇ ਪੁਲਸ ਪ੍ਰਸ਼ਾਸ਼ਨ ਦੀ ਅਣਗਹਿਲੀ ਕਾਰਣ ਸ਼ਹਿਰ ਅੰਦਰ ਲੁੱਟਾਂ ਖੋਹਾਂ ਅਤੇ ਗੁੰਡਾਗਰਦੀ ਦਾ ਨੰਗਾ ਨਾਚ ਹੋ ਰਿਹਾ ਹੈ। ਬੀਤੇ ਦਿਨੀਂ ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਪੂਰੀ ਆਵਾਜਾਈ ਵਾਲੇ ਇਲਾਕੇ ਅੰਦਰ ਇੱਕ ਦੁਕਾਨਦਾਰ ਦੀ ਭਾਰੀ ਕੁੱਟਮਾਰ ਕਰਕੇ ਉਸਤੋਂ ਨਕਦੀ ਲੁੱਟ ਲਈ ਗਈ। ਦਿਨ ਦਿਹਾੜੇ ਵਾਪਰੀ ਇਸ ਘਟਨਾ ਕਾਰਨ ਮੰਡੀ ਵਾਸੀਆਂ 'ਚ ਭਾਰੀ ਸਹਿਮ ਪਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ, ਸਥਾਨਕ ਸ਼ਹਿਰ ਦੀਆਂ ਘੁੰਮਣ ਕੈਂਚੀਆਂ ਤੇ ਇੱਕ ਦੁਕਾਨਦਾਰ ਛਿੰਦਰਪਾਲ ਸਿੰਘ ਛਿੰਦਾ ਸਵੇਰ ਸਮੇਂ ਆਪਣੀ ਦੁਕਾਨ ਦੀ ਸਾਫ਼ ਸਫਾਈ ਕਰ ਰਿਹਾ ਸੀ ਤਾਂ ਇਸੇ ਸਮੇਂ ਤਿੰਨ ਵਿਅਕਤੀ ਰਾੜਾ ਅਤੇ ਤੇਜ਼ਧਾਰ ਹਥਿਆਰਾਂ ਨਾਲ ਉਸਦੀ ਦੁਕਾਨ 'ਚ ਦਾਖਲ ਹੋਏ ਅਤੇ ਉਨ੍ਹਾਂ ਨੇ ਛਿੰਦਰਪਾਲ ਸਿੰਘ ਛਿੰਦਾ ਦੀ ਭਾਰੀ ਕੁੱਟਮਾਰ ਕਰਕੇ ਉਸ ਨੂੰ ਗੰਭੀਰ ਰੂਪ 'ਚ ਜ਼ਖ਼ਮੀ ਕਰ ਦਿੱਤਾ ਅਤੇ ਨਕਦੀ ਵਗੈਰਾ ਲੁੱਟ ਕੇ ਫਰਾਰ ਹੋ ਗਏ। ਘਟਨਾ ਉਪਰੰਤ ਤੁਰੰਤ ਹੀ ਛਿੰਦਾ ਨੂੰ ਜ਼ਖ਼ਮੀ ਹਾਲਤ 'ਚ ਕਿਰਨ ਹਸਪਤਾਲ ਮੌੜ ਮੰਡੀ ਵਿਖੇ ਦਾਖਲ ਕਰਵਾਇਆ ਗਿਆ ਜਿੱਥੇ ਉਸਦਾ ਇਲਾਜ ਚੱਲ ਰਿਹਾ ਹੈ।

## ਨਾਬਾਲਗ ਨਾਲ ਬਲਾਤਕਾਰ ਦੇ ਦੋਸ਼ ਵਿਚ ਕਾਂਗਰਸੀ ਆਗੂ ਗ੍ਰਿਫ਼ਤਾਰ

### ✪ ਬਣਾਈ ਸੀ ਅਸ਼ਲੀਲ ਵੀਡੀਓ, ਕਰਦਾ ਸੀ ਬਲੈਕਮੇਲ

ਬਠਿੰਡਾ-ਬਲੈਕਮੇਲ ਕਰਦਿਆਂ ਨਾਬਾਲਗ ਕੁੜੀ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਬਠਿੰਡਾ ਪੁਲਿਸ ਨੇ ਇਕ ਕਾਂਗਰਸੀ ਆਗੂ ਤੇ ਮਹਿਲਾ ਕੌਂਸਲਰ ਦੇ ਪਤੀ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਿਸ ਵੱਲੋਂ ਕਾਂਗਰਸੀ ਆਗੂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਡੀਐੱਸਪੀ ਸੰਦੀਪ ਸਿੰਘ ਭਾਟੀ ਨੇ ਦੱਸਿਆ ਕਿ ਨਾਬਾਲਗ ਲੜਕੀ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਇਹ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਪੁਲਿਸ ਨੂੰ ਪੀੜਤ ਲੜਕੀ ਦੀ ਮਾਂ ਵੱਲੋਂ ਦਿੱਤੀ ਸ਼ਿਕਾਇਤ ਵਿਚ ਦੋਸ਼ ਲਾਇਆ ਸੀ ਕਿ ਕਾਂਗਰਸੀ ਆਗੂ ਤੇ ਵਾਰਡ ਨੰਬਰ 23 ਤੋਂ ਮਹਿਲਾ ਕੌਂਸਲਰ ਦੇ ਪਤੀ ਗੁਰਪ੍ਰੀਤ ਸਿੰਘ ਬੰਟੀ ਨਾਲ ਉਨ੍ਹਾਂ ਦਾ ਘਰ ਆਉਣ-ਜਾਣ ਸੀ। ਦੋਸ਼ਾਂ ਮੁਤਾਬਕ ਕੁੱਝ ਸਮੇਂ ਤੋਂ ਹੀ ਉਕਤ ਮੁਲਜ਼ਮ ਉਸ ਦੀ ਲੜਕੀ ਨੂੰ ਬਲੈਕਮੇਲ ਕਰ ਰਿਹਾ ਸੀ।

ਇਸ ਦੌਰਾਨ ਉਹ ਲੜਕੀ ਨਾਲ ਕਥਿਤ ਤੌਰ 'ਤੇ ਸਬੰਧ ਬਣਾਉਣ ਲੱਗ ਪਿਆ ਤੇ ਲੜਕੀ ਦੀ ਕਥਿਤ ਅਸ਼ਲੀਲ ਵੀਡੀਓ ਵੀ ਬਣਾ ਲਈ। ਡੀਐੱਸਪੀ ਭਾਟੀ ਨੇ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ ਤਾਂ ਜੋ ਉਸ ਕੋਲੋਂ ਹੋਰ ਪੁਛਗਿੱਛ ਕੀਤੀ ਜਾ ਸਕੇ।


## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ______
SON / DAUGHTER / WIFE OF MR ______
WHOSE PERMANENT ADDRESS IN INDIA IS ______
______
AND IS NOW LIVING AT ______
______ HEREBY GIVE NOTICE OF MY INTENTION
TO CHANGE MY NAME TO ______
TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

# ਗਿਆਨੀ ਜਤਿੰਦਰ ਸਿੰਘ ਹਿਆਲਾ ਦਾ ਸਿੱਖ ਅਜਾਇਬਘਰ ਡਰਬੀ ਵਿਖੇ ਪੰਜਾਬ ਟਾਈਮਜ਼ ਵੱਲੋਂ ਗੋਲਡ ਮੈਡਲ ਨਾਲ ਸਨਮਾਨ

ਡਰਬੀ (ਪੰਜਾਬ ਟਾਈਮਜ਼) – ਬੀਤੇ ਦਿਨੀਂ ਪੰਥ ਦੇ ਪ੍ਰਚਾਰਕ ਭਾਈ ਜਤਿੰਦਰ ਸਿੰਘ ਹਿਆਲਾ ਯੂ ਕੇ ਯਾਤਰਾ ਦੌਰਾਨ ਗਿਆਨੀ ਬਲਵੰਤ ਸਿੰਘ ਲਿੱਤਰਾਂ ਸਮੇਤ ਕੁੱਝ ਹੋਰ ਮਹਿਮਾਨ ਸਿੱਖ ਨੈਸ਼ਨਲ ਅਜਾਇਬਘਰ ਦੇਖਣ ਲਈ ਡਰਬੀ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਅਜਾਇਬਘਰ ਦੇ ਚੇਅਰਮੈਨ ਅਤੇ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ। ਸ: ਪੁਰੇਵਾਲ ਨੇ ਜਤਿੰਦਰ ਸਿੰਘ ਹਿਆਲਾ ਨੂੰ ਪੰਜਾਬ ਟਾਈਮਜ਼ ਵੱਲੋਂ ਗੋਲਡ ਮੈਡਲ ਦੇ ਕੇ ਸਨਮਾਨਿਤ ਵੀ ਕੀਤਾ। ਆਏ ਮਹਿਮਾਨਾਂ ਨੇ ਅਜਾਇਬਘਰ ਦੇਖਣ ਉਪਰੰਤ ਅਜਾਇਬ ਘਰ ਡਰਬੀ ਦੀ ਸਮੁੱਚੀ ਟੀਮ ਦਾ ਹਾਰਦਿਕ ਧੰਨਵਾਦ ਕੀਤਾ ਤੇ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਿੰਘ ਸਭਾ ਦੇ ਸੇਵਾਦਾਰਾਂ ਦਾ ਇਹ ਬਹੁਤ ਵਧੀਆ ਉਪਰਾਲਾ ਹੈ, ਜਿਸ ਨਾਲ ਸਾਡੇ ਸਿੱਖ ਨੌਜਵਾਨਾਂ ਨੂੰ ਆਪਣੇ ਇਤਿਹਾਸ ਅਤੇ ਵਿਰਸੇ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਜਿਪਸੀ ਲੇਨ ਗੁਰੂ ਘਰ ਵਿਖੇ ਸ: ਜਰਨੈਲ ਸਿੰਘ ਰਾਣਾ ਵੱਲੋਂ, ਗਿਆਨੀ ਇੰਦਰਜੀਤ ਸਿੰਘ ਡਰਬੀ ਵੱਲੋਂ ਅਤੇ ਮਨਜੀਤ ਸਿੰਘ ਲੋਹ ਪੁਰਸ਼ ਲੈਸਟਰ ਵੱਲੋਂ ਵੀ ਜਤਿੰਦਰ ਸਿੰਘ ਹਿਆਲਾ ਦਾ ਮਾਣ ਸਨਮਾਨ ਕੀਤਾ ਗਿਆ।




(ਖੱਬੇ) ਭਾਈ ਜਤਿੰਦਰ ਸਿੰਘ ਖਿਆਲਾ ਦਾ ਜਿਪਸੀ ਲੇਨ ਗੁਰੂ ਘਰ ਵਿਖੇ ਅਤੇ ਸੱਜੇ ਗਿਆਨੀ ਇੰਦਰਜੀਤ ਸਿੰਘ ਦੇ ਘਰ ਵਿਖੇ ਸਨਮਾਨ




(ਖੱਬੇ) ਸਿੱਖ ਨੈਸ਼ਨਲ ਅਜਾਇਬਘਰ ਡਰਬੀ ਵਿਖੇ ਜਤਿੰਦਰ ਸਿੰਘ ਖਿਆਲਾ ਦਾ ਸਨਮਾਨ ਕਰਦੇ ਹੋਏ ਰਾਜਿੰਦਰ ਸਿੰਘ ਪੁਰੇਵਾਲ ਅਤੇ (ਸੱਜੇ) ਲੈਸਟਰ ਵਿਖੇ ਮਨਜੀਤ ਸਿੰਘ ਦੇ ਨਾਲ


# ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

**TO BUY OR PRINT YOUR OWN NEW YEAR'S CALANDERS**
**PLEASE CONTACT US ON: 07966 388 388**

## ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ

**ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ**

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਗੁਰਦੁਆਰਾ ਸਾਹਿਬ ਦੇ ਸਾਲ ਭਰ ਦੇ ਪ੍ਰੋਗਰਾਮਾਂ ਬਾਰੇ ਸੰਗਤਾਂ ਨੂੰ ਜਾਣਕਾਰੀ ਰਹਿੰਦੀ ਹੈ ਅਤੇ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

**ਵਿਸ਼ੇਸ਼ ਨੋਟ :–** ਤੁਸੀਂ ਆਪਣੀ ਸੰਸਥਾ ਜਾਂ ਗੁਰਦੁਆਰਾ ਸਾਹਿਬ ਦੇ ਕੈਲੰਡਰ ਵਿੱਚ ਆਪਣੇ ਗੁਰੂ ਘਰ ਦੀ ਫੋਟੋ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

ਨੋਟ:– ਦਸੰਬਰ ਦੇ ਪਹਿਲੇ ਹਫ਼ਤੇ ਤੋਂ ਬਾਅਦ ਨਵੇਂ ਆਰਡਰ ਨਹੀਂ ਲਏ ਜਾਣਗੇ

**WhatsApp Contact: 07966 388 388**




Specialist in Full Colour and all other Commercial Printing

ਰੰਗਦਾਰ ਪ੍ਰਿੰਟਿੰਗ ਕਮਰਸ਼ੀਅਲ ਅਤੇ ਰਸਾਲੇ ਆਦਿ ਬਹੁਤ ਹੀ ਵਾਜਬ ਕੀਮਤ 'ਤੇ ਛਾਪਦੇ ਹਾਂ

**CALL NOW AND SPEAK TO MANINDER SINGH OR HARJINDER SINGH MANDER ON: 01332-372851**



# ਵਰਲਡ ਗਤਕਾ ਫੈਡਰੇਸ਼ਨ ਨਾਲ ਸਬੰਧਿਤ ਸੰਸਥਾ

# ਗਤਕਾ ਫ਼ੈਡਰੇਸ਼ਨ ਯੂ ਕੇ ਵੱਲੋਂ

## ਯੂ ਕੇ ਦੀ 11ਵੀਂ ਨੈਸ਼ਨਲ ਗਤਕਾ ਚੈਂਪੀਅਨਸ਼ਿੱਪ

## ਵੇਲਜ਼ ਦੇ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਸੰਗਤਾਂ ਦੇ ਸਹਿਯੋਗ ਨਾਲ

## 14 ਸਤੰਬਰ 2025 ਐਤਵਾਰ ਨੂੰ ਸਵੇਰੇ 9:00 ਤੋਂ ਸ਼ਾਮ 5:00 ਵਜੇ ਤੱਕ ਹੋਵੇਗੀ



ਗੁਰੂ ਪਿਆਰੀ ਸਾਧ ਸੰਗਤ ਜੀ, ਵਿਸ਼ਵ ਗਤਕਾ ਫ਼ੈਡਰੇਸ਼ਨ ਨਾਲ ਸਬੰਧਿਤ ਸੰਸਥਾ (ਗਤਕਾ ਫ਼ੈਡਰੇਸ਼ਨ ਯੂ ਕੇ) ਵੱਲੋਂ ਯੂ ਕੇ ਦੀ 11ਵੀਂ ਰਾਸ਼ਟਰੀ ਗਤਕਾ ਚੈਂਪੀਅਨਸ਼ਿੱਪ ਉਪਰ ਦਿੱਤੇ ਹੋਏ ਸਮੇਂ ਅਨੁਸਾਰ ਬੜੀ ਜੋਸ਼ ਖਰੋਸ਼ ਨਾਲ ਕਰਵਾਈ ਜਾ ਰਹੀ ਹੈ। ਇਸ ਚੈਂਪੀਅਨਸ਼ਿੱਪ ਵਿਚ ਯੂ ਕੇ ਭਰ ਦੇ ਗਤਕਾ ਅਖਾੜਿਆਂ ਦੀਆਂ ਟੀਮਾਂ ਗਤਕੇ ਦੇ ਜੌਹਰ ਦਿਖਾਉਣਗੀਆਂ। ਇਸ ਪਰਿਵਾਰਕ ਸਮਾਗਮ ਵਿੱਚ ਹੁੰਮ-ਹੁੰਮਾ ਕੇ ਪਹੁੰਚੋ ਅਤੇ ਗਤਕੇ ਦੇ ਜੌਹਰ ਦੇਖੋ ਤੇ ਗਤਕਾ ਖਿਡਾਰੀਆਂ ਦਾ ਉਤਸ਼ਾਹ ਵਧਾਓ । ਆਪ ਵੀ ਆਓ ਅਤੇ ਹੋਰਨਾਂ ਨੂੰ ਵੀ ਆਉਣ ਲਈ ਪ੍ਰੇਰਿਤ ਕਰੋ । ਚਾਹ ਪਾਣੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

**ਗਤਕਾਬਾਜ਼ਾਂ ਅਤੇ ਅਖਾੜਿਆਂ ਦੀਆਂ ਟੀਮਾਂ ਦੀ ਰਜਿਸਟ੍ਰੇਸ਼ਨ 9:00 ਵਜੇ ਸ਼ੁਰੂ ਹੋਵੇਗੀ**

**ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ:**

**07950 485169 ਜਾਂ 07956 532556**

# GATKA FEDERATION UK

## AFFILIATED WITH WORLD GATKA FEDERATION

## PRESENTS 11TH UK NATIONAL

# GATKA CHAMPIONSHIP

## on Sunday 14th September 2025 from 9am to 5pm

**at SWANSEA BAY SPORTS PARK, ATHLETICS AND HOCKEY CENTRE CWM FARM LANE SWANSEA SA2 9AU**



MP Tanmanjeet Singh Dhesi
President, Gatka Federation UK

### TIMINGS:

Registration of Gatkabaaz / Akharas at 9am.
Championship start at 10am.

## This is a FREE family event

**Langar / Refreshments will be served throughout**

Facebook: Gatka Federation UK

YouTube: Gatka Federation UK

Gatkafeduk@gmail.com

X: Gatkafeduk

ਵਧੇਰੇ ਜਾਣਕਾਰੀ ਲਈ ਸੰਪਰਕ:

| Tanmanjeet Singh Dhesi MP<br>President, Gatka Federation UK | Herman Singh Johal<br>Secretary, Gatka Federation UK | JAGBIR SINGH JAGGA CHAKKAR<br>07748 846013 |
|---|---|---|

# ਇਮਾਨਦਾਰ ਅਫਸਰ 1997 ਬੈਚ ਦੇ ਆਈਏਐਸ ਅਧਿਕਾਰੀ ਸ਼੍ਰੀ ਕ੍ਰਿਸ਼ਨ ਕੁਮਾਰ

**ਗੁਰਜਿੰਦਰ ਸਿੰਘ ਸਾਹਦੜਾ**



1997 ਬੈਚ ਦੇ ਆਈਏਐਸ ਅਧਿਕਾਰੀ ਸ਼੍ਰੀ ਕ੍ਰਿਸ਼ਨ ਕੁਮਾਰ ਪੰਜਾਬ ਦੇ ਲੋਕਾਂ ਲਈ ਅੱਜ ਕਿਸੇ ਵਿਸ਼ੇਸ਼ ਜਾਣ-ਪਛਾਣ ਦੇ ਮੁਹਤਾਜ ਨਹੀਂ। ਯਾਦ ਹੋਵੇਗਾ ਕਿ ਜਦੋਂ ਕ੍ਰਿਸ਼ਨ ਕੁਮਾਰ ਜੀ ਨਵਾਂਸ਼ਹਿਰ ਦੇ ਡਿਪਟੀ ਕਮਿਸ਼ਨਰ ਬਣ ਕੇ ਆਏ ਸਨ ਤਾਂ ਉਨ੍ਹਾਂ ਨਾਲ ਆਉਂਦਿਆਂ ਹੀ ਨਾਲ ਇੱਕ ਦੰਦ-ਕਥਾ ਜੁੜ ਗਈ। ਕਹਿੰਦੇ ਡੀ ਸੀ ਸ੍ਰੀ ਕ੍ਰਿਸ਼ਨ ਕੁਮਾਰ ਨੇ ਹੁਕਮ ਸੁਣਾ ਦਿੱਤਾ ਕਿ ਰਾਤ ਦੇ ਅੱਠ ਵਜੇ ਤੋਂ ਬਾਅਦ ਸ਼ਰਾਬ ਦੇ ਠੇਕੇ ਨਹੀਂ ਖੋਲ੍ਹਣੇ। ਹੁਕਮ ਦੀ ਤਾਮੀਲ ਹੋਈ ਕਿ ਨਹੀਂ, ਇਸ ਦੀ ਜਾਂਚ ਕਰਨ ਲਈ ਉਹ ਰਾਤ ਨੂੰ ਭੇਸ ਵਟਾ ਕੇ ਘੁੰਮਣ ਨਿਕਲ ਗਏ ਤੇ ਇੱਕ ਬੰਦ ਠੇਕੇ ਮੋਹਰੇ ਜਾ ਅਲਖ ਜਗਾਈ। ਅੱਗੋਂ ਕਰਿੰਦਾ ਵੀ ਹੁਕਮ ਦਾ ਪਾਬੰਦ ਨਿਕਲਿਆ। ਤਾਕੀ ਖੋਲ੍ਹੇ ਬਿਨਾਂ ਹੀ ਝੀਤ ਜਿਹੀ ਵਿੱਚੋਂ ਝਾਕ ਕੇ ਕਹਿੰਦਾ, "ਭਈਆ ਤੈਨੂੰ ਬੋਤਲ ਤਾਂ ਦੇ ਦਿਆਂ ਪਰ ਸਾਡੇ ਇੱਥੇ ਦਾ ਡੀ ਸੀ ਬੜਾ "ਕੱ...." ਏ, ਜੇ ਉਹਨੂੰ ਪਤਾ ਲੱਗ ਗਿਆ ਤਾਂ ਮੇਰੀ ਨੌਕਰੀ ਜਾਂਦੀ ਲੱਗਣੀ ਹੈ।" ਲਓ ਜੀ ਸਵੇਰੇ ਕਰਿੰਦਾ ਤਲਬ ਹੋ ਗਿਆ। ਜਦੋਂ ਕਰਿੰਦੇ ਨੇ ਸਾਹਮਣੇ ਰਾਤ ਵਾਲੇ ਆਮ ਜਿਹੇ ਮਜ਼ਦੂਰ ਨੂੰ ਡੀ ਸੀ ਦੇ ਰੂਪ ਵਿੱਚ ਦੇਖਿਆ ਤਾਂ ਲੱਗ ਗਿਆ ਥਰ-ਥਰ ਕੰਬਣ ਤੇ ਮੁਆਫੀਆਂ ਮੰਗਣ। ਡੀ ਸੀ ਸਾਹਬ ਨੇ ਜੇਬ ਵਿੱਚੋਂ ਹਰੇ ਰੰਗ ਦਾ ਨੋਟ ਕੱਢ ਕੇ ਇਨਾਮ ਦਿੰਦਿਆਂ ਕਿਹਾ, "ਤੁਮਨੇ ਗਲਤ ਬੋਲਾ! ਕੋਈ ਬਾਤ ਨਹੀਂ! ਪਰ ਡਿਊਟੀ ਕਾ ਪਾਲਨ ਤੋਂ ਕੀਆ! ਯੇ ਆਪਕਾ ਇਨਾਮ ਹੈ!"

ਖ਼ੈਰ, ਇਹ ਤਾਂ ਸੀ ਸੁਣੀ ਸੁਣਾਈ ਗੱਲ, ਹੁਣ ਅੱਖੀਂ ਵੇਖੀ ਸੁਣ ਲਵੋ। ਸਵੇਰੇ ਛੇ-ਸੱਤ ਕੁ ਵਜੇ ਬਲਾਚੌਰ ਕਚਹਿਰੀਆਂ ਦੇ ਸਾਹਮਣੇ ਇੱਕ ਅੰਬੈਸਡਰ ਗੱਡੀ ਆ ਕੇ ਰੁਕੀ ਤੇ ਕਿਸੇ ਕੰਪਨੀ ਦੇ ਬੈਨਰ ਲਾਉਂਦੇ ਕਰਿੰਦਿਆਂ ਨੂੰ ਡੀ ਸੀ ਸਾਹਬ ਹੇਠਾਂ ਉੱਤਰ ਕੇ ਕਹਿੰਦੇ, "ਕਿਸ ਕੀ ਇਜਾਜ਼ਤ ਸੇ ਯੇ ਬੈਨਰ ਲਾ ਰਹੇ ਹੋ, ਉਤਾਰੋ ਇਸੇ।" ਗੱਲ ਬੈਨਰ ਉਤਾਰਨ ਦੀ ਨਹੀਂ, ਗੱਲ ਹੈ ਸਵੇਰੇ ਸਵਖਤੇ ਡਿਊਟੀ 'ਤੇ ਹਾਜ਼ਰ ਹੋਣ ਦੀ। ਇਵੇਂ ਹੀ ਇੱਕ ਵਾਰ ਮੇਰੇ ਦੇਖਣ ਅਨੁਸਾਰ ਕਚਹਿਰੀ ਦੇ ਨਾਲ ਬਣ ਰਹੀ ਗਲੀ ਦਾ ਕੰਮ ਰੁਕਵਾ ਦਿੱਤਾ। ਵਜਾਹ? ਘਟੀਆ ਮਟੀਰੀਅਲ ਦੀ ਵਰਤੋਂ ਹੋ ਰਹੀ ਸੀ।

ਸ੍ਰੀ ਕ੍ਰਿਸ਼ਨ ਕੁਮਾਰ ਜੀ ਦੇ ਡੀ ਸੀ ਬਣ ਕੇ ਆਉਣ ਤੋਂ ਬਾਅਦ ਉਨ੍ਹਾਂ ਨਵਾਂਸ਼ਹਿਰ ਦੀ ਦਿੱਖ ਹੀ ਬਦਲ ਦਿੱਤੀ। ਮਿਨੀ ਪਾਸਪੋਰਟ ਦਫਤਰ, ਹਰ ਤਹਿਸੀਲ ਵਿੱਚ ਨੰਬਰਾਂ ਵਾਲਾ ਅਤਿ ਆਧੁਨਿਕ ਸੇਵਾ ਕੇਂਦਰ ਤੇ ਸਭ ਤੋਂ ਵੱਡੀ ਗੱਲ ਮੁਲਾਜ਼ਮਾਂ ਨੂੰ ਸਮੇਂ ਉੱਤੇ ਡਿਊਟੀ ਤੇ ਹਾਜ਼ਰ ਹੋਣ ਦੇ ਹੁਕਮ ਹੋ ਗਏ। ਲੋਕ ਤਾਂ ਸੌਖੇ ਹੋ ਗਏ ਪਰ ਕੰਮਚੋਰ ਮੁਲਾਜ਼ਮ ਔਖੇ ਹੋ ਗਏ। ਓਧਰੋਂ ਵੋਟਾਂ ਆ ਗਈਆਂ। ਮੁਲਾਜ਼ਮਾਂ ਦੀ ਕਿਸੇ ਜਥੇਬੰਦੀ ਨੇ ਅਕਾਲੀ ਦਲ ਦੇ ਉਮੀਦਵਾਰ ਕਰੀਹਾ ਸਾਹਿਬ ਅੱਗੇ ਮੰਗ ਰੱਖ ਦਿੱਤੀ ਕਿ ਵੋਟਾਂ ਪਾ ਦਿਆਂਗੇ ਪਰ ਸ਼ਰਤ ਇਹ ਹੈ ਕਿ ਡੀ ਸੀ ਦਾ ਤਬਾਦਲਾ ਕਰਨਾ ਪਊ। ਇਹੀ ਹੋਇਆ। ਕਰੀਹਾ ਸਾਹਬ ਜਿੱਤ ਗਏ ਤੇ ਜਿੱਤਣ ਤੋਂ ਬਾਅਦ ਆਪਣਾ ਵਚਨ ਵੀ ਨਿਭਾਇਆ। ਨਾਲ ਹੀ ਕਹਿਣੀ ਹੋਰ ਤੇ ਕਰਨੀ ਹੋਰ ਲਈ ਜਾਣੇ ਜਾਂਦੇ ਬਾਦਲ ਸਾਹਬ ਦਾ ਥੋਥਾਪਣ ਵੀ ਸਾਹਮਣੇ ਆ ਗਿਆ। ਪੰਜਾਬ ਸਰਕਾਰ ਨੇ ਕ੍ਰਿਸ਼ਨ ਕੁਮਾਰ ਨੂੰ ਡੈਪੂਟੇਸ਼ਨ ਤੇ ਕੇਂਦਰ ਕੋਲ ਭੇਜ ਦਿੱਤਾ। ਖ਼ੈਰ ਜੋ ਹੋਇਆ, ਚੰਗਾ ਹੀ ਹੋਇਆ। ਇੱਕ ਤਰ੍ਹਾਂ ਨਾਲ ਬੂਟਾ ਗਮਲੇ ਵਿੱਚੋਂ ਪੁੱਟ ਕੇ ਵੱਡੇ ਬਗੀਚੇ ਵਿੱਚ ਜਾ ਲੱਗਾ। ਉੱਥੇ ਵੀ ਉਹਨਾਂ ਨੇ ਆਪਣੇ ਚੰਗੇ ਕੰਮ ਜਾਰੀ ਰੱਖੇ।



ਕੁਝ ਸਮੇਂ ਬਾਅਦ ਸ੍ਰੀ ਕ੍ਰਿਸ਼ਨ ਕੁਮਾਰ ਜੀ ਸਕੂਲ ਸਿੱਖਿਆ ਦੇ ਪ੍ਰਮੁੱਖ ਸਕੱਤਰ ਬਣ ਕੇ ਦੁਬਾਰਾ ਪੰਜਾਬ ਆ ਗਏ ਤੇ ਆਉਂਦਿਆਂ ਹੀ ਸਿੱਖਿਆ ਦੇ ਖੇਤਰ ਵਿੱਚ ਤਰਥੱਲੀ ਮਚਾ ਦਿੱਤੀ। ਬੰਦ ਹੋਣ ਦੀ ਕਗਾਰ 'ਤੇ ਪੁੱਜੇ ਸਰਕਾਰੀ ਸਕੂਲਾਂ ਵਿੱਚ ਨਵੀਂ ਰੂਹ ਫੂਕ ਦਿੱਤੀ। "ਪੜ੍ਹੋ ਪੰਜਾਬ" ਸਕੀਮ ਅਧੀਨ ਆਮ ਜਿਹੇ ਦਿਸਣ ਵਾਲੇ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਵਿੱਚ "ਸਮਾਰਟ ਸਕੂਲ" ਬਣਾ ਕੇ ਖੜ੍ਹੇ ਕਰ ਦਿੱਤਾ। ਨਿਕੰਮੇ ਅਤੇ ਕੰਮਚੋਰ ਅਧਿਆਪਕਾਂ ਨੂੰ ਵੀ ਮਿਹਨਤੀ ਬਣਨ ਦੀ ਚੇਟਕ ਲਾ ਦਿੱਤੀ। ਨਤੀਜਾ ਸਭ ਦੇ ਸਾਹਮਣੇ ਹੈ। ਅੱਜ ਉਨ੍ਹਾਂ ਸਕੂਲਾਂ ਵਿੱਚੋਂ ਕਈ ਗਰੀਬ ਘਰਾਂ ਦੇ ਬੱਚੇ ਪੜ੍ਹ-ਲਿਖ ਕੇ ਵੱਡੇ ਅਫਸਰ ਬਣ ਰਹੇ ਹਨ। ਇਸ ਤੋਂ ਬਾਅਦ ਉਹ ਕੁਝ ਦੇਰ ਏਪੀਈਡੀਏ ਵਿੱਚ ਚੇਅਰਮੈਨ ਵੀ ਰਹੇ ਤੇ ਉਸ ਤੋਂ ਬਾਅਦ ਪ੍ਰਧਾਨ ਮੰਤਰੀ ਦਫਤਰ ਵਿੱਚ ਡਾਇਰੈਕਟਰ ਦੇ ਅਹੁਦੇ 'ਤੇ ਵੀ ਤਾਇਨਾਤ ਰਹੇ।

ਇਸ ਤੋਂ ਬਾਅਦ ਉਹਨਾਂ ਨੂੰ ਦੁਬਾਰਾ ਪੰਜਾਬ ਲਿਆਂਦਾ ਗਿਆ ਤੇ ਜਲ ਸ੍ਰੋਤ ਵਿਭਾਗ ਵਿੱਚ ਪ੍ਰਮੁੱਖ ਸਕੱਤਰ ਦਾ ਅਹੁਦਾ ਦਿੱਤਾ ਗਿਆ। ਇਸਦੇ ਨਾਲ ਹੀ ਕਰ ਵਿਭਾਗ ਦੇ ਵਿੱਤੀ ਕਮਿਸ਼ਨਰ ਦਾ ਵੀ ਵਾਧੂ ਚਾਰਜ ਦਿੱਤਾ ਗਿਆ। ਜਿੱਥੇ ਉਨ੍ਹਾਂ ਨੇ ਕਰ ਵਿਭਾਗ ਵਿੱਚ ਟੈਕਸ ਚੋਰੀ ਰੋਕਣ ਦੇ ਨਵੇਂ ਤਰੀਕੇ ਅਜ਼ਮਾਉਂਦਿਆਂ ਪੰਜਾਬ ਸਰਕਾਰ ਦਾ ਮਾਲੀਆ ਵਧਾਇਆ, ਉੱਥੇ ਨਹਿਰੀ ਵਿਭਾਗ ਵਿੱਚ ਰੁਕੀਆਂ ਹੋਈਆਂ ਨਹਿਰਾਂ ਚਾਲੂ ਕਰ ਕੇ ਸਰਕਾਰ ਦੇ ਨਹਿਰੀ ਸਿੰਜਾਈ ਪ੍ਰੋਗਰਾਮ ਨੂੰ ਅੱਗੇ ਵਧਾਇਆ, ਜੋ ਹਾਲੇ ਵੀ ਬਦਸਤੂਰ ਜਾਰੀ ਹੈ। ਨਾਲ ਹੀ ਪਿਛਲੇ ਸਾਲ ਬਰਸਾਤ ਦੇ ਮੌਸਮ ਦੌਰਾਨ ਭਾਖੜਾ ਤੋਂ ਪਾਣੀ ਦੀ ਵੰਡ ਇਸ ਹਿਸਾਬ ਕੀਤੀ ਕਿ ਹੜ੍ਹਾਂ ਦੇ ਸੰਭਾਵੀ ਖ਼ਤਰੇ ਨੂੰ ਬਹੁਤ ਸੂਝ-ਬੂਝ ਅਤੇ ਕੁਸ਼ਲਤਾ ਨਾਲ ਟਾਲ਼ ਦਿੱਤਾ। ਅੱਜ ਇੱਥੇ ਉਨ੍ਹਾਂ ਨੂੰ ਕੁਦਰਤੀ ਪਾਣੀਆਂ ਦੇ ਰਾਖੇ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਜੇ ਕੁਝ ਸਮਾਂ ਹੋਰ ਉਹ ਇਸ ਵਿਭਾਗ ਵਿੱਚ ਰਹਿ ਗਏ ਤਾਂ ਸਿੱਖਿਆ ਖੇਤਰ ਦੀ ਤਰ੍ਹਾਂ ਇੱਥੇ ਵੀ ਨਵੀਂ ਕ੍ਰਾਂਤੀ ਦੇਖਣ ਨੂੰ ਮਿਲੇਗੀ।

ਕ੍ਰਿਸ਼ਨ ਕੁਮਾਰ ਜੀ ਦਾ ਆਪਣੀ ਡਿਊਟੀ (ਕਰਤਵ) ਪ੍ਰਤੀ ਸਮਰਪਣ ਦੇਖੋ ਕਿ ਅੱਜ ਜਦੋਂ ਹਰਿਆਣੇ ਨਾਲ ਤਕਰਾਰ ਦੇ ਚਲਦਿਆਂ ਪੰਜਾਬ ਦਾ ਪੱਖ ਰੱਖਣ ਦੀ ਵਾਰੀ ਆਈ ਤਾਂ ਬੀਬੀਐਮਬੀ ਦੇ ਹੋਰ ਅਫਸਰਾਂ ਨੂੰ ਆਪਣੀਆਂ ਦਲੀਲਾਂ ਨਾਲ ਚੁੱਪ ਕਰਾ ਦਿੱਤਾ। ਇਮਾਨਦਾਰੀ ਨਾਲ ਆਪਣੇ ਫਰਜ਼ ਨੂੰ ਅਹਿਮੀਅਤ ਦਿੱਤੀ, ਨਾ ਕਿ ਇਹ ਦੇਖਿਆ ਕਿ ਉਹ ਹਰਿਆਣੇ ਦੇ ਜੰਮ-ਪਲ ਹਨ।

ਜੇਕਰ ਉਨ੍ਹਾਂ ਦੇ ਚੰਗੇ ਕੰਮਾਂ ਦੀ ਸੰਖੇਪ ਵਿੱਚ ਚਰਚਾ ਕਰੀਏ ਤਾਂ ਸਭ ਤੋਂ ਪਹਿਲਾਂ ਉਹਨਾਂ ਨੇ ਭਰੂਣ ਹੱਤਿਆ ਨੂੰ ਠੱਲ੍ਹ ਪਾਉਣ ਵਿੱਚ ਇੱਕ ਬਹੁਤ ਵੱਡੀ ਭੂਮਿਕਾ ਨਿਭਾਈ। "ਬੇਟੀ ਬਚਾਓ" ਮੁਹਿੰਮ ਨੂੰ ਅਜਿਹਾ ਹੁਲਾਰਾ ਦਿੱਤਾ ਕਿ ਆਪਣੇ ਇਸ ਕਾਰਜ ਕਰ ਕੇ ਉਹ ਵਿਸ਼ਵ ਪੱਧਰ ਜਾਣੇ ਜਾਣ ਲੱਗੇ।

ਵਾਤਾਵਰਣ ਨੂੰ ਬਚਾਉਣ ਦੀ ਗੱਲ ਕਰੀਏ ਤਾਂ ਦਰੱਖਤਾਂ ਦੀ ਗਿਣਤੀ ਵਧਾਉਣ 'ਤੇ ਉਨ੍ਹਾਂ ਬਹੁਤ ਜ਼ੋਰ ਦਿੱਤਾ। ਲੋਕਾਂ ਨੂੰ ਦਲੀਲਾਂ ਨਾਲ ਸਮਝਾਇਆ ਕਿ ਰਵਾਇਤੀ ਫ਼ਸਲੀ ਚੱਕਰ ਛੱਡ ਕੇ ਦਰੱਖਤ ਲਾਓ ਤੇ ਆਪਣੀ ਆਮਦਨ ਵਧਾਓ। ਧਾਰਮਿਕ ਭਾਵਨਾ ਅਤੇ ਸ਼ਰਧਾ ਦਾ ਲਾਹਾ ਲੈਂਦਿਆਂ ਲੋਕਾਂ ਨੂੰ ਤ੍ਰਿਵੈਣੀਆਂ ਲਾਉਣ ਦੀ ਸਲਾਹ ਦਿੱਤੀ ਤੇ ਪੰਜ ਤ੍ਰਿਵੈਣੀਆਂ ਲਾਉਣ ਵਾਲੇ ਲੋਕਾਂ ਨੂੰ ਸ਼ਾਬਾਸ਼ ਦੇ ਤੌਰ 'ਤੇ ਇਨਾਮ ਦੇ ਕੇ ਸਨਮਾਨਿਤ ਕੀਤਾ। ਜਦੋਂ ਉਨ੍ਹਾਂ ਨੇ ਦੇਖਿਆ ਕਿ ਸੜਕਾਂ 'ਤੇ ਜਾਂਦੀਆਂ ਰੇਤ, ਬਜਰੀ ਅਤੇ ਇੱਟਾਂ ਦੀਆਂ ਟਰਾਲੀਆਂ ਅਤੇ ਟਿੱਪਰਾਂ ਨਾਲ ਧੂੜ ਉਡਦੀ ਹੈ ਅਤੇ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ ਤਾਂ ਸਖ਼ਤ ਸਟੈਂਡ ਲੈਂਦਿਆਂ ਉਨ੍ਹਾਂ ਲੋਕਾਂ ਨੂੰ ਘੇਰ ਕੇ ਚਲਾਨ ਕਰਨੇ ਸ਼ੁਰੂ ਕਰ ਦਿੱਤੇ ਤੇ ਟਿੱਪਰ-ਟਰਾਲੀਆਂ ਢਕਣ ਲਈ ਮਜਬੂਰ ਕਰ ਦਿੱਤਾ। ਸ਼ਰਾਬ ਦੇ ਠੇਕਿਆਂ ਦਾ ਸਮਾਂ ਨਿਰਧਾਰਿਤ ਕੀਤਾ ਅਤੇ ਇਹ ਯਕੀਨੀ ਬਣਾਇਆ ਕਿ ਸਕੂਲ ਕਾਲਜ ਜਾਂ ਹੋਰ ਵਿੱਦਿਅਕ ਸੰਸਥਾਵਾਂ ਤੋਂ ਇਹ ਠੇਕੇ ਇੱਕ ਉਚਿਤ ਦੂਰੀ 'ਤੇ ਹੋਣ। ਇਸ ਤੋਂ ਇਲਾਵਾ ਉਨ੍ਹਾਂ ਨੇ ਸਰਕਾਰੀ ਦਫਤਰਾਂ ਵਿੱਚ ਕੈਮਰੇ ਲਗਵਾਉਣ ਦੀ ਸ਼ੁਰੂਆਤ ਕੀਤੀ, ਜਿਸਦੀ ਵਜਾਹ ਨਾਲ ਕੰਮ ਦੀ ਗਤੀ ਵੀ ਵਧੀ ਅਤੇ ਰਿਸ਼ਵਤ ਨੂੰ ਵੀ ਠੱਲ੍ਹ ਪਈ। ਜ਼ਿਕਰਯੋਗ ਹੈ ਕਿ ਉਹ ਖੁਦ ਆਪਣੇ ਦਫਤਰ ਵਿੱਚ ਬੈਠ ਕੇ ਕੈਮਰੇ ਚੈੱਕ ਕਰਦੇ ਸਨ ਤੇ ਜਿੱਥੇ ਕਿਤੇ ਕੰਮ ਵਿੱਚ ਦੇਰੀ ਜਾਪਦੀ ਸੀ ਜਾਂ ਲਗਦਾ ਸੀ ਕਿ ਲੋਕਾਂ ਨੂੰ ਖੜ੍ਹਿਆਂ ਕਾਫੀ ਸਮਾਂ ਹੋ ਗਿਆ ਹੈ, ਝੱਟ ਆਪਣੀ ਗੱਡੀ ਲੈ ਕੇ ਉੱਥੇ ਜਾ ਪਹੁੰਚਦੇ ਸਨ। ਜੇਕਰ ਇਸ ਬਾਰੇ ਇਮਾਨਦਾਰੀ ਨਾਲ ਗੱਲ ਕਰੀਏ ਤਾਂ ਖੁਦ ਜਾਂ ਆਪਣੇ ਵਾਸਤੇ ਉਨ੍ਹਾਂ ਨੇ ਕਦੀ ਕਿਸੇ ਤੋਂ ਰਿਸ਼ਵਤ ਨਹੀ ਲਈ। ਹਾਂ ਕਿਸੇ ਸਰਦੇ-ਪੁੱਜਦੇ ਅਤੇ ਤਕੜੇ ਬੰਦੇ ਤੋਂ ਰੈੱਡ ਕ੍ਰਾਸ ਸੰਸਥਾ ਲਈ ਜਾਂ ਕਿਸੇ ਹੋਰ ਗਰੀਬ ਦੇ ਭਲੇ ਲਈ ਦਾਨ ਲਿਆ ਹੋਵੇ ਤਾਂ ਕਹਿ ਨਹੀਂ ਸਕਦੇ।

ਆਖਰ ਵਿੱਚ ਕਹਿਣਾ ਬਣਦਾ ਹੈ ਕਿ ਬਾਕੀ ਅਫਸਰਾਂ ਨੂੰ ਵੀ ਕ੍ਰਿਸ਼ਨ ਕੁਮਾਰ ਜਿਹੇ ਅਫਸਰਾਂ ਤੋਂ ਪ੍ਰੇਰਣਾ ਅਤੇ ਸੇਧ ਲੈਣ ਦੀ ਲੋੜ ਹੈ ਤਾਂ ਜੋ ਸਾਡਾ ਮੁਲਕ ਵੀ ਹੋਰ ਵਿਕਸਿਤ ਦੇਸ਼ਾਂ ਦੀ ਤਰ੍ਹਾਂ ਤਰੱਕੀ ਦੇ ਰਾਹ 'ਤੇ ਪੈ ਸਕੇ।

# ਪ੍ਰਵਾਸੀ ਪੰਜਾਬੀ ਦੇ ਘਰੋਂ 25 ਤੋਲੇ ਸੋਨਾ, ਥਾਰ ਗੱਡੀ ਸਮੇਤ ਹੋਰ ਕੀਮਤੀ ਸਾਮਾਨ ਚੋਰ ਲੈ ਗਏ

## ✪ ਪੇਕੇ ਘਰੋਂ ਵਾਪਸ ਆਈ ਤਾਂ ਤਾਲੇ ਟੁੱਟੇ ਦੇਖੇ ਰਹਿ ਗਈ ਹੈਰਾਨ

ਭਵਾਨੀਗੜ੍ਹ-ਸਬ ਡਵੀਜ਼ਨ ਭਵਾਨੀਗੜ੍ਹ ਦੇ ਨਜ਼ਦੀਕੀ ਪਿੰਡ ਮਾਝੀ ਵਿਖੇ ਬੇਖੌਫ ਚੋਰ ਗਿਰੋਹ ਵੱਲੋਂ ਇਕ ਘਰ ਵਿਚ ਚੋਰੀ ਦੀ ਘਟਨਾ ਨੂੰ ਅੰਜਾਮ ਦਿੰਦਿਆਂ ਘਰ 'ਚੋਂ ਇੱਕ ਥਾਰ ਗੱਡੀ, 25 ਤੋਲੇ ਦੇ ਕਰੀਬ ਸੋਨਾ, ਚਾਂਦੀ ਦੇ ਗਹਿਣੇ, ਇਕ ਮਾਈਕਰੋਵੇਵ, ਇਕ ਐਲਈਡੀ, 10 ਹਜ਼ਾਰ ਰੁਪਏ ਦੀ ਨਗਦੀ ਤੇ ਹੋਰ ਕੀਮਤੀ ਸਾਮਾਨ ਚੋਰੀ ਕਰ ਕੇ ਰਫੂ ਚੱਕਰ ਹੋ ਗਏ। ਚੋਰੀ ਦੀ ਵਾਪਰੀ ਘਟਨਾ ਕਾਰਨ ਸਾਰੇ ਪਿੰਡ ਤੇ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ।

ਘਰ ਦੀ ਮਾਲਕਣ ਮਨਜੀਤ ਕੌਰ ਪਤਨੀ ਮਰਹੂਮ ਰਘਵੀਰ ਸਿੰਘ ਵਾਸੀ ਪਿੰਡ ਮਾਝੀ ਨੇ ਦੱਸਿਆ ਕਿ ਉਸ ਦਾ ਪੁੱਤਰ ਤੇ ਨੂੰਹ ਐਨਆਰਆਈ ਹਨ ਜੋ ਕਿ ਕੈਨੇਡਾ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਉਹ ਇੱਥੇ ਘਰ ਵਿਚ ਇਕੱਲੀ ਹੀ ਰਹਿੰਦੀ ਹੈ। ਬੀਤੀ 30 ਅਗਸਤ ਨੂੰ ਉਹ ਆਪਣੇ ਪੇਕੇ ਘਰ ਗਈ ਹੋਈ ਸੀ। ਦੇਰ ਸ਼ਾਮ ਜਦੋਂ ਉਹ ਪਿੰਡ ਮਾਝੀ ਵਿਖੇ ਆਪਣੇ ਘਰ ਵਾਪਸ ਪਰਤੀ ਤਾਂ ਉਸ ਨੇ ਆਪਣੇ ਘਰ ਦੇ ਮੁੱਖ ਗੇਟ ਦਾ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਦਰਵਾਜ਼ੇ ਦਾ ਲੌਕ ਪਹਿਲਾਂ ਤੋਂ ਹੀ ਟੁੱਟਿਆ ਹੋਣ ਕਾਰਨ ਉਹ ਹੈਰਾਨ ਰਹਿ ਗਈ। ਜਦੋਂ ਉਸਨੇ ਘਰ ਦੇ ਅੰਦਰ ਦਾਖਲ ਹੋ ਕੇ ਦੇਖਿਆ ਤਾਂ ਘਰ ਦੇ ਪੋਰਚ 'ਚ ਖੜ੍ਹੀ ਥਾਰ



ਗੱਡੀ ਇਥੋਂ ਗਾਇਬ ਸੀ ਤੇ ਜਦੋਂ ਉਹ ਆਪਣੇ ਘਰ ਦੇ ਅੰਦਰ ਦਾਖਲ ਹੋਈ ਤਾਂ ਉਸ ਨੇ ਦੇਖਿਆ ਕਿ ਘਰ ਦੇ ਅੰਦਰ ਚੋਰਾਂ ਵੱਲੋਂ ਕਮਰਿਆਂ 'ਚ ਪਏ ਬੈੱਡ 'ਤੇ ਅਲਮਾਰੀਆਂ ਦੀ ਭੰਨ ਤੋੜ ਕਰ ਕੇ ਉਨ੍ਹਾਂ ਦੀ ਫਰੋਲਾ-ਫਰਾਲੀ ਕੀਤੀ ਹੋਈ ਸੀ ਅਤੇ ਘਰ ਦੇ ਅੰਦਰ ਸਾਰਾ ਸਮਾਨ ਖਿੱਲਰਿਆ ਪਿਆ ਸੀ

ਪਿੰਡ ਦੇ ਮੌਜੂਦਾ ਸਰਪੰਚ ਜਸਵਿੰਦਰ ਕੌਰ ਦੇ ਪਤੀ ਤੇ ਪਿੰਡ ਦੇ ਸਾਬਕਾ ਸਰਪੰਚ ਕਰਨੈਲ ਸਿੰਘ ਨੇ ਦੱਸਿਆ ਕਿ ਚੋਰ ਘਰ 'ਚੋਂ ਇਕ ਥਾਰ ਗੱਡੀ, 25 ਤੋਲੇ ਸੋਨਾ, 10 ਹਜ਼ਾਰ ਰੁਪਏ ਦੀ ਨਗਦੀ, ਇਕ ਮਾਈਕਰੋਵੇਵ, ਇਕ ਐਲਈਡੀ, ਚਾਂਦੀ ਦੇ ਗਹਿਣੇ ਤੇ ਹੋਰ ਕੀਮਤੀ ਸਾਮਾਨ ਲੈ ਗਏ। ਉਨ੍ਹਾਂ ਦੱਸਿਆ ਕਿ ਚੋਰੀ ਦੀ ਵਾਪਰੀ ਇਸ ਘਟਨਾ ਬਜ਼ੁਰਗ ਵਿਧਵਾ ਮਨਜੀਤ ਕੌਰ ਦਾ ਕਈ ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ। ਸਾਬਕਾ ਸਰਪੰਚ ਕਰਨੈਲ ਸਿੰਘ ਨੇ ਦੱਸਿਆ ਕਿ ਚੋਰਾਂ ਵੱਲੋਂ ਘਰ ਅੰਦਰ ਖੜ੍ਹਾ ਬੁਲਟ ਮੋਟਰਸਾਈਕਲ ਵੀ ਚੋਰੀ ਕਰ ਕੇ ਲੈ ਜਾਣ ਦੀ ਨੀਅਤ ਨਾਲ ਘਰ ਦੇ ਬਾਹਰ ਖੜ੍ਹਾ ਕੀਤਾ ਹੋਇਆ ਸੀ ਪਰ ਮੋਟਰਸਾਈਕਲ ਦੇ ਟਾਇਰਾਂ 'ਚ ਹਵਾ ਨਾ ਹੋਣ ਕਾਰਨ ਇਸ ਦਾ ਬਚਾਅ ਹੋ ਗਿਆ।

ਉਨ੍ਹਾਂ ਦੱਸਿਆ ਕਿ ਚੋਰਾਂ ਵੱਲੋਂ ਘਰ ਵਿਚ ਖੜ੍ਹੇ ਇਕ ਚੇਤਕ ਸਕੂਟਰ ਦੀ ਡਿੱਗੀ ਵੀ ਸਟਾਰਟ ਕਰਨ ਦੀ ਨੀਅਤ ਨਾਲ ਖੋਲ੍ਹੀ ਗਈ ਸੀ। ਕਰਨੈਲ ਸਿੰਘ ਨੇ ਦੱਸਿਆ ਕਿ ਘਰ ਦੀ ਮਾਲਕਣ ਬਜ਼ੁਰਗ ਵਿਧਵਾ ਮਨਜੀਤ ਕੌਰ ਵੱਲੋਂ ਇਸ ਘਟਨਾ ਦੀ ਸੂਚਨਾ ਸਥਾਨਕ ਪੁਲਿਸ ਨੂੰ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਪਹੁੰਚੀ ਪੁਲਿਸ ਪਾਰਟੀ ਵੱਲੋਂ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਘਰ ਦੇ ਆਸਪਾਸ 'ਤੇ ਪਿੰਡ ਵਿੱਚ ਹੋਰ ਕਈ ਥਾਵਾਂ 'ਤੇ ਲੱਗੇ ਹੋਏ ਸੀਸੀਟੀਵੀ ਕੈਮਰਿਆਂ ਨੂੰ ਵੀ ਖੰਗਾਲਿਆ ਜਾ ਰਿਹਾ ਸੀ।

# ਕਰਜ਼ੇ ਦਾ ਵਿਆਜ ਨਾ ਦੇਣ 'ਤੇ ਕੀਤਾ ਜਿਨਸੀ ਸ਼ੋਸ਼ਣ, ਗਰਭਵਤੀ ਕਰ ਦਿੱਤੀ ਔਰਤ

ਫਿਲੌਰ-ਫਿਲੌਰ ਦੇ ਨੇੜੇ ਪਿੰਡ 'ਚ ਇਕ ਅਜੀਬ ਮਾਮਲਾ ਸਾਹਮਣੇ ਆਇਆ, ਜਿਸ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। 45 ਤੋਂ 50 ਸਾਲ ਦੀ ਉਮਰ ਦੇ ਇਕ ਵਿਅਕਤੀ ਦੇ ਆਪਣੀ ਹੀ ਉਮਰ ਦੀ ਇਕ ਔਰਤ ਨਾਲ ਸਬੰਧ ਸਨ।

ਔਰਤ ਗਰਭਵਤੀ ਹੋ ਗਈ। 2 ਹਫਤੇ ਪਹਿਲਾਂ ਔਰਤ ਨੇ ਇਕ ਕੁੜੀ ਨੂੰ ਜਨਮ ਦਿੱਤਾ, ਜਿਸ ਨੂੰ ਦੋਵਾਂ ਨੇ ਗੋਦ ਲੈਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਦੋਵੇਂ ਪਹਿਲਾਂ ਹੀ ਵਿਆਹੇ ਹੋਏ ਸਨ ਅਤੇ ਦੋਵਾਂ ਦੇ ਬੱਚੇ ਵੀ ਸਨ। ਫਿਰ ਉਨ੍ਹਾਂ ਨੇ ਨਵਜੰਮੀ ਕੁੜੀ ਨੂੰ ਗੋਦ ਲੈਣ ਲਈ ਕਿਸੇ ਪਰਿਵਾਰ ਨੂੰ ਦੇ ਦਿੱਤਾ, ਜਿਸ 'ਚ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਇਕ ਸਮਾਜ ਸੇਵਕ ਨੇ ਆਪਣਾ ਨਾਮ ਗੁਪਤ ਰੱਖਦੇ ਹੋਏ ਨਵਜੰਮੀ ਕੁੜੀ ਨੂੰ ਇਨਸਾਫ ਦਿਵਾਉਣ ਲਈ ਸਥਾਨਕ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ।

ਜਾਣਕਾਰੀ ਅਨੁਸਾਰ ਇਕ ਲੋੜਵੰਦ ਔਰਤ ਨੂੰ ਪੈਸਿਆਂ ਦੀ ਲੋੜ ਸੀ। ਉਸ ਦਾ ਪਤੀ ਕੰਮ ਲਈ ਵਿਦੇਸ਼ ਗਿਆ ਹੋਇਆ ਸੀ। ਉਸ ਦੀ ਪਤਨੀ ਆਪਣੀ 16 ਸਾਲ ਦੀ ਧੀ ਅਤੇ ਸੱਸ ਨਾਲ ਘਰ ਵਿਚ ਰਹਿ ਰਹੀ ਸੀ। ਉਸ ਨੇ ਨੇੜਲੇ ਪਿੰਡ ਦੇ ਇਕ ਵਿਅਕਤੀ ਨਾਲ ਸੰਪਰਕ ਕੀਤਾ, ਜੋ ਵਿਆਜ 'ਤੇ ਪੈਸੇ ਦਿੰਦਾ ਹੈ। ਉਸ ਨੇ ਆਪਣੀ ਇਕ ਜ਼ਮੀਨ ਨੂੰ ਗਹਿਣੇ ਰੱਖ ਕੇ ਉਸ ਤੋਂ ਵਿਆਜ 'ਤੇ 3 ਲੱਖ ਰੁਪਏ ਲੈ ਲਏ।

ਇਹ ਵੀ ਪਤਾ ਲੱਗਾ ਹੈ ਕਿ ਔਰਤ ਨੇ ਵਿਆਜ 'ਤੇ ਲਈ ਸਾਰੀ ਰਕਮ ਵਾਪਸ ਕਰ ਦਿੱਤੀ ਹੈ ਪਰ ਉਸ ਵਿਅਕਤੀ ਨੇ ਰਕਮ ਦੁੱਗਣੀ ਕਰ ਦਿੱਤੀ ਕਿਉਂਕਿ ਉਹ ਸਮੇਂ ਸਿਰ ਵਿਆਜ ਨਹੀਂ ਦੇ ਸਕੀ ਅਤੇ ਔਰਤ ਦੀ ਬੇਵੱਸੀ ਦਾ ਫਾਇਦਾ ਉਠਾ ਕੇ ਉਸ ਨਾਲ ਸਰੀਰਕ ਸਬੰਧ ਬਣਾਉਣ ਲੱਗ ਪਿਆ, ਜਿਸ ਕਾਰਨ ਔਰਤ ਗਰਭਵਤੀ ਹੋ ਗਈ। ਡਾਕਟਰ ਨੇ ਬੱਚੇ ਦਾ ਗਰਭਪਾਤ ਕਰਨ ਤੋਂ ਇਨਕਾਰ ਕਰ ਦਿੱਤਾ, ਇਸ ਲਈ ਉਸ ਨੂੰ ਬੇਵੱਸੀ 'ਚ ਇਕ ਬੱਚੀ ਨੂੰ ਜਨਮ ਦੇਣਾ ਪਿਆ।

ਜਦੋਂ ਸਟੇਸ਼ਨ ਇੰਚਾਰਜ ਭੂਸ਼ਣ ਕੁਮਾਰ ਨਾਲ ਇਸ ਸਬੰਧ 'ਚ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ। 21 ਅਗਸਤ ਨੂੰ ਔਰਤ ਨੇ ਜਲੰਧਰ ਦੇ ਇਕ ਹਸਪਤਾਲ 'ਚ ਇਕ ਕੁੜੀ ਨੂੰ ਜਨਮ ਦਿੱਤਾ ਅਤੇ 5 ਦਿਨਾਂ ਬਾਅਦ ਹੀ ਉਸ ਨੂੰ ਕਿਸੇ ਹੋਰ ਪਰਿਵਾਰ ਨੂੰ ਗੋਦ ਲੈਣ ਲਈ ਦੇ ਦਿੱਤਾ। ਸਟੇਸ਼ਨ ਇੰਚਾਰਜ ਨੇ ਦੱਸਿਆ ਕਿ ਔਰਤ ਨੇ ਕਿਹਾ ਕਿ ਉਹ ਅਤੇ ਆਦਮੀ ਆਪਣੀ ਮਰਜ਼ੀ ਨਾਲ ਲਿਵ-ਇਨ ਰਿਲੇਸ਼ਨਸ਼ਿਪ ਵਿਚ ਰਹਿ ਰਹੇ ਸਨ, ਜਿਸ 'ਚ ਉਹ ਗਰਭਵਤੀ ਹੋ ਗਈ ਅਤੇ ਉਸ ਨੂੰ ਬੱਚੇ ਨੂੰ ਜਨਮ ਦੇਣਾ ਪਿਆ। ਉਸ ਨੇ ਉਨ੍ਹਾਂ ਨੂੰ ਗੋਦ ਲੈਣ ਦੀ ਪ੍ਰਕਿਰਿਆ ਦੇ ਦਸਤਾਵੇਜ਼ ਵੀ ਦਿੱਤੇ ਹਨ।

# ਅਣਖ ਕਾਰਣ ਪਿਤਾ ਨੇ ਲਵ ਮੈਰਿਜ ਕਰਾਉਣ ਵਾਲੀ ਕੁੜੀ ਦਾ ਕੀਤਾ ਕਤਲ, ਦੋਹਤੀ ਗੰਭੀਰ ਜ਼ਖ਼ਮੀ

ਬਠਿੰਡਾ-ਜ਼ਿਲ੍ਹੇ ਦੇ ਪਿੰਡ ਵਿਰਕ ਕਲਾਂ ਵਿੱਚ ਪ੍ਰੇਮ ਵਿਆਹ ਤੋਂ ਨਰਾਜ਼ ਪਿਤਾ ਨੇ ਆਪਣੀ ਕੁੜੀ ਦੀ ਹੱਤਿਆ ਕਰ ਦਿੱਤੀ ਜਦੋਂ ਕਿ 2 ਸਾਲ ਦੀ ਮਾਸੂਮ ਦੋਹਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਦੇ ਨੰਬਰਦਾਰ ਰਾਜਵੀਰ ਸਿੰਘ ਦੀ ਕੁੜੀ ਨੇ ਆਪਣੇ ਹੀ ਪਿੰਡ ਵਿਰਕ ਕਲਾਂ ਦੇ ਮੁੰਡੇ ਨਾਲ ਪ੍ਰੇਮ ਵਿਆਹ ਕਰਵਾ ਲਿਆ ਸੀ। ਦੋਵੇਂ ਪਤੀ ਪਤਨੀ ਪਿੰਡ ਵਿੱਚ ਹੀ ਰਹਿ ਰਹੇ ਸਨ। ਵਿਆਹ ਤੋਂ ਬਾਅਦ ਦੋਵਾਂ ਦੇ ਇੱਕ ਕੁੜੀ ਨੇ ਜਨਮ ਲਿਆ ਸੀ ਜਿਹੜੀ ਕਿ ਹੁਣ ਦੋ ਸਾਲ ਦੀ ਹੈ। ਕੁੜੀ ਦਾ ਪਿਤਾ ਇਸ ਪ੍ਰੇਮ ਵਿਆਹ ਤੋਂ ਨਾਰਾਜ਼ ਚੱਲ ਰਿਹਾ ਸੀ, ਜਿਸ ਨੇ ਆਪਣੀ ਕੁੜੀ ਉੱਪਰ ਹਮਲਾ ਕਰ ਦਿੱਤਾ।

ਜਾਣਕਾਰੀ ਅਨੁਸਾਰ ਪ੍ਰੇਮ ਵਿਆਹ ਕਰਵਾਉਣ ਵਾਲੀ ਕੁੜੀ ਦਵਾਈ ਲੈਣ ਲਈ ਬਠਿੰਡਾ ਜਾ ਰਹੀ ਸੀ। ਉਹ ਵਿਰਕ ਕਲਾਂ ਦੇ ਬੱਸ ਅੱਡੇ ਉੱਪਰ ਬੱਸ ਦੀ ਉਡੀਕ ਕਰ ਰਹੀ ਸੀ ਕਿ ਇਸ ਦੌਰਾਨ ਉਸ ਦਾ ਪਿਤਾ ਆ ਗਿਆ ਜਿਸਨੇ ਕਹੀ ਨਾਲ ਵਾਰ ਕਰਕੇ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਦੋਂ ਕਿ ਉਸ ਦੀ ਦੋ ਸਾਲ ਦੀ ਬੱਚੀ ਗੰਭੀਰ ਰੂਪ ਜ਼ਖ਼ਮੀ ਹੋ ਗਈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ।

# ਜਲੰਧਰ ਵਿਚ ਪ੍ਰਵਾਸੀ ਪੰਜਾਬੀ ਦੇ ਘਰ ਦੇ ਬਾਹਰ ਗੋਲੀ ਚਲਾਈ ਗੈਂਗਸਟਰਾਂ ਨੇ

## ✪ ਅਣਪਛਾਤੇ ਲੋਕਾਂ ਖਿਲਾਫ਼ ਮਾਮਲਾ ਦਰਜ; ਜਲਦ ਕੀਤਾ ਜਾਵੇਗਾ ਗ੍ਰਿਫ਼ਤਾਰ

ਜਲੰਧਰ-ਜਲੰਧਰ ਦੇ ਥਾਣਾ ਮਕਸੂਦਾਂ ਅਧੀਨ ਆਉਂਦੇ ਪਿੰਡ ਕਾਹਲਵਾਂ ਵਿਚ ਰਾਤ ਦੌਰਾਨ ਤਿੰਨ ਅਣਪਛਾਤੇ ਨੌਜਵਾਨਾਂ ਨੇ ਇਕ ਐੱਨਆਰਆਈ ਦੇ ਘਰ ਦੇ ਬਾਹਰ ਗੋਲੀਆਂ ਚਲਾ ਕੇ ਦਹਿਸ਼ਤ ਫੈਲਾ ਦਿੱਤੀ। ਫਾਇਰਿੰਗ ਸਮੇਂ ਘਰ 'ਚ ਸਿਰਫ਼ ਇਕ ਬਜ਼ੁਰਗ ਵਿਅਕਤੀ ਮੌਜੂਦ ਸੀ, ਜਿਸਨੇ ਹਿੰਮਤ ਦਿਖਾਈ ਤੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਮੌਕੇ 'ਤੇ ਪਹੁੰਚੀ ਥਾਣਾ ਕਰਤਾਰਪੁਰ ਦੀ ਪੁਲਿਸ ਨੇ ਘਟਨਾ ਵਾਲੀ ਥਾਂ ਦਾ ਜਾਇਜ਼ਾ ਲਿਆ ਤੇ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ। ਫੁਟੇਜ 'ਚ ਸਾਫ਼ ਦਿਖਾਈ ਦੇ ਰਿਹਾ ਸੀ ਕਿ ਤਿੰਨ ਨੌਜਵਾਨ ਐਕਟਿਵਾ ਸਕੂਟੀ 'ਤੇ ਆਏ ਸਨ। ਉਨ੍ਹਾਂ ਨੇ ਘਰ ਦੇ ਬਾਹਰ ਫਾਇਰਿੰਗ ਕੀਤੀ ਤੇ ਤੁਰੰਤ ਭੱਜ ਗਏ। ਇਸ ਘਟਨਾ ਨਾਲ ਪੂਰੇ ਪਿੰਡ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਜਾਣਕਾਰੀ ਅਨੁਸਾਰ ਜਿਸ ਘਰ ਦੇ ਬਾਹਰ ਫਾਇਰਿੰਗ ਕੀਤੀ ਗਈ ਸੀ, ਉਸ ਦੇ ਜ਼ਿਆਦਾਤਰ ਮੈਂਬਰ ਵਿਦੇਸ਼ 'ਚ ਰਹਿੰਦੇ ਸਨ। ਦੱਸਿਆ ਜਾ ਰਿਹਾ ਹੈ ਕਿ ਹਾਲ ਹੀ 'ਚ ਪਰਿਵਾਰ ਨੂੰ ਧਮਕੀ ਭਰੇ ਫੋਨ ਆਏ ਸਨ ਪਰ ਪੁਲਿਸ ਨੇ ਇਸਦੀ ਪੁਸ਼ਟੀ ਨਹੀਂ ਕੀਤੀ ਹੈ। ਪੁਲਿਸ ਦਾ ਦਾਅਵਾ ਹੈ ਕਿ ਪੀੜਤ ਪਰਿਵਾਰ ਨੂੰ ਕਿਸੇ 'ਤੇ ਸ਼ੱਕ ਨਹੀਂ ਹੈ। ਹਾਲਾਂਕਿ, ਇਹ ਮੰਨਿਆ ਜਾ ਰਿਹਾ ਹੈ ਕਿ ਇਹ ਫਾਇਰਿੰਗ ਸਿਰਫ ਰੰਗਦਾਰੀ ਦੀ ਰਕਮ ਇਕੱਠੀ ਕਰਨ ਲਈ ਕੀਤੀ ਗਈ ਸੀ, ਤਾਂ ਜੋ ਪਰਿਵਾਰ ਨੂੰ ਡਰਾਇਆ ਜਾ ਸਕੇ। ਪੁਲਿਸ ਨੇ ਬਜ਼ੁਰਗ ਵਿਅਕਤੀ ਦੀ ਸ਼ਿਕਾਇਤ 'ਤੇ ਅਣਪਛਾਤੇ ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

# ਨਸ਼ੇੜੀਆਂ ਦੀ ਕਰਤੂਤ: ਹਬੀਬ ਕੇ ਬੰਨ੍ਹ ਦੇ ਲੋਹੇ ਦੇ ਜਾਲ ਕੱਟੇ, ਤਬਾਹੀ ਦਾ ਖ਼ਤਰਾ

## ✪ ਚਿੱਟੇ ਨੇ ਪੰਜਾਬ ਨੂੰ ਡੁੱਬਣ ਦੀ ਕੀਤੀ ਸਾਜਿਸ਼, ਪਿੰਡ ਵਾਸੀਆਂ ਨੇ ਬਚਾਇਆ





ਫਿਰੋਜ਼ਪੁਰ-ਪੰਜਾਬ ਵਿੱਚ ਚਿੱਟੇ ਦੇ ਨਸ਼ੇ ਨੇ ਹੁਣ ਨਾ ਸਿਰਫ਼ ਨੌਜਵਾਨਾਂ ਨੂੰ ਉਡਾਇਆ ਹੈ, ਸਗੋਂ ਪੂਰੇ ਰਾਜ ਨੂੰ ਡੁੱਬਣ ਅਤੇ ਰੁੜ੍ਹਨ ਦੇ ਕੰਢੇ ਖੜ੍ਹਾ ਕਰ ਦਿੱਤਾ ਹੈ। 'ਉਡਦਾ ਪੰਜਾਬ' ਵਾਲੀ ਗੱਲ ਹੁਣ ਇਤਿਹਾਸ ਬਣ ਗਈ ਹੈ, ਅਤੇ ਇਸ ਵਾਰ ਦੇ ਹੜ੍ਹਾਂ ਵਿੱਚ ਨਸ਼ੇੜੀਆਂ ਨੇ ਹਿੰਦ-ਪਾਕ ਸਰਹੱਦੀ ਬੰਨ੍ਹ ਹਬੀਬ ਕੇ ਨੂੰ ਨਿਸ਼ਾਨਾ ਬਣਾਇਆ। ਨਸ਼ੇ ਦੀ ਪੂਰਤੀ ਲਈ ਉਹਨਾਂ ਨੇ ਬੰਨ੍ਹ ਦੀਆਂ ਨੋਚਾਂ ਅਤੇ ਸੇਫਟੀ ਵਾਲਾਂ ਵਿੱਚ ਵਰਤੇ ਲੋਹੇ ਦੇ ਜਾਲ ਕੱਟ ਕੇ ਕਬਾੜੀਆਂ ਨੂੰ ਵੇਚ ਦਿੱਤੇ। ਨਤੀਜਾ ਇਹ ਹੋਇਆ ਕਿ ਤੇਜ਼ ਰਫ਼ਤਾਰ ਵਾਲੇ ਦਰਿਆ ਸਤਲੁਜ ਦੇ ਪਾਣੀ ਨੇ ਬੰਨ੍ਹ ਨੂੰ ਖੋਰਨਾ ਸ਼ੁਰੂ ਕਰ ਦਿੱਤਾ, ਅਤੇ ਹਾਲਾਤ 1988 ਵਾਲੇ ਹੜ੍ਹਾਂ ਨਾਲੋਂ ਵੀ ਭੈੜੇ ਹੋ ਸਕਦੇ ਸਨ। ਪਰ ਪਿੰਡ ਵਾਸੀਆਂ ਦੀ ਸੁਚੇਤਾ ਅਤੇ ਫੌਜ ਦੀ ਤੁਰੰਤ ਕਾਰਵਾਈ ਨੇ ਵੱਡੀ ਤਬਾਹੀ ਨੂੰ ਰੋਕਿਆ।

ਹਬੀਬ ਕੇ ਬੰਨ੍ਹ, ਜੋ ਪਾਕਿਸਤਾਨ ਸਰਹੱਦ ਨਾਲ ਸਥਿਤ ਹੈ, ਪੰਜਾਬ ਦੀ ਸੁਰੱਖਿਆ ਅਤੇ ਹੜ੍ਹਾਂ ਤੋਂ ਬਚਾਅ ਦਾ ਮਹੱਤਵਪੂਰਨ ਹਿੱਸਾ ਹੈ। ਇੱਥੇ ਨਾਜ਼ੁਕ ਥਾਵਾਂ 'ਤੇ ਪੱਥਰਾਂ ਨਾਲ ਬਣੀਆਂ ਨੋਚਾਂ ਅੱਗੇ ਸੇਫਟੀ ਵਾਲ ਬਣਾਈ ਗਈ ਸੀ, ਜਿਸ ਵਿੱਚ ਵੱਡੇ ਪਹਾੜੀ ਪੱਥਰਾਂ ਨੂੰ ਲੋਹੇ ਦੇ ਮਜ਼ਬੂਤ ਜਾਲਾਂ ਵਿੱਚ ਬੰਨ੍ਹ ਕੇ ਰੱਖਿਆ ਗਿਆ ਸੀ। ਇਹ ਜਾਲ ਪਾਣੀ ਦੇ ਤੇਜ਼ ਵਹਾਅ ਨੂੰ ਰੋਕਣ ਅਤੇ ਬੰਨ੍ਹ ਨੂੰ ਮਜ਼ਬੂਤ ਰੱਖਣ ਲਈ ਬਣਾਏ ਗਏ ਸਨ। ਪਰ ਨਸ਼ੇੜੀਆਂ ਨੇ ਇਨ੍ਹਾਂ ਨੂੰ ਵੀ ਲੁੱਟ ਲਿਆ। ਜਗ੍ਹਾ-ਜਗ੍ਹਾ ਜਾਲ ਕੱਟੇ ਜਾਣ ਕਾਰਨ ਪੱਥਰ ਪਾਣੀ ਵਿੱਚ ਰੁੜ੍ਹ ਗਏ, ਅਤੇ ਹਰੀ ਕੇ ਹੈੱਡ ਤੋਂ ਆਉਂਦਾ ਪਾਣੀ ਸਿੱਧਾ ਬੰਨ੍ਹ ਨਾਲ ਟਕਰਾਉਣ ਲੱਗਾ। ਇਸ ਨਾਲ ਡੂੰਘੀਆਂ ਘਾਰਾਂ ਪੈਣ ਲੱਗ ਪਈਆਂ, ਜੋ ਬੰਨ੍ਹ ਨੂੰ ਟੁੱਟਣ ਵਾਲੀ ਸਥਿਤੀ ਬਣਾ ਰਹੀਆਂ ਸਨ।

ਪਿੰਡ ਹਬੀਬ ਕੇ ਦੇ ਵਾਸੀਆਂ ਨੇ ਇਹ ਨਜ਼ਾਰਾ ਵੇਖ ਕੇ ਫੌਰੀ ਐਲਰਟ ਕੀਤਾ। ਉਹਨਾਂ ਨੇ ਪ੍ਰਸ਼ਾਸਨ ਨੂੰ ਸੂਚਿਤ ਕੀਤਾ, ਅਤੇ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਫੌਜ ਨੂੰ ਬੁਲਾ ਲਿਆ ਗਿਆ। ਨਾ ਸਿਰਫ਼ ਫੌਜ, ਸਗੋਂ ਪੰਜਾਬ ਭਰ ਤੋਂ, ਰਾਜਸਥਾਨ ਅਤੇ ਹਰਿਆਣਾ ਤੱਕ ਤੋਂ ਆਈਆਂ ਸੰਗਤਾਂ ਨੇ ਹੰਭਲਾ ਮਾਰਦਿਆਂ ਬੰਨ੍ਹ ਨੂੰ ਬਚਾਇਆ। ਲੋਕਾਂ ਨੇ ਰੇਤ ਦੀਆਂ ਬੋਰੀਆਂ ਭਰੀਆਂ, ਪੱਥਰ ਲਾਏ ਅਤੇ ਘਾਰਾਂ ਨੂੰ ਭਰਨ ਵਿੱਚ ਲੱਗ ਗਏ। ਇੱਕ ਵਾਸੀ ਨੇ ਦੱਸਿਆ, "ਅਸੀਂ ਨਸ਼ੇੜੀਆਂ ਦੇ ਕੰਮ ਨੂੰ ਵੇਖ ਕੇ ਡਰ ਗਏ, ਪਰ ਸਭ ਨੇ ਮਿਲ ਕੇ ਬੰਨ੍ਹ ਨੂੰ ਬਚਾ ਲਿਆ। ਜੇ ਟੁੱਟ ਜਾਂਦਾ ਤਾਂ ਪੂਰਾ ਫਿਰੋਜ਼ਪੁਰ ਤਬਾਹ ਹੋ ਜਾਂਦਾ।" ਇਹ ਵਾਕਿਆ ਪੰਜਾਬ ਵਿੱਚ ਚਿੱਟੇ ਦੇ ਨਸ਼ੇ ਦੇ ਵਧਦੇ ਪ੍ਰਭਾਵ ਨੂੰ ਉਜਾਗਰ ਕਰਦਾ ਹੈ, ਜਿੱਥੇ ਨਸ਼ੇੜੀਆਂ ਨੇ ਚੋਰੀਆਂ-ਚੱਕਰੀਆਂ ਤੋਂ ਇਲਾਵਾ ਨਹੀਰਾਂ ਦੇ ਪੁੱਲਾਂ ਅਤੇ ਹੁਣ ਬੰਨ੍ਹਾਂ ਦੇ ਜਾਲਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ।

ਇਸ ਮਾਮਲੇ ਵਿੱਚ ਹੈਰਾਨੀਜਨਕ ਗੱਲ ਇਹ ਹੈ ਕਿ ਨਸ਼ੇੜੀਆਂ ਵੱਲੋਂ ਕੱਟੇ ਗਏ ਲੋਹੇ ਨੂੰ ਕਬਾੜੀਆਂ ਖਰੀਦ ਰਹੇ ਹਨ, ਪਰ ਪੁਲਿਸ ਵੱਲੋਂ ਉਹਨਾਂ ਵਿਰੁੱਧ ਕੋਈ ਸਖ਼ਤ ਕਾਰਵਾਈ ਨਹੀਂ ਹੋ ਰਹੀ। ਬੀਤੇ ਦਹਾਕਿਆਂ ਤੋਂ ਚੋਰੀ ਦਾ ਮਾਲ ਖਰੀਦਣ ਵਾਲੇ ਕਬਾੜੀਆਂ ਨੂੰ ਫੜ੍ਹਨ ਤੋਂ ਬਾਅਦ ਵੀ ਉਹਨਾਂ ਨੂੰ ਛੱਡ ਦਿੱਤਾ ਜਾਂਦਾ ਰਿਹਾ ਹੈ। ਪਿੰਡਾਂ ਵਿੱਚ ਕਿਸਾਨਾਂ ਦੀਆਂ ਮੋਟਰਾਂ ਤੋਂ ਸਟਾਰਟਰ ਅਤੇ ਸਬਮਰਸੀਬਲਾਂ ਦੀਆਂ ਤਾਰਾਂ ਚੋਰੀ ਹੋਣ 'ਤੇ ਵੀ ਚੋਰ ਕਬਾੜੀਆਂ ਦੇ ਨਾਂ ਲੈਂਦੇ ਹਨ, ਪਰ ਪੁਲਿਸ ਨੇ ਕਦੇ ਵੀ ਵੱਡੀ ਕਾਰਵਾਈ ਨਹੀਂ ਕੀਤੀ।

ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਨੇ ਇਸ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਹਬੀਬ ਕੇ ਬੰਨ੍ਹ ਸਮੇਤ ਸਾਰੀਆਂ ਨਾਜ਼ੁਕ ਥਾਵਾਂ ਦੀ ਰਿਪੇਅਰ ਅਤੇ ਸੁਰੱਖਿਆ ਲਈ ਯੋਜਨਾਬੰਦੀ ਕੀਤੀ ਜਾ ਰਹੀ ਹੈ। "ਹੜ੍ਹਾਂ ਦੇ ਹਾਲਾਤ ਨਾਰਮਲ ਹੋਣ 'ਤੇ ਪਹਿਲਾਂ ਬੰਨ੍ਹਾਂ ਦੀ ਮੁੜ ਮਜ਼ਬੂਤੀ ਅਤੇ ਸਾਂਭ-ਸੰਭਾਲ ਦਾ ਕੰਮ ਹੋਵੇਗਾ। ਫੌਜ ਅਤੇ ਇੰਜੀਨੀਅਰਿੰਗ ਵਿਭਾਗ ਨਾਲ ਮਿਲ ਕੇ ਲੋਹੇ ਦੇ ਜਾਲਾਂ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਨਸ਼ੇੜੀਆਂ ਵਿਰੁੱਧ ਵਿਸ਼ੇਸ਼ ਨਿਗਰਾਨੀ ਵਧਾਈ ਜਾਵੇਗੀ।" ਉਹਨਾਂ ਨੇ ਵਾਸੀਆਂ ਨੂੰ ਅਪੀਲ ਕੀਤੀ ਕਿ ਅਜਿਹੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਅਤੇ ਰਿਪੋਰਟ ਕਰਨ।

# ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਕੁੜੀ ਦੂਬਈ ਤੋਂ ਖਰੀਦ ਲਿਆਈ ਦੋ ਕਿਸ਼ਤੀਆਂ



✪ ਖ਼ਾਲਸਾ ਏਡ ਦੀ ਟੀਮ ਦੇ ਹਵਾਲੇ ਕੀਤੀਆਂ

ਫਿਰੋਜ਼ਪੁਰ-ਹਿਮਾਚਲ ਪ੍ਰਦੇਸ਼ ਦੇ ਬਨੀ ਖੇਤ (ਡਲਹੌਜ਼ੀ) ਵਿਖੇ ਮੈਡੀਟੇਸ਼ਨ ਐਂਡ ਵੈੱਲਨੈੱਸ ਸੈਂਟਰ ਚਲਾਉਣ ਵਾਲੀ ਮੀਰਾ ਹੜ੍ਹਾਂ ਵਿਚ ਫਸੇ ਲੋਕਾਂ ਵਾਸਤੇ ਕਿਸ਼ਤੀਆਂ ਅਤੇ ਹੋਰ ਘਰੇਲੂ ਰਾਹਤ ਸਮੱਗਰੀ ਲੈਕੇ ਸਰਹੱਦੀ ਜ਼ਿਲ੍ਹਾ ਫਿਰੋਜ਼ਪੁਰ ਪਹੁੰਚੀ ਹੈ। ਇਸ ਸਬੰਧੀ ਮੀਰਾ ਨੇ ਦੱਸਿਆ ਕਿ ਜਦੋਂ ਉਸ ਨੇ ਖ਼ਬਰਾਂ ਵਿਚ ਪੰਜਾਬ ਦੇ ਹੜ੍ਹਾਂ ਸਬੰਧੀ ਸੁਣਿਆ ਤਾਂ ਉਸ ਤੋਂ ਦਰਦ ਵੇਖਿਆ ਨਹੀਂ ਗਿਆ। ਉਸ ਨੇ ਪਤਾ ਕੀਤਾ ਭਾਰਤ ਵਿੱਚੋਂ ਕਿਤੋਂ ਵੀ ਬੋਟ ਜਲਦੀ ਨਹੀਂ ਮਿਲ ਰਹੀਆਂ ਸਨ ਤਾਂ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜੀ, ਜਿੱਥੋਂ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਕਰਕੇ ਦੁਬਈ ਪਹੁੰਚ ਕੇ ਉੱਥੋਂ ਇੱਕ ਦਿਨ ਵਿੱਚ ਦੋ ਕਿਸ਼ਤੀਆਂ ਖਰੀਦ ਕੇ ਲਿਆਈ।

ਇਸ ਦੌਰਾਨ ਉਨ੍ਹਾਂ ਫਿਰੋਜ਼ਪੁਰ ਦੇ ਫਿਲਮੀ ਕਲਾਕਾਰ, ਗੀਤਕਾਰ ਗਾਮਾ ਸਿੱਧੂ ਅਤੇ ਫਿਲਮ ਡਾਈਰੈਕਟਰ ਅਵਤਾਰ ਭੁੱਲਰ ਨਾਲ ਸੰਪਰਕ ਕਰਕੇ ਫ਼ਿਰੋਜ਼ਪੁਰ ਦੇ ਪਿੰਡ ਹਾਮਦ ਚੱਕ ਵਿਖੇ ਪੁੱਜ ਕੇ ਕਿਸ਼ਤੀਆਂ ਗਾਇਕ ਇੰਦਰਜੀਤ ਨਿੱਕੂ ਤੇ ਖ਼ਾਲਸਾ ਏਡ ਦੀ ਟੀਮ ਦੇ ਹਵਾਲੇ ਕਰ ਦਿੱਤੀਆਂ।

ਉਹਨਾਂ ਕਿਹਾ ਕਿ ਉਹ ਭੈਣਾਂ ਅਤੇ ਬੱਚਿਆਂ ਲਈ ਵੀ ਜ਼ਰੂਰੀ ਸਾਮਾਨ ਵੀ ਲੈਕੇ ਆਈ ਹੈ। ਇਸ ਤੋਂ ਇਲਾਵਾ ਦਵਾਈਆਂ ਵੀ ਨਾਲ ਲਿਆਂਦੀਆਂ ਹਨ ਜੋ ਲੋੜਵੰਦ ਲੋਕਾਂ ਨੂੰ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਇੰਦਰਜੀਤ ਨਿੱਕੂ ਹੋਰਾਂ ਦੀ ਟੀਮ ਦਿਨ ਰਾਤ ਲੋਕਾਂ ਦੀ ਸੇਵਾ ਵਿਚ ਲੱਗੀ ਹੋਈ ਹੈ। ਉਹ ਲੋਕਾਂ ਨੂੰ ਘਰਾਂ ਵਿੱਚ ਜਾ ਕੇ ਰਾਸ਼ਨ ਆਦਿ ਵੰਡ ਰਹੀ ਹੈ। ਇਸ ਮੌਕੇ ਗਾਇਕ ਇੰਦਰਜੀਤ ਨਿੱਕੂ, ਯੁੱਧਵੀਰ ਮਾਣਕ, ਗਾਮਾ ਸਿੱਧੂ, ਅਵਤਾਰ ਭੁੱਲਰ, ਅਦਾਕਾਰਾ ਅਰਵਿੰਦਰ ਕੌਰ, ਪ੍ਰਭਜੋਤ ਸਿੰਘ, ਆਦਿ ਹਾਜ਼ਰ ਸਨ।

# ਮੌਜੂਦਾ ਸੰਮਤੀ ਮੈਂਬਰ ਤੇ ਸਾਬਕਾ ਸਰਪੰਚ ਦਾ ਗੋਲੀਆਂ ਮਾਰ ਕੇ ਕਤਲ



ਸ੍ਰੀ ਹਰਿਗੋਬਿੰਦਪੁਰ (ਬਟਾਲਾ)-ਜ਼ਿਲ੍ਹਾ ਗੁਰਦਾਸਪੁਰ ਦੇ ਵਿਧਾਨ ਸਭਾ ਹਲਕਾ ਸ੍ਰੀ ਹਰਿਗੋਬਿੰਦਪੁਰ ਅਧੀਨ ਆਉਂਦੇ ਪਿੰਡ ਚੀਮਾ ਖੁੱਡੀ ਦੇ ਵਾਸੀ ਸਾਬਕਾ ਸਰਪੰਚ ਅਤੇ ਸੰਮਤੀ ਮੈਂਬਰ ਜੁਗਰਾਜ ਸਿੰਘ ਜੁੱਗਾ ਪੁੱਤਰ ਸਵਰਗਵਾਸੀ ਮਹਿੰਦਰ ਸਿੰਘ ਦਾ ਬੀਤੇ ਦਿਨੀਂ ਕਰੀਬ 2 ਅਣਪਛਾਤੇ ਵਿਅਕਤੀਆਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖ਼ਬਰ ਹੈ।

ਇਹ ਵਾਰਦਾਤ ਉਸ ਸਮੇਂ ਵਾਪਰੀ, ਜਦੋਂ ਜੁਗਰਾਜ ਸਿੰਘ ਜੁੱਗਾ ਆਪਣੇ ਘਰ ਦੇ ਹੇਠਲੇ ਪਾਸੇ ਆਪਣੇ ਮੈਡੀਕਲ ਸਟੋਰ ਦੇ ਨੇੜੇ ਵਾਲੇ ਦਫ਼ਤਰ ਵਿਚ ਬੈਠਾ ਸੀ। ਜੁਗਰਾਜ ਸਿੰਘ ਗੱਡੀਆਂ, ਕਾਰਾਂ ਕਿਰਾਏ 'ਤੇ ਦੇਣ ਦਾ ਵੀ ਕਾਰੋਬਾਰ ਕਰਦਾ ਸੀ। ਪਿੰਡ ਵਾਸੀਆਂ ਦੇ ਦੱਸਣ ਅਨੁਸਾਰ 2 ਅਣਪਛਾਤੇ ਵਿਅਕਤੀ ਆਏ ਅਤੇ ਜੁਗਰਾਜ ਸਿੰਘ ਨੂੰ ਕਹਿਣ ਲੱਗੇ ਕਿ ਉਨ੍ਹਾਂ ਨੇ ਗੱਡੀ ਕਿਰਾਏ 'ਤੇ ਲੈਣੀ ਹੈ। ਉਪਰੰਤ ਜੁਗਰਾਜ ਸਿੰਘ ਆਪਣੇ ਘਰੋਂ ਗੱਡੀ ਦੀ ਆਰ.ਸੀ. ਲੈ ਕੇ ਜਦੋਂ ਆਪਣੇ ਦਫ਼ਤਰ ਆਇਆ ਤਾਂ ਉਥੇ ਮੌਜੂਦ ਉਕਤ ਵਿਅਕਤੀ ਉਸ ਨੂੰ ਗੋਲੀਆਂ ਮਾਰ ਕੇ ਫ਼ਰਾਰ ਹੋ ਗਏ।

ਜੁਗਰਾਜ ਸਿੰਘ ਦੇ ਭਰਾ ਅਤੇ ਪਰਿਵਾਰਕ ਮੈਂਬਰਾਂ ਨੇ ਤੁਰੰਤ ਜੁਗਰਾਜ ਸਿੰਘ ਨੂੰ ਜ਼ਖ਼ਮੀ ਹਾਲਾਤ ਵਿਚ ਬਟਾਲਾ ਵਿਖੇ ਸਿਵਲ ਹਸਪਤਾਲ ਇਲਾਜ ਲਈ ਲਿਜਾਇਆ ਗਿਆ, ਜਿਥੇ ਡਾਕਟਰਾਂ ਵਲੋਂ ਜੁਗਰਾਜ ਸਿੰਘ ਨੂੰ ਮਿਰਤਕ ਐਲਾਨ ਦਿੱਤਾ ਗਿਆ। ਜੁਗਰਾਜ ਸਿੰਘ ਜੁੱਗਾ ਪਿੰਡ ਚੀਮਾ ਖੁੱਡੀ ਦੇ ਸਾਬਕਾ ਸਰਪੰਚ ਸੀ।

# ਪੰਜਾਬ ਦੇ ਹੜ ਪੀੜਤਾਂ ਸਮੇਤ ਹੋਰਨਾਂ ਲੋੜਵੰਦਾਂ ਦੀ ਮਦਦ ਕਰਨ ਦਾ ਲਿਆ ਫੈਸਲਾ

ਵੈਨਕੂਵਰ- (ਮਲਕੀਤ ਸਿੰਘ )-ਲੋਕ ਭਲਾਈ ਕਾਰਜਾਂ ਲਈ ਯਤਨਸ਼ੀਲ 'ਕਰ ਭਲਾ ਹੋ ਭਲਾ' ਸੁਸਾਇਟੀ ਵੱਲੋਂ ਰਿਚਮੰਡ ਦੇ ਇੱਕ ਪਾਰਕ ਚ ਇੱਕ ਸਮਾਗਮ ਆਯੋਜਿਤ ਕਰਵਾਇਆ ਗਿਆ ਜਿਸ ਵਿੱਚ ਪੰਜਾਬੀ ਭਾਈਚਾਰੇ ਨਾਲ ਸੰਬੰਧਿਤ ਵੱਡੀ ਗਿਣਤੀ ਚ ਲੋਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪੁੱਜੇ ਰਿਚਮੰਡ ਤੋਂ ਪੰਜਾਬੀ ਸਾਂਸਦ ਪਰਮ ਬੈਂਸ ਵੱਲੋਂ ਉਕਤ ਸੰਸਥਾ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ ਗਿਆ ਇਸ ਮੌਕੇ ਤੇ ਹਾਜ਼ਰ ਰਘਬੀਰ ਸਿੰਘ ਉੱਪਲ ਵੱਲੋਂ ਆਪਣੇ ਪਰਿਵਾਰ ਸਮੇਤ ਇਸ ਸੰਸਥਾ ਨੂੰ ਹਰੇਕ ਤਰ੍ਹਾਂ ਦੀ ਵਿਤੀ ਸਹਾਇਤਾ ਦੇਣ ਦਾ ਭਰੋਸਾ ਵੀ ਦਿਵਾਇਆ ਗਿਆ ਇਸ ਸਮਾਗਮ ਚ ਸ਼ਾਮਿਲ ਵਲੰਟੀਅਰੀਆਂ ਵੱਲੋਂ ਜਿੱਥੇ ਕਿ ਪੰਜਾਬ ਚ ਆਏ ਹੜਾਂ ਦੌਰਾਨ ਹੜ ਪੀੜਤ ਲੋਕਾਂ ਦੀ ਮਦਦ ਕਰਨ ਦਾ ਫੈਸਲਾ ਲਿਆ ਗਿਆ ਉੱਥੇ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਚ ਵੱਸਦੇ ਲੋੜਵੰਦਾਂ ਦੀ ਮਦਦ ਕਰਨ ਦਾ ਵੀ ਸ਼ਲਾਘਾਯੋਗ ਫੈਸਲਾ ਲਿਆ ਗਿਆ।

# ਔਰਤ ਮਨ ਦੇ ਅੰਤਰ ਦਵੰਦ ਦੀ ਪੇਸ਼ਕਾਰੀ: ਨਿਰੰਜਣ ਬੋਹਾ ਦਾ ਕਹਾਣੀ ਸੰਗ੍ਰਹਿ 'ਇਹ ਤਾਂ ਮੈਂ ਹੀ ਹਾਂ'



**ਰਵਿੰਦਰ ਸਿੰਘ ਸੋਢੀ**
001-604-369-2371
ਰਿਚਮੰਡ, ਕੈਨੇਡਾ

ਇਸ ਦੁਨੀਆਂ ਦੇ ਸਿਰਜਕ ਨੇ ਇਨਸਾਨਾਂ ਵਿਚ ਹੀ ਨਹੀਂ ਪਸ਼ੂ-ਪੰਛੀਆਂ 'ਚ ਵੀ ਨਰ ਅਤੇ ਮਾਦਾ ਦੇ ਅਨੁਪਾਤ ਦਾ ਸੰਤੁਲਨ ਹੀ ਰੱਖਿਆ ਹੈ, ਤਾਂ ਜੋ ਸਭ ਨੂੰ ਆਪਣਾ-ਆਪਣਾ ਸਾਥ ਮਿਲ ਸਕੇ। ਕਈ ਵਾਰ ਰੁੱਖਾਂ ਵਿਚ ਵੀ ਇਸ ਪੱਖੋਂ ਵਖਰੇਵਾਂ ਹੁੰਦਾ ਹੈ। ਨਰ ਅਤੇ ਮਾਦਾ ਦੇ ਕੁਝ ਬੁਨਿਆਦੀ ਪੱਖਾਂ ਦੀ ਬਰਾਬਰੀ ਦੇ ਬਾਵਜੂਦ ਵੀ ਇਹਨਾਂ ਦੋਹਾਂ ਦੇ ਕੁਝ ਆਪਣੇ-ਆਪਣੇ ਖਾਸੇ ਵੀ ਹੁੰਦੇ ਹਨ। ਇਸ ਸਮੇਂ ਮੈਂ ਇਕ ਸਾਹਿਤਕ ਪੁਸਤਕ ਦੀ ਪੜਚੋਲ ਕਰ ਰਿਹਾ ਹਾਂ ਇਸ ਲਈ ਮੇਰਾ ਸੰਬੰਧ ਔਰਤਾਂ ਦੀਆਂ ਅੰਤਰ-ਮੁਖੀ ਭਾਵਨਾਵਾਂ ਨਾਲ ਹੈ। ਸਾਡੇ ਦੇਸ ਵਿਚ ਕਿਉਂ ਜੋ ਕੁੜੀਆਂ ਨੂੰ ਮੁੱਢ ਤੋਂ ਹੀ ਇਕ ਨਿਸ਼ਚਤ ਮਰਿਆਦਾ ਵਿਚ ਰਹਿਣ ਦੀ ਸਿੱਖਿਆ ਦਿੱਤੀ ਜਾਂਦੀ ਹੈ, ਇਸ ਲਈ ਉਹ ਬਚਪਨ ਤੋਂ ਆਪਣੇ ਦਿਲ ਦੇ ਅਹਿਸਾਸਾਂ ਨੂੰ ਜ਼ੁਬਾਨ ਤੋਂ ਲਿਆਉਣ ਲਈ ਝਿਝਕਦੀਆਂ ਹਨ। ਆਪਣੀਆਂ ਹਮ-ਉਮਰ ਸਹੇਲੀਆਂ ਨਾਲ, ਵੱਡੀਆਂ ਭੈਣਾ ਜਾਂ ਨਜ਼ਦਿਕੀ ਰਿਸ਼ਤੇਦਾਰੀ ਵਿਚਲੀਆਂ ਕੁੜੀਆਂ ਨਾਲ ਦਿਲ ਦੇ ਵਲਵਲੇ ਭਾਵੇਂ ਸਾਂਝੇ ਕਰ ਲੈਣ, ਪਰ ਕਿਸੇ ਮਰਦ ਸਾਹਵੇਂ ਮੂੰਹ ਨਹੀਂ ਖੋਲਦੀਆਂ, ਇਥੋਂ ਤੱਕ ਕਿ ਵਿਆਹ ਤੋਂ ਬਾਅਦ ਆਪਣੇ ਪਤੀ ਨਾਲ ਵੀ ਨਹੀਂ। ਇਕ ਉਮਰ ਵਿਚ ਆ ਕੇ ਉਹ ਆਪਣੀਆਂ ਮਾਵਾਂ ਨਾਲ ਕੁਝ ਗੱਲਾਂ ਸਾਂਝੀਆਂ ਕਰ ਲੈਂਦੀਆਂ ਹਨ। ਅੱਜ ਕੱਲ ਇਸ ਪੱਖੋਂ ਭਾਵੇਂ ਕੁਝ ਬਦਲਾ ਆ ਰਿਹਾ ਹੈ, ਪਰ ਇਕ ਸੀਮਤ ਹੱਦ ਤੱਕ।

ਸਾਹਿਤਕ ਖੇਤਰ ਵਿਚ ਇਹ ਆਮ ਹੀ ਕਿਹਾ ਜਾਂਦਾ ਹੈ ਕਿ ਇਸਤਰੀ ਪਾਤਰਾਂ ਦੀ ਅਵਾਜ਼, ਇਸਤਰੀ ਲੇਖਿਕਾਵਾਂ ਹੀ ਬਣਦੀਆਂ ਹਨ। ਇਸਦਾ ਸਭ ਤੋਂ ਵੱਡਾ ਕਾਰਨ ਤਾਂ ਇਹੋ ਹੋ ਸਕਦਾ ਹੈ ਕਿ ਲੇਖਿਕਾਵਾਂ ਆਪ ਅਜਿਹੀਆਂ ਅਵਸਥਾਵਾਂ ਨਾਲ ਦੋ-ਚਾਰ ਹੋ ਚੁੱਕੀਆਂ ਹੁੰਦੀਆਂ ਹਨ, ਪਰ ਕਈ ਮਰਦ ਲੇਖਕ ਵੀ ਆਪਣੀਆਂ ਸਾਹਿਤਕ ਕਿਰਤਾਂ ਵਿਚ ਮਰਦ ਅਤੇ ਔਰਤ ਦੋਹਾਂ ਦੇ ਅੰਦਰੂਨੀ ਵਿਚਾਰਾਂ ਦੀ ਤਰਜਮਾਨੀ ਕਰਨ ਦੇ ਯੋਗ ਹੁੰਦੇ ਹਨ। ਕੁਝ ਲੇਖਕ ਪਾਤਰਾਂ ਦੇ ਮਨੋਵਿਗਿਆਨ ਨੂੰ ਸਮਝਣ ਵਿਚ ਪਰਵੀਨ ਹੁੰਦੇ ਹਨ।

ਪ੍ਰਸਤੁਤ ਪੁਸਤਕ 'ਇਹ ਤਾਂ ਮੈਂ ਹੀ ਹਾਂ' ਤੇ ਚਰਚਾ ਕਰਨ ਤੋਂ ਪਹਿਲਾਂ ਮੈਂ ਇਕ ਸਫ਼ਲ ਕਹਾਣੀ ਸੰਬੰਧੀ ਕੁਝ ਕਹਿਣਾ ਚਾਹੁੰਦਾ ਹਾਂ। ਕਹਾਣੀ ਜਾਂ ਕਹਾਣੀਆਂ ਦੀ ਪਰਖ ਸਮੇਂ ਕਹਾਣੀਕਲਾ ਦੇ ਕੁਝ ਸਮਾਂ ਵਿਹਾ ਚੁੱਕੇ ਤਕਨਿਕੀ ਨੁਕਤਿਆਂ ਨੂੰ ਮੈਂ ਬਹੁਤਾ ਨਹੀਂ ਗੌਲਦਾ। ਮੇਰੇ ਲਈ ਉਹੀ ਕਹਾਣੀ ਸਫਲ ਹੈ ਜੋ ਆਮ ਲੋਕਾਂ ਦੀਆਂ ਜੀਵਨ ਝਲਕਾਂ ਨੂੰ ਉਹਨਾਂ ਦੀ ਭਾਸ਼ਾ ਵਿਚ ਹੀ ਪੇਸ਼ ਕਰੇ। ਕਹਾਣੀ ਪੜ੍ਹਨ ਉਪਰੰਤ ਪਾਠਕ ਨੂੰ ਇਹ ਲੱਗੇ ਕਿ ਲੇਖਕ ਨੇ ਉਸਦੀ ਜ਼ਿੰਦਗੀ ਦੇ ਕਿਸੇ ਪਹਿਲੂ ਨੂੰ ਆਪਣੇ ਸ਼ਬਦਾਂ ਵਿਚ ਪੇਸ਼ ਕਰ ਦਿੱਤਾ ਹੈ ਜਾਂ ਅਜਿਹੀਆਂ ਘਟਨਾਵਾਂ ਤਾਂ ਉਸਦੇ ਆਲੇ-ਦੁਆਲੇ ਵਾਪਰਦੀਆਂ ਰਹਿੰਦੀਆਂ ਹਨ ਜਾਂ ਵਾਪਰ ਸਕਦੀਆਂ ਹਨ। ਕਹਾਣੀ ਪੜ੍ਹਨ ਤੋਂ ਬਾਅਦ ਪਾਠਕ ਦੇ ਜ਼ਹਿਨ ਵਿਚ ਕਹਾਣੀ ਲੰਬਾ ਸਮਾਂ ਖੌਰੂ ਪਾਉਂਦੀ ਰਹੇ ਅਤੇ ਉਹ ਵੀ ਸੋਚਣ ਤੇ ਮਜ਼ਬੂਰ ਹੋ ਜਾਵੇ ਕਿ ਜੇ ਉਹ ਆਪ ਵੀ ਕਹਾਣੀ ਵਾਲੇ ਪਾਤਰ ਦੀ ਅਵਸਥਾ ਵਿਚ ਹੁੰਦਾ ਤਾਂ ਉਸਦਾ ਰਵਈਆ ਵੀ ਕਹਾਣੀ ਦੇ ਪਾਤਰ ਵਰਗਾ ਹੀ ਹੁੰਦਾ। ਕਹਾਣੀਕਾਰ ਆਪਣੀ ਕਹਾਣੀ ਦੇ ਪਾਤਰਾਂ ਦੇ ਮੂੰਹ ਵਿਚ ਆਪਣੇ ਸ਼ਬਦ ਨਾ ਪਾਏ ਬਲਕਿ ਪਾਤਰ ਦੀ ਮਨੋਦਸ਼ਾ ਅਨੁਸਾਰ ਉਸ ਨੂੰ ਬੋਲਣ ਦੇਵੇ ਜਾਂ ਮਨ ਬਚਨੀ (ਆਪਣੇ ਆਪ ਨਾਲ ਗੱਲਾਂ ਕਰਨੀਆਂ) ਕਰਨ ਦੇਵੇ।




ਨਿਰੰਜਣ ਬੋਹਾ ਦਾ ਨਵਾਂ ਕਹਾਣੀ ਸੰਗ੍ਰਹਿ 'ਇਹ ਤਾਂ ਮੈਂ ਹੀ ਹਾਂ' ਨਾ ਕੇਵਲ ਇਕ ਕਹਾਣੀ ਸੰਗ੍ਰਹਿ ਦੀ ਇਕ ਕਹਾਣੀ ਦਾ ਸਿਰਲੇਖ ਹੀ ਨਹੀਂ, ਸਗੋਂ ਮੇਰੇ ਉਪਰੋਕਤ ਕਥਨ ਦੀ ਪ੍ਰੋੜਤਾ ਕਰਨ ਵਾਲਾ ਵੀ ਹੈ। ਪ੍ਰਸਤੁਤ ਪੁਸਤਕ ਦੀਆਂ ਕਹਾਣੀਆਂ ਨੂੰ ਪੜਚੋਲਵੀਂ ਨਜ਼ਰ ਤੋਂ ਨਿਹਾਰਣ ਤੋਂ ਪਹਿਲਾਂ ਦੋ ਕੁ ਗੱਲਾਂ ਲੇਖਕ ਸੰਬੰਧੀ ਕਰਨੀਆਂ ਚਾਹੁੰਦਾ ਹਾਂ। ਨਿਰੰਜਣ ਬੋਹਾ ਨੇ ਕਦੇ ਇਹ ਸੋਚ ਕੇ ਕਹਾਣੀ ਨਹੀਂ ਲਿਖੀ ਕਿ ਉਸਨੇ ਬਹੁਤ ਦੇਰ ਤੋਂ ਕਹਾਣੀ ਨਹੀਂ ਲਿਖੀ, ਇਸ ਲਈ ਹੁਣ ਨਵੀਂ ਕਹਾਣੀ ਲਿਖਣੀ ਚਾਹੀਦੀ ਹੈ। ਉਹ ਸਮਾਜ ਦੇ ਦਿਸਦੇ ਪਸਾਰੇ ਨੂੰ ਨੀਝ ਨਾਲ ਦੇਖਦਾ ਰਹਿੰਦਾ ਹੈ। ਕਈ ਵਰਤਾਰੇ ਉਸਦੇ ਦਿਮਾਗ ਵਿਚ ਕਹਾਣੀਆਂ ਦੀ ਰੂਪ-ਰੇਖਾ ਨੂੰ ਸਮੁੰਦਰੀ ਜਵਾਰ-ਭਾਟਾ ਦੀ ਤਰਾਂ ਉੱਪਰ-ਹੇਠ ਕਰਦੇ ਰਹਿੰਦੇ ਹਨ। ਕਹਾਣੀਆਂ ਦੇ ਪਾਤਰਾਂ ਦੇ ਕਈ ਰੂਪ ਉਸ ਨਾਲ ਲੁਕਨ-ਮਿਟੀ ਦੀ ਖੇਡ ਖੇਡਦੇ ਰਹਿੰਦੇ ਹਨ ਅਤੇ ਸਮਾਂ ਪਾ ਕੇ ਜਦੋਂ ਕਹਾਣੀ ਦੇ ਕਈ ਰੂਪ ਉਸਦੇ ਸਾਹਮਣੇ ਇਕ ਤਸਵੀਰ ਜਿਹੀ ਉਲੀਕਦੇ ਹਨ ਤਾਂ ਉਹ ਸਭ ਤੋਂ ਉਘੜਵੀਂ ਤਸਵੀਰ ਵਿਚ ਸ਼ਬਦਾਂ ਨਾਲ ਰੰਗ ਭਰਣੇ ਸ਼ੁਰੂ ਕਰ ਦਿੰਦਾ ਹੈ। ਇਹ ਰੰਗ ਭਰਦਾ ਵੀ ਉਹ ਕਦੇ ਕਾਹਲੀ ਨਹੀਂ ਕਰਦਾ ਅਤੇ ਬਾਰ-ਬਾਰ ਕੈਨਵਸ ਬਦਲ ਕੇ ਰੰਗਾਂ ਦੀ ਲੀਪਾ-ਪੋਚੀ ਕਰਦਾ ਰਹਿੰਦਾ ਹੈ। ਨਿਰਸੰਦੇਹ ਅਜਿਹੇ ਸ਼ਬਦੀ ਮੰਥਨ ਉਪਰੰਤ ਅੰਮ੍ਰਿਤ ਰੂਪੀ ਘੜਾ (ਪੂਰੀ ਕਹਾਣੀ) ਭਰਦਾ ਹੈ ਤਾਂ ਲੇਖਕ ਦੇ ਨਾਲ-ਨਾਲ ਪਾਠਕ ਵੀ ਉਹ ਕਹਾਣੀ ਪੜ੍ਹ ਕੇ ਸਰਸ਼ਾਰ ਹੋ ਜਾਂਦਾ ਹੈ। ਆਪਣੇ ਪਾਤਰਾਂ ਨੂੰ ਘੜਦੇ ਹੋਏ ਉਸਦੇ 'ਫ਼ੋਟੋਗਰਾਫ਼ਰ' ਹੋਣ ਦਾ ਪੇਸ਼ਾ ਬਹੁਤ ਕੰਮ ਆਉਂਦਾ ਹੈ। ਜਦੋਂ ਕੋਈ ਉਸ ਕੋਲ ਫ਼ੋਟੋ ਖਿਚਵਾਉਣ ਆਉਂਦਾ ਜਾਂ ਕਿਸੇ ਵਿਆਹ-ਸ਼ਾਦੀ ਤੇ ਉਹ ਆਪਣੇ ਕੈਮਰੇ ਵਿਚ ਰੰਗ-ਬਿਰੰਗੇ ਚਿਹਰਿਆਂ ਨੂੰ ਕੈਦ ਕਰਦਾ ਤਾਂ ਉਹ ਆਪਣੇ ਤੀਜੇ ਨੇਤਰ ਰਾਹੀਂ ਫ਼ੋਟੋ ਖਿਚਵਾਉਣ ਵਾਲਿਆਂ ਦੇ ਦਿਲੋ-ਦਿਮਾਗ ਵਿਚ ਚੱਲ ਰਹੇ ਚੰਗੇ-ਮਾੜੇ, ਅਸਲੀ ਜਾਂ ਨਕਲੀ ਮੁਸਕਰਾਹਟ ਨੂੰ ਵੀ ਪੜ੍ਹ ਲੈਂਦਾ। ਆਪਣੀ ਇਸੇ ਖੂਬੀ ਨੂੰ ਉਹ ਕਹਾਣੀਆਂ ਦੇ ਸਿਰਜਕ ਪਲਾਂ ਵਿਚ ਵੀ ਵਰਤਦਾ ਹੈ, ਇਸੇ ਲਈ ਉਹ ਆਪਣੇ ਪਾਤਰਾਂ ਦੀ ਅੰਦਰੂਨੀ ਕਸ਼-ਮ-ਕਸ਼ ਨੂੰ ਸ਼ਬਦਾਂ ਦੇ ਕੈਮਰੇ ਰਾਹੀਂ ਰੂਪਮਾਨ ਕਰਦਾ ਹੈ। ਉਹ ਫ਼ੋਟੋਗਰਾਫ਼ੀ ਕਰਦਾ ਕੈਮਰੇ ਨੂੰ ਹੀ ਹਰਕਤ ਵਿਚ ਨਹੀਂ ਸੀ ਰਖੱਦਾ ਸਗੋਂ ਲੋਕਾਂ ਦੇ ਮੂੰਹੋ ਨਿਕਲਦੇ ਸ਼ਬਦਾਂ ਨੂੰ ਵੀ ਆਪਣੇ ਕੰਨਾਂ ਵਿਚ ਵਸਾ ਲੈਂਦਾ। ਜ਼ਿੰਦਗੀ ਦੇ ਇਸ ਪੜਾਅ ਤੇ ਪਹੁੰਚ ਕੇ ਉਸ ਕੋਲ ਸਮੇਂ ਅਤੇ ਸਥਾਨ ਅਨੁਸਾਰ ਢੁਕਵੀਂ ਸ਼ਬਦਾਵਲੀ ਦਾ ਅਜਿਹਾ ਅਮੁੱਕ ਖ਼ਜ਼ਾਨਾ ਇਕੱਠਾ ਹੋ ਚੁੱਕਿਆ ਹੈ ਕਿ ਉਸਦੇ ਪਾਤਰ ਹਾਲਾਤ ਦੀ ਤਰਜ਼ਮਾਨੀ ਕਰਦੇ ਪਰਤੀਤ ਹਨ। ਇਹੋ ਕਾਰਨ ਹੈ ਕਿ ਉਸ ਦੀਆਂ ਕਹਾਣੀਆਂ ਪਾਠਕਾਂ ਨੂੰ ਆਪਣੀਆਂ ਕਹਾਣੀਆਂ ਹੀ ਪਰਤੀਤ ਹੁੰਦੀਆਂ ਹਨ ਅਤੇ ਆਲੋਚਕਾਂ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ।

ਹੁਣ ਕੁਝ ਗੱਲਾਂ ਉਸਦੇ ਪ੍ਰਸਤੁਤ ਕਹਾਣੀ ਸੰਗ੍ਰਹਿ ਸੰਬੰਧੀ। ਪੰਨਾ 9 ਤੋਂ ਪੰਨਾ 106 ਤੱਕ, ਕੁੱਲ ਸੱਤ ਕਹਾਣੀਆਂ ਹਨ। ਹਰ ਕਹਾਣੀ ਦਾ ਵੱਖਰਾ ਹੀ ਰੰਗ ਹੈ, ਅਨੂਠਾ ਪ੍ਰਭਾਵ ਹੈ। ਜੇ ਉਸ ਦੀਆਂ ਪਹਿਲੀਆਂ ਲਿਖੀਆਂ ਕਹਾਣੀਆਂ ਨੂੰ ਵੀ ਅਵਚੇਤਨ ਮਨ ਵਿਚੋਂ ਕੱਢ ਕੇ ਨਵੀਆਂ ਕਹਾਣੀਆਂ ਨਾਵ ਤੁਲਨਾ ਕਰੀਏ ਤਾਂ ਕਿਸੇ ਵੀ ਦੋ ਕਹਾਣੀਆਂ ਵਿਚ ਸਮਾਨਤਾ ਨਹੀਂ ਮਿਲਦੀ, ਨਾ ਹੀ ਵਿਸ਼ੇ ਪੱਖੋਂ, ਪਾਤਰਾਂ ਪੱਖੋਂ ਜਾਂ ਸਮੁੱਚੇ ਪ੍ਰਭਾਵ ਪੱਖੋ। ਹਰ ਕਹਾਣੀ ਹੀ ਵੱਖਰੇ ਅੰਦਾਜ ਦੀ ਹੈ।

ਇਸ ਪੁਸਤਕ ਦੀ ਪਹਿਲੀ ਕਹਾਣੀ ਦਾ ਵਿਸ਼ਾ ਕੋਈ ਬਹੁਤਾ ਵਿੱਲਖਣ ਨਹੀਂ, ਪਰ ਕਹਾਣੀ ਦਾ ਅੰਤ ਬਹੁਤ ਹੀ ਭਾਵਪੂਰਤ ਹੈ. ਪੁਰਾਣੇ ਸਮੇਂ ਤੋਂ ਹੀ ਪੰਜਾਬ ਦੇ ਪਿੰਡਾ ਵਿਚ ਵੱਟ ਦਾ ਰੌਲਾ, ਸਾਂਝੀ ਕੰਧ ਪਿੱਛੇ ਲੜਾਈ-ਝਗੜਾ ਜਾਂ ਕਿਸੇ ਹੋਰ ਕਾਰਨ ਆਪਸੀ ਦੁਸ਼ਮਣੀਆਂ ਦਾ ਸਿਲਸਲਾ ਚਲਦਾ ਹੀ ਰਹਿੰਦਾ ਅਤੇ ਇਹਨਾਂ ਪਿੱਛੇ ਆਪਸੀ ਹੱਥੋ ਪਾਈ ਤਾਂ ਛੱਡੋ, ਤਲਵਾਰਾਂ-ਗੰਡਾਸਿਆਂ ਤੋਂ ਵੀ ਗੱਲ ਵਧ ਕੇ ਖੂਨ-ਖਰਾਬੇ ਤੱਕ ਜਾ ਪਹੁੰਚਦੀ ਅਤੇ ਇਹ ਝਗੜੇ ਪੁਸ਼ਤ-ਦਰ- ਪੁਸ਼ਤ ਚਲਦੇ ਰਹਿੰਦੇ ਸਨ। 'ਨਰ ਬੰਦਾ' ਕਹਾਣੀ ਦਾ ਤਾਣਾ-ਬਾਣਾ ਇਸੇ ਪਿਛੋਕੜ ਵਾਲਾ ਹੈ। ਸੁਖਦੇਵ ਦੇ ਪਰਿਵਾਰ ਦਾ ਨੰਬਰਦਾਰ ਦੇ ਪਰਿਵਾਰ ਨਾਲ ਵੀ ਵੱਟ ਦਾ ਝਗੜਾ ਸੀ। ਨੰਬਰਦਾਰ ਦੇ ਇਕ ਮੁੰਡੇ ਜੈਲੇ ਨੇ ਮੌਕਾ ਪਾ ਕੇ ਸੁਖਦੇਵ ਨੂੰ ਪਾਰ ਬੁਲਾ ਦਿੱਤਾ। ਸੁਖਦੇਵ ਦੀਆਂ ਆਖਰੀ ਰਸਮਾਂ ਤੋਂ ਬਾਅਦ ਉਸਦੀ ਪਤਨੀ ਨੂੰ ਉਸ ਦੀਆਂ ਨੰਨਦਾ ਗੱਲਾਂ-ਗੱਲਾਂ ਵਿਚ ਗੁਰਮੇਲ (ਸੁਖਦੇਵ ਦਾ ਛੋਟਾ ਭਰਾ) ਨਾਲ ਚਾਦਰ ਪਾਉਣ ਦੀ ਗੱਲ ਕਰਦੀਆਂ ਹਨ, ਉਹ ਕੋਈ ਹੁੰਗਾਰਾ ਨਹੀਂ ਭਰਦੀ। ਕੁਝ ਦਿਨਾਂ ਬਾਅਦ ਉਹ ਪੇਕੇ ਚਲੀ ਜਾਂਦੀ ਹੈ। ਇਕ ਦਿਨ ਸੁਖਦੇਵ ਦਾ ਬਾਪੂ ਅਤੇ ਉਸ ਦੀਆਂ ਕੁੜੀਆਂ ਸੁਖਦੇਵ ਦੀ ਪਤਨੀ ਅਤੇ ਉਸਦੇ ਬੱਚੇ ਨੂੰ ਮਿਲਣ ਆਉਂਦੇ ਹਨ ਅਤੇ ਫੇਰ ਉਹੀ ਗੱਲ ਕਰਦੇ ਹਨ ਤਾਂ ਸੁਖਦੇਵ ਦੀ ਪਤਨੀ ਸਾਫ ਕਹਿ ਦਿੰਦੀ ਹੈ ਕਿ ਗੁਰਮੇਲ ਤਾਂ ਬਾਬਿਆਂ ਦੇ ਡੇਰੇ ਜਾਣ ਜੋਗਾ ਹੀ ਹੈ। ਉਹਨਾਂ ਨੂੰ ਬੇਆਸ ਹੋ ਕੇ ਮੁੜਨਾ ਪੈਂਦਾ ਹੈ, ਪਰ ਸੱਸ ਦਾ ਫੋਨ ਆਏ ਤੇ ਕਿ ਉਹ ਕਦੇ ਆ ਕੇ ਉਹਨਾਂ ਦੇ ਪੋਤੇ ਬਬਲੂ ਨੂੰ ਹੀ ਮਿਲਾ ਜਾਵੇ, ਉਹ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ। ਇਥੋਂ ਤੱਕ ਦੀ ਕਹਾਣੀ ਸਧਾਰਨ ਕਹਾਣੀਆਂ ਵਰਗੀ ਹੈ। ਇਸ ਤੋਂ ਬਾਅਦ ਕਹਾਣੀ ਇਕ ਨਵਾਂ ਮੋੜ ਕੱਟਦੀ ਹੈ, ਜਦੋਂ ਨੰਬਰਦਾਰ ਦਾ ਮੁੰਡਾ ਜੈਲਾ, ਗੁਰਮੇਲ ਨੂੰ ਲਲਕਾਰਦਾ ਹੈ ਤਾਂ ਅੱਗੋ ਗੁਰਮੇਲ ਆਪਣੇ ਗੰਡਾਸੇ ਨਾਲ ਜੈਲੇ ਦੀ ਲੱਤ ਵੱਢ ਦਿੰਦਾ ਹੈ। ਗੁਰਮੇਲ ਦੀ ਗਰਿਫਤਾਰੀ ਤੋਂ ਬਾਅਦ ਜਦੋਂ ਉਸ ਨੂੰ ਕਚਿਹਰੀ ਵਿਚ ਪੇਸ਼ ਕਰਨਾ ਹੁੰਦਾ ਹੈ ਤਾਂ ਸਾਰਾ ਪਰਿਵਾਰ ਉਸਨੂੰ ਮਿਲਣ ਜਾਂਦਾ ਹੈ। ਗੁਰਮੇਲ ਦੀ ਵਿਧਵਾ ਭਰਜਾਈ ਉਸ ਵੱਲ ਪਹਿਲੀ ਵਾਰ ਪਿਆਰ ਨਾਲ ਤੱਕਦੀ ਹੋਈ ਆਪਣੇ ਸਹੁਰੇ ਨੂੰ ਕਹਿੰਦੀ ਹੈ, "ਬਾਪੂ, ਭਾਵੇਂ ਬਬਲੂ ਦੇ ਹਿੱਸੇ ਦੀ ਸਾਰੀ ਜ਼ਮੀਨ ਲੱਗ ਜੇ-- ਸਾਰੇ ਵਕੀਲ ਗੰਢ ਲਵੋ- ਥੋਡਾ ਛੋਟਾ ਪੁੱਤ ਬਰੀ ਹੋਣਾ ਚਾਹੀਦੈ। ਪਰਿਵਾਰ ਦੇ ਸਾਰੇ ਜੀਅ ਉਸ ਵੱਲ ਹੈਰਾਨ ਹੋ ਕੇ ਦੇਖਣ ਲੱਗੇ ਅਤੇ ਉਹਨਾਂ ਤੋਂ ਕੁਝ ਦੂਰ ਹੋ ਗਏ। ਉਹ ਗੁਰਮੇਲ ਦੇ ਨੇੜੇ ਹੁੰਦੀ ਕਹਿੰਦੀ ਹੈ, "ਗੁਰਮੈਲ, ਮੈਂ ਤੇਰਾ ਇੰਤਜ਼ਾਰ ਕਰਾਂਗੀ, ਹੁਣ ਤੂੰ ਸੰਤਾਂ ਦਾ ਚੇਲਾ ਨਹੀਂ -- ਨਰ ਬੰਦਾ ਐਂ--।" ਕਹਾਣੀ ਦਾ ਇਸ ਤਰਾਂ ਦਾ ਅੰਤ ਪਾਠਕਾਂ ਨੂੰ ਅਚੰਬਤ ਹੀ ਨਹੀਂ ਕਰਦਾ, ਹਲੂਣਾ ਵੀ ਦਿੰਦਾ ਹੈ। ਸੁਖਦੇਵ ਦੀ ਵਿਧਵਾ ਦੇ ਅਜਿਹੇ ਅਹਿਸਾਸ ਅਸਲ ਵਿਚ ਔਰਤ ਦੇ ਅੰਤਰੀਵ ਭਾਵਾਂ ਦੀ ਤਰਜਮਾਨੀ ਕਰਦੇ ਹਨ। ਔਰਤ ਆਪਣੇ ਪਤੀ ਦੇ ਸਰੀਰਕ ਰੂਪ, ਉਸ ਦੀ ਸ਼ੋਹਰਤ, ਅਮੀਰੀ ਦੇ ਨਾਲ-ਨਾਲ ਇਹ ਵੀ ਇੱਛਾ ਕਰਦੀ ਹੈ ਕਿ ਉਸਦਾ ਜੀਵਨ ਸਾਥੀ ਦੱਬੂ ਕਿਸਮ ਦਾ ਨਾ ਹੋ ਕੇ ਬਹਾਦੁਰ ਵੀ ਹੋਵੇ। ਪਾਤਰ ਦਾ ਅਜਿਹਾ ਚਿਤਰਣ ਕਹਾਣੀ ਨੂੰ ਇਕ ਨਵੀਂ ਦਿਸ਼ਾ ਪਰਦਾਨ ਕਰਦਾ ਹੈ ਅਤੇ ਕਹਾਣੀ ਦੇ ਸਿਰਲੇਖ ਨੂੰ ਵੀ ਸਾਰਥਕ ਸਿੱਧ ਕਰਦਾ ਹੈ।

'ਨਵੀਂ ਕੰਧ' ਕਹਾਣੀ ਵਿਚ ਵੀ ਲੇਖਕ ਨੇ ਪੰਜਾਬ ਦੇ ਬਹੁਤੇ ਘਰਾਂ ਵਿਚ ਵੰਡ-ਵੰਡਾਈ ਨੂੰ ਲੈ ਕੇ ਘਰ ਦੇ ਵਿਹੜੇ ਵਿਚ ਉਸਰਦੀਆਂ ਕੰਧਾਂ ਵਾਲੀ ਪਿਰਤ ਦੀ ਗੱਲ ਕੀਤੀ ਹੈ, ਪਰ ਇਸ ਕਹਾਣੀ ਵਿਚ ਵੀ ਨਿਰੰਜਣ ਬੋਹਾ ਕਹਾਣੀ ਨੂੰ ਨਵੇਕਲੇ ਢੰਗ ਨਾਲ ਸਮੇਟਦਾ ਹੈ, ਜਿਸ ਤੋਂ ਉਸਦੀ ਪਰਪੱਕ ਸੂਝ ਦਾ ਪਤਾ ਲੱਗਦਾ ਹੈ। ਪਿਉ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਆਪਣੇ ਨੂੰਹ-ਪੁੱਤ ਦੇ ਵਤੀਰੇ ਤੋਂ ਦੁਖੀ ਹੋਇਆ ਬੈਠਾ ਹੈ। ਇਕ ਵਾਰ ਤਾਂ ਮੁੰਡੇ ਨੇ ਪਿਉ ਤੇ ਹੱਥ ਹੀ ਚੁੱਕ ਲਿਆ ਸੀ। ਉਸ ਨੂੰ ਆਪਣੀ ਮਰ ਚੁੱਕੀ ਪਤਨੀ ਸਿਮਰ ਦੀ ਗੱਲ ਯਾਦ ਆਉਂਦੀ ਹੈ ਜਿਸਨੇ ਉਸਨੂੰ ਸਾਫ ਸ਼ਬਦਾਂ ਵਿਚ ਕਹਿ ਦਿੱਤਾ ਸੀ ਕਿ ਅਜਿਹੇ ਨੂੰਹ-ਪੁੱਤ ਤੋਂ ਕਿਸੇ ਤਰਾਂ ਦੀ ਆਸ ਨਾ ਰੱਖੀ, ਆਪਣਾ ਬੁਢਾਪਾ ਅਰਾਮ ਨਾਲ ਬਿਤਾਉਣ ਲਈ ਕਿਸੇ ਲੋੜਵੰਦ ਨਾਲ ਦੁਬਾਰਾ ਘਰ ਵਸਾ ਲਈਂ। ਹਾਲਾਤ ਨੂੰ ਚੰਗੀ ਤਰਾਂ ਦੇਖਦੇ ਹੋਏ, ਉਹ ਹੋਰ ਵਿਆਹ ਕਰਵਾ ਲੈਂਦਾ ਹੈ ਅਤੇ ਰੋਜ਼ਾਨਾਂ ਦੇ ਕਲੇਸ਼ ਤੋਂ ਪਿੱਛਾ ਛਡਾਉਣ ਲਈ ਵਿਹੜੇ ਵਿਚ ਕੰਧ ਵੀ ਕੱਢ ਲੈਂਦਾ ਹੈ। ਇਸ ਕਹਾਣੀ ਵਿਚ ਵੀ ਲੇਖਕ ਨੇ ਪੁਰਾਣੀ ਕਹਾਵਤ 'ਨੌਹਾਂ ਨਾਲੋਂ ਮਾਸ ਅੱਡ ਨਹੀਂ ਹੁੰਦਾ' ਨੂੰ ਵੀ ਬਦਲਦੇ ਹਾਲਾਤ ਅਨੁਸਾਰ ਭੁੱਲ ਜਾਣ ਨੂੰ ਹੀ ਚੰਗਾ ਦੱਸਿਆ ਹੈ ਅਤੇ

ਬਾਕੀ ਹਿਸਾ ਸਫਾ 53 ਤੇ ਪੜ੍ਹੋ

52 ਸਫ਼ੇ ਦੀ ਬਾਕੀ

ਬਜ਼ੁਰਗਾਂ ਨੂੰ ਇਸ ਗੱਲ ਵੱਲ ਵੀ ਕੰਨ ਧਰਨ ਲਈ ਕਿਹਾ ਹੈ ਕਿ 'ਜੇ ਕੁਝ ਜਾਇਦਾਦ ਆਪਣੇ ਨਾਂ ਰੱਖ ਲਈ ਜਾਵੇ ਤਾਂ ਬੁਢਾਪਾ ਸੌਖਾ ਲੰਘ ਜਾਂਦਾ ਹੈ।' ਇਸ ਕਹਾਣੀ ਵਿਚ ਲੇਖਕ ਨੇ ਔਰਤ ਦੇ ਨਾਲ-ਨਾਲ ਮਰਦ ਦੀ ਅੰਦਰਲੀ ਲੁਕਵੀਂ ਚੀਸ ਨੂੰ ਕਹਾਣੀ ਦੇ ਮੁੱਖ ਪਾਤਰ ਰਾਹੀਂ ਇੰਜ ਕੁਹਾਇਆ ਹੈ, "ਆਪਣੇ-ਆਪਣੇ ਪੱਧਰ ਤੇ ਅਸੀਂ ਦੋਹੇਂ ਹੀ ਲੋੜਵੰਦ ਸਾਂ ਅਤੇ ਆਪਣੀਆਂ-ਆਪਣੀਆਂ ਲੋੜਾਂ ਦੀ ਪੂਰਤੀ ਲਈ ਇਕ ਸਮਝੌਤੇ ਅਧੀਨ ਹੀ ਇਕ ਦੂਜੇ ਦਾ ਸਾਥਕਬੂਲਿਆ ਹੈ।"

'ਪੌਣ' ਕਹਾਣੀ ਘਟਨਾਵਾਂ ਭਰਪੂਰ ਹੈ। ਕਹਾਣੀ ਵਿਚ ਕਈ ਕਹਾਣੀਆਂ ਵਾਪਰਦੀਆਂ ਹਨ। ਨਰੀ(ਨਰਦੇਵ), ਉਸਦੀ ਪਤਨੀ ਅਤੇ ਨਰੀ ਦੀ ਮਾਂ ਦੇ ਆਲੇ-ਦੁਆਲੇ ਕਹਾਣੀ ਘੁੰਮਦੀ ਹੈ, ਪਰ ਮੁੱਖ ਪਾਤਰ ਨਰੀ ਦੀ ਪਤਨੀ ਹੀ ਹੈ। ਇਸ ਕਹਾਣੀ ਵਿਚ ਵੀ ਸਾਡੇ ਪੇਂਡੂ (ਸ਼ਹਿਰੀ ਵੀ) ਜ਼ਿੰਦਗੀ ਦੀਆਂ ਕੁਝ ਝਲਕੀਆਂ ਪੇਸ਼ ਕਰਦੇ ਹੋਏ ਕਹਾਣੀਕਾਰ ਨੇ ਦੱਸਿਆ ਹੈ ਕਿ ਜੇ ਇਕ ਔਰਤ ਨੂੰ ਪਤਨੀ ਦੇ ਰੂਪ ਵਿਚ ਆਪਣੇ ਪਤੀ ਦੀਆਂ ਬਾਹਾਂ ਵਿਚ ਆ ਕੇ ਕਿਸੇ ਸਮੇਂ ਸਕੂਨ ਮਿਲਦਾ ਸੀ ਤਾਂ ਉਹੀ ਪਤਨੀ ਜਦੋਂ ਪਤੀ ਦੇ ਗਲਤ ਕੰਮਾ ਤੋਂ ਦੁਖੀ ਹੁੰਦੀ ਹੈ ਤਾਂ ਦਿਲ ਵਿਚ ਸੋਚਦੀ ਹੈ, 'ਹੁਣ ਤੂੰ ਮੇਰੀਆਂ ਨਜ਼ਰਾਂ ਵਿਚ ਜਿਉਂਦਾ ਕਿਵੇਂ ਹੋ ਸਕਦਾ ਹੈਂ ?'

ਆਪਣੀ ਸੱਸ ਨੂੰ ਵੀ ਸੁਣਾ ਦਿੰਦੀ ਹੈ ਕਿ ਉਸਦੇ ਪੁੱਤਰ ਵਿਚ ਮਰਦਾਂ ਵਾਲੀ ਹੈਂਕੜ ਹੀ ਬਚੀ ਹੋਈ ਹੈ, ਮਰਦਪੁਣੇ ਵਾਲੀ ਗੈਰਤ ਖਤਮ ਹੋ ਚੁੱਕੀ ਹੈ' ਅਤੇ ਉਹ ਇਹ ਕਹਿਣ ਤੇ ਮਜਬੂਰ ਹੋ ਜਾਂਦੀ ਹੈ, "ਕੀ ਥੁੜਿਆ ਪਿਆ ਐ--ਇਹੋ ਜਿਹੇ ਸਿਰ ਦੇ ਸਾਈਂ ਬਿਨਾਂ।"

ਇਸ ਕਹਾਣੀ ਵਿਚ ਲੇਖਕ ਨੇ ਔਰਤ ਦੇ 'ਮਾਂ ਰੂਪ' ਦੀ ਉਸ ਸਥਿਤੀ ਦਾ ਬਾ-ਕਮਾਲ ਵਰਨਣ ਕੀਤਾ ਹੈ ਜਦੋਂ ਉਸ ਨੂੰ ਪਰਿਵਾਰ ਦੀ ਮਾਇਕ ਅਵਸਥਾ ਨੂੰ ਠੁੰਮਣਾ ਦੇਣ ਲਈ ਆਪਣੀ ਕੁੱਖ ਵਿਚ ਧੜਕ ਰਹੀ ਨਵੀਂ ਜ਼ਿੰਦਗੀ ਦਾ ਮਜਬੂਰੀ ਵਿਚ ਸੌਦਾ ਕਰਨਾ ਪੈਂਦਾ ਹੈ, ਪਰ ਜਦੋਂ ਉਸ ਵਿਚੋਂ ਨਰੀ ਵਰਗਾ ਆਪਣੇ ਨਸ਼ੇ ਲਈ ਦਾਅ ਲਾ ਜਾਏ, ਤਾਂ ਹੀ ਦੁਖੀ ਹੋਈ ਪਤਨੀ ਅਜਿਹੇ 'ਸਿਰ ਦੇ ਸਾਈਂ' ਦੀ ਕੋਈ ਸੁੱਖ ਨਹੀਂ ਭਾਲਦੀ, ਸਗੋਂ ਚੰਡੀ ਦਾ ਰੂਪ ਧਾਰ ਕੇ ਉਸਦੀ ਛਾਤੀ ਤੇ ਸਵਾਰ ਹੋ ਜਾਂਦੀ ਹੈ। ਲੇਖਕ ਕੋਲ 'ਗੁੱਝੀਆਂ' ਗੱਲਾਂ ਨੂੰ 'ਗੁੱਝੇ' ਢੰਗ ਨਾਲ ਕਹਿਣ ਦੀ ਕਲਾ ਵੀ ਹੈ (ਪਰ ਕਿਸੇ ਵੇਲੇ ਇਸ ਵੱਲੋਂ ਧੱਕਾ ਕਰਨ ਤੇ ਮੇਰੇ ਅੰਦਰਲੀ ਔਰਤ ਦੀਆਂ ਸਰੀਰਕ ਲੋੜਾਂ ਇਸਦਾ ਕੰਮ ਅਸਾਨ ਕਰ ਦਿੰਦੀਆਂ)। ਔਰਤ ਦੀ ਮਨੋਦਸ਼ਾ ਨੂੰ ਪ੍ਰਗਟਾਉਂਦੇ ਅਜਿਹੇ ਵਾਰਤਾਲਾਪ ਪਾਠਕਾਂ ਨੂੰ ਟੁੰਬਦੇ ਹਨ।

'ਹੁਣ ਮੈਂ ਤਿਆਰ ਹਾਂ' ਕਹਾਣੀ ਵਿਚ ਇਕ ਗੋਦ ਲਿਆ ਪੁੱਤਰ ਆਪਣੇ ਪਾਲਕ ਮਾਤਾ-ਪਿਤਾ ਦੀ ਧੀ ਨੂੰ ਹੀ ਭੈੜੀਆਂ ਨਜ਼ਰਾਂ ਨਾਲ ਦੇਖਦਾ ਹੈ ਅਤੇ ਇਥੋਂ ਤੱਕ ਕਹਿ ਦਿੰਦਾ ਹੈ, 'ਤੇਰਾ ਵੀ ਕੰਡਾ ਕੱਢਣਾ ਹੀ ਪਊ ਕਿਸੇ ਦਿਨ' ਤਾਂ ਅੱਕ ਕੇ ਉਸ ਨੂੰ ਆਪਣੇ ਪਿਉ ਨੂੰ ਕਹਿਣਾ ਪੈਂਦਾ ਹੈ, "ਜਦੋਂ ਉਹ ਤੁਹਾਡੀ ਧੀ ਦਾ ਭਰਾ ਨਹੀਂ ਬਣਿਆ ਤਾਂ ਤੁਹਾਡਾ ਬੇਟਾ ਕਿਵੇਂ ਹੋਇਆ ?" ਅਤੇ ਇਸ ਤੋਂ ਬਾਅਦ ਸਿੱਧਾ ਹੀ ਕਹਿੰਦੀ ਹੈ, "ਸਿੱਧੀ ਗੱਲ ਤਾਂ ਇਹ ਹੈ ਕਿ ਤੁਹਾਡੇ ਘਰ ਵਿਚ ਤੁਹਾਡੀ ਧੀ ਤੁਹਾਡੇ ਬਣਾਏ ਪੁੱਤਰ ਤੋਂ ਈ ਆਪਣੀ ਇਜ਼ਤ ਨੂੰ ਖਤਰਾ ਮਹਿਸੂਸ ਕਰਦੀ ਐ।" ਨੀ ਗੱਲ ਉਸਨੇ ਹਿੰਮਤ ਕਰਕੇ ਕਹਿ ਤਾਂ ਦਿੱਤੀ ਪਰ ਚੱਕਰ ਖਾ ਕੇ ਸੋਫ਼ੇ ਤੇ ਡਿੱਗ ਗਈ।

'ਮਦਰ ਡੇ' ਗਿਫ਼ਟ' ਕਹਾਣੀ ਵਿਚ ਬੇ-ਔਲਾਦ ਜੋੜੇ ਵੱਲੋਂ ਕਿਸੇ ਗਰੀਬ ਦਾ ਬੱਚਾ ਪੈਸੇ ਦੇ ਕੇ ਗੋਦ ਲੈਣਾ ਜਾਂ 'ਕਿਰਾਏ ਦੀ ਕੁੱਖ' ਰਾਹੀਂ ਬੱਚਾ ਪੈਦਾ ਕਰਨ ਵਰਗੀਆਂ ਗੱਲਾਂ ਅੱਜ-ਕੱਲ੍ਹ ਦੀ ਪੀੜ੍ਹੀ ਲਈ ਤਾਂ ਮੰਨਣ ਯੋਗ ਹਨ, ਪਰ ਪੁਰਾਣੇ ਬਜ਼ੁਰਗਾਂ ਲਈ ਨਹੀਂ। ਇਸ ਕਹਾਣੀ ਵਿਚ ਵੀ ਹਰੀਸ਼ ਦੀ ਦਾਦੀ ਲਈ ਇਹ ਸੁਣਨਾ ਵੀ ਗਵਾਰਾ ਨਹੀਂ। ਅਸਲ ਵਿਚ ਅਜਿਹੀ ਸੋਚ ਲਈ ਉਸਦੀ ਜ਼ਿੰਦਗੀ ਵਿਚ ਵਾਪਰੀ ਇਕ ਨਿਜੀ ਘਟਨਾ ਕਰਕੇ ਹੈ। ਦੇਸ਼ ਦੀ ਵੰਡ ਵੇਲੇ ਉਸਦੀ ਗੋਦੀ ਵਿਚ ਰਤਨ ਅਜੇ ਕੁਝ ਦਿਨਾਂ ਦਾ ਹੀ ਸੀ । ਉਹਨਾਂ ਨੂੰ ਕੈਂਪ ਵਿਚ ਰਹਿਣਾ ਪਿਆ । ਕੈਂਪ ਦੇ ਭੀੜ-ਭੜੱਕੇ ਵਾਲੇ ਮਾਹੌਲ ਵਿਚ ਬੱਚਾ ਬਿਮਾਰ ਹੋ ਗਿਆ। ਕੈਂਪ ਮੈਨੇਜਰ ਨੇ ਉਸ ਨੂੰ ਅਤੇ ਉਸਦੇ ਪਤੀ ਨੂੰ ਆਪਣੇ ਦਫ਼ਤਰ ਵਿਚ ਬੁਲਾ ਕੇ ਇਕ ਸੇਠ ਨਾਲ ਮਿਲਵਾਇਆ ਅਤੇ ਕਿਹਾ ਕਿ ਇਸ ਹਾਲਾਤ ਵਿਚ ਉਹ ਆਪਣੇ ਬੱਚੇ ਨੂੰ ਪਾਲ ਨਹੀਂ ਸਕਦੇ ਇਸ ਲਈ ਬੱਚਾ ਸੇਠ ਸਾਹਿਬ ਨੂੰ ਦੇ ਕੇ ਕੁਝ ਪੈਸੇ ਲੈ ਲੈਣ। ਇਹ ਸੁਣ ਕੇ ਪਤੀ-ਪਤਨੀ ਹੈਰਾਨ ਹੋ ਗਏ ਅਤੇ ਕੈਂਪ ਮੈਨੇਜਰ ਨੂੰ ਸਾਫ ਇਨਕਾਰ ਕਰਕੇ ਉਸਦੇ ਦਫ਼ਤਰ ਵਿਚੋਂ ਬਾਹਰ ਆ ਗਏ। ਇਸ ਗੱਲ ਨੂੰ ਭਾਵੇਂ ਬਹੁਤ ਅਰਸਾ ਬੀਤ ਚੁੱਕਿਆ ਸੀ, ਪਰ ਉਸ ਵਕਤ ਦੀ ਕੌੜੀ-ਕੁਸੈਲੀ ਯਾਦ ਅਜੇ ਵੀ ਸੀ।

ਇਸੇ ਲਈ ਦਾਦੀ ਕਿਸੇ ਗਰੀਬ ਔਰਤ ਤੋਂ ਪੈਸੇ ਦੇ ਕੇ ਬੱਚਾ ਲੈਣ ਦੇ ਹੱਕ ਵਿਚ ਨਹੀਂ ਸੀ। ਉਹ ਦਿਲ ਵਿਚ ਸੋਚਦੀ ਸੀ ਕਿਸੇ ਵੀ ਮਾਂ ਤੋਂ ਉਸਦਾ ਬੱਚਾ ਦੂਰ ਨਹੀਂ ਕਰਨਾ ਚਾਹੀਦਾ। ਕਹਾਣੀ ਦੇ ਅੰਤ ਵਿਚ ਜਦੋਂ ਹਰੀਸ਼ ਅਤੇ ਉਸਦੀ ਪਤਨੀ ਨਿਸ਼ਾ ਸ਼ਾਮ ਦੇ ਸਮੇਂ ਘਰ ਮੁੜਦੇ ਹਨ(ਮਾਂ ਦਿਵਸ ਵਾਲੇ ਦਿਨ) ਤਾਂ ਨਿਸ਼ਾ ਦੀ ਗੋਦੀ ਵਿਚ ਡੇਢ ਦੋ ਸਾਲ ਦਾ ਬੱਚਾ ਦੇਖ ਕੇ ਸਾਰੇ ਹੈਰਾਨ ਰਹਿ ਜਾਂਦੇ ਹਨ। ਅਸਲ ਵਿਚ ਹਰੀਸ਼ ਅਤੇ ਉਸਦੀ ਪਤਨੀ ਇਹ ਬੱਚਾ ਕਿਸੇ ਅਨਾਥ ਆਸ਼ਰਮ ਵਿਚੋਂ ਗੋਦ ਲੈ ਕੇ ਆਏ ਹਨ। ਇਸ ਬੱਚੇ ਦੇ ਮਾਂ-ਪਿਉ ਕੁਝ ਸਮਾਂ ਪਹਿਲਾਂ ਇਕ ਹਾਦਸੇ ਦਾ ਸ਼ਿਕਾਰ ਹੋ ਗਏ ਸੀ। ਬੱਚੇ ਦੇ ਰਿਸ਼ਤੇਦਾਰ ਬੱਚਾ ਅਨਾਥ ਆਸ਼ਰਮ ਵਿਚ ਛੱਡ ਗਏ ਸੀ। ਦਾਦੀ ਆਪਣੇ ਪੜਪੋਤੇ ਨੂੰ ਆਪਣੀ ਹਿੱਕ ਨਾਲ ਲਾ ਲੈਂਦੀ ਹੈ।

'ਹੁਣ ਨਹੀਂ' ਕਹਾਣੀ ਵਿਚ ਇਹ ਦਰਸਾਇਆ ਗਿਆ ਹੈ ਕਿ ਕਿਸੇ ਨੂੰ ਸੱਚਾ ਪਿਆਰ ਕਰਨ ਵਾਲੀ ਲੜਕੀ ਭਾਵੇਂ ਹਵਸ ਦਾ ਸ਼ਿਕਾਰ ਹੋ ਕੇ, ਮਜ਼ਬੂਰੀ ਵਿਚ ਜਾਂ ਜਵਾਨੀ ਦੇ ਜੋਸ਼ ਵਿਚ ਸਮਾਜਕ ਮਰਿਆਦਾ ਪਾਰ ਕਰ ਜਾਵੇ ਅਤੇ ਉਸਦਾ ਨਤੀਜਾ ਵੀ ਭੁਗਤੇ, ਪਰ ਉਹ ਆਪਣੇ ਨਾਲ ਧੋਖਾ ਕਰਨ ਵਾਲੇ ਨੂੰ ਕਦੇ ਮੁਆਫ਼ ਨਹੀਂ ਕਰਦੀ। ਸੰਦੀਪ ਅਤੇ ਸਿਮਰਨ ਦੀ ਵੀ ਇਹੋ ਕਹਾਣੀ ਹੈ।

ਦੋਵੇਂ ਭਾਵੇਂ ਇਕ- ਦੂਜੇ ਨੂੰ ਪਿਆਰ ਕਰਦੇ ਹਨ। ਸੰਦੀਪ ਨੂੰ ਮਜਬੂਰੀ, ਪਰਿਵਾਰਕ ਹਾਲਾਤ ਜਾਂ ਕੈਨੇਡਾ ਜਾਣ ਦੇ ਲਾਲਚ ਕਾਰਨ ਸਿਮਰਨ ਤੋਂ ਦੂਰ ਹੋਣਾ ਪਿਆ। ਇਹ ਤਾਂ ਸਿਮਰਨ ਦੀ ਕਿਸਮਤ ਚੰਗੀ ਸੀ ਜੋ ਉਸ ਨੂੰ ਅਸ਼ੋਕ ਮਿੱਤਲ ਵਰਗਾ ਜੀਵਨ ਸਾਥੀ ਮਿਲ ਗਿਆ, ਜਿਸਨੇ ਕਦੇ ਉਸ ਤੋਂ ਉਸਦੇ ਵਿਆਹ ਤੋਂ ਪਹਿਲਾਂ ਦੇ ਸਬੰਧਾ ਕਰਕੇ ਉਸਦੀ ਕੁੱਖ ਵਿਚ ਪਲ ਰਹੇ ਬੱਚੇ ਦੇ ਪਿਉ ਬਾਰੇ ਕਦੇ ਨਹੀਂ ਸੀ ਪੁੱਛਿਆ ਅਤੇ ਛੇ ਸਾਲ ਬਾਅਦ ਜਦੋਂ ਸੰਦੀਪ ਅਤੇ ਸਿਮਰਨ ਕਿਸੇ ਮਾਲ ਵਿਚ ਅਚਾਨਕ ਹੀ ਮਿਲੇ(ਸਿਮਰਨ ਦਾ ਪਤੀ ਅਤੇ ਉਸਦਾ ਬੱਚਾ ਅਭਿਸ਼ੇਕ ਵੀ ਨਾਲ ਸੀ) ਤਾਂ ਉਹ ਸੰਦੀਪ ਦੀ ਜਾਣ ਪਹਿਚਾਣ ਆਪਣੇ ਜਮਾਤੀ ਦੇ ਤੌਰ ਤੇ ਕਰਵਾਉਂਦੀ ਹੈ। ਅਭਿਸ਼ੇਕ ਕਿਉਂ ਜੋ ਸੰਦੀਪ ਅਤੇ ਸਿਮਰਨ ਦੇ ਆਪਸੀ ਸੰਬੰਧਾਂ ਤੋਂ ਪੈਦਾ ਹੋਇਆ ਬੱਚਾ ਸੀ, ਇਸ ਲਈ ਉਹ ਕੁਦਰਤੀ ਇਕ-ਦੂਜੇ ਵੱਲ ਖਿੱਚੇ ਜਾਂਦੇ ਹਨ। ਕਹਾਣੀ ਦੇ ਅੰਤ ਵਿਚ ਜਦੋਂ ਉਹ ਕੁਝ ਸਮੇਂ ਲਈ ਇੱਕਲੇ ਹੁੰਦੇ ਹਨ ਤਾਂ ਸੰਦੀਪ (ਜਿਸਦਾ ਪਰਿਵਾਰਕ ਜੀਵਨ ਠੀਕ ਨਹੀਂ ਸੀ), ਸਿਮਰਨ ਤੋਂ ਮੰਗ ਕਰਦਾ ਹੈ ਕੀ ਉਹ ਵਾਪਿਸ ਕੈਨੇਡਾ ਜਾਣ ਤੋਂ ਪਹਿਲਾਂ ਇਕ-ਦੋ ਬਾਰ ਆਪਣੇ ਪੁੱਤਰ ਅਭਿਸ਼ੇਕ ਨੂੰ ਮਿਲ ਸਕਦਾ ਹੈ ਤਾਂ ਉਹ ਕਹਿੰਦੀ ਹੈ, "ਹੁਣ ਨਹੀਂ, ਸੰਦੀਪ-- ਤੂੰ ਪਹਿਲਾਂ ਵੀ ਮੈਨੂੰ ਧੋਖਾ ਦੇ ਚੁੱਕੈਂ, ਬੱਸ ਅੱਜ ਤੋਂ ਬਾਅਦ ਤੇਰਾ ਪਰਛਾਵਾਂ ਵੀ ਅਭਿਸ਼ੇਕ ਤੇ ਨਹੀਂ ਪੈਣਾ ਚਾਹੀਦਾ। ਅੰਤ ਵਿਚ ਉਹ ਆਪਣੇ ਪਤੀ ਦਾ ਹੱਥ ਪਕੜ ਕੇ ਸੰਦੀਪ ਵੱਲ ਨਫ਼ਰਤ ਭਰੀ ਨਜ਼ਰ ਨਾਲ ਦੇਖ ਚਲੀ ਜਾਂਦੀ ਹੈ।

ਕਿਤਾਬ ਦੇ ਨਾਂ ਵਾਲੀ ਕਹਾਣੀ 'ਇਹ ਤਾਂ ਮੈਂ ਹੀ ਹਾਂ' ਇਕ ਨਵੇਕਲੀ ਕਹਾਣੀ ਹੈ। ਸੱਸ ਅਤੇ ਨੂੰਹ ਮੁੱਖ ਪਾਤਰ ਹਨ। ਨਿੰਦਰ ਦਾ ਪਤੀ ਸਹਿਦੇਵ ਤਾਂ ਗੌਣ ਪਾਤਰ ਹੀ ਹੈ। ਅਸਲ ਗੱਲ ਇਹ ਹੈ ਕਿ ਸਹਿਦੇਵ ਅਤੇ ਨਿੰਦਰ ਦੇ ਵਿਆਹ ਨੂੰ ਪੰਜ ਸਾਲ ਹੋ ਗਏ ਹਨ। ਪਤੀ-ਪਤਨੀ ਦੀ ਬਾਹਵਾ ਬਣਦੀ ਸੀ, ਪਰ ਫੇਰ ਪਤਾ ਨਹੀਂ ਕੀ ਹੋਇਆ ਦੋਹਾਂ ਦਾ ਕਲੇਸ਼ ਰੋਜਾਨਾ ਹੋਣ ਲੱਗਾ। ਸਹਿਦੇਵ ਦੀ ਸ਼ਰਾਬ ਦੀ ਲਤ ਦਿਨੋ ਦਿਨ ਵੱਧਦੀ ਗਈ। ਪਤੀ ਨਾਲ ਬੋਲ-ਬੁਲਾਰੇ ਦੇ ਬਾਵਜੂਦ ਨਿੰਦਰ ਆਪਣੀ ਸੱਸ ਦਾ ਪੂਰਾ ਧਿਆਨ ਰੱਖਦੀ। ਇਸ ਲਈ ਸਹਿਦੇਵ ਦੀ ਮਾਂ ਨੂੰ ਆਪਣੇ ਪੁੱਤਰ ਦਾ ਹੀ ਜਿਆਦਾ ਕਸੂਰ ਲੱਗਦਾ। ਆਪਣੇ ਮੁੰਡੇ ਦੀ ਸ਼ਰਾਬ ਦੀ ਆਦਤ ਤੋਂ ਉਹ ਵੀ ਬਹੁਤ ਦੁਖੀ ਸੀ, ਕਿਉਂ ਕਿ ਉਸਦਾ ਘਰ ਵੀ ਸ਼ਰਾਬ ਨੇ ਹੀ ਬਰਬਾਦ ਕੀਤਾ ਸੀ। ਸਹਿਦੇਵ ਅਜੇ ਚਾਰ ਸਾਲ ਦਾ ਹੀ ਸੀ ਕਿ ਉਸਦਾ ਪਤੀ ਹਰਬੰਸ ਜਿਆਦਾ ਨਸ਼ਿਆਂ ਕਾਰਨ ਮੁੱਕ ਗਿਆ ਸੀ। ਹੌਲੀ-ਹੌਲੀ ਸਹਿਦੇਵ ਸ਼ਰਾਬ ਦੇ ਨਾਲ ਹੋਰ ਨਸ਼ੇ ਵੀ ਕਰਨ ਲੱਗ ਪਿਆ। ਸਹਿਦੇਵ ਦੇ ਨਸ਼ਿਆਂ ਕਾਰਨ ਨਿੰਦਰ ਦਾ ਝੁਕਾਅ ਆਪਣੇ ਪਤੀ ਦੇ ਤਾਏ ਦੇ ਮੁੰਡੇ ਬਲਬੀਰ ਵੱਲ ਹੋ ਗਿਆ। ਸਹਿਦੇਵ ਇਸ ਗੱਲ ਤੋਂ ਵੀ ਵੱਟਿਆ ਰਹਿੰਦਾ। ਨਿੰਦਰ ਦੀ ਸੱਸ ਨੂੰ ਵੀ ਇਹ ਚੰਗਾ ਨਾ ਲੱਗਦਾ, ਪਰ ਉਹ ਆਪਣੀ ਨੂੰਹ ਨੂੰ ਵੀ ਕੁਝ ਕਹਿਣ ਤੋਂ ਝਿਜਕਦੀ ਸੀ। ਅਸਲ ਵਿਚ ਉਸਨੂੰ ਆਪਣਾ ਸਮਾਂ ਯਾਦ ਆ ਗਿਆ ਜਦੋਂ ਉਸਦੀ ਸੱਸ ਨੇ ਉਸ ਨੂੰ ਸਰੂਪ ਨਾਲ ਬੈਠੇ ਦੇਖ ਲਿਆ ਸੀ ਅਤੇ ਸਾਰੇ ਘਰ ਵਿਚ ਇਸਦਾ ਰੌਲਾ ਵੀ ਪਾ ਦਿੱਤਾ ਸੀ।

ਇਕ ਦਿਨ ਜਦ ਸਹਿਦੇਵ ਕਿਤੇ ਬਾਹਰ ਗਿਆ ਹੋਇਆ ਸੀ ਤਾਂ ਉਸ ਨੂੰ ਨਿੰਦਰ ਦੇ ਕਮਰੇ ਵਿਚੋਂ ਅਵਾਜ਼ਾਂ ਆਉਂਦੀਆਂ ਸੁਣਾਈ ਦਿੱਤੀਆਂ। ਉਸਨੇ ਜਾ ਕੇ ਦਰਵਾਜ਼ਾ ਖੜਕਾਇਆ। ਕੋਈ ਪਰਛਾਂਵਾਂ ਜਿਹਾ ਬਾਹਰ ਨਿਕਲਿਆ। ਨਿੰਦਰ ਦੀ ਸੱਸ ਨੇ ਪਹਿਚਾਣ ਲਿਆ ਕਿ ਉਹ ਬਲਵੀਰ ਸੀ। ਨਿੰਦਰ ਬਿਲਕੁਲ ਨਾ ਘਬਰਾਈ। ਜਦੋਂ ਸੱਸ ਨੇ ਕੁਝ ਉਜਰ ਕੀਤਾ ਤਾਂ ਨਿੰਦਰ ਆਪਣੇ ਆਪ ਨੂੰ ਰੋਕ ਨਾ ਸਕੀ ਅਤੇ ਨਿਡਰਤਾ ਨਾਲ ਬੋਲੀ, "ਤੁਹਾਡੇ ਪੁੱਤਰ ਵਿਚ ਹੁਣ ਉਹ ਤਿੰਨ ਕਾਣੇ ਨਹੀਂ ਜੋ ਬਲਵੀਰ ਨੂੰ ਇਥੇ ਆਉਣ ਤੋਂ ਰੋਕ ਸਕਣ---ਇਹ ਕੰਮ ਮਰਦਾ ਦਾ ਹੁੰਦਾ ਹੈ-- ਹੁਣ ਤੁਸੀਂ ਸੋਚੋ ਕਿ ਆਪਣੇ ਪੁੱਤਰ ਦੀ ਇੱਜ਼ਤ ਰੱਖਣੀ ਹੈ ਜਾਂ ਨਹੀਂ।" ਲੇਖਕ ਨੇ ਨਿੰਦਰ ਦਾ ਦਰਦ ਉਸਦੇ ਬੋਲਾਂ ਰਾਹੀਂ ਪ੍ਰਗਟਾ ਦਿੱਤਾ, ਪਰ ਸੱਸ ਦੀ ਹਾਲਤ ਉਸਦੀ ਸੋਚ ਰਾਹੀਂ ਦਰਸਾ ਦਿੱਤੀ--ਮੈਨੂੰ ਲੱਗਦਾ ਹੈ ਕਿ ਜ਼ਿੰਦਗੀ ਦੇ ਰੰਗ ਮੰਚ 'ਤੇ ਮੈਂ ਆਪਣੇ ਆਪ ਨੂੰ ਦੁਹਰਾ ਰਹੀ ਹਾਂ। ਇਸ ਘਰ ਨੂੰ ਜਾਇਦਾਦ ਦਾ ਵਾਰਸ ਦੇਣ ਮੈਨੂੰ ਵੀ ਤਾਂ ਅਜਿਹਾ ਕਰਨਾ ਪਿਆ ਸੀ। ਇਸ ਕਹਾਣੀ ਵਿਚ ਕਹਾਣੀਕਾਰ ਨੇ ਬੜੇ ਸੰਜਮ ਨਾਲ ਔਰਤ ਦੀਆਂ ਅੰਦਰੂਨੀ ਲਾਲਸਾਵਾਂ ਨੂੰ ਪਾਠਕਾਂ ਦੇ ਸਨਮੁੱਖ ਕਰ ਦਿੱਤਾ ਹੈ ਅਤੇ ਸੱਸ-ਨੂੰਹ ਦੇ ਇਕੋ ਜਿਹੇ ਦੁਖਾਂਤ ਨੂੰ ਕਲਮਬੰਦ ਕੀਤਾ ਹੈ। ਨਿਸ਼ਚੇ ਹੀ ਇਹ ਕਹਾਣੀ ਪੰਜਾਬੀ ਦੀਆਂ ਸਿਰਮੌਰ ਕਹਾਣੀਆਂ ਵਿਚੋਂ ਇਕ ਹੈ।

'ਗਰਮ ਗੁਲਾਬੀ ਕੋਟ' ਵਿਚ ਇਕ ਵਾਰ ਫੇਰ ਪਰਿਵਾਰਕ ਦੁਖਾਂਤ ਨੂੰ ਪੇਸ਼ ਕਰਦੇ ਹੋਏ ਕਹਾਣੀਕਾਰ ਨੇ ਇਕ ਬੇਬਸ ਔਰਤ ਦੀ ਉਸ ਅਵਸਥਾ ਦਾ ਜ਼ਿਕਰ ਕੀਤਾ ਹੈ, ਜਿਥੇ ਉਸ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਕੀ ਕਰੇ। ਇਹੋ ਨਹੀਂ ਸਾਡੇ ਸਮਾਜ ਦੇ ਉਸ ਵਰਤਾਰੇ ਨੂੰ ਵੀ ਚਿਤਰਿਆ ਹੈ, ਜਿਸ ਵਿਚ ਮਾੜੇ ਹਾਲਾਤ ਵਿਚ ਵੀ ਨਵੀਂ ਜ਼ਿੰਦਗੀ ਦੀ ਭਾਲ ਕਰਨ ਲਈ ਦੇਰ ਨਹੀਂ ਲਾਈ ਜਾਂਦੀ। ਕਮਲ ਦਾ ਜੀਵਨ ਸਾਥੀ ਹਰਮਨ ਛੋਟੀ ਉਮਰ ਵਿਚ ਹੀ ਰੱਬ ਨੂੰ ਪਿਆਰਾ ਹੋ ਜਾਂਦਾ ਹੈ। ਇਸ ਦੁਖਦਾਇਕ ਘਟਨਾ ਦੇ ਛੇ ਦਿਨ ਬਾਅਦ ਹੀ ਕਮਲ ਦੀ ਭਰਜਾਈ ਉਸ ਨੂੰ ਪੁੱਛਦੀ ਹੈ, "ਅੱਗੇ ਲਈ ਕੀ ਸੋਚਿਐ" ਅਤੇ ਇਹ ਵੀ ਕਹਿ ਦਿੰਦੀ ਹੈ, "ਜਵਾਨ ਉਮਰ ਵਿਚ ਔਰਤ ਦੀ ਭੁੱਖ ਕੇਵਲ ਰੋਟੀ ਨਾਲ ਨਹੀਂ ਮਿਟਦੀ----ਉਸ ਦੀਆਂ ਹੋਰ ਵੀ ਕਈ ਮਾਨਸਿਕ ਲੋੜਾਂ ਹੁੰਦੀਆਂ ਹਨ----ਅਤੇ ਨਾਲ ਦੀ ਨਾਲ ਉਸਦੇ ਦਿਉਰ ਦਿਲਬਾਗ ਵਾਰੇ ਵੀ ਉਸਦੀ ਰਾਏ ਪੁੱਛਦੀ ਹੈ। ਕਮਲ ਦੇ ਪਿਉ ਦੀ ਵੀ ਇਕ ਗੱਲ ਕਮਲ ਤੱਕ ਪਹੁੰਚ ਜਾਦੀ ਹੈ ਕਿ "ਜਾਂ ਤਾਂ ਦਿਲਬਾਗ, ਹਰਮਨ ਦੀ ਥਾਂ ਉਹਨਾਂ ਤੋਂ ਪੱਗ ਲੈ ਲਵੇ, ਨਹੀਂ ਉਹ ਜੱਸੀ (ਕਮਲ ਅਤੇ ਹਰਮਨ ਦੀ ਛੋਟੀ ਜਿਹੀ ਬੱਚੀ) ਨੂੰ ਸਾਂਭਣ ਤੇ ਅਸੀਂ ਆਪਣੀ ਕੁੜੀ ਲਈ ਕੋਈ ਹੋਰ ਮੁੰਡਾ ਲੱਭੀਏ।' ਅਜਿਹੇ ਵਤੀਰੇ ਰਾਂਹੀ ਇਹ ਦਰਸਾਇਆ ਹੈ ਕਿ ਔਰਤ ਦੀਆਂ ਅੰਦਰੂਨੀ ਭਾਵਨਾਵਾਂ ਨੂੰ ਤਾਂ ਸਮਝਣਾ ਹੀ ਨਹੀਂ। ਕਮਲ ਦੇ ਦਿਲੋ-ਦਿਮਾਗ ਵਿਚ ਜੋ ਹਲਚੱਲ ਮੱਚੀ ਹੋਈ ਹੈ, ਉਸ ਨੂੰ ਕੋਈ ਸਮਝਣ ਦਾ ਯਤਨ ਹੀ ਨਹੀਂ ਕਰ ਰਿਹਾ। ਅਸਲ ਵਿਚ ਕਮਲ ਨੇ ਆਪਣੇ ਦਿਉਰ ਦੇ ਕਹਿਣ ਤੇ ਉਸਦੀ ਗੱਲ ਆਪਣੀ ਬਚਪਨ ਦੀ ਸਹੇਲੀ ਜਸ਼ਨਪ੍ਰੀਤ ਨਾਲ ਕਰਵਾ ਦਿੱਤੀ ਸੀ ਅਤੇ ਦੋਹਾਂ ਨੂੰ ਇੱਕਠੇ ਕਰਨ ਦੀ ਹਾਮੀ ਵੀ ਭਰ ਦਿੱਤੀ ਸੀ। ਉਸ ਨੂੰ ਪਤਾ ਹੈ ਕਿ ਦਿਲਬਾਗ, ਜਸਨਪ੍ਰੀਤ ਨੂੰ ਦਿਲੋਂ ਪਿਆਰ ਕਰਦਾ ਹੈ। ਉਹ ਕਿਵੇ ਆਪਣੇ ਲਈ ਉਹਨਾਂ ਦੀ ਜੋੜੀ ਤੋੜ ਦੇਵੇ। ਇਸਦੇ ਨਾਲ ਹੀ ਉਸਦੇ ਮਨ ਵਿਚ ਇਹ ਖਿਆਲ ਵੀ ਜਨਮ ਲੈਂਦਾ ਹੈ, 'ਜਸਨਪ੍ਰੀਤ ਨੂੰ ਹੋਰ ਮੁੰਡਿਆਂ ਦਾ ਘਾਟਾ ਨਹੀਂ---ਆਪੇ ਚਾਰ ਦਿਨਾਂ ਵਿਚ ਦਿਲਬਾਗ ਨੂੰ ਭੁੱਲ ਜਾਊ----ਪਰ ਜੱਸੀ ਨੂੰ ਦਿਲਬਾਗ ਤੋਂ ਬਗੈਰ ਹੋਰ ਕਿਸੇ ਨੇ ਬਾਪ ਦਾ ਪਿਆਰ ਨਹੀਂ ਦੇਣਾ---ਐਵੇਂ ਭਾਵੁਕ ਨਾ ਹੋ---ਠੰਡੇ ਦਿਮਾਗ ਨਾਲ ਪੇਕੇ ਘਰ ਦੀ ਤਜ਼ਵੀਜ 'ਤੇ ਵਿਚਾਰ ਕਰ।' ਕਮਲ ਦੀ ਅਜਿਹੀ ਦੋ ਪਾਸੜ ਸੋਚ ਗੈਰ- ਕੁਦਰਤੀ ਨਹੀਂ, ਸਗੋਂ ਉਸਦੇ ਅੰਦਰੂਨੀ ਦਵੰਦ ਨੂੰ ਪੇਸ਼ ਕਰਦੀ ਹੈ। ਸਾਰੀਆਂ ਹੀ ਕਹਾਣੀਆਂ ਵਿਚ ਵਾਰਤਾਲਾਪ ਪਾਤਰਾਂ ਦੇ ਚਿਤਰਣ ਨੂੰ ਉਭਾਰਣ ਵਿਚ ਸਹਾਈ ਹੁੰਦੇ ਹਨ। ਕਹਾਣੀਆਂ ਪਾਠਕਾਂ ਨੂੰ ਆਪਣੇ ਵਹਾ ਵਿਚ ਵਹਾ ਕੇ ਲੈ ਜਾਂਦੀਆਂ ਹਨ। ਕਹਾਣੀ ਪੜ੍ਹਨ ਤੋਂ ਬਾਅਦ ਵੀ ਕਹਾਣੀਆਂ ਦੇ ਪਾਤਰ, ਪਾਠਕਾਂ ਦੇ ਮਨ-ਮਸਤਕ ਵਿਚ ਵਿਚਰਦੇ ਹਨ। ਨਿਰਸੰਦੇ 'ਇਹ ਤਾਂ ਮੈਂ ਹੀ ਹਾਂ' ਕਹਾਣੀ ਸੰਗ੍ਰਹਿ ਪੰਜਾਬੀ ਕਹਾਣੀ ਦੀ ਅਮੀਰ ਵਿਰਾਸਤ ਨੂੰ ਅੱਗੇ ਤੋਰਦਾ ਹੈ ਅਤੇ ਕਹਾਣੀਕਾਰ ਨਿਰੰਜਣ ਬੋਹਾ ਇਕ ਵਾਰ ਫੇਰ ਸਮਰਥ ਕਹਾਣੀਕਾਰ ਦੇ ਤੌਰ ਤੇ ਆਪਣੀ ਵੱਖਰੀ ਪਹਿਚਾਣ ਨੂੰ ਹੋਰ ਗੂੜੀ ਕਰਦਾ ਹੈ। 106 ਪੰਨਿਆ ਦੀ ਇਹ ਪੁਸਤਕ 'ਊੜਾ ਪਬਲੀਕੇਸ਼ਨ', ਮੋਗਾ ਨੇ ਪ੍ਰਕਾਸ਼ਿਤ ਕੀਤੀ ਹੈ।

## ਹੜ੍ਹ ਪੀੜਤਾਂ ਦੀ ਮਦਦ ਦੀ ਸ਼ੁਰੂਆਤ ਕਰਨ ਵਾਲੇ ਅਣਖੀਲਾ ਤੇ ਗੁਲਸ਼ਨ



ਪੰਜਾਬ ਦੀ ਸਟਾਰ ਦੋਗਾਣਾ ਗਾਇਕੀ ਜੋੜੀ ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਨੇ ਸਭ ਤੋਂ ਪਹਿਲਾਂ ਕਲਾਕਾਰਾਂ ਵਿਚੋਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਸ਼ੁਰੂ ਕੀਤੀ ਜਿਹੜੀ ਜ਼ਾਰੀ ਹੈ। ਮਨਜਿੰਦਰ ਗੁਲਸ਼ਨ ਦਾ ਮਨ ਰਾਤ ਦਿਨ ਇਹਨਾਂ ਪ੍ਰਭਾਵਿਤ ਲੋਕਾਂ ਦੀ ਸੇਵਾ ਕਰਾਂ ਤੇ ਓਸ ਰਾਸ਼ਨ ਵੰਡਣ ਦੇ ਨਾਲ ਗਰੀਬ ਵਿਧਵਾ ਦੇ ਢੱਠੇ ਘਰ ਦੀ ਉਸਾਰੀ ਦਾ ਜ਼ਿੰਮਾ ਲਿਆ। ਬਲਕਾਰ ਅਣਖੀਲਾ ਆਪ ਟਰੱਕ ਤੋਂ ਖਾਣ ਪੀਣ ਦਾ ਸਮਾਨ ਪ੍ਰਭਾਵਿਤ ਲੋਕਾਂ ਨੂੰ ਵੰਡਦੇ ਨਜ਼ਰ ਆਉਂਦੇ ਹਨ। ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਪੰਜਾਬੀ ਕਿਸੇ ਤੇ ਦੁੱਖ ਆਇਆ ਹੋਏ ਦੇਖ ਨਹੀਂ ਸਕਦੇ ਤੇ ਜੁੱਟ ਜਾਂਦੇ ਨੇ ਤਨ ਮਨ ਧਨ ਨਾਲ। ਮਨਜਿੰਦਰ ਗੁਲਸ਼ਨ ਪਾਣੀ ਤੇ ਚਿੱਕੜ ਦੀ ਪ੍ਰਵਾਹ ਨਹੀਂ ਕਰਦੀ ਤੇ ਨੰਗੇ ਪੈਰੀਂ ਹੜ੍ਹ ਪੀੜਤਾਂ ਨੂੰ ਚੀਜ਼ਾਂ ਦਿੰਦੀ ਨਜ਼ਰ ਆਏਗੀ। ਬਲਕਾਰ ਅਣਖੀਲਾ ਦੀ ਟੀਮ ਨੇ ਦਵਾਈਆਂ ਤੋ ਜੋ ਵੀ ਚਾਹੀਦਾ ਦੱਸੋ ਤੇ ਸੁਣ ਪੁੱਛ ਕਿ ਓਹ ਚਲ ਸੋ ਚਲ ਹਨ। ਗੁਲਸ਼ਨ ਦੀ ਬੇਟੀ ਸੰਗੀਤ ਆਖਦੀ ਮੰਮੀ ਤੁਹਾਨੂੰ ਸੇਵਾ ਕਰਦੇ ਦੇਖ ਮੇਰੇ ਦਿਲ ਨੂੰ ਤਸੱਲੀ ਹੁੰਦੀ ਹੈ ਕਿ ਤੁਹਾਡੇ ਅੰਦਰ ਇਨਸਾਨੀਅਤ ਪਹਿਲਾਂ ਬਾਕੀ ਬਾਅਦ ਵਿੱਚ ਤੇ ਬੇਟਾ ਓਹਨਾਂ ਦਾ ਲੱਕੀ ਆਖਦਾ ਮੇਰੇ ਪਿਤਾ ਬਲਕਾਰ ਅਣਖੀਲਾ ਮੈਨੂੰ ਵੀ ਆਖਦੇ ਨੇ ਪੁੱਤਰ ਆਪਾਂ ਜਿੰਨੇ ਜੋਗੇ ਹਾਂ ਇਹਨਾਂ ਦਾ ਸਭੇ ਕੁੱਝ ਰੁੜਿਆ ਬਣਾ ਕਿ ਦੇਣਾ ਹੈ। ਜਿਉਂਦੀ ਵੱਸਦੀ ਰਹੇ ਇਹ ਦਯਾਵਾਨ ਜੋੜੀ ਅਣਖੀਲਾ ਤੇ ਗੁਲਸ਼ਨ।

## ਕਨੇਡਾ ਨਚਾ ਦਿੱਤਾ ਜਯੋਤੀ ਸ਼ਰਮਾ ਨੇ ਸਵੀ ਤੇ ਅੰਮ੍ਰਿਤ ਖੁਸ਼



ਸਵੀਕਾਰ ਦੇ ਵਿਆਹ ਤੇ ਬੰਨੀ ਸ਼ਰਮਾ ਨੇ ਹਰ ਖੁਸ਼ੀ ਮਨਾਈ ਤਾਂ ਕਿ ਈਸ਼ਵਰ ਚਰਨਾਂ ਵਿੱਚ ਜਾ ਚੁੱਕੀ ਓਹਨਾਂ ਦੀ ਪਤਨੀ ਸਵਰਗੀ ਰਜਨੀ ਸ਼ਰਮਾ ਇਹ ਨਾ ਕਹੇ ਕਿ ਮੈਂ ਨਹੀਂ ਰਹੀ ਤਾਂ ਸਵੀ ਬੇਟੇ ਦੇ ਵਿਆਹ ਵਿੱਚ ਕੋਈ ਕਮੀ ਨਾ ਰਹੇ। ਸਵੀਕਾਰ ਸ਼ਰਮਾ ਦੀ ਜ਼ਿੰਦਗੀ ਬਣੀ ਅੰਮ੍ਰਿਤ ਕੌਰ ਤੇ ਇਸ ਵਿਆਹ ਤੇ ਮਾਡਲ/ਗਾਇਕਾ ਤੇ ਕਲਾਕਾਰ ਜਯੋਤੀ ਸ਼ਰਮਾ ਨੇ ਪੂਰੀ ਰੌਣਕ ਲਾਈ ਤੇ ਵਿਆਹ ਵਿੱਚ ਖੁਸ਼ੀਆਂ ਬਿਖੇਰ ਦਿੱਤੀਆਂ। ਸਵੀਕਾਰ ਪੁੱਤਰ ਨੇ ਬੰਨੀ ਸ਼ਰਮਾ ਦੇ ਜਿਹੜੇ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਦਿੱਗਜ ਹਨ। ਕਨੇਡਾ ਦੇ ਟੋਰਾਂਟੋ ਬਰੈਮਪਟਨ ਦਾ ਯਾਦਗਾਰ ਵਿਆਹ ਸਵੀ ਤੇ ਅੰਮ੍ਰਿਤ ਦਾ ਵਿਆਹ ਬਣਿਆ। ਲਖਵਿੰਦਰ ਵਡਾਲੀ, ਕੇ ਐਸ ਮੱਖਣ, ਰਾਮ ਭੋਗ ਪੁਰੀਆ ਤੇ ਬਹੁਤ ਸਾਰੇ ਇੰਡਸਟਰੀ ਦੇ ਲੋਕ ਸਵੀ ਤੇ ਅੰਮ੍ਰਿਤ ਦੀਆਂ ਖੁਸ਼ੀਆਂ ਵਿੱਚ ਸ਼ਾਮਿਲ ਹੋਏ। ਸਵੀ ਨੇ ਕਿਹਾ ਕਿ ਮੇਰੀ ਮੰਮੀ ਦੀ ਰੀਝ ਮੁਤਾਬਿਕ ਪਿਆਰੇ ਪਿਤਾ ਬੰਨੀ ਸ਼ਰਮਾ ਨੇ ਕਸਰ ਨਹੀਂ ਛੱਡੀ ਤੇ ਫਿਲਮੀ ਸ਼ਾਦੀ ਦਾ ਮਾਹੌਲ ਸਿਰਜਿਆ। ਸਵੀ ਤੇ ਅੰਮ੍ਰਿਤ ਨੇ ਕਿਹਾ ਜਯੋਤੀ ਸ਼ਰਮਾ ਨੇ ਤਾਂ ਜਾਗੋ, ਮਹਿੰਦੀ ਹਲਦੀ ਤੇ ਵਿਆਹ ਤੇ ਐਸੀ ਅਦਾਇਗੀ ਤੇ ਗਾਇਕੀ ਕੀਤੀ ਕਿ ਚਾਅ ਮਲਾਰ ਸ਼ਿਖਰ ਤੇ ਰਹੇ। ਸਵੀ ਤੇ ਅੰਮ੍ਰਿਤ ਨੇ ਨਾਲ ਹੀ ਪੰਜਾਬ ਲਈ ਪ੍ਰਾਥਨਾ ਕੀਤੀ ਕਿ ਅਸੀਂ ਰਲ ਮਿਲ ਆਪਣੇ ਵੀਰਾਂ ਭੈਣਾ ਜਿਹੜੇ ਹੜ੍ਹਾਂ ਦਾ ਸ਼ਿਕਾਰ ਹੋਏ ਦੀ ਮਦਦ ਕਰਨ ਲਈ ਤਿਆਰ ਹਾਂ ਤੇ ਬੰਨੀ ਸ਼ਰਮਾ ਵੀ ਕੋਈ ਕਸਰ ਨਹੀਂ ਰਹਿਣ ਦੇਣਗੇ।

# • ਪੰਜਾਬੀ ਫ਼ਿਲਮ ਦਰਪਣ •

## ਚਿਹਰੇ ਦੀ ਲਾਲੀ ਦੱਸਦੀ ਏ ਕਿ ਸਟਾਰ ਬਣਨ ਵੱਲ ਐਂਜਲੀਨਾ ਰਾਜਪੂਤ



ਚਿੱਟੇ ਮੁੱਖੜੇ ਤੇ ਮ੍ਰਿਗ ਨੈਣੀ ਅੱਖੀਆਂ ਤੇ ਕਸ਼ਮੀਰੀ ਸੇਬਾਂ ਜਿਹੀਆਂ ਲਾਲ ਗੱਲ੍ਹਾਂ ਐਂਜਲੀਨਾ ਰਾਜਪੂਤ ਦੀ ਖੂਬਸੂਰਤੀ ਦੇ ਚੰਦ ਗੁਣ ਜਿਹੜੇ ਸਾਹਮਣੇ ਦਿਖਾਈ ਦਿੰਦੇ ਹਨ। ਬਹੁਤ ਕੰਮ ਓਹ ਵੈੱਬ ਸੀਰੀਜ਼ ਤੇ ਸ਼ੋਰਟ ਫ਼ਿਲਮਾਂ ਵਿੱਚ ਕਰ ਰਹੀ ਹੈ ਤੇ ਪਿਆਰੀ ਐਕਟ੍ਰੈਸ ਹੈ। ਸਟ੍ਰੇਟ ਵਾਲ ਐਂਜਲੀਨਾ ਦੀ ਸੁੰਦਰਤਾ ਵਿੱਚ ਵਾਧਾ ਕਰਦੇ ਹਨ। "ਪੁੱਤਾਂ ਦੇ ਵਪਾਰੀ" ਵੈੱਬ ਸੀਰੀਜ਼ ਨੇ ਐਂਜਲੀਨਾ ਰਾਜਪੂਤ ਨੂੰ ਬੈਸਟ ਐਕਟ੍ਰੈਸ ਬਣਾ ਦਿੱਤਾ ਹੈ ਤੇ ਭਗਵੰਤ ਕੰਗ ਆਖਦੇ ਨੇ ਕਿ ਪਾਲੀਵੁੱਡ ਵਿੱਚ ਏਂਜਲਜ਼ ਐਂਜਲੀਨਾ ਦਾ ਸਮਾਂ ਸ਼ੁਰੂ ਹੈ। ਓਹ ਅੱਛੇ ਕਲਾਕਾਰਾਂ ਦੇ ਵੀਡੀਓ ਗੀਤਾਂ ਦੀ ਮਾਡਲ ਬਣ ਰਹੀ ਹੈ। ਐਂਜਲੀਨਾ ਰਾਜਪੂਤ ਆ ਰਹੇ ਸਾਲ ਵਿੱਚ ਇੱਕ ਅੱਛੀ ਬ੍ਰੇਕ ਮਿਲੀ ਤਾਂ ਪਾਲੀਵੁੱਡ ਵਿੱਚ ਆਪਣੇ ਸੁਰਖ਼ ਲਾਲ ਹੋਂਠਾਂ ਨਾਲ ਦਰਸ਼ਕ ਮੰਤ੍ਰ ਮੁਗਧ ਕਰ ਰਹੀ ਹੋਏਗੀ ਤੇ ਐਂਜਲੀਨਾ ਨੇ ਇਹ ਗੱਲ ਭਾਵੁਕ ਹੋ ਕਿ ਆਖੀ ਕਿ ਪੰਜਾਬ ਨੂੰ ਨਜ਼ਰ ਲੱਗ ਗਈ ਏ ਤੇ ਆਪਾਂ ਸਾਰੇ ਜਿੰਨੀ ਵੀ ਹੋ ਸਕੇ ਹੜ੍ਹ ਸ਼ਿਕਾਰ ਲੋਕਾਂ ਦੀ ਮਦਦ ਕਰੀਏ।

## ਚੌਪਾਲ ਟੀਵੀ ਤੇ ਅਸ਼ੋਕ ਪੁਰੀ ਦਾ ਗੋਲਡ ਮੈਡਲ ਦਾ ਦਹੇਜ




ਅਸ਼ੋਕ ਪੁਰੀ ਐਕਟਰ ਤੇ ਡਾਇਰੈਕਟਰ ਮੇਕਰ ਇਸ ਵੇਲੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਕੰਮ ਕਰ ਰਹੇ ਹਨ ਤੇ ਇਹਨਾਂ ਦੀ ਨਿਰਦੇਸ਼ਤ ਕੀਤੀ ਦਾਜ ਤੇ ਬਣੀ ਚਰਚਿਤ ਵੈੱਬ ਫਿਲਮ "ਗੋਲਡ ਮੈਡਲ ਦਾ ਦਹੇਜ" ਚੌਪਾਲ ਟੀਵੀ ਤੇ ਆ ਰਹੀ ਹੈ। ਅਸ਼ੋਕ ਪੁਰੀ ਨੇ ਇਸ ਨੂੰ ਫ਼ਿਲਮੀ ਰੂਪ ਦੇ ਕਿ ਨਿਰਦੇਸ਼ਤ ਕੀਤਾ ਹੈ ਜਦ ਕਿ ਕਹਾਣੀ ਭਾਜਪਾ ਦੇ ਪ੍ਰਮੁੱਖ ਨੇਤਾ ਅਵਿਨਾਸ਼ ਰਾਏ ਖੰਨਾ ਦੀ ਹੈ। ਫ਼ਿਲਮ ਵਿੱਚ ਆਰਤੀ ਤੇ ਅਸ਼ੋਕ ਪੁਰੀ ਦੇ ਨਾਲ ਵਿਨੀਤ ਅਟਵਾਲ, ਨੈਂਸੀ ਅਰੋੜਾ, ਗੁਰਮੇਲ ਧਾਲੀਵਾਲ, ਅੰਮ੍ਰਿਤ, ਵਿੱਕੀ ਵਾਲੀਆ ਤੇ ਰੇਣੁਕਾ ਰਾਜਪੂਤ ਵੀ ਹਨ। ਅਸ਼ੋਕ ਪੁਰੀ ਹੋਸ਼ਿਆਰਪੁਰ ਦੀਆਂ ਪ੍ਰਮੁੱਖ ਕਲੱਬਾਂ ਨਾਲ ਸੰਬੰਧਿਤ ਵੀ ਨੇ ਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਓਹ ਸਮਾਨ ਤੇ ਦਵਾ ਦਾਰੂ ਲੈ ਕਿ ਜਾ ਰਹੇ ਹਨ। ਚੌਪਾਲ ਟੀਵੀ ਦੇ ਇਲਾਵਾ ਓਹ ਦੱਸਦੇ ਨੇ ਕਿ ਇਹ ਫਿਲਮ ਹਿੰਦੀ ਵਿੱਚ ਵੀ ਆ ਰਹੀ ਹੈ ਹੜ੍ਹ ਪ੍ਰਭਾਵਿਤ ਪੰਜਾਬ ਥੋੜਾ ਸਹੀ ਹੋਣ ਤੇ ਓਹ ਬਾਕੀ ਸੱਤ ਭਾਰਤੀ ਭਸ਼ਾਵਾਂ ਵਿੱਚ ਵੀ ਇਹ ਫ਼ਿਲਮ ਜ਼ਾਰੀ ਕਰਨਗੇ। ਕੁਮਾਰ ਵਿਨੋਦ ਨੇ ਅੰਜੂ ਰੱਤੀ ਲਿਖਤ ਗੀਤ ਇਸ ਫ਼ਿਲਮ ਲਈ ਗਾਇਆ ਹੈ।

## ਗੋਗੀ ਘੁਮਾਣ ਤੇ ਅੰਮ੍ਰਿਤ ਸਿੰਘ ਸਿੱਧੂ ਵੀ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਮਰਪਣ



ਲੁਧਿਆਣਾ ਜ਼ਿਲੇ ਦੇ ਰਹਿੰਦੇ ਯੂ ਐਸ ਏ ਪੰਜਾਬੀ ਗਾਇਕ ਗੋਗੀ ਘੁਮਾਣ ਦਾ ਸੰਗੀਤ ਵਿਭਾਗ ਹੁਣ ਅੰਮ੍ਰਿਤ ਸਿੰਘ ਸਿੱਧੂ ਕੋਲ ਹੈ ਤੇ ਅੰਮ੍ਰਿਤ ਸਿੰਘ ਸਿੱਧੂ ਸੰਗੀਤ ਵਿੱਚ ਮਿਊਜ਼ਿਕ ਐਂਪਾਇਰ ਦੇ ਨਾਮ ਤੇ ਵਿਸ਼ਵ ਪ੍ਰਸਿੱਧ ਹਨ। ਗੋਗੀ ਘੁਮਾਣ ਦੀ ਸੀਈਓ ਮਨਜਿੰਦਰ ਕੌਰ ਪੰਜਾਬ ਕਿੰਗ ਮਿਊਜ਼ਿਕ ਆਡੀਓ ਵੀਡਿਓ ਕੰਪਨੀ ਚਲਾ ਰਹੇ ਨੇ ਤੇ ਮਾਰਗ ਦਰਸ਼ਨ ਅੰਮ੍ਰਿਤ ਸਿੱਧੂ ਦਾ ਹੈ। ਮਤਲਬ ਕਿ ਸੰਗੀਤ ਜਗਤ ਵਿੱਚ ਅੰਮ੍ਰਿਤ ਸਿੰਘ ਸਿੱਧੂ ਤੇ ਗੋਗੀ ਘੁਮਾਣ ਇੱਕਠੇ ਚਲ ਰਹੇ ਹਨ। ਦੋਵਾਂ ਨੂੰ ਪਤਾ ਹੈ ਕਿ ਪੰਜਾਬ ਡੂੰਘੇ ਜ਼ਖਮ ਹੜ੍ਹ ਦੇ ਪੁਆ ਚੁੱਕਾ ਹੈ ਤੇ ਘਰ, ਪਰਿਵਾਰ ਮਾਲ ਡੰਗਰ ਸਭ ਰੁੜ੍ਹ ਗਿਆ ਤੇ ਇਹਨਾਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਗੋਗੀ ਘੁਮਾਣ ਤੇ ਅੰਮ੍ਰਿਤ ਸਿੰਘ ਸਿੱਧੂ ਆਪਣੇ ਤੌਰ ਤੇ ਸਰਗਰਮ ਹਨ। ਗੋਗੀ ਘੁਮਾਣ ਨੇ ਕਿਹਾ ਕਿ ਬਾਕੀ ਪ੍ਰਵਾਸੀ ਵੀ ਫਿਰ ਬਰਬਾਦ ਹੋਏ ਪੰਜਾਬ ਦੇ ਪਿੰਡ ਘਰਾਂ ਨੂੰ ਆਬਾਦ ਕਰਨ ਲਈ ਹੰਭਲਾ ਮਾਰਨ ਤੇ ਅੰਮ੍ਰਿਤ ਸਿੰਘ ਸਿੱਧੂ ਦਿਨ ਰਾਤ ਇੱਕ ਕਰ ਆਪਣਾ ਯੋਗਦਾਨ ਦੇ ਰਹੇ ਨੇ ਪੰਜਾਬ ਦੀਆਂ ਸੰਗੀਤ ਸੰਸਥਾਵਾਂ ਤੇ ਆਡੀਓ ਵੀਡਿਓ ਕੰਪਨੀਆ ਵੀ ਅੱਗੇ ਆਉਣ।

## ਦਮਨ ਮਜੀਠੀਆ ਨੇ ਬੌਬੀ ਬਾਜਵਾ ਦੀ ਕੀਤੀ ਸਿਫਤ ਹੜ੍ਹ ਪੀੜਤਾਂ ਲਈ ਜੋਦੜੀ



ਦਮਨ ਮਜੀਠੀਆ ਨੂੰ ਬੌਬੀ ਬਾਜਵਾ ਬਿਗ ਡੀ ਆਖਦੇ ਨੇ ਤੇ ਦਮਨ ਮਜੀਠੀਆ ਓਹ ਐਕਟਰ ਨੇ ਜਿਹੜੇ ਲਾਲੀਵੁਡ ਨਾਇਕਾ ਨੀਲੀ ਤੱਕ ਨਾਲ ਸ਼ੋ ਕਰਦੇ ਰਹੇ ਹਨ।ਬੌਬੀ ਬਾਜਵਾ ਸਟਾਰ ਵੀਡੀਓ ਡਾਇਰੈਕਟਰ ਤੇ ਫ਼ਿਲਮ ਨਿਰਦੇਸ਼ਕ ਦੇ ਨਾਲ ਗਾਇਕ ਤੇ ਐਕਟਰ ਨਾਇਕ ਹਨ।ਦਮਨ ਆਖਦੇ ਨੇ ਓਹਨਾਂ ਨੂੰ ਫਿਰ ਸਟਾਰ ਬਣਨ ਵੱਲ ਬੌਬੀ ਬਾਜਵਾ ਨੇ ਤੋਰਿਆ ਹੈ ਤੇ ਬੌਬੀ ਬਾਜਵਾ ਜਵਾਬ ਵਿੱਚ ਬੋਲੇ ਕਿ ਓਹ ਅੱਛੇ ਕਲਾਕਾਰ ਪ੍ਰਮੋਟ ਕਰਦੇ ਆਏ ਨੇ ਤੇ ਰਹਿਣਗੇ। ਖੈਰ ਬੌਬੀ ਬਾਜਵਾ ਦੀ ਵੈੱਬ ਫ਼ਿਲਮ "ਚੜ੍ਹਦੀ ਕਲਾ" ਅੱਛੀ ਚਲ ਰਹੀ ਹੈ ਜਿਹੜੀ ਭਾਰਤੀ ਫੌਜ ਤੇ ਹੈ। ਇਸ ਵੇਲੇ ਪੰਜਾਬ ਦੇ ਹਲਾਤ ਬਹੁਤ ਬੁਰੇ ਹਨ, ਪਾਣੀ ਹੀ ਪਾਣੀ ਤੇ ਜ਼ਿੰਦਗੀਆਂ ਰੁਕ ਗਈਆਂ ਨੇ ਤੇ ਨੁਕਸਾਨ ਐਨਾ ਕਿ ਲਿਖ ਨਹੀਂ ਸਕਦੇ। ਬੌਬੀ ਬਾਜਵਾ ਤੇ ਦਮਨ ਮਜੀਠੀਆ ਆਪਣੇ ਤੌਰ ਤੇ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਜਾ ਰਹੇ ਹਨ ਤੇ ਓਹ ਆਪਣੇ ਸਾਥੀਆਂ ਨੂੰ ਵੀ ਮਾਨਵਤਾ ਤੇ ਪੰਜਾਬ ਦੇ ਨਾਮ ਤੇ ਇਸ ਕਾਰਜ ਲਈ ਜੁੱਟਣ ਵਾਸਤੇ ਪ੍ਰੀਤ ਨਾਲ ਪ੍ਰੇਰਿਤ ਕਰ ਰਹੇ ਹਨ। ਦਮਨ ਮਜੀਠੀਆ ਬੋਲੇ ਕੰਮ ਹੁੰਦੇ ਰਹਿਣੇ ਪਰ ਜਿਹਨਾਂ ਦਾ ਘਰ ਬਾਰ ਤਬਾਹ ਲੋੜ ਓਹਨਾਂ ਨੂੰ ਖੜ੍ਹੇ ਕਰਨ ਦੀ ਹੈ ਕਿਤੇ ਨੁਕਸਾਨ ਦੇਖ ਜਾਨਾਂ ਤੋ ਹੱਥ ਨਾ ਧੋ ਲੈਣ ਇਹ ਲੋਕ। ਬੌਬੀ ਬਾਜਵਾ ਵੀ ਆਖਦੇ ਨੇ ਕਿ ਓਹਨਾਂ ਦੀ ਟੀਮ ਤੁਰੀ ਹੈ ਤੇ ਆਪਣੀ ਸਮਰਥਾ ਅਨੁਸਾਰ ਮਦਦ ਕਰ ਰਹੀ ਹੈ। ਰਾਜਨੀਤੀ ਵਾਲੇ ਬਿਆਨ ਤੱਕ ਆਰ ਕਲਾਕਾਰ ਬਣੇ ਅਸਲੀ ਹਿਤੈਸ਼ੀ ਪੰਜਾਬੀ ਓ ਪਹਿਚਾਣ ਲਓ।

-ਅੰਮ੍ਰਿਤ ਪਵਾਰ

# ਨਾਨਕ ਕਿਛੁ ਸੁਣੀਐ, ਕਿਛੁ ਕਹੀਐ

ਸੁਖਪਾਲ ਸਿੰਘ ਗਿੱਲ
9878111445



ਵਿਵਾਦ ਮੂਰਖਾਂ ਦਾ ਅਤੇ ਸੰਵਾਦ ਸੋਝੀ ਵਾਲਿਆਂ ਦਾ ਵਿਸ਼ਾ ਹੁੰਦਾ ਹੈ। ਵਿਵਾਦ ਅਤੇ ਸੰਵਾਦ ਦੋ ਅਜਿਹੇ ਵਿਸ਼ੇ ਹਨ ਜੋ ਚਿਹਰੇ ਤੋਂ ਹੀ ਸਮਝੇ ਜਾ ਸਕਦੇ ਹਨ। ਕੁੱਝ ਲੋਕ ਪਤਾ ਹੋਣ ਦੇ ਬਾਵਜੂਦ ਵੀ ਵਿਵਾਦ ਨੂੰ ਪਹਿਲ ਦਿੰਦੇ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਸੰਵਾਦ ਨਾਲ ਸਾਹਮਣਾ ਨਹੀਂ ਕਰ ਸਕਦੇ। ਕਈ ਚੁਸਤ ਚਲਾਕ ਲੋਕ ਵਿਵਾਦ ਵਾਲੇ ਵਿਅਕਤੀ ਨੂੰ ਆਪਣੇ ਹਿੱਤਾਂ ਲਈ ਵੀ ਵਰਤ ਲੈਂਦੇ ਹਨ। ਜ਼ਿੰਦਗੀ ਦਾ ਫ਼ਲਸਫ਼ਾ ਹੀ ਇਹ ਚਾਹੀਦਾ ਹੈ ਕਿ ਕਹੋ ਵੀ, ਸੁਣੋਂ ਵੀ। ਜ਼ਿੰਦਗੀ ਨੂੰ ਹਮੇਸ਼ਾ ਸੰਵਾਦ ਰਚਾ ਕੇ ਜੀਓ, ਵਿਵਾਦ ਨਾਲ ਦੂਰ ਦਾ ਵੀ ਵਾਸਤਾ ਨਾ ਰੱਖੋ। ਸਮਾਜ ਵਿੱਚ ਹਰ ਤਰ੍ਹਾਂ ਦਾ ਸੁਭਾਅ ਅਤੇ ਆਦਤਾਂ ਮਿਲਦੀਆਂ ਹਨ।

ਇਹਨਾਂ ਪਿੱਛੇ ਪ੍ਰੀਵਾਰ ਦੇ ਸਮਾਜੀਕਰਨ, ਗਿਆਨ ਅਤੇ ਸਿਖਿਆ ਦਾ ਕਾਫ਼ੀ ਵੱਡਾ ਰੋਲ ਹੁੰਦਾ ਹੈ। ਸੰਵਾਦ ਨਾਲ ਹਮੇਸ਼ਾ ਮਸਲੇ ਹੱਲ ਹੁੰਦੇ ਹਨ। ਵਿਵਾਦ ਅਗਿਆਨਤਾ ਵਿੱਚੋਂ ਉੱਪਜਦਾ ਹੈ। ਸੰਵਾਦ ਦੀ ਮਾਂ ਸਿਆਣਪ ਹੈ। ਪਵਿੱਤਰ ਗੁਰਬਾਣੀ ਦਾ ਫੁਰਮਾਨ ਹੈ, "ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ" ਇੱਕ ਦੂਜੇ ਦੀ ਗੱਲ ਵਿਚਾਰ ਕੇ ਜਵਾਬ ਦੇਣਾ ਉੱਤਮ ਆਦਤ ਹੈ। ਐਂਵੇ ਸੋਚੇ ਸਮਝੇ ਝਗੜੇ ਪੈਦਾ ਕਰਕੇ ਗੱਲ ਮੂੰਹ ਤੇ ਮਾਰਨੀ ਬੁਰੀ ਆਦਤ ਹੁੰਦੀ ਹੈ। ਜੇ ਸੁਣਾਉਣ ਦਾ ਮਾਦਾ ਰੱਖਦੇ ਹੋ ਤਾਂ ਸੁਣਨ ਦਾ ਮਾਦਾ ਵੀ ਰੱਖਣਾ ਚਾਹੀਦਾ ਹੈ। ਗੁਰਬਾਣੀ ਦਾ ਸਪਸ਼ਟ ਹੁਕਮ ਹੈ:-"ਜਬ ਲਗੁ ਦੁਨੀਆ ਰਹੀਐ, ਨਾਨਕ ਕਿਛੁ ਸੁਣੀਐ ਕਿਛੁ ਕਹੀਐ"

ਸੰਵਾਦ ਅਤੇ ਵਿਵਾਦ ਨੂੰ ਜ਼ਿੰਦਗੀ ਦੇ ਦੋ ਪਹਿਲੂ ਮੰਨਣਾ ਚਾਹੀਦਾ ਹੈ। ਕਿਉਂਕਿ ਕਿ ਕਾਇਨਾਤ ਵਿੱਚ ਹਰ ਤਰ੍ਹਾਂ ਦਾ ਬੰਦਾ ਹੁੰਦਾ ਹੈ। ਅਸਲੀ ਦਾਨਸ਼ਵਰ ਦੋਵਾਂ ਨੂੰ ਕਾਬੂ ਹੇਠ ਰੱਖਦਾ ਹੈ। ਸੰਵਾਦ ਨਰਮ ਤਾਸੀਰ ਅਤੇ ਵਿਵਾਦ ਗਰਮ ਤਾਸੀਰ ਰੱਖਦਾ ਹੈ। ਹਾਂ ਇੱਕ ਗੱਲ ਹੋਰ ਵੀ ਹੈ ਕਿ ਵਿਵਾਦ ਵਾਲੇ ਦਾ ਪਿੰਡ ਵਿੱਚ ਕੋਈ ਨਾ ਕੋਈ ਗੁਰੂ ਜ਼ਰੂਰ ਹੁੰਦਾ ਹੈ ਜਿਸ ਦੀ ਉਹ ਮੰਨਦਾ ਹੈ। ਇਹ ਕਹਿਣਾ ਕਿ ਅਜਿਹੇ ਬੰਦਿਆਂ ਦਾ ਕੋਈ ਗੁਰੂ ਪੀਰ ਨਹੀਂ ਹੁੰਦਾ ਇਹ ਗਲਤ ਸਾਬਤ ਹੁੰਦਾ ਹੈ। ਸੰਵਾਦ ਵਾਲਾ ਆਪਣੀ ਨੀਤੀ ਅਨੁਸਾਰ ਚੱਲਦਾ ਹੈ।ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਜੋ ਮੈਂ ਕਹਿੰਦਾ ਹਾਂ ਉਸ ਦੀ ਜ਼ਿੰਮੇਵਾਰੀ ਮੇਰੀ ਹੈ ਜੋ ਤੂੰ ਸਮਝਦਾ ਹੈ ਉਸ ਦੀ ਜ਼ਿੰਮੇਵਾਰੀ ਮੇਰੀ ਨਹੀਂ ਹੈ। ਇਹ ਵੀ ਵਿਵਾਦ ਅਤੇ ਸੰਵਾਦ ਉੱਤੇ ਖੜ੍ਹਾ ਹੈ। ਵਿਵਾਦ ਵਾਲਾ ਸੁਣਦੀ ਸਾਰ ਹੀ ਝਗੜਾ ਸ਼ੁਰੂ ਕਰ ਦਿੰਦਾ ਹੈ ਜਦ ਕਿ ਸੰਵਾਦ ਵਾਲਾ ਸੌ ਵਾਰ ਸੋਚਣ ਕੇ ਗੱਲ ਮੂੰਹੋਂ ਕੱਢਦਾ ਹੈ। ਸੰਵਾਦ ਰਚਾਉਣ ਨਾਲ ਸਾਹਮਣੇ ਵਾਲੇ ਨੂੰ ਗੱਲ ਸਮਝਾਉਣ ਦਾ ਯਤਨ ਕੀਤਾ ਜਾਂਦਾ ਹੈ। ਇਸ ਨਾਲ ਕਈ ਵਾਰ ਝਗੜਾ ਰੁਕ ਜਾਂਦਾ ਹੈ। ਵਿਵਾਦ ਵਾਲੇ ਦੀ ਇੱਕ ਗੱਲ ਪੱਕੀ ਹੈ ਕਿ ਉਸ ਦੇ ਪੱਲੇ ਤਰਕ ਨਹੀਂ ਹੁੰਦਾ ਉਹ ਥੋਥਾ ਚਨਾ ਵਾਜੇ ਘਨਾ ਅਨੁਸਾਰ ਆਪਣੀ ਗੱਲ ਸੁਣਾਉਣ ਲਈ ਉੱਚੀ ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੰਦਾ ਹੈ। ਸਵਾਦ ਵਾਲਾ ਇੱਕ ਚੁੱਪ ਸੌ ਸੁੱਖ ਅਨੁਸਾਰ ਚੱਲਦਾ ਹੈ। ਜ਼ਿੰਦਗੀ ਬਿਤਾਉਂਦੇ ਸਮੇਂ ਸਹਿਜ ਅਤੇ ਸੰਜਮ ਦਾ ਗਿਆਨ ਹੋਣਾ ਲਾਜ਼ਮੀ ਹੈ। ਧਾਰਨਾਵਾਂ ਬਦਲ ਜਾਂਦੀਆਂ ਹਨ ਪਰ ਚਰਿੱਤਰ ਅਤੇ ਆਦਤਾਂ ਨਹੀਂ ਬਦਲਦੀਆਂ। ਵਿਵਾਦ ਜੇ ਸੰਵਾਦ ਤੋਂ ਸਿੱਖ ਲਏ ਤਾਂ ਗਲਤੀ ਨਹੀਂ ਹੋ ਸਕਦੀ। ਇਹ ਵੀ ਹੋ ਸਕਦਾ ਹੈ ਕਿ ਵਿਵਾਦ ਵਾਲਾ ਠੀਕ ਹੋਵੇ ਪਰ ਉਸਦੀ ਵਿਵਾਦ ਵਾਲੀ ਆਦਤ ਸਭ ਕੁੱਝ ਖ਼ੁਆਰ ਕਰ ਦਿੰਦੀ ਹੈ। ਵਿਵਾਦ ਸੰਵਾਦ ਵਿਚਕਾਰ ਸਹਿਜ ਦੀ ਕੜੀ ਹੋਣੀ ਚਾਹੀਦੀ ਹੈ। ਇਸ ਨਾਲ ਮਸਲੇ ਨਿਪਟ ਜਾਂਦੇ ਹਨ।

ਜ਼ਿੰਦਗੀ ਦੇ ਤਜਰਬੇ ਨਾਲ ਸੰਵਾਦ ਸਿੱਖ ਲੈਣਾ ਚਾਹੀਦਾ ਹੈ। ਬਜ਼ੁਰਗਾਂ ਦੀ ਧਾਰਨਾ ਹੁੰਦੀ ਹੈ ਕਦੇ ਸੁਣ ਲਈ ਕਦੇ ਸੁਣਾ ਦਿੱਤੀ। ਕਦੇ ਮੰਨ ਲਈ ਕਦੇ ਮਨਾ ਦਿੱਤੀ। ਸੰਵਾਦ ਲਿਖਤੀ ਜਾਂ ਜ਼ਬਾਨੀ ਆਦਾਨ ਪ੍ਰਦਾਨ ਨੂੰ ਕਹਿੰਦੇ ਹਨ। ਵਿਵਾਦ ਬਿਨਾਂ ਸੋਚੇ ਸਮਝੇ ਇੱਕ ਪਾਸੇ ਪੈਂਡਾ ਤੈਅ ਕਰਦਾ ਹੈ। ਆ ਬੈਲ ਮੁਝੇ ਮਾਰ। ਜੇ ਅੱਗਿਉਂ ਵੀ ਵਿਵਾਦ ਵਾਲਾ ਟੱਕਰੇ ਤਾਂ ਥਾਣੇ, ਕੋਰਟ ਕਚਹਿਰੀ ਸਵਾਗਤ ਲਈ ਤਿਆਰ ਹੋ ਜਾਂਦੀ ਹੈ। ਚਰਿੱਤਰ ਨਿਰਮਾਣ ਗ੍ਰਸਿਆ ਜਾਂਦਾ ਹੈ। ਵਿਵਾਦ, ਵਿਦਵਤਾ ਦਾ ਰਸਤਾ ਪੈ ਜਾਵੇ ਤਾਂ ਮਸਲੇ ਸੌਖ ਨਾਲ ਹਲ ਹੋ ਜਾਂਦੇ ਹਨ। ਸਿਆਣੇ ਬਜ਼ੁਰਗਾਂ ਦੀਆਂ ਸਿੱਧੀਆਂ ਸਾਦੀਆ ਗੱਲਾਂ ਵਿੱਚ ਸੰਵਾਦ ਸੋਹਣਾ ਲੱਗਦਾ ਹੁੰਦਾ ਸੀ। ਕਈ ਸਿਆਣੇ ਵਿਵਾਦ ਨੂੰ ਸ਼ੁਰੂ ਹੀ ਨਹੀਂ ਹੋਣ ਦਿੰਦੇ ਸਨ। ਵਿਵਾਦ ਦੂਜੇ ਨੂੰ ਕਮਜ਼ੋਰ ਆਪਣੇ ਆਪ ਨੂੰ ਤਾਕਤਵਰ ਸਮਝਦਾ ਹੈ। ਸੰਵਾਦ ਵਿਵਾਦ ਨੂੰ ਚਾਦਰ ਵਿੱਚ ਵਲੇਟ ਦਿੰਦਾ ਹੈ। ਵਿਵਾਦ ਦਾ ਸਭ ਤੋਂ ਵੱਡਾ ਅਵਗੁਣ ਇਹ ਹੈ ਕਿ ਉਸਨੂੰ ਪਤਾ ਹੀ ਨਹੀਂ ਹੁੰਦਾ ਕਿ ਵਿਵਾਦ ਕੀ ਹੈ ?ਇਸ ਦਾ ਅੰਜਾਮ ਕੀ ਹੈ? ਸੰਵਾਦ ਸੁਆਦਮਈ ਵਿਵਾਦ ਕੌੜਾ ਹੁੰਦਾ ਹੈ। ਵਿਵਾਦ ਨਾਲ ਮਸਲੇ ਉਲਝ ਕੇ ਦੁਸ਼ਮਣੀ ਵਧਦੀ ਹੈ ਸੰਵਾਦ ਨਾਲ ਅਜਿਹੀ ਨੌਬਤ ਨਹੀਂ ਆਉਂਦੀ ਬਲਕਿ ਰਾਹ ਖੁੱਲ੍ਹੇ ਰਹਿੰਦੇ ਹਨ।

ਹਾਂ ਵਿਵਾਦ ਵਾਲਾ ਇਹ ਭਰਮ ਵੀ ਪਾਲ ਕੇ ਰੱਖਦਾ ਹੈ ਕਿ, "ਗਲੀ ਅਸੀ ਚੰਗੀਆ ਆਚਾਰੀ ਬੁਰਿਆਹ"। ਵਿਵਾਦ ਦੀ ਮੂਰਖਮੱਤੀ ਤੋਂ ਹਰ ਕੋਈ ਪੱਲਾ ਛੁਡਵਾਉਣ ਦਾ ਯਤਨ ਕਰਦਾ ਹੈ। ਗੱਲਾਂ ਨਾਲ ਚੰਗਾ ਹੋਣਾ ਵਿਵਾਦ ਹੈ ਆਚਾਰ ਨਾਲ ਚੰਗਾ ਹੋਣਾ ਸੰਵਾਦ ਹੈ। "ਮੰਦਾ ਕਿਸੈ ਨ ਆਖੀਐ ਪੜਿ ਅੱਖਰੁ ਏਹੋ ਬੂਝੀਐ, ਮੂਰਖੈ ਨਾਲਿ ਨ ਲੂਝੀਐ" ਵਿਵਾਦ ਵਾਲਾ ਵਿਵਾਦ ਕਰਨਾ ਹੱਕ ਸਮਝਦਾ ਹੈ ਜਦੋਂ ਕਿ ਸੰਵਾਦ ਨੂੰ ਸੰਵਾਦ ਰਚਾਉਣ ਨੂੰ ਆਪਣਾ ਕਰਤਵ ਸਮਝਦਾ ਹੈ। ਇਸ ਲਈ ਸਮਾਜ ਦੀ ਵਹਿੰਦੀ ਧਾਰਾ ਵਿੱਚ ਹਮੇਸ਼ਾਂ ਵਿਵਾਦ ਨੂੰ ਪਰੇ ਹਟਾ ਕੇ ਸਹਿਜ ਨਾਲ ਸੰਵਾਦ ਰਚਾ ਕੇ ਮਸਲੇ ਹਲ ਕਰੋ। ਇਸ ਨਾਲ ਜੀਵਨ ਖੁਸ਼ਹਾਲ ਹੋਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਕਿ ਜਦ ਤੱਕ ਜੀਵਨ ਹੈ ਕਦੇ ਕਹਿ ਲਓ ਕਦੇ ਸੁਣ ਲਓ, ਕਦੇ ਮੰਨ ਲਓ, ਕਦੇ ਮਨਾਂ ਲਓ।

# ਬੈੱਡਫੋਰਡ: ਤੀਆਂ ਦੇ ਮੇਲੇ 'ਚ ਪੰਜਾਬਣਾਂ ਨੇ ਵਗਾਇਆ ਗਿੱਧੇ ਤੇ ਬੋਲੀਆਂ ਦਾ ਹੜ੍ਹ ਪੰਜਾਬ 'ਚ ਹੜ੍ਹਾਂ ਦੌਰਾਨ ਮਾਰੇ ਗਏ ਲੋਕਾਂ ਦੀ ਯਾਦ ਵਿੱਚ ਦੋ ਮਿੰਟ ਮੌਨ ਧਾਰਨ ਕੀਤਾ ਗਿਆ





ਬੈੱਡਫੋਰਡ (ਮਨਦੀਪ ਖੁਰਮੀ ਹਿੰਮਤਪੁਰਾ)–ਪੰਜਾਬੀ ਦੁਨੀਆਂ ਦੇ ਜਿਸ ਵੀ ਕੋਨੇ ਵਿੱਚ ਗਏ ਹਨ, ਉਹ ਆਪਣਾ ਧਰਮ, ਵਿਰਸਾ, ਸੱਭਿਆਚਾਰ ਨਾਲ ਲੈ ਕੇ ਆਏ ਹਨ। ਹਰ ਰੋਜ਼ ਕੋਈ ਨਾ ਕੋਈ ਸਮਾਗਮ ਵਿਦੇਸ਼ਾਂ ਦੀ ਧਰਤੀ 'ਤੇ ਹੁੰਦਾ ਰਹਿੰਦਾ ਹੈ। ਤੀਆਂ ਦੇ ਦਿਨਾਂ ਵਿੱਚ ਲਗਭਗ ਹਰ ਸ਼ਹਿਰ ਵਿੱਚ ਤੀਆਂ ਦਾ ਮੇਲਾ ਹੁੰਦਾ ਹੈ। ਬੈੱਡਫੋਰਡ ਵਿਖੇ ਵੀ ਉਥੋਂ ਦੀਆਂ ਉੱਦਮੀ ਪੰਜਾਬਣਾਂ ਵੱਲੋਂ ਇੱਕ ਵਿਸ਼ਾਲ ਤੀਆਂ ਦਾ ਮੇਲਾ ਕਰਵਾਇਆ ਗਿਆ। ਬੈੱਡਫੋਰਡ ਦੇ ਐਡੀਸਨ ਸੈਂਟਰ ਵਿਖੇ ਹੋਏ ਤੀਆਂ ਦੇ ਇਸ ਵਿਸ਼ਾਲ ਮੇਲੇ ਵਿੱਚ ਸੈਂਕੜਿਆਂ ਦੀ ਤਾਦਾਦ ਵਿੱਚ ਪੰਜਾਬਣਾਂ ਨੇ ਪਹੁੰਚ ਕੇ ਆਪਣੇ ਮਨ ਦੇ ਗੁਬਾਰ ਗਿੱਧੇ ਤੇ ਬੋਲੀਆਂ ਦੇ ਰੂਪ ਵਿੱਚ ਬਾਹਰ ਕੱਢੇ। ਮੰਚ ਸੰਚਾਲਨ ਕਰਦਿਆਂ ਦਸ਼ਵਿੰਦਰ ਕੌਰ ਤੇ ਕੁੰਵਰਜੀਤ ਕੌਰ ਪੰਨੂੰ ਨੇ ਮੇਲੇ ਦੀ ਸ਼ੁਰੂਆਤ ਪੰਜਾਬ ਵਿੱਚ ਆਏ ਹੜ੍ਹਾਂ ਪ੍ਰਤੀ ਦੁੱਖ ਦਾ ਇਜ਼ਹਾਰ ਕਰਦਿਆਂ ਕੀਤੀ। ਉਹਨਾਂ ਸਮੂਹ ਬੀਬੀਆਂ ਦੇ ਸਹਿਯੋਗ ਨਾਲ ਹੜ੍ਹਾਂ ਵਿੱਚ ਜਾਨਾਂ ਗੁਆ ਗਏ ਪੰਜਾਬੀਆਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕੀਤਾ। ਇਸ ਉਪਰੰਤ ਬੈੱਡਫੋਰਡ ਦੀ ਗਿੱਧਾ ਟੀਮ ਵੱਲੋਂ ਨਾਨਕਿਆਂ ਦਾਦਕਿਆਂ ਦੀ ਨੋਕ ਝੋਕ ਅਤੇ ਗੀਤਾਂ ਦੇ ਬੋਲਾਂ ਉੱਪਰ ਗਿੱਧੇ ਦੀ ਪੇਸ਼ਕਾਰੀ ਕਰਕੇ ਕਮਾਲ ਕਰ ਦਿਖਾਈ। ਦਰਸ਼ਕ ਬਣ ਕੇ ਆਈਆਂ ਬੀਬੀਆਂ ਦਾ ਸਲੀਕਾ ਵੀ ਦੇਖਣ ਵਾਲੇ ਨੂੰ ਵਾਹ ਵਾਹ ਕਹਿਣ ਲਈ ਮਜਬੂਰ ਕਰਦਾ ਸੀ। ਜਦੋਂ ਹੀ ਕੋਈ ਪੇਸ਼ਕਾਰੀ ਹੁੰਦੀ ਤਾਂ ਹਾਜ਼ਰੀਨ ਸਾਹ ਰੋਕ ਕੇ ਉਸ ਪੇਸ਼ਕਾਰੀ ਨੂੰ ਮਾਣਦੀ। ਦਸ਼ਵਿੰਦਰ ਕੌਰ ਤੇ ਕੁੰਵਰਜੀਤ ਪੰਨੂੰ ਦੇ ਜੋਸ਼ੀਲੇ ਬੋਲ, ਸ਼ਾਇਰਾਨਾ ਮੰਚ ਸੰਚਾਲਨ ਹਰ ਕਿਸੇ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੰਦਾ। ਕੱਪੜਿਆਂ, ਗਹਿਣਿਆਂ ਦੇ ਸਟਾਲਾਂ 'ਤੇ ਖੂਬ ਰੌਣਕ ਬਣੀ ਰਹੀ। ਤੀਆਂ ਦੇ ਮੇਲੇ ਦੇ ਪ੍ਰਬੰਧਕ ਇਸ ਗੱਲੋਂ ਬੇਹੱਦ ਵਧਾਈ ਦੇ ਹੱਕਦਾਰ ਹਨ ਕਿ ਉਹਨਾਂ ਵੱਲੋਂ ਮੇਲੇ 'ਚੋਂ ਖਰਚੇ ਕੱਢ ਕੇ ਬਚੀ ਰਾਸ਼ੀ ਸਥਾਨਕ ਚੈਰਿਟੀ ਸੰਸਥਾਵਾਂ ਦੇ ਨਾਲ ਨਾਲ ਪੰਜਾਬ ਵਿੱਚ ਆਏ ਹੜ੍ਹਾਂ ਦੇ ਪੀੜਤਾਂ ਨੂੰ ਵੀ ਦੇਣ ਦਾ ਐਲਾਨ ਕੀਤਾ ਗਿਆ। ਇਸ ਮੇਲੇ ਨੂੰ ਸਫਲ ਬਣਾਉਣ ਲਈ ਬਲਬੀਰ ਅਟਵਾਲ, ਕਮਲਜੀਤ ਅਟਵਾਲ, ਸੁੱਖੀ ਬੰਗੜ, ਰਾਣੀ ਬਸਰਾ, ਅਰਵਿੰਦਰ ਢਿੱਲੋਂ, ਜਸ ਗਿੱਲ, ਬਲਵਿੰਦਰ ਕੌਰ, ਜਸਵਿੰਦਰ ਕੌਰ, ਜੋਤੀ ਕੌਰ, ਰਾਜਿੰਦਰ ਕੌਰ, ਸੋਨੀਆ ਕੌਰ, ਸ਼ਾਲੂ ਖਿੰਡਾ, ਇੰਦਰਜੀਤ ਖਿੰਡਰ, ਵੈਂਡੀ ਮਾਨ, ਕੰਵਲਜੀਤ ਮੋਮੀ, ਕੁੰਵਰਜੀਤ ਪੰਨੂੰ, ਦਸ਼ਵਿੰਦਰ ਸੈਂਹਭੀ, ਦਲਬੀਰ ਸਿੱਧੂ, ਬਲਜੀਤ ਕੌਰ, ਤਾਨੀਆ ਸਿੰਘ, ਬਲਜਿੰਦਰ ਕੌਰ, ਰਵਿੰਦਰ ਸੈਮੂਅਲਜ, ਕੁਲਵਿੰਦਰ ਕੌਰ, ਜਸ਼ਨ ਕੌਰ ਦਾ ਯੋਗਦਾਨ ਅਹਿਮ ਰਿਹਾ। ਇਸ ਸਮੇਂ ਪੰਜ ਦਰਿਆ ਅਖਬਾਰ ਦੇ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ ਦਾ ਮੇਲਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਆਪਣੇ ਸੰਬੋਧਨ ਦੌਰਾਨ ਮਨਦੀਪ ਖੁਰਮੀ ਹਿੰਮਤਪੁਰਾ ਨੇ ਕਿਹਾ ਕਿ ਇਕੱਠ, ਪੇਸ਼ਕਾਰੀਆਂ ਅਤੇ ਅਨੁਸ਼ਾਸਨ ਪੱਖੋਂ ਬੈੱਡਫੋਰਡ ਦੀਆਂ ਬੀਬੀਆਂ ਵਧਾਈ ਦੀਆਂ ਪਾਤਰ ਹਨ। ਜਿਉਂ ਹੀ ਡੀਜੇ ਐੱਨ ਆਰ ਆਈ ਵੱਲੋਂ ਗੀਤਾਂ ਦੀਆਂ ਧੁਨਾਂ ਛੇੜੀਆਂ ਤਾਂ ਕੁਰਸੀਆਂ 'ਤੇ ਬੈਠੀਆਂ ਬੀਬੀਆਂ ਵੀ ਪੂਰੇ ਜਲੌਅ ਵਿੱਚ ਆ ਗਈਆਂ। ਸਾਰੇ ਦਾ ਸਾਰਾ ਹਾਲ ਹੀ ਗਿੱਧੇ ਦੇ ਰੰਗ ਵਿੱਚ ਰੰਗਿਆ ਨਜ਼ਰ ਆ ਰਿਹਾ ਸੀ। ਦੇਰ ਰਾਤ ਤੱਕ ਪੈਰ ਥਿਰਕਦੇ ਰਹੇ, ਤਾੜੀਆਂ ਤੇ ਕੂਕਾਂ ਵੱਜਦੀਆਂ ਰਹੀਆਂ। ਕੰਮਾਂ ਕਿੱਤਿਆਂ ਦੀਆਂ ਟੈਨਸ਼ਨਾਂ ਤੋਂ ਮੁਕਤੀ ਪਾ ਕੇ, ਖੂਬ ਨੱਚਣ ਗਾਉਣ ਤੋਂ ਬਾਅਦ ਅਗਲੇ ਸਾਲ ਫਿਰ ਮਿਲ ਜੁੜ ਬੈਠਣ ਦੇ ਵਾਅਦੇ ਨਾਲ ਮੇਲਾ ਸਮਾਪਤ ਹੋ ਗਿਆ। ਪ੍ਰਬੰਧਕਾਂ ਵੱਲੋਂ ਦੂਰੋਂ ਨੇੜਿਉਂ ਆਏ ਹਰ ਸਖਸ਼ ਦਾ ਧੰਨਵਾਦ ਕੀਤਾ ਗਿਆ।

# ਅਧਿਆਪਕ ਇੱਕ ਸ਼ਾਨਦਾਰ ਸ਼ਿਲਪਕਾਰ


ਸੰਦੀਪ ਕੁਮਾਰ

7009807121




ਅਧਿਆਪਕ ਦਿਵਸ, ਹਰ ਸਾਲ 5 ਸਤੰਬਰ ਨੂੰ ਭਾਰਤ ਵਿੱਚ ਮਨਾਇਆ ਜਾਣ ਵਾਲਾ ਇਹ ਵਿਸ਼ੇਸ਼ ਦਿਨ ਸਾਡੇ ਅਧਿਆਪਕਾਂ ਦੀ ਮਹਾਨਤਾ, ਉਨ੍ਹਾਂ ਦੀ ਸਮਰਪਣ ਭਾਵਨਾ ਅਤੇ ਸਮਾਜ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਨੂੰ ਮਨਾਉਣ ਦਾ ਮੌਕਾ ਹੈ। ਇਹ ਦਿਨ ਸਿਰਫ਼ ਇੱਕ ਰਿਵਾਜ ਜਾਂ ਤਿਉਹਾਰ ਨਹੀਂ, ਸਗੋਂ ਇਹ ਅਧਿਆਪਕਾਂ ਦੇ ਯੋਗਦਾਨ ਨੂੰ ਯਾਦ ਕਰਨ, ਉਨ੍ਹਾਂ ਦੇ ਸਮਰਪਣ ਦੀ ਕਦਰ ਕਰਨ ਅਤੇ ਉਨ੍ਹਾਂ ਦੇ ਜੀਵਨ ਨੂੰ ਸਨਮਾਨ ਦੇਣ ਦਾ ਸਮਾਂ ਹੈ। ਇਸ ਦਿਨ ਦੀ ਸ਼ੁਰੂਆਤ 1962 ਵਿੱਚ ਹੋਈ ਸੀ, ਜਦੋਂ ਭਾਰਤ ਦੇ ਦੂਜੇ ਰਾਸ਼ਟਰਪਤੀ ਡਾ. ਸ੍ਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਣ ਲਗਿਆ। ਡਾ. ਰਾਧਾਕ੍ਰਿਸ਼ਨਨ ਸਿਰਫ਼ ਇੱਕ ਮਹਾਨ ਰਾਜਨੀਤੀਦਾਨ ਹੀ ਨਹੀਂ ਸਗੋਂ ਉਹ ਇੱਕ ਪ੍ਰਸਿੱਧ ਵਿਦਵਾਨ, ਅਧਿਆਪਕ ਅਤੇ ਦਾਰਸ਼ਨਿਕ ਵੀ ਸਨ। ਉਹ ਆਪਣੇ ਸਿਖਲਾਈ ਦੇ ਦਿਨਾਂ ਵਿੱਚ ਵਿਦਿਆਰਥੀਆਂ ਲਈ ਪ੍ਰੇਰਣਾ ਦਾ ਸਰੋਤ ਸਨ। ਉਨ੍ਹਾਂ ਨੇ ਹਮੇਸ਼ਾਂ ਸਿਖਲਾਈ ਨੂੰ ਜੀਵਨ ਦਾ ਅਹਿਮ ਅੰਗ ਮੰਨਿਆ ਅਤੇ ਅਧਿਆਪਕਾਂ ਨੂੰ ਸਮਾਜ ਦਾ ਅਧਾਰ ਮੰਨਿਆ। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਕਿਸੇ ਅਧਿਆਪਕ ਦਾ ਜਨਮ ਦਿਨ ਮਨਾਇਆ ਜਾਵੇ, ਤਾਂ ਇਹ ਸਾਰੇ ਅਧਿਆਪਕਾਂ ਲਈ ਸਨਮਾਨ ਦਾ ਵਿਸ਼ੇਸ਼ ਮੌਕਾ ਬਣੇਗਾ।

ਅਧਿਆਪਕਾਂ ਦੀ ਮਹਾਨਤਾ ਸਿਰਫ਼ ਵਿਦਿਆਰਥੀਆਂ ਨੂੰ ਪਾਠ ਪੜ੍ਹਾਉਣ ਤੱਕ ਹੀ ਸੀਮਤ ਨਹੀਂ ਹੈ, ਸਗੋਂ ਵਿਦਿਆਰਥੀਆਂ ਵਿੱਚ ਨਵੇਂ ਵਿਚਾਰਾਂ ਨੂੰ ਪ੍ਰਕਾਸ਼ਤ ਕਰਨ, ਆਤਮ ਵਿਸ਼ਵਾਸ ਪੈਦਾ ਕਰਨ ਅਤੇ ਸਮਾਜ ਵਿੱਚ ਚੰਗੀ ਸੋਚ ਵਾਲੇ ਨਾਗਰਿਕਾਂ ਨੂੰ ਤਿਆਰ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਅਧਿਆਪਕਾਂ ਦਾ ਅਸਲ ਕੰਮ ਸਿਰਫ਼ ਪਾਠ ਸਿਖਾਉਣ ਦਾ ਨਹੀਂ, ਸਗੋਂ ਉਹਨਾਂ ਦੀ ਮੂਲ ਬੁਨਿਆਦ ਨੂੰ ਮਜ਼ਬੂਤ ਕਰਨਾ ਹੈ, ਜਿਹੜੀ ਕਿ ਉਨ੍ਹਾਂ ਦੇ ਜੀਵਨ ਦੇ ਹਰੇਕ ਖੇਤਰ ਵਿੱਚ ਮਦਦ ਕਰਦੀ ਹੈ। ਅਧਿਆਪਕ ਕਿਸੇ ਵੀ ਵਿਦਿਆਰਥੀ ਦੇ ਜੀਵਨ ਦਾ ਮਾਰਗ ਦਰਸ਼ਕ ਹੁੰਦਾ ਹੈ, ਜੋ ਉਨ੍ਹਾਂ ਨੂੰ ਸਿਰਫ਼ ਗੁਣਵੱਤਾ ਵਾਲੀ ਸਿੱਖਿਆ ਹੀ ਨਹੀਂ ਦਿੰਦਾ ਸਗੋਂ ਉਨ੍ਹਾਂ ਦੇ ਜੀਵਨ ਨੂੰ ਚਮਕਾਉਣ ਵਾਲੇ ਅਸੂਲ ਵੀ ਸਿਖਾਉਂਦਾ ਹੈ। ਇਸ ਦਿਨ ’ਤੇ ਅਸੀਂ ਸਾਡੇ ਅਧਿਆਪਕਾਂ ਦੀ ਮਹਾਨਤਾ ਨੂੰ ਸਿਰਫ਼ ਸਨਮਾਨ ਨਹੀਂ ਦਿੰਦੇ, ਸਗੋਂ ਉਨ੍ਹਾਂ ਦੇ ਯੋਗਦਾਨ ਨੂੰ ਵੀ ਯਾਦ ਕਰਦੇ ਹਾਂ। ਜਿਹੜਾ ਅਧਿਆਪਕ ਆਪਣੇ ਵਿਦਿਆਰਥੀ ਦੀ ਕਮਜ਼ੋਰੀ ਨੂੰ ਸਮਝ ਕੇ ਉਸ ਨੂੰ ਮਜ਼ਬੂਤ ਕਰਦਾ ਹੈ, ਉਹ ਅਸਲ ਵਿਚ ਸੱਚਾ ਅਧਿਆਪਕ ਹੁੰਦਾ ਹੈ। ਅਧਿਆਪਕ ਇੱਕ ਅਜਿਹੀ ਮਸ਼ਾਲ ਹੈ ਜੋ ਸਮਾਜ ਨੂੰ ਅੰਧਕਾਰ ਤੋਂ ਉਜਾਲੇ ਵੱਲ ਲੈ ਕੇ ਜਾਂਦਾ ਹੈ। ਉਹ ਹਮੇਸ਼ਾ ਆਪਣੇ ਵਿਦਿਆਰਥੀਆਂ ਲਈ ਇੱਕ ਪ੍ਰੇਰਣਾਦਾਇਕ ਸਿਰਜਨਹਾਰ ਬਣਿਆ ਰਹਿੰਦਾ ਹੈ।



ਅਜਿਹੇ ਸਨਮਾਨਿਤ ਦਿਨ ਦੀ ਰੀਤ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਡੇ ਜੀਵਨ ਵਿੱਚ ਅਧਿਆਪਕਾਂ ਦੀ ਭੂਮਿਕਾ ਕਿਸੇ ਮਾਪ-ਤੋਲ ਤੋਂ ਪਰੇ ਹੈ। ਅਧਿਆਪਕ ਉਹ ਪੱਥਰ ਹੈ ਜੋ ਸਮਾਜ ਦੇ ਭਵਿੱਖ ਦੀ ਮੂਰਤੀ ਦਾ ਨਿਰਮਾਣ ਕਰਦਾ ਹੈ। ਉਹ ਸਿਰਫ਼ ਸਿੱਖਿਆ ਹੀ ਨਹੀਂ ਦਿੰਦੇ ਹਨ, ਬਲਕਿ ਅਸਲ ਅਰਥਾਂ ਵਿੱਚ ਵਿਦਿਆਰਥੀਆਂ ਦੇ ਮਨ ਨੂੰ ਵੀ ਸੰਵਾਰਦੇ ਹਨ। ਅਧਿਆਪਕ ਸਾਡੇ ਆਦਰਸ਼ ਹਨ, ਜਿਨ੍ਹਾਂ ਨੇ ਆਪਣੇ ਸਮਰਪਣ, ਪ੍ਰੇਰਣਾ ਅਤੇ ਮਿਹਨਤ ਨਾਲ ਅਣਗਿਣਤ ਵਿਦਿਆਰਥੀਆਂ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ। ਸਿੱਖਿਆ ਦੀ ਇਸ ਪ੍ਰਕਿਰਿਆ ਵਿੱਚ, ਅਧਿਆਪਕਾਂ ਦੀ ਭੂਮਿਕਾ ਬਹੁਤ ਹੀ ਅਹਿਮ ਹੁੰਦੀ ਹੈ, ਜਿਹੜੀ ਕਿ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤੀ ਜਾ ਸਕਦੀ। ਅਧਿਆਪਕਾਂ ਦੀ ਅਹਿਮੀਅਤ ਦਾ ਅਸਲ ਮੁੱਲ ਉਸ ਸਮੇਂ ਜਾਣਿਆ ਜਾ ਸਕਦਾ ਹੈ ਜਦੋਂ ਅਸੀਂ ਮਹਿਸੂਸ ਕਰਦੇ ਹਾਂ ਕਿ ਉਹਨਾਂ ਦੇ ਬਗੈਰ ਵਿਦਿਆਰਥੀਆਂ ਦਾ ਜੀਵਨ ਅਧੂਰਾ ਰਹਿ ਜਾਂਦਾ ਹੈ। ਅਧਿਆਪਕ ਸਿਰਫ਼ ਵਿਦਿਆ ਦੇਣ ਵਾਲਾ ਨਹੀਂ, ਸਗੋਂ ਉਹ ਵਿਦਿਆਰਥੀ ਦੇ ਜੀਵਨ ਦਾ ਸੱਚਾ ਸਾਥੀ, ਰਾਹ ਪ੍ਰਦਰਸ਼ਕ ਅਤੇ ਪ੍ਰੇਰਕ ਹੁੰਦਾ ਹੈ। ਸਿੱਖਿਆ ਦੇ ਅਸਲ ਅਰਥਾਂ ਦੀ ਪ੍ਰਾਪਤੀ ਲਈ ਇੱਕ ਸੱਚੇ ਅਧਿਆਪਕ ਦੀ ਮਹਾਨਤਾ ਨੂੰ ਮੰਨਣਾ ਬਹੁਤ ਜ਼ਰੂਰੀ ਹੈ।

ਅਧਿਆਪਕਾਂ ਦਾ ਸਨਮਾਨ ਸਿਰਫ਼ 5 ਸਤੰਬਰ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ। ਇਹ ਤਾਂ ਸਾਲ ਦੇ 365 ਦਿਨ ਮਨਾਉਣ ਵਾਲਾ ਦਿਨ ਹੈ। ਸਾਨੂੰ ਹਰ ਰੋਜ਼ ਆਪਣੇ ਅਧਿਆਪਕਾਂ ਦੀ ਕਦਰ ਕਰਨਾ ਅਤੇ ਉਨ੍ਹਾਂ ਦੇ ਸਿਖਾਏ ਸਬਕਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਨਾਉਣ ਦੀ ਲੋੜ ਹੈ। ਅਧਿਆਪਕ ਸਿਰਫ਼ ਪੜ੍ਹਾਉਣ ਦੇ ਕਾਰਜ ਵਿੱਚ ਹੀ ਨਿਯੁਕਤ ਨਹੀਂ, ਸਗੋਂ ਉਹ ਸਾਡੇ ਮਨ ਦੇ ਵਿਚਾਰਾਂ ਅਤੇ ਜ਼ਿੰਦਗੀ ਵਿੱਚ ਆਪਣੀ ਮੰਜਿਲ ਨੂੰ ਪ੍ਰਾਪਤ ਕਰਨ ਦੇ ਜਨੂੰਨ ਨੂੰ ਵੀ ਸਹੀ ਦਿਸ਼ਾ ਦੇਣ ਵਿੱਚ ਅਹਿਮ ਰੋਲ ਨਿਭਾਉਂਦੇ ਹਨ। ਸਾਨੂੰ ਅਧਿਆਪਕਾਂ ਦਾ ਸਨਮਾਨ ਕਰਨ ਵਿੱਚ ਕਦੇ ਵੀ ਝਿਜੱਕ ਨਹੀਂ ਮਹਿਸੂਸ ਕਰਨੀ ਚਾਹੀਦੀ।

ਪੂਰਨ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਅਧਿਆਪਕ ਇੱਕ ਸ਼ਾਨਦਾਰ ਸ਼ਿਲਪਕਾਰ ਹੁੰਦਾ ਹੈ ,ਜੋ ਵਿਦਿਆਰਥੀ ਦੇ ਜੀਵਨ ਨੂੰ ਤਰਾਸ਼ਦੇ ਹੋਏ ਇੱਕ ਸ਼ਾਨਦਾਰ ਮੂਰਤੀ ਦਾ ਨਿਰਮਾਣ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਇਸ ਲਈ ਅਜਿਹੇ ਮੌਕੇ ਸਾਨੂੰ ਯਾਦ ਦਿਵਾਉਂਦੇ ਹਨ ਕਿ ਅਸੀਂ ਆਪਣੇ ਅਧਿਆਪਕਾਂ ਦੇ ਸਮਰਪਣ ਅਤੇ ਉਨ੍ਹਾਂ ਦੀ ਸਾਡੇ ’ਤੇ ਕੀਤੀ ਮਿਹਨਤ ਦਾ ਮੁੱਲ ਕਦੇ ਨਹੀਂ ਉਤਾਰ ਸਕਦੇ। ਉਨ੍ਹਾਂ ਦੀ ਸੇਵਾ ਅਤੇ ਯੋਗਦਾਨ ਨੂੰ ਸਮਾਜ ਵਿੱਚ ਸਭ ਤੋਂ ਉਤੱਮ ਮੰਨਣਾ ਚਾਹੀਦਾ ਹੈ। ਇਸ ਦਿਨ ਨੂੰ ਮਨਾਉਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਅਸੀਂ ਆਪਣੇ ਅਧਿਆਪਕਾਂ ਦੇ ਸਿਖਾਏ ਹੋਏ ਗੁਣਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਮਲ ਵਿੱਚ ਲਿਆਈਏ ਅਤੇ ਉਹਨਾਂ ਦੀ ਪ੍ਰੇਰਣਾ ਨਾਲ ਆਪਣੇ ਜੀਵਨ ਨੂੰ ਚਮਕਾਈਏ।

ਅਖੀਰ ਵਿੱਚ , ਅਧਿਆਪਕ ਦਿਵਸ ਸਿਰਫ਼ ਇੱਕ ਦਿਨ ਦੀ ਰਸਮ ਨਹੀਂ, ਸਗੋਂ ਸਾਡੇ ਅਧਿਆਪਕਾਂ ਲਈ ਸਨਮਾਨ ਅਤੇ ਆਦਰਸ਼ ਦਾ ਪ੍ਰਗਟਾਵਾ ਹੈ। ਉਹ ਸੱਚਮੁੱਚ ਸਮਾਜ ਦੇ ਉਹ ਹੀਰੇ ਹਨ, ਜਿਨ੍ਹਾਂ ਨੇ ਆਪਣੇ ਪ੍ਰਕਾਸ਼ ਨਾਲ ਸਾਰੇ ਸੰਸਾਰ ਨੂੰ ਰੌਸ਼ਨ ਕੀਤਾ ਹੈ। ਅਸੀਂ ਸਾਰੇ ਆਪਣੇ ਅਧਿਆਪਕਾਂ ਦਾ ਸਨਮਾਨ ਕਰੀਏ ਅਤੇ ਉਨ੍ਹਾਂ ਦੇ ਸਿਖਾਏ ਗੁਣਾਂ ਨੂੰ ਸਦਾ ਯਾਦ ਰੱਖ ਕੇ ਉਨ੍ਹਾਂ ਦੀ ਮਹਾਨਤਾ ਨੂੰ ਸਲਾਮ ਕਰੀਏ।


ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ

liberalthinker1621@gmail.com


# Till religions and castes are alive society cannot unit


TAIL PIECE

Advocate

Dalip Singh Wasan,

Email dalipsinghwassan@yahoo.co.in


Religions had been taking birth at different places and at different times and origionally at some stage people started taking interest and faith in God and the people collected in these units started interest and collecting all good conducts to guide the people collected there. And since they believed in all powerful God, they started thanking God for whatever had been given to the man and even concept of prayer too took its birth.

These were very good starts, but later on all these units started competing and trying to declare itself bett3r than others and even some turned fundamentalists.

And even process of conversion too started and we have seen that conversion by force too started.

These castes system when started, only some research scholars could tell us. But this process of taking birth of castes had proved verse and some castes had been declared even untouched.

Even matrimonial alliances were banned. Even they were not allowed to construct houses in those colonies where most of the peole were from higher castes.

And these divisions had been growing and today our society is totally broken and has got no unity and all efforts made till date by reformers failed.

We can see that till these religions and castes are alive, society cannot unit and these breaks have caused much losses to our unity. Even concept of secularism is just working and there is no hope that the society shall unit